ਪੂਰੀ ਜੀਵਨ ਕਥਾ

ਬ੍ਰਹਮ ਗਿਆਨੀ

ਸੰਤ ਬਾਬਾ ਗੁਰਮੁਖ ਸਿੰਘ ਜੀ

(ਕਾਰ ਸੇਵਾ ਵਾਲੇ)



— ਡਾਕਟਰ ਅਮਰ ਸਿੰਘ ਖ਼ਾਲਸਾ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਭਵਦੀਯ ਸੇਵਕ

ਸਤਿਗੁਰ ਪ੍ਰਸਾਦ

ਸਤੰਬਰ 10, 1974

ਦੇਹਰਾਦੂਨ.

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਸਭ ਹੱਕ ਇਸ ਦੇ ਰਾਖਵੇਂ ਹਨ ।

ੴ ਸਤਿਗੁਰ ਪ੍ਰਸਾਦਿ ॥

ਜਨਮ ਮਰਣੁ ਦੁਹਹੁ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥

ਪੂਰੀ ਜੀਵਨ ਕਥਾ

ਬ੍ਰਹਮ ਗਿਆਨੀ

ਸੰਤ ਗੁਰਮੁਖ ਸਿੰਘ ਜੀ ਮਹਾਰਾਜ

ਕਾਰ ਸੇਵਾ ਵਾਲੇ

ਲੇਖਕ ਤੇ ਪ੍ਰਕਾਸ਼ਕ

ਡਾਕਟਰ ਭਾਈ ਅਮਰ ਸਿੰਘ ਜੀ 'ਖਾਲਸਾ'

(Doctor of Divinty U. S. A.)

ਇਨਟਰ ਨੈਸ਼ਨਲ ਸਿਖ ਮਿਸ਼ਨਰੀ

ਚੀਫ ਐਡੀਟਰ 'ਸਰਦਾਰ' ਲਖਨਊ—੪ ਇੰਡੀਆ

—: ਮਿਲਣ ਦਾ ਪਤਾ :—

੧—ਸਰਦਾਰ ਪ੍ਰੈਸ, ਐਸ਼ਬਾਗ, ਲਖਨਊ—੪

੨—ਸਪੈਸ਼ਲ ਪ੍ਰਿੰਟਿੰਗ ਪ੍ਰੈਸ, ਬਾਜ਼ਾਰ ਧੋਬੀਆਂ ਅੰਮ੍ਰਿਤਸਰ

ਪਹਿਲੀ ਵਾਰ ੧੫੦੦

ਮੁਲ ਸਾਢੇ ਚਾਰ ਰੁਪਏ

Sri Satguru Jagjit Singh Ji eLibrary NamdhariElibrary@gmail.com

ਤਤਕਰਾ

ਮੁਖ ਬੰਦ	੫
ਜਾਣ ਪਛਾਣ	੨੦
ਕਾਂਡ—੧. ਸੰਤ ਜੀ ਦਾ ਜਨਮ, ਬਚਪਨ ਦੇ ਚੋਜ	੩੦
ਮਿਠੇ ਤੇ ਕੌੜੇ ਬੇਰ	੩੧
ਕਾਂਡ–੨. ਧਰਮ ਦੀ ਕਿਰਤ ਤੇ ਗੁਰਬਾਣੀ ਦਾ ਪ੍ਰਵਾਹ	੩੩
ਛੋਲੀਏ ਦੇ ਬੂਟੇ ਦੀ ਸਾਖੀ	੩੯
ਕਾਂਡ–੩ ਫੌਜ ਵਿਚ ਭਰਤੀ, ਗੁਰੂ ਦੀ ਮੇਹਰ ਹੋਣੀ	੪੩
ਘੋਰ ਤਪੱਸਿਆ	੪੭
ਸਤਿਗੁਰਾਂ ਦੇ ਦਰਸ਼ਨ	੪੯
ਗੁਰੂ ਨਾਨਕ ਦਰਸ਼ਨ	੫੦
ਦਸਮੇਸ਼ ਦਰਸ਼ਨ	੫੧
ਕਾਂਡ—੪. ਸੰਤ ਜੀ ਸ੍ਰੀ ਅੰਮ੍ਰਿਤਸਰ ਵਿਚ ਆ ਗਏ	੫੪
ਸੰਤੋਖਸਰ ਦੀ ਸੇਵਾ	੫੭
ਕਾਂਡ - ੫. ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ	੬੩
ਹੰਸਲੀ ਸ੍ਰੀ ਤਰਨ ਤਾਰਨ ਦੀ ਸੇਵਾ	੬੮
ਸਰੋਵਰ ਦੀ ਕਾਰ ਸੇਵਾ	੭੪
ਅਰਦਾਸ ਦੀਆਂ ਬਰਕਤਾਂ	੭੬
ਕਾਂਡ—੬. ਸ੍ਰੀ ਅੰਮ੍ਰਿਤਸਰ ਵਿਚ	੮੭
ਅੰਮ੍ਰਿਤਸਰ ਸਰੋਵਰ ਲਈ ਹੰਸਲੀ	੮੯
ਮਾਇਆ ਨਾ ਆਵੇ	੯੦
ਫਾਂਸੀ ਤੋਂ ਛੁਟਕਾਰਾ	੯੧
ਕਾਂਡ ੭. ਸ੍ਰੀ ਮੁਕਤਸਰ ਦੀ ਸੇਵਾ	੯੪
ਆਤਮ-ਸ਼ਕਤੀ ਦੇ ਚਮਤਕਾਰੇ	੯੮
ਡਿਪਟੀ ਸਾਹਿਬ ਦਾ ਅਭਿਮਾਨ ਕਿਵੇਂ ਟੁਟਾ	੧੦੦
ਤਪਿਆਨਾ ਸਾਹਿਬ (ਖਡੂਰ ਸਾਹਿਬ) ਦੀ ਸੇਵਾ	੧੦੨
ਜ਼ਮੀਨ ਕਿਸਤਰ੍ਹਾਂ ਲਈ	੧੦੩

Sri Satguru Jagjit Singh Ji eLibrary NamdhariElibrary@gmail.com

ਜ਼ਾਹਰਾ ਕਰਾਮਾਤ ੧੦੬
ਐਡੀਟਰ 'ਸਿਖ ਧਰਮ' ਟੈਟਨਸ ਦੀ ਬੀਮਾਰੀ ਤੋਂ ਰਾਜ਼ੀ ਹੋਏ ੧੦੯
ਕਾਂਡ ੮.—ਬਾਬੇ ਬਕਾਲੇ ਦੇ ਸਰੋਵਰ ਦੀ ਸੇਵਾ ੧੧੧
ਡੇਹਰਾ ਸਾਹਿਬ ਦੀ ਸੇਵਾ ੧੧੪
ਪੁਤਰ ਦੀ ਬਖਸ਼ਿਸ਼ ੧੧੬
ਕਾਂਡ—੯. ਸ੍ਰੀ ਨਨਕਾਣਾ ਸਾਹਿਬ ਵਿਚ ਪੰਜ ਸਾਲ ੧੧੯
ਆਤਮਕ-ਸ਼ਕਤੀ ਦੇ ਚਮਤਕਾਰੇ ੧੨੨
ਜ਼ਹਿਰ ਵਾਲੀਆਂ ਰੋਟੀਆਂ ੧੨੩
ਸੀਮਿੰਟ ਦੀ ਮਨਜ਼ੂਰੀ ੧੨੪
੨੫ ਹਜ਼ਾਰ ਰੁਪੈ ੧੨੫
ਅੰਮ੍ਰਿਤ ਵੇਲਾ ੧੨੬
ਕਾਂਡ—੧੦. ਸ੍ਰੀ ਅੰਮ੍ਰਿਤਸਰ ਨਾਲ ਅਤੁਟ ਪਿਆਰ ੧੨੯
ਫੇਰ ਖਡੂਰ ਸਾਹਿਬ ਵਿਚ ੧੩੧
ਪਿਸ਼ਾਵਰ ਦੇ ਸੇਵਕਾਂ ਨੂੰ ਕਿਵੇਂ ਬਚਾਇਆ ੧੩੪
ਲਾਇਲਪੁਰ ਦੀ ਰਖਿਆ ੧੩੫
ਅੰਨ ਤੇ ਬਸਤਰ ਦੀ ਸੇਵਾ ੧੩੬
ਕਾਂਡ—੧੧. ਸ੍ਰੀ ਦਰਬਾਰ ਸਾਹਿਬ ਦੀਆਂ ਪੂਕਰਮਾਂ ਤੇ ਬੁੰਗਿਆਂ ਦੀ ਮਹਾਨ ਸੇਵਾ ੧੩੯
ਸ਼ਰਨਾਰਥੀਆਂ ਦੀ ਸੇਵਾ ਅਤੇ ਮੁਸਲਮਾਨਾਂ ਦਾ ਰਖਿਆ ੧੪੧
ਕਾਂਡ—੧੨. ਸੰਤ ਸੇਵਕਾਂ ਵਲੋਂ ਵਿਸਥਾਰ ਤੇ ਸ਼ਰਧਾਂਜਲੀਆਂ ੧੪੮
ਸ੍ਰੀ ਗੁਰੂ ਗ੍ਰੰਥ ਸ਼ਾਹਿਬ ੨੪੦
ਕਾਂਡ—੧੩. ਸਚਖੰਡ ਦੀ ਤਿਆਰੀ ੨੪੮
ਸੰਤ ਬਾਬਾ ਗੁਰਮੁਖ ਸਿੰਘ ਜੀਓ ਧੰਨ ਹੋ ੨੫੧

ਪ੍ਰਿੰਟਰ-ਸ: ਮਹਿੰਦਰ ਸਿੰਘ
ਸਪੈਸ਼ਲ ਪ੍ਰਿੰਟਿੰਗ ਪ੍ਰੈਸ, ਬਾਜ਼ਾਰ ਧੋਬੀਆਂ; ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਪ੍ਰਸੰਸਾ ਪਤ੍ਰ

ਪੁਸਤਕ ਸੰਤ ਬਾਬਾ ਗੁਰਮੁਖ ਸਿੰਘ ਜੀ ਪਟਿਆਲੇ ਵਾਲਿਆਂ ਦਾ ਖਰੜਾ ਪੜ੍ਹਕੇ ਬਹੁਤ ਖੁਸ਼ੀ ਹੋਈ ਹੈ ਭਾਈ ਸਾਹਿਬ ਡਾਕਟਰ ਅਮਰ ਸਿੰਘ ਜੀ 'ਖਾਲਸਾ' ਇਨਟਰ ਨੈਸ਼ਨਲ ਸਿਖ ਮਿਸ਼ਨਰੀ ਲਖਨਊ ਨੇ ਛਪਵਾਏ ਹਨ।

ਡਾਕਟਰ ਖਾਲਸਾ ਜੀ ਨੂੰ ਮੈਂ ੩੬ ਸਾਲ ਤੋਂ ਜਾਣਦਾ ਹਾਂ ਜਦੋਂ ਆਪ ਗੁਜਰਾਂਵਾਲੇ ਸ੍ਰੀ ਮਾਨ ਸੰਤ ਤੇਜਾ ਸਿੰਘ ਜੀ ਡਬਲ ਐਮ. ਏ. ਨਾਲ ਅੰਮ੍ਰਿਤ ਛਕਾਨ ਦੀ ਸੇਵਾ ਸਮੇਂ ਪ੍ਰਚਾਰ ਟੂਰ ਕਰ ਰਹੇ ਸਨ। ਆਪ ਲਗਾਤਾਰ ਇਕ ਰੱਸ ਸਾਰੇ ਦੇਸ਼ ਵਿਚ ਬਲਕੇ ਬਦੇਸ਼ਾਂ ਵਿਚ ਕਈ ਵਾਰ ਜਾ ਜਾ ਕੇ ਪ੍ਰਚਾਰ ਕਰਦੇ ਆ ਰਹੇ ਹਨ ਜਿਥੇ ਆਪ ਨੇ ਬਹੁਤ ਗੁਰਦਵਾਰੇ ਬਣਵਾਏ ਵਿਦਿਆਲੇ ਕਾਇਮ ਕਰਵਾਏ ਆਪ ਦੀਆਂ ਪੰਥਕ ਸੇਵਾਵਾਂ ਤੇ ਉਚੀ ਸੁਚੀ ਜੀਵਨੀ ਤੇ ਪ੍ਰਚਾਰ ਲਗਨ ਇਸ ਲਈ ਪੰਥ ਪ੍ਰਸਿੱਧ ਹਨ।

ਲੈਕਚਰਾਰ ਤਾਂ ਆਪ ਉਹ ਭੀ ਕਈ ਬੋਲੀਆਂ ਵਿਚ ਉਚ ਕੋਟੀ ਦੇ ਹਨ ਹੀ ਪਰ ਲਿਖਤ ਭ਼ੀ ਆਪ ਦੀ ਚੰਗੀ ਖੋਜ ਸੋਚ ਤੇ ਵਿਸ਼ਵਾਸ਼ ਵਾਲੀ ਹੈ।

ਏਹ ਪੁਸਤਕ ਹਰ ਗੁਰਸਿਖ ਨੂੰ ਪੜ੍ਹਕੇ ਭਜਨ ਭਰੋਸਾ ਤੇ ਭਾਣਾ ਮੰਨਣ ਦੀ ਸਿਖਸ਼ਾ ਮਿਲੇਗੀ। ਆਪ ਦਾ ਮਾਸਕ 'ਸਰਦਾਰ' ਤਾਂ ਬਹੁਤ ਦੇਰ ਤੋਂ ਪ੍ਰਚਾਰ ਦੀ ਸੇਵਾ ਕਰ ਹੀ ਰਿਹਾ ਹੈ ਪਰ ਹੁਣ ਕਿਤਾਬਾਂ ਛਪਵਾਨ ਦੀ ਆਪ ਦੀ ਹੋਰ ਨਿਗਰ ਸੇਵਾ ਹੋਵੇਗੀ ਤੇ ਆਪ ਦੀ ਸੋਹਣੀ ਯਾਦਗਾਰ ਭੀ ਰਹੇਗੀ—ਮੈਂ ਆਪ ਨੂੰ ਚੰਗੇ ਉਦਮ ਤੇ ਸਫਲਤਾ ਲਈ ਵਧਾਈ ਦੇਂਦਾ ਹਾਂ।

ਚੇਤ ਸਿੰਘ ਗਿਆਨੀ
ਹੈਡ ਗਰੰਥੀ ਸ੍ਰੀ ਦਰਬਾਰ ਸਾਹਿਬ
ਸ੍ਰੀ ਅੰਮ੍ਰਿਤਸਰ

੬.੮.੬੮

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਮੁਖ ਬੰਦ

ਸ੍ਰੀ ਪਾਂਵਟਾ ਸਾਹਿਬ ਜੀ ਦੀ ਸੇਵਾ ਗੁਰੂ ਕਲਗੀਧਰ ਜੀ ਮਹਾਰਾਜ ਅਪਣੀ ਮੇਹਰ ਨਾਲ ਸੇਵਾ ਲੈ ਰਹੇ ਸਨ। ਜਿਸ ਲਈ ਸ੍ਰੀ ਅੰਮ੍ਰਿਤਸਰ ਆਇਆ ਚੌਧਰੀ ਜੀਵਨ ਸਿੰਘ ਜੀ ਕਿਤਾਬਾਂ ਵਾਲੇ ਸਰਕਰਦਾ ਸਜਨ ਮੇਰੇ ਰਿਸ਼ਤੇਦਾਰ ਸਨ ਉਨ੍ਹਾਂ ਨੇ ਤਜਵੀਜ਼ ਰਖੀ ਕਿ ਜੇਕਰ ਅੰਮ੍ਰਿਤਸ਼ਰ ਦੀ ਸੰਗਤ ਸੌ ਦੋ ਸੌ ਸਰੀਰ ਸ੍ਰੀ ਪਾਂਵਟਾ ਸਾਹਿਬ ਦੇ ਦਰਸ਼ਨ ਕਰ ਅ ਵੇ ਤਾਂ ਇਸ ਸ਼ਹਿਰ ਵਿਚੋਂ ਸੇਵਾ ਚੰਗੀ ਹੋ ਸਕੇਗੀ। ਹੋਲੇ ਤੇ ਸੰਗਤ ਇਥੋਂ ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਰੋੜੀ ਸਾਹਿਬ (ਗੁਜਰਾਂਵਾਲਾ) ਤੇ ਸ੍ਰੀ ਹਜ਼ੂਰ ਸਾਹਿਬ ਹਰ ਸਾਲ ਜਾਇਆ ਕਰਦੀ ਹੈ। ੧੯੪੦ ਦੇ ਹੋਲੇ ਪਰ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਜੀ ਗੋਬਿੰਦਘਾਟ ਦੀ ਨੀਂਹ ਰਖਨ ਪਾਂਵਟਾ ਸਾਹਿਬ ਆਏ ਉਸ ਸਮੇਂ ਕੁਛ ਸੱਜਨ ਕਵੀ ਤੇ ਭਾਈ ਸੰਤਾ ਸਿੰਘ ਜੀ ਦਾ ਹਜ਼ੂਰੀ ਰਾਗੀ ਜੱਥਾ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤ-ਸਰੋਂ ਆਏ ਸਨ ਜਿਨ੍ਹਾਂ ਨੇ ਵਾਪਸ ਆਕੇ ਸ੍ਰੀ ਪਾਂਵਟਾ ਸਾਹਿਬ ਜੀ ਦੀ ਕੁਦਰਤੀ ਸੁੰਦਰਤਾ ਆਦਿਕ ਦਾ ਜ਼ਿਕਰ ਚਾਲੂ ਕੀਤਾ। ੧੯੪੧ ਵਿਚ ਸ੍ਰੀ ਅੰਮ੍ਰਿਤਸਰ ਤੋਂ ਭਾਰੀ ਗਿਣਤੀ ਵਿਚ ਸੰਗਤ **ਬਾਬਾ ਹਰਨਾਮ ਸਿੰਘ ਸਪੈਸ਼ਲ ਯਾਤ੍ਰਾ ਟਰੇਨ** ਰਾਹੀਂ ਹੋਲਾ ਮਨਾਣ ਆਈ ਜਿਸ ਦੇ ਪ੍ਰਧਾਨ ਸ੍ਰੀ ਮਾਨ ਸੰਤ ਹੀਰਾ ਸਿੰਘ ਜੀ ਤੇ ਸਕਤ੍ਰ ਚੌਧਰੀ ਜੀਵਨ ਸਿੰਘ ਜੀ ਸਨ, ਇਨ੍ਹਾਂ ਨਾਲ ਮੇਰਾ ਪਿਆਰ ਵੱਧ ਗਿਆ। ਫਿਰ ਏਹ ੧੯੪੩ ਤੇ ਫਿਰ ੧੯੪੫ ਦੇ ਹੋਲੇ ਦੇ ਦੀਵਾਨਾਂ ਸਮੇਂ ਭਾਰੀ ਸੰਗਤਾਂ ਨਾਲ ਲੈ ਅੰਮ੍ਰਿਤਸਰੋਂ

Sri Satguru Jagjit Singh Ji eLibrary NamdhariElibrary@gmail.com

ਪੁਜਦੇ ਰਹੇ ਤੇ ਇਮਾਰਤਾਂ ਦੀ ਸੇਵਾ ਲਈ ਚੰਗੀ ਮਿਲਵਰਤਨ ਮਿਲੀ। ਮੈਂ ਉਗਰਾਹੀ ਕਰਨ ਅੰਮ੍ਰਿਤਸਰ ਪੁਜਦਾ ਜੋ ਇਕਰਾਰੀ ਕੋਈ ਗੁਰਮੁਖ ਲਿਖਾ ਅੰਦੇ। ਸੰਤ ਹੀਰਾ ਸਿੰਘ ਜੀ ਦੇ ਪੂਜਯ ਪਿਤਾ ਬਾਬਾ ਹਰਨਾਮ ਸਿੰਘ ਜੀ ਚਾਵਲ ਮੰਡੀ ਜਿਨ੍ਹਾਂ ਦੇ ਨਾਮ ਦੀ ਏਹ ਟਰੇਨ ਲੈ ਗਏ ਸਨ ਬਾਰੇ ਹਾਲਾਤ ਸੁਣਕੇ ਖੁਸ਼ੀ ਹੋਈ। (ਇਨ੍ਹਾਂ ਦੇ ਜੀਵਨ ਬਾਰੇ ਵਿਸਥਾਰ ਆਪ ਮੇਰੀ ਪੁਸਤਕ 'ਪ੍ਰਚਾਰ ਪ੍ਰੇਮੀ' ਭਾਗ ਪਹਿਲਾ ਵਿਚ ਪੜ੍ਹੋਗੇ) ਸ੍ਰੀ ਅੰਮ੍ਰਿਤਸਰ ਦੀ ਸੰਗਤ ਨੇ ਪ੍ਰਧਾਨ ਸਾਹਿਬ ਸ਼ਰੋਮਣੀ ਗੁਰਦਵਾਰਾ ਕਮੇਟੀ ਤੇ ਹਜ਼ਾਰਾਂ ਸੰਗਤਾਂ ਦੀ ਮੌਜੂਦਗੀ ਵਿਚ ਸ੍ਰੀ ਮੰਜੀ ਸਾਹਿਬ, ਸਿੰਘ ਸਾਹਿਬ ਭਾਈ ਮੂਲ ਸਿੰਘ ਜੀ ਹੈਡ ਗਰੰਥੀ ਸ੍ਰੀ ਦਰਬਾਰ ਨੇ ਪਵਿਤ੍ਰ ਹੱਥੀਂ ਦਾਸ ਨੂੰ ਸੁਨਿਹਰੀ ਸ੍ਰੀ ਸਾਹਿਬ, ਇਕ ਦੋਸ਼ਾਲਾ ਗਰਮ ਦਾ ਸਿਰੋਪਾਓ ਤੇ 'ਭਾਈ ਸਾਹਿਬ' ਦਾ ਖਿਤਾਬ ਬਖਸ਼ਿਆ।

ਇਸ ਸੇਵਾ ਸਮੇਂ ਹੀ ਦਾਸ ਇਕ ਦਿਨ ਚੌਧਰੀ ਜੀਵਨ ਸਿੰਘ ਜੀ ਨਾਲ ਸ੍ਰੀ ਖਡੂਰ ਸਾਹਿਬ ਗਿਆ ਜਿਥੇ ਪਹਿਲੀ ਵਾਰੀ ਬ੍ਰਹਮ ਗਿਆਨੀ ਸੰਤ ਗੁਰਮੁਖ ਸਿੰਘ ਜੀ ਦੇ ਦਰਸ਼ਨ ਦਾ ਸੁਭਾਗ ਪ੍ਰਾਪਤ ਹੋਇਆਂ। ਚੌਧਰੀ ਸਾਹਿਬ ਦਾ ਖਿਆਲ ਸੀ ਕਿ ਆਪ ਨੂੰ ਬੇਨਤੀ ਕੀਤੀ ਜਾਵੇ ਕਿ ਆਪ ਜਿਥੇ ਬਹੁਤ ਸਾਰੇ ਅਸਥਾਨਾਂ ਦੀ ਸੇਵਾ ਕਰਵਾ ਰਹੇ ਹੋ ਸ੍ਰੀ ਪਾਂਵਟਾ ਸਾਹਿਬ ਜੀ ਦੀ ਭੀ ਸੇਵਾ ਕਰਵਾਨ ਦੀ ਕਿਰਪਾ ਕਰੋ। ਮੈਂ ਕੀਰਤਨ ਸੁਣਦਾ ਰਿਹਾ ਜਦੋਂ ਕੀਰਤਨ ਦਾ ਭੋਗ ਪਿਆ ਦਾਸ ਬੇਨਤੀ ਕਰਨ ਲਈ ਖੜਾ ਹੋਇਆ। ਸੰਤ ਮਹਾਰਾਜ ਜੀ ਨੇ ਫਰਮਾਇਆ 'ਬੈਠ ਜਾਓ'। ਦਾਸ ਬੈਠ ਗਿਆ ਕੁਛ ਦੇਰੀ ਪਿਛੋਂ ਚੌਧਰੀ ਜੀ ਨੇ ਜ਼ੋਰ ਦਿਤਾ ਕਿ ਖੜੇ ਹੋਕੇ ਬੇਨਤੀ ਜ਼ਰੂਰ ਕਰ ਦਿਓ ਪਹਿਲੀ ਵਾਰੀ ਹੀ ਕਰ ਦੇਣੀ ਸੀ ਤੁਸੀਂ ਤਾਂ ਬੈਠ ਹੀ ਗਏ।

ਜਦੋਂ ਦਾਸ ਦੂਜੀ ਵਾਰੀ ਬੇਨਤੀ ਕਰ ਦੇਣ ਦਾ ਪੱਕਾ ਖਿਆਲ ਕਰਕੇ ਖੜਾ ਹੋਇਆ, ਆਪ ਜੀ ਨੇ ਫਰਮਾਇਆ—

Sri Satguru Jagjit Singh Ji eLibrary NamdhariElibrary@gmail.com

'ਪਾਂਵਟਾ ਸਾਹਿਬ ਕੀ ਸੇਵਾ ਆਪ ਕੇ ਭਾਗ ਮੇਂ ਹੈ ਲਗਨ ਸੇ ਕਰਤੇ ਰਹੋ।' ਮੈਂ ਹੈਰਾਨ ਹੋ ਗਿਆ ਪਰ ਏਹ ਵਰ ਮਿਲ ਜਾਣ ਪਰ ਬੈਠ ਗਿਆ। ਸੇਵਾ ਤਾਂ ਹੋ ਹੀ ਰਹੀ ਸੀ ਦੋ ਕੁ ਸਾਲ ਪਿਛੋਂ ਦਾਸ ਨੇ ਨਹਿਰ ਤੇ ਜਾਕੇ ਸੰਗਰਾਂਦ ਵਾਲੇ ਦਿਨ ਦਰਸ਼ਨ ਕੀਤੇ ਪਰ ਵਿਚਾਰ ਸੀ ਕਿ ਸੰਤ ਮਹਾਰਾਜ ਜੀ ਵਲੋਂ ਸ੍ਰੀ ਅੰਮ੍ਰਿਤਸਰ ਦੀ ਸੰਗਤ ਨੂੰ ਇਸ਼ਾਰਾ ਕਰਵਾ ਦਿਆਂ ਕਿ ਉਹ ਸ੍ਰੀ ਪਾਂਵਟਾ ਸਾਹਿਬ ਜੀ ਦੀ ਸੇਵਾ ਵਿਚ ਹੋਰ ਜ਼ਿਆਦਾ ਮਿਲਵਰਤਨ ਦੇਣ ਦੀ ਕ੍ਰਿਪਾ ਕਰੇ।

ਸੰਤ ਮਹਾਰਾਜ ਜੀ ਅੰਤਰਜਾਮੀ ਤੇ ਪੂਰਨ ਬ੍ਰਹਮ ਗਿਆਨੀ ਸਨ। ਦਾਸ ਪਾਸ ਆਪ ਜੀ ਵਲੋਂ ਇਕ ਗੁਰਮੁਖ ਸੰਤ ਨੇ ਆਕੇ ਫਰਮਾਇਆ ਭਾਈ ਅਮਰ ਸਿੰਘ ਖਾਲਸਾ ਜੀ ਸੰਤ ਮਹਾਰਾਜ ਜੀ ਦਾ ਹੁਕਮ ਹੈ—ਬਚਨ ਕਰ ਦਿਤਾ ਸੀ। ਸਾਧੂ ਦੇ ਬਚਨ ਪਰ ਭਰੋਸਾ ਰਖਣਾ ਚਾਹੀਦਾ ਹੈ। ਦਾਸ ਨੂੰ ਇਕ ਕਿਸਮ ਦੀ ਝਾੜ ਪੈ ਗਈ ਪਰ ਉਦਮ ਤੇ ਭਰੋਸਾ ਵਧਾਨ ਲਈ ਏਹ ਪ੍ਰੇਰਨਾ ਭੀ ਸੀ। ਜਿਸ ਨੇ ਏਹ ਮਹਾਨ ਸੇਵਾ ਸਭ ਜ਼ਰੂਰੀ ਇਮਾਰਤਾਂ ਬਣਾਨੀਆਂ ਤੇ ਕਿਰਪਾ ਰਾਮ ਖਲਸਾ ਹਾਈ ਸਕੂਲ ਦੀ ਵਿਸ਼ਾਲ ਬਿਲਡਿੰਗ ਤਿਆਰ ਕਰਵਾਕੇ ਕਈ ਸਾਲ ਫਰੀ ਸਕੂਲ ਚਲਾਂਦੇ ਰਹਿਨਾ, ਸੰਪੂਰਨ ਕਰਵਾ ਲਈ।

੧੯੫੦ ਦੇ ਹੋਲੇ ਪਰ ਮਾਸਟਰ ਤਾਰਾ ਸਿੰਘ ਜੀ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ ਦੀ ਮੌਜੂਦਗੀ ਵਿਚ ਇਸ ਗੁਰਦਵਾਰਾ ਸਾਹਿਬ ਤੇ ਨਾਲ ਲਗਦੇ ਗੁਰਦਵਾਰਿਆਂ ਦਾ ਸਾਰਾ ਪ੍ਰਬੰਧ ਲੋਕਲ ਗੁਰਦਵਾਰਾ ਪ੍ਰਬੰਧਕ ਕਮੇਟੀ ਬਣਵਾਕੇ ਉਸ ਦੇ ਹਵਾਲੇ ਕਰ ਦਿਤਾ ਜੋ ਸ਼੍ਰੋ: ਗੁ: ਪ੍ਰ: ਕਮੇਟੀ ਦੀ ਆਗਯਾ ਵਿਚ ਕੰਮ ਕਰੇਗੀ। ਅਗੇ ਭੀ ਏਹ ਗੁਰਦਵਾਰੇ ਅਕਾਲੀ ਲਹਿਰ ਸਮੇਂ ਸ਼ਰੋਮਣੀ ਦੇ ਹਵਾਲੇ ਹੋ ਚੁਕੇ ਹੋਏ ਸਨ। ਮਹੰਤ ਲਹਿਣਾ ਸਿੰਘ ਜੀ ਹਥੀਂ ਜੋ ਗੁਰਮੁਖ ਸਨ ਤੇ ਜਿਨ੍ਹਾਂ ਨੇ ਜੇਲ੍ਹ ਭੀ ਉਸ ਸਮਂ ਕਟੀ ਸੀ। ਇਨ੍ਹਾਂ ਦੇ ਲੜਕੇ ਮਹੰਤ

Sri Satguru Jagjit Singh Ji eLibrary NamdhariElibrary@gmail.com

ਗੁਰਦਿਆਲ ਸਿੰਘ ਨੇ ਗਿ: ਅਜਮੇਰ ਸਿੰਘ ਸਕਤ੍ ਸ਼੍ਰੋ: ਅ: ਦਲ ਤੇ ਗਿ: ਰਘਬੀਰ ਸਿੰਘ ਵਾਸ੍ ਜਨਰਲ ਸਕਤ੍ ਸ੍ਰੀ ਗੁਰੂ ਸਿੰਘ ਸਭਾ ਡੇਹਰਾਦੂਨ ਨੂੰ ਖਰੀਦ ਲਿਆ ਜਿਨ੍ਹਾਂ ਗੁਰਦਵਾਰਾ ਪ੍ਰਬੰਧਕ ਕਮੇਟੀ ਜੋ ਸਵਾ ਕੁ ਸਾਲ ਤੋਂ ਚੰਗਾ ਕੰਮ ਕਰਦੀ ਆ ਰਹੀ ਸੀ ਢਿਲੀ ਕਰਵਾ ਦਿਤੀ ਤੇ ਕਬਜਾ ਫਿਰ ਇਸ ਮਹੰਤ ਦਾ ੬ ਮਹੀਨੇ ਲਈ ਕਰਵਾ ਦਿਤਾ ਜਿਸ ਨੇ ੧੨ ਸਾਲ ਕਬਜ਼ਾ ਨ ਫਿਰ ਦਿਤਾ। ਆਪਣੀ ਲਖਾਂ ਰੁਪਏ ਦੀ ਜਾਏਦਾਦ ਬਣਾਈ ਗੁਰਦਵਾਰਾ ਸਾਹਿਬ ਦੇ ਇਮਾਰਤ ਦੇ ਕੰਮ ਲਈ ਇਕ ਇਟ ਭੀ ਹੋਰ ਨ ਲਾਈ ਤੇ ਕਿਰਪਾ ਰਾਮ ਖਾਲਸਾ ਹਾਈ ਸਕੂਲ ਸਰਕਾਰ ਨਾਹਨ ਦੇ ਬਿਲਡਿੰਗ ਸਮੇਤ ਹਵਾਲੇ ਕਰ ਦਿਤਾ।

ਜੋ ਸੰਗਤ ਪਾਂਵਟਾ ਸਾਹਿਬ ਜਾਂਦੀ ਜਿਨ੍ਹਾਂ ਨੇ ਇਮਾਰਤਾਂ ਬਣਨ ਸਮੇਂ ਮਾਇਆ ਦਿਤੀ ਹੋਈ ਸੀ ਨਾਕਿਸ ਪ੍ਰਬੰਧ ਵੇਖਕੇ ਆਕੇ ਸੰਤ ਹੀਰਾ ਸਿੰਘ ਜੀ ਆਦਿਕ ਮੁਖੀ ਸਜਨਾਂ ਨੂੰ ਗਿਲਾ ਦੇਂਦੇ ਤੇ ਬਹੁਤੇ ਮੈਨੂੰ ਭੀ ਸਖਤ ਸੁਸਤ ਲਿਖਦੇ ਰਹਿੰਦੇ ਸਨ।

ਇਸੇ ਮਹੰਤ ਦੀ ਕਾਰਸਤਾਨੀ ਕਰਕੇ ਉਥੇ ਗੋਲੀ ਚਲੀ। ੧੧ ਨਿਹੰਗ ਸਿੰਘ ਸ਼ਹੀਦੀਆਂ ਪਾ ਗਏ ਅਖੰਡ ਪਾਠ ਖੰਡਤ ਹੋਇਆ ਪੰਥ ਦੀ ਭਾਰੀ ਬਦਨਾਮੀ ਹੋਈ ਤਦ ਅਚਾਰਹੀਨ ਮਹੰਤ ਪਾਸੋਂ ਕਬਜਾ ਲਿਆ ਗਿਆ ਹੈ। ਇਨ੍ਹਾਂ ਦੋਹਾਂ ਗਿਆਨੀਆਂ ਦੇ ਸਵਾਰਥ ਕਰਕੇ ਕਿਤਨਾ ਭਾਰੀ ਪੰਥਕ ਨੁਕਸਾਨ ਹੋਇਆ।

ਜਦੋਂ ਚੀਨ ਨੇ ਸਾਡੇ ਦੇਸ਼ ਪਰ ੨੦ ਅਕਤੂਬਰ ੬੨ ਨੂੰ ਹਮਲਾ ਕੀਤਾ ਮੈਨੂੰ ਕਈ ਦਿਨ ਨ ਰੋਟੀ ਚੰਗੀ ਲਗੇ ਨ ਨੀਂਦ ਆਵੇ ਕਿ ਸਾਡੇ ਦੇਸ਼ ਦਾ ਬਣੇਗਾ ਕੀ ਜੋ ਭਾਰੀ ਕੁਰਬਾਨੀਆਂ ਪਿਛੋਂ ਆਜ਼ਾਦ ਹੋਇਆ ਹੈ। ਮੇਰੀ ਛੋਟੀ ਲੜਕੀ ਦੀ ਸ਼ਾਦੀ ੪ ਨਵੰਬਰ ਦੀ ਮੁਕਰਰ ਹੋ ਚੁਕੀ ਹੋਈ ਸੀ ਸੋ ਮੈਂ ਘਰ ਵਿਚ ਹੀ ਸੀ। ਆਖਰ ਗਲ ਸੁਝ ਗਈ। ਸਿਖ ਯੋਧਿਆਂ ਦੇ ਬਲੀਦਾਨ ਦੇ ਪ੍ਰੈਸ ਵਿਚ ਛਪ ਰਹੇ ਹਾਲਾਤ ਨੇ ਸਾਡੀ ਕੌਮ ਦੀ ਇਜ਼ਤ ਵਧਾ ਦਿਤੀ ਜੋ

Sri Satguru Jagjit Singh Ji eLibrary NamdhariElibrary@gmail.com

ਮਹਾਨ ਲੀਡਰ ਦੇ ਵਰਤ ਤੋੜ ਦੇਣ ਕਰਕੇ ਭਾਰੀ ਬਦਨਾਮੀ ਹੋ ਚੁਕੀ ਹੋਈ ਸੀ।

ਮੈਂ ਨੇ ਪੰਡਤ ਜਵਾਹਰ ਲਾਲ ਨੂੰ ਦਲੇਰੀ ਨਾਲ ਚਿਠੀ ਲਿਖ ਦਿਤੀ ਕਿ ਮੈਂ ੭੦ ਸਾਲ ਦੇ ਕਰੀਬ ਹੋ ਚਲਿਆ ਹਾਂ ਬੰਦੂਕ ਨਹੀਂ ਉਠਾ ਸਕਦਾ ਪਰ ਦੇਸ਼ ਸੁਤਾ ਪਿਆ ਹੈ ਆਪ ਦੇ ਸ਼ਾਂਤੀ ਦੇ ਓਵਰ ਡੋਜ਼ ਪ੍ਰਚਾਰ ਨਾਲ, ਮੈਨੂੰ ਇਨ੍ਹਾਂ ਦੇ ਪੂਜਯ ਪਿਤਾ ਪੰਡਤ ਮੋਤੀ ਲਾਲ ਜੀ ਨਹਿਰੂ ਨਾਲ, ਕੰਮ ਕਰਨ ਦਾ ਸੁਭਾਗ ਪ੍ਰਾਪਤ ਹੋ ਚੁਕਾ ਹੋਇਆ ਸੀ ਤੇ ਆਪ ਭੀ ਮੈਨੂੰ ਜਾਣਦੇ ਸਨ। ਮੈਂ ਹੱਛਾ ਲੈਕਚਰਾਰ ਹਾਂ ਚੀਨ ਹੋ ਆਇਆ ਹੋਇਆ ਹਾਂ ਟੂਰ ਸ਼ੁਰੂ ਕਰਕੇ ਸਾਰੇ ਦੇਸ਼ ਵਿਚ ਛਰੀ ਲੈਕਚਰ ਕਰਦਾ ਫਿਰਾਂਗਾ ਤਾਂਕੇ ਮੇਰੇ ਦੇਸ਼ ਵਾਸੀ ਬੰਦੂਕ ਚੁਕਨ।

ਗੁਰੂ ਮੇਹਰ ਨਾਲ ਮੈਂਨੇ ਨੇਫਾ ਤੋਂ ਲੈਕੇ ਰਾਸ ਕੁਮਾਰੀ ਤਕ ਹਜ਼ਾਰਾਂ ਲੈਕਚਰ ਸਕੂਲਾਂ, ਕਾਲਜਾਂ ਵਕੀਲਾਂ ਦੀ ਸਭਾਂਵਾਂ ਕਲਬਾਂ ਤੇ ਭਰੇ ਹੋਏ ਪਬਲਿਕ ਹਾਲਾਂ ਵਿਚ ਕੀਤੇ ਹਨ ਤਕਰੀਬਨ ਸਭ ਲੈਕਚਰਾਂ ਪਿਛੋਂ ਸਵਾਲ ਮੰਗਕੇ ਤਸਲੀ ਬਖਸ਼ ਉਤਰ ਦਿਤੇ ਹਨ। ਪੰਜਾਬੀ ਸੂਬੇ ਦੀ ਵਿਧਾਨਕ ਹੱਕੀ ਮੰਗ ਮੰਨੀ ਜਾਏ ਬਾਰੇ ਕੁਛ ਵਕੀਲਾਂ ਦੀਆਂ ਸਭਾਵਾਂ ਤੇ ਕਲਬਾਂ ਆਦਿਕ ਵਲੋਂ ਦੇਸ਼ ਦੇ ਪ੍ਰਧਾਨ, ਮੀਤ ਪ੍ਰਧਾਨ, ਪ੍ਰਧਾਨ ਮੰਤਰੀ, ਗਰਹਿ ਮੰਤਰੀ, ਰਖਸ਼ਾ ਮੰਤਰੀ, ਆਦਿਕ ਨੂੰ ਤਾਰਾਂ ਭੀ ਭਿਜਵਾਈਆਂ ਹਨ ਇਸੇ ਪ੍ਰਚਾਰ ਟੂਰ ਪਰ ਸ੍ਰੀ ਅੰ ਮ੍ਰਿਤਸਰ ਆਕੇ ਗੁਰੂ ਰਾਮਦਾਸ ਸਰਾਏ ਵਿਚ ਡੇਰਾ ਕੀਤਾ। ਦਿਨੇ ਆਪ ਜਾ ਜਾਕੇ ਵਕਤ ਲੈ ਲੈ ਕੇ ਸਕੂਲਾਂ ਕਾਲਜਾਂ ਵਿਚ ਲੈਕਚਰ ਸ਼ੁਰੂ ਕੀਤੇ। ਸ੍ਰੀ ਮੰਜੀ ਸਾਹਿਬ ਭੀ ਪੂਰੇ ੧੫ ਦਿਨ ਹਰ ਸ਼ਾਮ ਸਿਖ ਧਰਮ ਫ਼ਿਲਾਸਫ਼ੀ ਪਰ ਲੈਕਚਰ ਕਰਦਾ ਰਿਹਾ। ਨਾਲ ਹੀ ਸ੍ਰੀ ਮਾਨ ਬ੍ਰਹਮ ਗਿਆਨੀ ਸੰਤ ਅਤਰ ਸਿੰਘ ਜੀ ਸਾਹਿਬ ਦਾ ਜੀਵਨ ਛਪਵਾਇਆ।

ਦਾਸ ਗੁਰੂ ਘਰ ਦਾ ਪ੍ਰਚਾਰ ਕਰਨ ਵਾਲੇ ਸਭ ਗਰੰਥੀ

Sri Satguru Jagjit Singh Ji eLibrary NamdhariElibrary@gmail.com

ਸਾਹਿਬਾਨ, ਪ੍ਰਚਾਰਕਾਂ, ਰਾਗੀਆਂ, ਢਾਡੀਆਂ, ਕਵੀਆਂ, ਲਿਖਾਰੀਆਂ ਆਦਿਕ ਨੂੰ ਹੀ ਆਪਣੀ ਬਰਾਦਰੀ ਸਮਝਦਾ ਹੈ ਸੋ ਕੋਈ ੬੦ ਸੰਤ ਅਤਰ ਸਿੰਘ ਜੀਵਨ ਪ੍ਰੇਮ ਭੇਟਾ ਕੀਤਾ ਜਿਨ੍ਹਾਂ ਪਾਸੋਂ ਪਿਆਰ ਭਰੀ ਅਸ਼ੀਰਵਾਦ ਤੇ ਉਤਸ਼ਾਹ ਮਿਲਿਆ। ਇਕ ਜੀਵਨ ਸੰਤ ਹੀਰਾ ਸਿੰਘ ਜੀ ਨੂੰ ਭੀ ਭੇਟਾ ਕੀਤਾ ਤਾਂ ਆਪ ਜੀ ਨੇ ਫਰਮਾਇਆ ਕਿ ਬ੍ਰਹਮ ਗਿਆਨੀ ਸੰਤ ਬਾਬਾ ਗੁਰਮੁਖ ਸਿੰਘ ਜੀ ਦਾ ਭੀ ਇਸੇ ਤਰ੍ਹਾਂ ਪੂਰਾ ਜੀਵਨ ਤਿਆਰ ਕਰਨ ਦੀ ਸੇਵਾ ਆਪ ਲਵੋ ਦਾਸ ਨੇ ਧੰਨ ਭਾਗ ਜਾਣਕੇ ਮਨਜ਼ੂਰ ਕਰ ਲਈ।

ਆਪ ਜੀ ਪਾਸ ਪਹਿਲੋਂ ਲਿਖਕੇ ਰਖੇ ਹੋਏ ਬਹੁਤ ਸਾਰੇ ਹਾਲਾਤ ਆਪ ਜੀ ਨੇ ਸ: ਕਰਮ ਸਿੰਘ ਜੀ 'ਜ਼ਖਮੀ' ਨੂੰ ਦਿਤੇ ਸਨ ਜਿਨ੍ਹਾਂ ਨੇ ਇਕ ਟਰੈਕਟ ਵਾਂਗੂ ਓਹ ਚੰਗੇ ਛਪਵਾ ਦਿਤੇ ਸਨ ਓਸ ਤੋਂ ਭੀ ਲਾਭ ਉਠਾਇਆ ਹੈ। ਆਪ ਜੀ ਨੇ ਦਾਸ ਦੇ ਨਾਲ ਜਾ ਜਾਕੇ ਕਈ ਗੁਰਮੁਖਾਂ ਪਾਸੋਂ ਹਾਲਾਤ ਇਕਠੇ ਕਰਵਾਏ ਹਨ ਪਰ ਬਹੁਤੀ ਥਾਂਈਂ ਏਹ ਸੁਣਦੇ ਕਿ ਸੰਤ ਮਹਾਰਾਜ ਜੀ ਦੇ ਜੀਵਨ ਦੇ ਅਸਲੀ ਹਾਲਾਤ ਤਾਂ ਇਨ੍ਹਾਂ ਸੰਤ ਹੀਰਾ ਸਿੰਘ ਜੀ ਨੂੰ ਹੀ ਪਤਾ ਹੈ ਕਿਉਂ ਜੋ ਇਨ੍ਹਾਂ ਸਾਰੀ ਉਮਰ ਹੀ ਉਨ੍ਹਾਂ ਦੇ ਚਰਨਾਂ ਵਿਚ ਗੁਜਾਰੀ ਹੈ ਸੋ ਨਾਲ ਨਾਲ ਇਨ੍ਹਾਂ ਦੇ ਤੇ ਖਾਸ ਕਰਕੇ ਇਨ੍ਹਾਂ ਦੇ ਪੂਜਯ ਪਿਤਾ ਬਾਬਾ ਹਰਨਾਮ ਸਿੰਘ ਜੀ ਦਾ ਜ਼ਿਕਰ ਔਣਾ ਜ਼ਰੂਰੀ ਹੈ ਇਸੇ ਤਰ੍ਹਾਂ ਇਸੇ ਪੁਸਤਕ ਵਿਚ ਜ਼ਿਕਰ ਸੰਤ ਬਾਬਾ ਸਾਧੂ ਸਿੰਘ ਜੀ ਸਾਹਿਬ ਤੇ ਸੰਤ ਬਾਬਾ ਝੰਡਾ ਸਿੰਘ ਜੀ ਸਾਹਿਬ ਦਾ ਆਉਣਾ ਜ਼ਰੂਰੀ ਹੈ।

ਮਹਾਨ ਪੁਰਸ਼ਾਂ ਦਾ ਜੀਵਨ ਲਿਖਨਾ ਕਠਿਨ ਹੈ ਏਹ ਤਾਂ ਸਮੁੰਦਰ ਨੂੰ ਕੂਜੇ ਵਿਚ ਬੰਦ ਕਰਨਾ ਹੈ ਪਰ ਹੈ ਭੀ ਜ਼ਰੂਰੀ। ਏਹ ਉਨ੍ਹਾਂ ਦੇ ਸੁਚੇ ਤੇ ਉਚੇ ਜੀਵਨ ਨੂੰ ਸਦਾ ਜ਼ਿੰਦਾ ਤੇ ਅਖਾਂ ਸਾਹਮਣੇ ਰਖਣ ਦਾ ਨਿਮਾਣਾ ਯਤਨ ਹੈ। ਬੋਲੀ ਸਾਦੀ ਹੈ ਕੋਈ ਵਿਦਵਾਨੀ ਗਿਆਨੀ ਪਾਸ ਮੈਂ ਨੇ ਨਹੀਂ ਕੀਤੀ ਹੋਈ ਅਖਰਾਂ ਦੀ ਸਜਾਵਟ ਤੇ ਲਪੇਟ ਵਿਚ ਕੁਛ ਨਹੀਂ ਲਿਖਿਆ। ਗੁਰੂ ਘਰ ਵਿਚ ਆਤਮਕ

Sri Satguru Jagjit Singh Ji eLibrary NamdhariElibrary@gmail.com

ਉਨਤੀ ਦੀ ਨੀਂਹ ਪਵਿਤ੍ਰ ਆਚਰਣ ਮੰਨਿਆ ਹੈ। ਸੰਤ ਸਾਹਿਬ ਹਰ ਤਰ੍ਹਾਂ ਗੁਣਵਾਨ ਤੇ ਰਿਧੀ ਸਿੱਧੀ ਦੇ ਮਾਲਕ ਹੁੰਦਿਆਂ ਗੁਰ ਸਿੱਖ ਬਣੇ ਰਹਿਣ ਦਾ ਆਪ ਜੀ ਨੂੰ ਸਦਾ ਚਾਓ ਰਿਹਾ ਆਪਣੀ ਥਾਂ ਸਰਬ ਗੁਣਾਂ ਵਾਲੇ ਆਪਣੀ ਹੱਥੀਂ ਆਪਣੇ ਨਮੂਨੇ ਦਾ ਢਾਲਕੇ ਗੁਰੂ ਪੰਥ ਨੂੰ ਸੰਤ ਬਾਬਾ ਝੰਡਾ ਸਿੰਘ ਜੀ ਨੂੰ ਦੇ ਗਏ।

ਸੰਤ ਮਹਾਰਾਜ ਜੀ ਦੇ ਜੀਵਨ ਵਿਚ ਚਾਰ ਚੀਜ਼ਾਂ ਤੇ ਜ਼ਿਆਦਾ ਜ਼ੋਰ ਦਿਤਾ ਗਿਆ ਹੈ। ਆਪ ਸ੍ਰੀ ਸੁਖਮਨੀ ਸਾਹਿਬ ਦੇ ੧੨ ਪਾਠ ਸੁਣਕੇ ਪ੍ਰਸ਼ਾਦਾ ਛਕਦੇ, ਆਪ ਅੰਮ੍ਰਿਤ ਵੇਲੇ ਜਾਗਨ ਲਈ ਜ਼ੋਰ ਦੇਂਦੇ, ਆਪ ਨਾਮ ਜਪਨ ਲਈ ਸਭ ਨੂੰ ਪ੍ਰੇਰਦੇ ਤੇ ਦਾਨ ਕਰਵਾਕੇ ਉਸ ਦਾ ਭਲਾ ਕਰ ਦੇਂਦੇ ਸੋ ਇਨ੍ਹਾਂ ਚੌਹਾਂ ਚੀਜ਼ਾਂ ਬਾਰੇ ਭੀ ਚੰਗੀ ਵਾਕਫੀ ਦੇਣ ਦਾ ਯਤਨ ਕੀਤਾ ਗਿਆ ਹੈ। ਜਿਨ੍ਹਾਂ ਸਜਨਾਂ ਨੇ ਇਸ ਦੇ ਛਪਵਾਨ ਲਈ ਮਿਲਵਰਤਨ ਦਿਤਾ ਹੈ, ਧੰਨਵਾਦੀ ਹਾਂ।

ਅਗਲੀ ਐਡੀਸ਼ਨ ਲਈ ਜੋ ਗੁਰਮੁਖ ਖਾਸ ਖਾਸ ਸਾਖੀਆਂ ਆਪ ਜੀ ਦੇ ਜੀਵਨ ਬਾਰੇ ਲਿਖ ਭੇਜਨਗੇ ਉਹ ਛਾਪਣ ਦਾ ਯਤਨ ਕੀਤਾ ਜਾਵੇਗਾ। ਹਰ ਕਿਸਮ ਦੀ ਖਾਸ ਕਰਕੇ ਕਾਗਜ਼ ਦੀ ਵਧਦੀ ਜਾ ਰਹੀ ਮਹਿੰਗਾਈ ਕਰਕੇ ਭੇਟਾ ਇਤਨੀ ਰਖਨੀ ਪਈ ਹੈ।

ਬਾਬਾ ਹਰਨਾਮ ਸਿੰਘ ਜੀ

ਬਾਬਾ ਹਰਨਾਮ ਸਿੰਘ ਜੀ ਭਾਈ ਦੇਵਾ ਰਾਮ ਜੀ ਦੇ ਪੋਤ੍ਰੇ ਤੇ ਬਾਬਾ ਜੱਸਾ ਸਿੰਘ ਗੁਰੂ ਕੇ 'ਲਾਂਗਰੀ' ਦੇ ਸਪੁਤ੍ਰ ਹਨ। ਆਪ ਜੀ ਦੇ ਦੋ ਭਾਈ ਅਰਜਨ ਸਿੰਘ ਜੀ ਤੇ ਭਾਈ ਪ੍ਰੀਤਮ ਸਿੰਘ ਜੀ ਸਨ ਜਿਨ੍ਹਾਂ ਦੀ ਔਲਾਦ ਭੀ ਪੰਥ ਸੇਵਕ ਹੈ। ਆਪ ਦੇ ਪਿਤਾ ਜੀ ਧੰਨ ਵਾਲੇ ਤੇ ਚੰਗੇ ਚੰਗੇ ਰਿਸ਼ਤੇਦਾਰਾਂ ਵਾਲੇ ਹੁੰਦਿਆਂ ਭੀ ਸਦਾ

Sri Satguru Jagjit Singh Ji eLibrary NamdhariElibrary@gmail.com

ਲਗਰ ਪਕਾਨ ਤੇ ਵਰਤਾਨ ਦੀ ਸੇਵਾ ਹਰ ਦੀਵਾਨ ਵਿਚ ਕਰਕੇ ਧੰਨ ਭਾਗ ਸਮਝਦੇ ਇਸ ਲਈ ਆਪ ਜੀ ਨੂੰ ਸੰਗਤਾਂ ਵਲੋਂ ਪਿਆਰ ਸਤਿਕਾਰ ਭਰਿਆ ਲਾਂਗਰੀ ਦਾ ਖਿਤਾਬ ਮਿਲਿਆ ਹੋਇਆ ਸੀ।

ਸੇਵਾ ਕਰਤ ਹੋਇ ਨਿਹਕਾਮੀ।
ਤਿਸ ਕਉ ਹੋਤ ਪ੍ਰਾਪਤ ਸੁਆਮੀ।

ਆਪ ਦੀ ਸਪਤਨੀ ਭੀ ਨੰਮਣ ਪ੍ਰੇਮਣ ਤੇ ਸਤਿ ਸੰਗਣ ਸੀ ਉਹ ਆਪਣੇ ਹਥਾਂ ਨੂੰ ਗੁਰੂ ਕੇ ਭਾਂਡੇ ਮਾਂਜਕੇ ਪਵਿਤ੍ਰ ਕਰਦੀ ਸੀ।

ਗੁਰੂ ਦੀ ਮੇਹਰ ਹੋਈ ਤਾਂ ਇਸ ਦਮਪਤੀ ਦੇ ਘਰ ਸੰਮਤ ੧੯੨੭ ਵਿਚ ਹਰਨਾਮ ਸਿੰਘ ਦਾ ਜਨਮ ਹੋਇਆ। ਬਾਲ ਅਵਸਥਾ ਵਿਚ ਮਾਤਾ ਪਿਤਾ ਦੀ ਇਛਿਆ ਨਾਲ ਆਪ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਚਰਨਾਂ ਵਿਚ ਔਣ ਸੇਵਾ ਕਰਨ ਲਗ ਪਏ ਜਿਨ੍ਹਾਂ ਦੇ ਉਚੇ ਸੁਚੇ ਜੀਵਨ ਦਾ ਅਸਰ ਇਸ ਹੋਣਹਾਰ ਗਭਰੂ ਤੇ ਇਹ ਹੋਇਆ ਕਿ ਉਸ ਦੀ ਜਵਾਨੀ ਝਲ ਮਸਤਾਨੀ ਤੇ ਸ਼ੋਖੀ ਦੀ ਭਰੀ ਹੋਈ ਹੋਛੀ ਬਣਨ ਦੀ ਥਾਂ ਗੰਭੀਰਤਾ, ਦਾਨਾਈ, ਉਦਮ ਤੇ ਨੇਕੀ ਵਿਚ ਪਲਟ ਗਈ ਤੇ ਸੇਵਾ ਦੇ ਨਿਖਰੇ ਰੂਪ ਵਿਚ ਆਪਣੀ ਚਾਨਣੀ ਆਲੇ ਦੁਆਲੇ ਵੀ ਖਿਡਾਉਣ ਲਗੀ।

ਆਪ ਗ੍ਰਿਸਤੀ ਸਨ ਜੋ ਸਹਾਈ ਸਾਬਤ ਹੋਇਆ ਚੁੰਕੇ ਸੰਤ ਜੀ ਦੀ ਨਿਗਾਹ ਵਿਚ ਏਹ ਪ੍ਰਵਾਨ ਸਨ। ਹਰ ਜ਼ੁਮਵਾਰੀ ਦੇ ਕੰਮ ਵਿਚ ਉਹ ਸਦਾ ਇਨ੍ਹਾਂ ਦਾ ਹੀ ਨਾਮ ਸਭ ਤੋਂ ਪਹਿਲੋਂ ਯਾਦ ਕਰਦੇ। ਸਿੰਘਣੀ ਜੀ ਜਲਦੀ ਹੀ ਇਨ੍ਹਾਂ ਦੀ ਸਚਖੰਡ ਚਲੀ ਗਈ ਤੇ ੩੬ ਵਰ੍ਹੇ ਪਿਛੋਂ ਤਕ ਆਪ ਨੇ ਕਲ੍ਹਿਆਂ ਹੀ ਸੇਵਾ ਨਿਭਾਹੀ ਵਿਵਾਹ ਨਹੀਂ ਕੀਤਾ।

ਆਪ ਜੀ ਰੋਜ਼ਾਨਾ ਸ੍ਰੀ ਹਰਿਮੰਦਰ ਸਾਹਿਬ, ਸ਼ਹੀਦਾਂ ਦੇ ਗੁਰਦਵਾਰੇ ਸਾਹਿਬ ਦਰਸ਼ਨ ਕਰਕੇ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਪੁਜਦੇ ਰਾਤ ਭੀ ਜ਼ਰੂਰ ਸ੍ਰੀ ਹਰਿਮੰਦਰ ਸਾਹਿਬ ਜਾਂਦੇ ਆਪ ਹਰ ਮਹੀਨੇ ਸੰਗਤਾਂ ਨੂੰ ਨੇੜੇ ਨੇੜੇ ਸ਼ਹਿਰਾਂ ਦੇ ਗੁਰਦਵਾਰਿਆਂ ਦੇ

Sri Satguru Jagjit Singh Ji eLibrary NamdhariElibrary@gmail.com

ਦਰਸ਼ਨ ਕਰਾਂਦੇ ਤੇ ਕਈ ਵਾਰੀ ਬਹੁਤ ਸਾਰੀਆਂ ਸੰਗਤਾਂ ਨਾਲ ਹੋਰ ਪ੍ਰਾਂਤਾਂ ਦੇ ਗੁਰਦਵਾਰਿਆਂ ਵਿਚ ਟਰੇਨਾਂ ਰਾਹੀਂ ਲਿਜਾਕੇ ਦਰਸ਼ਨ ਕਰਾਉਂਦੇ। ਮਾਇਆ ਇਕਤ੍ਰ ਕਰਾਕੇ ਉਨ੍ਹਾਂ ਗੁਰਧਾਮਾਂ ਦੀ ਸੇਵਾ ਕਰਾਉਂਦੇ।

ਕਾਰ ਸੇਵਾ ਗੁਰੂ ਰਾਮਦਾਸ ਸਰੋਵਰ ਸਮੇਂ ਲੰਗਰ ਦੀ ਸੇਵਾ ਆਪ ਜੀ ਨੇ ਐਸੀ ਨਿਭਾਹੀ ਕਿ ਉਹ ਸਿਖ ਇਤਿਹਾਸ ਵਿਚ ਚਮਕਦੀ ਰਹੇਗੀ ਦੋ ਹਜ਼ਾਰ ਬੋਰੀ ਰੋਜ਼ਾਨਾ ਆਟਾ ਪਕ ਕੇ ਵਰਤਦਾ ਤ੍ਰੈ ਥਾਂ ਲੰਗਰ ਖੁਲ੍ਹਵਾ ਦਿਤੇ ਦਾਲ ਭਾਜੀ ਘਿਉ ਪੂਰੇ ਪੂੜੀਆਂ ਤੇ ਖੀਰ ਚਟਨੀ ਅਚਾਰ ਆਦਿਕ ਬੇਉੜਕੇ ਵਰਤਦੇ ਜਦੋਂ ਸਮਾਪਤੀ ਹੋਈ ਤਾਂ ਆਪ ਨੇ ਤਿੰਨ ਕੋਠੇ ਭਰੇ ਹੋਏ ਭਾਂਡਿਆਂ ਦੇ ਸਵਾ ਲਖ ਰੁਪਏ ਨਗਦੀ ਤੇ ਹਜ਼ਾਰਾਂ ਮਣ ਅਨਾਜ ਦਰਬਾਰ ਸਾਹਿਬ ਕਮੇਟੀ ਦੇ ਹਵਾਲੇ ਕੀਤਾ। ਆਪ ਜੀ ਦੇ ਅਨੇਕਾਂ ਗੁਣ ਤੇ ਵਿਦਿਅਕ, ਮਾਇਕ, ਧਾਰਮਕ ਤੇ ਚੰਗਾ ਪ੍ਰਬੰਧ ਆਦਿ ਦੀਆਂ ਸੇਵਾਵਾਂ ਦਾ ਸੰਖੇਪ ਵਰਨਣ ਦਾਸ ਦੀ ਕਿਤਾਬ 'ਪ੍ਰਚਾਰ ਪ੍ਰੇਮੀ' ਵਿਚ ਪੜ੍ਹ ਸਕੋਗੇ ਪਰ ਆਪ ਬਾਰੇ ਭਾਈ ਸਾਹਿਬ ਪਦਮ ਭੂਸ਼ਨ ਡਾਕਟਰ ਭਾਈ ਵੀਰ ਸਿੰਘ ਜੀ ਲਿਖਦੇ ਹਨ।

ਆਪਣੇ ਘਰ ਦੇ ਕਾਰ ਵਿਹਾਰ, ਗੁਰਸਿੱਖੀ ਦੇ ਅਤ ਰੁਝੇਵਿਆਂ ਵਿਚ ਰੁਝੇ ਹੋਣ ਦੇ ਬਾਵਜੂਦ ਜਿਸ ਵਲੇ ਵੇਖੋ ਜ਼ਬਾਨ ਹਿਲਦੀ ਰਹਿੰਦੀ ਸੀ। ਉਠਦੇ ਬਹਿੰਦੇ, ਤੁਰਦੇ ਫਿਰਦੇ ਹਰ ਵੇਲੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਦੇ ਰਹਿੰਦੇ ਸਨ। ਜਿਵੇਂ ਸਰੀਰ ਉਪਕਾਰ ਵਲੋਂ ਰੁਕਦਾ ਨਹੀਂ ਸੀ ਗੁਰੂ ਦੀ ਮੇਹਰ ਨਾਲ ਤਿਵੇਂ ਜ਼ਬਾਨ ਨਾਮ ਤੇ ਗੁਰਬਾਣੀ ਨਾਲੋਂ ਵਿਛੜਦੀ ਨਹੀਂ ਸੀ।

ਇਸ ਦਾ ਦੂਹਰਾ ਲਾਭ ਸੀ, ਇਕ ਸਤਸੰਗਤ ਤੇ ਇਕ ਸੈਰ। ਇਸੇ ਲਈ ਜਿਥੇ ਇਸ ਧਾਰਮਕ ਜੀਵਨ ਸਦਕਾ ਆਪ ਦੀ ਆਤਮਾ ਨਰੋਈ, ਸ੍ਵਛ ਤੇ ਉਤਮ ਹੋ ਰਹੀ ਸੀ, ਉਥੇ ਇਹ ਨਿਤ ਦੀ ਸੈਰ, ਜੀਵਨ ਦੀ ਪਵਿਤਰਤਾ ਤੇ ਜਵਾਨੀ ਆਪ ਦੇ ਸਰੀਰ ਨੂੰ

Sri Satguru Jagjit Singh Ji eLibrary NamdhariElibrary@gmail.com

ਤੰਦਰੁਸਤ ਤੇ ਨਰੋਆ, ਚਿਹਰੇ ਨੂੰ ਖਿੜਿਆ, ਮਥੇ ਨੂੰ ਚਮਕਦਾ ਤੇ ਅੱਖਾਂ ਨੂੰ ਦਮਕਦਾ ਰਖਣ ਵਿਚ ਹੈਰਾਨੀ ਭਰੇ ਜੌਹਰ ਦਿਖਾ ਰਹੀ ਸੀ।

'ਆਪ ਦਾ ਸ਼ੁਭ ਆਚਰਨ ਡੁਲ੍ਹ ਡੁਲ੍ਹ ਪੈ ਰਿਹਾ ਪੰਥਕ ਪਿਆਰ ਮਨੁਖ ਜਾਤੀ ਨਾਲ ਅਮਿਣਵੀਂ ਹਮਦਰਦੀ, ਗੁਰਧਾਮਾਂ ਨੂੰ ਚੜ੍ਹਦੀਆਂ ਕਲਾਂ ਵਿਚ ਵੇਖਣ ਦੇ ਚਾਉ ਨੇ ਆਪ ਨੂੰ ਗੁਰੂ ਕੀ ਨਗਰੀ ਦੇ ਸਿੱਖਾਂ ਦੇ ਦਿਲਾਂ ਵਿਚ ਡੂੰਘੀ ਪਿਆਰ ਤੇ ਸਤਿਕਾਰ ਵਾਲੀ ਥਾਂ ਤੇ ਬੈਠਾ ਦਿਤਾ। ਨਿੱਕੇ ਵੱਡੇ ਦੇ ਦਿਲ ਵਿਚ ਆਪ ਦਾ ਪਿਆਰ ਸੀ, ਸ਼ਹਿਰ ਦੇ ਹਿੰਦੂ ਮੁਸਲਮਾਨ ਤੇ ਸਿੱਖਾਂ ਨੂੰ ਆਪ ਪੁਰ ਦੁਧ ਨਾਲੋਂ ਵਧੀਕ ਚਿਟੀ ਚੱਦਰ ਤੋਂ ਵਧੀਕ ਇਤਬਾਰ ਸੀ। ਹਰ ਇਕ ਦੇ ਭਲੇ ਦੇ ਕੰਮ ਵਿਚ ਹਿੱਸਾ ਲੈਣ ਲਈ ਆਪ ਤਿਆਰ ਰਹਿੰਦੇ ਸਨ, ਸ਼ਹਿਰ ਦੇ ਹਿੰਦੂ ਤੇ ਸਿੱਖ ਘਰਾਂ ਦੇ ਖੀਸੇ ਇਨ੍ਹਾਂ ਦੇ ਹੱਥ ਵਿਚ ਹੁੰਦੇ ਸਨ, ਸਿੱਖਾਂ ਦੀ ਤਾਂ ਸ਼ਹਿਰ ਵਿਚੋਂ ਕੋਈ ਉਗਰਾਹੀ ਇਨ੍ਹਾਂ ਤੋਂ ਬਿਨਾਂ ਹੋਣੀ ਅਸੰਭਵ ਖਿਆਲ ਕੀਤੀ ਜਾਂਦੀ ਸੀ।

੧੫ ਅਗਸਤ ੧੯੪੦ ਦੇ 'ਖਾਲਸਾ ਸਮਾਚਾਰ' ਦੇ ਮੁਖ ਲੇਖ ਵਿਚ ਜ਼ਿਕਰ ਆਇਆ ਹੈ :—

"ਅਕਾਲੀ ਲਹਿਰ ਦੇ ਵਿਚ ਗੁਰੂ ਦੇ ਬਾਗ ਦੇ ਮੋਰਚੇ ਦੇ ਫ਼ਟੜਾਂ ਦੀ ਸੇਵਾ ਦੇ ਪਰਬੰਧ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਹਜ਼ਾਰਾਂ ਰੁਪਈਏ ਨਕਦ ਦੁੱਧ, ਆਟਾ, ਦਾਲ, ਘਿਓ, ਸਬਜ਼ੀਆਂ ਬਿਸਤਰੇ ਇਕੱਠੇ ਕਰ ਦਿਤੇ। ਕਾਰ ਸਰੋਵਰ ਦੀ ਸੇਵਾ ਵੇਲੇ ਜਦ ਕਿ ਲੱਖਾਂ ਹੀ ਆਦਮੀਆਂ ਦੀ ਸ੍ਰੀ ਅੰਮ੍ਰਿਤਸਰ ਜੀ ਆਵਾਜਾਈ ਲਗੀ ਰਹਿੰਦੀ ਸੀ, ਸ੍ਰੀ ਦਰਬਾਰ ਸਾਹਿਬ ਕਮੇਟੀ ਨੇ ਗੁਰੂ ਰਾਮਦਾਸ ਜੀ ਦੇ ਲੰਗਰ ਦਾ ਪਰਬੰਧ ਇਨ੍ਹਾਂ ਦੇ ਹਵਾਲੇ ਕੀਤਾ। ਸੰਗਤਾਂ ਦੀ ਅਤ ਬਹੁਲਤਾ ਦੇ ਸਮੇਂ ਦਿਨ ਰਾਤ ਸ਼ਹਿਰ ਵਿਚ ਛੱਤੀ ਟਿਕਾਣਿਆਂ ਤੇ ਅਤੁੱਟ ਲੰਗਰ ਜਾਰੀ ਰੱਖ ਕੇ ਸੰਗਤਾਂ ਨੂੰ ਹਦੋਂ ਵਧ ਸੁਖ ਪੁਚਾਇਆ। ਕਿਹਾ ਜਾਂਦਾ ਹੈ ਕਿ ਸੇਵਾ ਮੁੱਕਣ ਤੇ ਇਕ ਲੱਖ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਤੋਂ ਉਤੇ ਨਕਦ ਰੁਪੈ ਤੇ ਆਟਾ ਦਾਲ ਆਦਿਕ ਸਮਾਨ ਦੇ ਭਰੇ ਹੋਏ ਕੋਠੇ ਇਨ੍ਹਾਂ ਕਮੇਟੀ ਦੇ ਸਪੁਰਦ ਕੀਤੇ ਤੇ ਦੁਨੀਆਂ ਬੜੀ ਹੈਰਾਨ ਤੇ ਪ੍ਰੇਸ਼ਾਨ ਹੋਈ ਕਿ ਇਤਨੇ ਭਾਰੀ ਲੰਗਰ ਕਰਨ ਤੇ ਵੀ ਇਤਨੀ ਮਾਇਆ ਨਕਦ ਤੇ ਇਤਨੀਆਂ ਰਸਦਾਂ ਬਾਕੀ ਦੇ ਗਏ, ਇਹ ਸਾਰੀ ਦਿਆਨਤਦਾਰੀ ਦੀ ਬਖ਼ਸ਼ਿਸ਼ ਹੈ।'

ਸਿੰਘ ਸਾਹਿਬ ਜਥੇਦਾਰ ਅੱਛਰ ਸਿੰਘ ਜੀ ਨੇ ਇਕ ਲੈਕਚਰ ਵਿਚ ਕਿਹਾ ਸੀ, 'ਜਦੋਂ ਗੁਰਦਵਾਰਾ ਲਹਿਰ ਜ਼ੋਰਾਂ ਵਿਚ ਸੀ ਤੇ ਗੌਰਮਿੰਟ ਸਖਤੀ ਕਰਨ ਤੇ ਤੁਲੀ ਹੋਈ ਸੀ ਓਦੋਂ ਗੁਰਦਵਾਰਾ ਕਮੇਟੀਆਂ ਨੇ ਵਡੇ ਤੋਂ ਵਡੇ ਇਤਬਾਰੀ ਬੈਂਕਾ ਨਾਲੋਂ ਬਾਬਾ ਹਰਨਾਮ ਸਿੰਘ ਜੀ ਨੂੰ ਵਧੇਰੇ ਇਤਬਾਰੀ ਮੰਨਿਆ ਸੀ ਤੇ ਲੱਖਾਂ ਰੁਪੈ ਬਿਨਾਂ ਕਿਸੇ ਰਸੀਦ ਪਰਚੇ ਦੇ ਇਨ੍ਹਾਂ ਪਾਸ ਅਮਾਨਤ ਰੱਖੇ ਸਨ। ਫਿਰ ਖੂਬੀ ਇਹ ਕਿ ਅੱਜ ਤੱਕ ਭੀ ਕਿਸੇ ਨੂੰ ਕਦੇ ਇਹ ਸ਼ਕੈਤ ਨਹੀਂ ਹੋਈ ਕਿ ਕਿਤੇ ਇਕ ਪੈਸੇ ਦਾ ਭੀ ਫਰਕ ਪਿਆ ਹੈ।'

ਆਪ ਜੀ ਨੇ ਜਿਉਂਦਿਆ ਹੀ ਤਿੰਨ ਲੜਕਿਆਂ ਨੂੰ ਇਕ ਇਕ ਲਖ ਨਗਦੀ ਦੇ ਕੇ ਵਖ ਕਰ ਦਿਤਾ ਤੇ ਮੋਹ ਦੇ ਬੰਧਨ ਦਾ ਤਿਆਗ ਕੀਤਾ।

ਸ੍ਰੀ ਮਾਨ ਸੰਤ ਹੀਰਾ ਸਿੰਘ ਜੀ

ਆਪ ਬਾਬਾ ਹਰਨਾਮ ਸਿੰਘ ਜੀ ਦੇ ਸਭ ਤੋਂ ਛੋਟੇ ਸਪੁਤ੍ਰ ਹਨ। ਆਪ ਜੀ ਦੇ ਦੋ ਵਡ ਭਰਾ ਭਾਈ ਕਿਰਪਾ ਸਿੰਘ ਜੀ ਤੇ ਭਾਈ ਕੇਸਰ ਸਿੰਘ ਜੀ ਹਨ ਜੋ ਆਪਣੇ ਪ੍ਰਵਾਰਾਂ ਵਿਚ ਹਰ ਤਰ੍ਹਾਂ ਸੁਖੀ ਵੱਸ ਰਹੇ ਹਨ ਤੇ ਗੁਰੂ ਘਰ ਦੀ ਸੇਵਾ ਕਰਦੇ ਰਹਿੰਦੇ ਹਨ ਭਾਈ ਕਿਰਪਾ ਸਿੰਘ ਜੀ ਲਗਾਤਾਰ ਕਈ ਸਾਲਾਂ ਤੋਂ ਹਰ ਮਸਿਆ ਸ੍ਰੀ ਤਰਨ ਤਾਰਨ ਪਰ ਜਾਕੇ ਗੁਰੂ ਦਾ ਲੰਗਰ ਪਕਵਾਕੇ ਵਰਤਾਂਦੇ ਹਨ। ਹਰ ਮਹੀਨੇ ਛੇ ਦਿਨ ਆਪ ਦੇ ਅਮ੍ਰਿਤਸਰ ਤੇ ਤਰਨ ਤਾਰਨ ਲਗ

Sri Satguru Jagjit Singh Ji eLibrary NamdhariElibrary@gmail.com

ਜਾਂਦੇ, ਦਸ ਬਾਰਾਂ ਬੋਰੀ ਆਟਾ ਪਕਦਾ ਹੈ।

ਹੀਰਾ ਸਿੰਘ ਜੀ ਛੋਟੀ ਉਮਰੇ ਹੀ ਆਪਣੇ ਪਿਤਾ ਜੀ ਨਾਲ ਸਵੇਰੇ ਹੀ ਸੰਤ ਸ਼ਾਮ ਸਿੰਘ ਜੀ ਦੇ ਡੇਰੇ ਜਾਂਦੇ ਤੇ ਉਨ੍ਹਾਂ ਦਾ ਸਰੰਦਾ ਫੜ ਕੇ ਉਨ੍ਹਾਂ ਦੇ ਨਾਲ ਹਰਿਮੰਦਰ ਸਾਹਿਬ ਜਾਂਦੇ ਤੇ ਉਨ੍ਹਾਂ ਦੇ ਨਾਲ ਹੀ ਕੀਰਤਨ ਸੁਣ ਸਰੰਦਾ ਫੜ ਕੇ ਵਾਪਸ ਔਂਦੇ ਤਾਂ ਘਰ ਚਲੇ ਜਾਂਦੇ।

ਸੰਨ ੧੯੧੪ ਵਿਚ ਜਦੋਂ ਹੀਰਾ ਸਿੰਘ ਦਸ ਕੁ ਸਾਲ ਦਾ ਹੋਇਆ ਗੁਰਮੁਖੀ ਪੜ੍ਹ ਲਈ ਪਾਠ ਕਰਨ ਲਗ ਪਿਆ ਤਾਂ ਇਕ ਦਿਨ ਆਪ ਦੇ ਪਿਤਾ ਜੀ ਉਂਗਲੀ ਨਾਲ ਲਾਕੇ ਸੰਤ ਬਾਬਾ ਗੁਰਮੁਖ ਸਿੰਘ ਜੀ ਤੇ ਸੰਤ ਬਾਬਾ ਸਾਧੂ ਸਿੰਘ ਜੀ ਪਾਸ ਲੈ ਗਏ ਤੇ ਸੇਵਾ ਲਈ ਹਾਜ਼ਰ ਕਰ ਆਏ। ਉਹ ਉਸ ਸਮੇਂ ਗਲੀ ਸ਼ਹੀਦ ਬੁੰਗਾ ਵਿਖੇ ਰਹਿੰਦੇ ਸਨ। ਉਸ ਸਮੇਂ ਉਥੇ ਸ੍ਰੀ ਅਖੰਡ ਪਾਠਾਂ ਦਾ ਪ੍ਰਵਾਹ ਚਲ ਰਿਹਾ ਸੀ ਅਠੋ ਪਹਿਰ ਅਖੰਡ ਪਾਠ ਜਾਰੀ ਰਹਿੰਦਾ ਪ੍ਰੇਮੀਆਂ ਨੇ ਵਾਰੀਆਂ ਬੱਧੀਆਂ ਹੋਈਆਂ ਸਨ। ਸੰਤ ਸਾਹਿਬਾਨ ਅੰਮ੍ਰਿਤ ਵੇਲੇ ਸ੍ਰੀ ਦਰਬਾਰ ਸਾਹਿਬ ਵਿਚ ਝਾੜੂ ਦੀ ਸੇਵਾ ਕਰਕੇ ਜਦੋਂ ਵਾਪਸ ਔਂਦੇ ਤਾਂ ਪ੍ਰੇਮੀ ਆਪ ਜੀ ਨੂੰ ਮੁਠੀਆਂ ਭਰਦੇ ਡੇਰੇ ਵਿਚ ਭਜਨ ਤੋਂ ਬਗੈਰ ਕਿਸੇ ਨੂੰ ਕਿਸੇ ਨਾਲ ਗਲ ਬਾਤ ਕਰਨ ਦੀ ਮਨਾਹੀ ਸੀ। ਡੇਰੇ ਵਿਚ ਆਵਨ ਵਾਲੇ ਪ੍ਰੇਮੀਆਂ ਪਾਸੋਂ ਸੰਤ ਜੀ ਬਚਨ ਕਰਾਉਂਦੇ ਕਿ ਤਰ ਪਹਿਰੇ ਦੋ ਵਜੇ ਹਰਿਮੰਦਰ ਸਾਹਿਬ ਪੁਜੇ ਅਤੇ ਚਾਰੇ ਐਬ (ਮਾਸ ਸ਼ਰਾਬ ਰੋਮਾਂ ਦੀ ਬੇਅਦਬੀ ਤੇ ਪਰ ਇਸਤਰੀ ਨਾਲ ਭੋਗ) ਨਹੀਂ ਕਰੇ।

ਬਚਪਨ ਵਿਚ ਹੀ ਤੇ ਜਲਦੀ ਹੀ ਹੀਰਾ ਸਿੰਘ ਜਿਸ ਦੇ ਖ਼ੂਨ ਵਿਚ ਮਹਾਨ ਸੇਵਕਾਂ ਦਾਦਾ ਜੀ ਤੇ ਪਿਤਾ ਜੀ ਦਾ ਭਾਗ ਹੈਸੀ ਸੇਵਾ ਦਾ ਨਮੂਨਾ ਬਣ ਗਏ। ਡੇਰੇ ਵਿਚ ਹਰ ਆਵਨ ਵਾਲੇ ਨੂੰ ਹਰ ਤਰ੍ਹਾਂ ਦਾ ਆਰਾਮ ਬਿਸਤਰਾ ਪ੍ਰਸ਼ਾਦਾ ਦੇਣਾ ਤੇ ਸੰਤ ਸਾਹਿਬਾਨ

Sri Satguru Jagjit Singh Ji eLibrary NamdhariElibrary@gmail.com

ਜੀ ਦੇ ਦਰਸ਼ਨ ਕਰਾਉਣੇ ਆਪ ਹੀ ਸਭ ਕੰਮ ਦੇ ਮੁਖੀ ਥਾਪੇ ਗਏ ਚਾਰ ਸੌ ਮਾਈ ਭਾਈ ਦੀ ਏਹ ਸੇਵਕ ਸੰਗਤ ਵਿਚ ਭੀ ਆਪ ਲਈ ਪਿਆਰ ਪੈਦਾ ਹੋ ਗਿਆ - ਹਰ ਇਕ ਦੀ ਆਪ ਹਾਜ਼ਰੀ ਲਾਉਂਦੇ ਜੋ ਸਵੇਰੇ ੨ ਵਜੇ ਹਰਿਮੰਦਰ ਸਾਹਿਬ ਨ ਪੁਜਦਾ ਉਸ ਨੂੰ ਡੇਰੇ ਵਿਚ ਨ ਵੜਨ ਦੇਂਦੇ। ਢਾਈ ਵਜੇ ਰਾਤ ਸੰਤ ਬਾਬਾ ਗੁਰਮੁਖ ਸਿੰਘ ਜੀ ਗੁਰੂ ਗਰੰਥ ਸਾਹਿਬ ਦੀ ਕਥਾ ਕਰਦੇ ਉਸ ਦਾ ਪ੍ਰਬੰਧ ਸੰਤ ਹੀਰਾ ਸਿੰਘ ਜੀ ਕਰਦੇ।

ਸੰਤ ਸਾਹਿਬ ਜੀ ਨੇ ਏਥੋਂ ਡੇਰਾ ਬਦਲ ਲਿਆ ਆਪ ਜੀ ਗਲੀ ਤੋਂ ਬਾਹਰ ਫੁਲੈਰ ਵਾਲਿਆਂ ਦੀ ਧਰਮਸਾਲਾ ਆ ਗਏ। ਦੋਨੋਂ ਵਕਤ ਸੰਤ ਸਾਹਿਬ ਲਈ ਭਾਜੀ ਤੇ ਪ੍ਰਸ਼ਾਦਾ ਆਪਣੀ ਹਥੀਂ ਪਕਾਣਾ। ੧੨ ਸਾਲ ਆਪ ਘਰ ਨਹੀਂ ਗਏ ਸੇਵਾ ਵਿਚ ਹੀ ਰਹੇ ਪੂਰੇ ਇਕ ਵਜੇ ਸੰਤ ਜੀ ਦਾ ਅਸ਼ਨਾਨ ਕਰਾਉਣਾ ਤੇ ਦੋ ਵਜੇ ਆਪ ਜੀ ਨੂੰ ਹਰਿਮੰਦਰ ਸਾਹਿਬ ਲਿਜਾਨਾ ਤੇ ਸਾਰੀ ਰਾਤ ਸ੍ਰੀ ਸੁਖਮਨੀ ਸਾਹਿਬ ਦੇ ਦਸ ਪਾਠ ਕਰਨੇ ਤਦ ਸੰਤ ਸਾਹਿਬ ਜੀ ਆਪ ਦੇ ਹੱਥ ਦਾ ਪ੍ਰਸ਼ਾਦਾ ਛਕਦੇ ਸੀ ਕਦੀ ਕਦੀ ਪੁਛ ਲੈਂਦੇ ਭਾਈ ਹੀਰਾ ਸਿੰਘ ਪਾਠ ਦਸ ਹੋ ਗਏ।

ਇਸੇ ਸੇਵਾ ਵਿਚੇ ਹੀ ਪੂਰੇ ੧੨ ਸਾਲ ਆਪ ਭਾਈ ਮੰਝ ਦੇ ਖੂਹ ਪਰ ਸੰਤ ਨਰੈਣ ਸਿੰਘ ਜੀ ਲਈ ਇਕ ਵਕਤ ਤਾਜ਼ਾ ਪ੍ਰਸ਼ਾਦਾ ਤਿਆਰ ਕਰਕੇ ਲਿਜਾਕੇ ਛਕਾਂਦੇ ਤੇ ੫੦੦ ਰੋਟੀਆਂ ਜੋ ਗਜਾ ਕਰਨ ਵਾਲੇ ਲੈ ਔਂਦੇ ਸਨ ਆਪ ਨਹਿਰ ਪਰ ਕਾਵਾ ਕੁਤਿਆਂ ਨੂੰ ਖਾਣ ਜਾਂਦੇ ਏਹ ਭੀ ਰੋਜ਼ਾਨਾ ਦਾ ਨੇਮ ਸੀ। ਜਿਥੇ ਜਿਥੇ ਸੰਤ ਸਾਹਿਬ ਜੀ ਇਮਾਰਤਾਂ ਬਨਾਣ ਲਈ ਸਥਾਨ ਬਦਲਦੇ ਆਪ ਸਭ ਤਰ੍ਹਾਂ ਦੇ ਪ੍ਰਬੰਧ ਦੇ ਜੁਮੇਵਾਰ ਹੁੰਦੇ ਹਜ਼ਾਰਾਂ ਸੰਗਤਾਂ ਰੋਜ਼ਾਨਾ ਸੇਵਾ ਕਰਦੀਆਂ ਸਭ ਨਾਲ ਪ੍ਰੇਮ ਭਰਿਆ ਵਰਤਾਰਾ ਕਰਨਾ ਸੇਵਾ ਕਰਦਿਆਂ ੨੦ ਸਾਲ ਹੋ ਗਏ ਸਨ ਤਾਂ ਸੰਤ ਜੀ ਨੇ ਆਪ ਨੂੰ ਹੁਕਮ

Sri Satguru Jagjit Singh Ji eLibrary NamdhariElibrary@gmail.com

ਕੀਤਾ ਪ੍ਰੇਮੀਆਂ ਨੂੰ ਸਾਡੇ ਵਲੋਂ ਕਹਿ ਦਿਉ ਕਿ ਅਜ ਜਲਿਆਂ ਵਾਲੇ ਬਾਗ ਜਲਸਾ ਸੁਣਨ ਨ ਜਾਣ।

ਆਪ ਦੇ ਪਿਤਾ ਜੀ ਨੇ ਸੰਤ ਮਹਾਰਾਜ ਜੀ ਪਾਸੋਂ ਆਗਯਾ ਲੈ ਲਈ ਤਾਂ ਆਪ ਦੀ ਸ਼ਾਦੀ ਬੀਬੀ ਬਲਬੀਰ ਕੌਰ ਨਾਲ ਕਰਵਾ ਦਿਤੀ। ਆਪ ਨੇ ੪੦ ਸਾਲ ਸੰਤ ਬਾਬਾ ਜੀ ਦੀ ਨਿਕਟ ਵਰਤੀ ਸੇਵਕ ਹੋਕੇ ਸਭ ਸੇਵਾਵਾਂ ਨਿਭਾਹੀਆਂ।

ਆਪ ਨੇ ਆਪਣੇ ਪਿਤਾ ਜੀ ਵਾਂਗੂੰ ਵਿਦਿਆ ਪ੍ਰਚਾਰ ਧਰਮ ਪ੍ਰਚਾਰ ਲਈ ਬਹੁਤ ਕੰਮ ਕੀਤੇ ਕਈ ਸਕੂਲ ਖੁਲ੍ਹਵਾਏ ਤੇ ਸੰਗਤਾਂ ਨੂੰ ਕਈ ਵਾਰੀ ਸਪੈਸ਼ਲ ਟਰੇਨਾਂ ਰਾਹੀਂ ਬਹੁਤ ਗੁਰਦਵਾਰਿਆਂ ਦੇ ਦਰਸ਼ਨ ਕਰਵਾਏ ੧੯੫੪ ਦੀ ਟਰੇਨ ਲਈ ਦਾਸ ਨੂੰ ਆਪ ਜੀ ਪ੍ਰੇਮ ਵੱਸ ਕਰਕੇ ਲਖਨਊ ਤੋਂ ਨਾਲ ਲੈ ਗਏ ਸਨ ਤੇ ਦਾਸ ਨੇ ਆਨਰੇਰੀ ਮੈਨੇਜਰ ਦੀ ਸੇਵਾ ਗੁਰੂ ਮੇਹਰ ਨਾਲ ਸਫਲਤਾ ਸਹਿਤ ਨਿਭਾ ਦਿਤੀ ਸੀ। ਜਦੋਂ ਰਾਗ ਮਾਲਾ ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ ਕਢੀ ਜਾਨ ਦਾ ਚਰਚਾ ਚਲਿਆ ਤਾਂ ਆਪ ਨੇ ਹੋਰ ਸੰਤ ਮਹਾਤਮਾਂ ਨਾਲ ਮਿਲਕੇ ਉਸ ਨੂੰ ਰੁਕਵਾਇਆ ਏਸੇ ਤਰ੍ਹਾਂ ਜਦੋਂ ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ ਮੰਗਲਾ ਚਰਣ ਆਦਿਕ ਦੀ ਤਬਦੀਲੀ ਕੁਛ ਹੰਕਾਰੀ ਵਿਦਵਾਨਾਂ ਗਿਆਨੀ ਹਰਭਜਨ ਸਿੰਘ ਆਦਿਕ ਨੇ ਕਰਾਨ ਦਾ ਪਾਪ ਕੀਤਾ ਤਾਂ ਆਪ ਜੀ ਨੇ ਲਗਾਤਾਰ ਦਸ ਯਾਰਾਂ ਸਾਲ ਸਮਾਜ ਨਾਲ ਰਲ ਕੇ ਉਹ ਸ਼ਰੋਮਣੀ ਕਮੇਟੀ ਪਾਸੋਂ ਸ੍ਰੀ ਮਾਨ ਸੰਤ ਫਤਹ ਸਿੰਘ ਜੀ ਦੀ ਸੰਮਤੀ, ਸੰਤ ਚੰਨਣ ਸਿੰਘ ਜੀ ਦੀ ਪ੍ਰਧਾਨਗੀ ਵਿਚ ਠੀਕ ਕਰਵਾਈ। ਇਨ੍ਹਾਂ ਦੇ ਜੀਵਨ ਦੇ ਵਿਸਥਾਰ ਨਾਲ ਹਾਲਾਤ ਆਪ ਮੇਰੀ ਪੁਸਤਕ 'ਪ੍ਰਚਾਰ ਪ੍ਰੇਮੀ' ਵਿਚ ਪੜ੍ਹ ਸਕੋਗੇ ਆਪ ਦੀ ਗੁਰੂ ਘਰ ਦੀ ਸੇਵਾ ਦਾ ਏਹ ਫਲ ਹੈ ਕਿ ਆਪ ਦੇ ੩ ਲੜਕੇ ੪ ਲੜਕੀਆਂ ਹਨ ਜੋ ਬਹੁਤ ਚੰਗੇ ਅਮੀਰ ਖਾਨਦਾਨਾਂ ਵਿਚ ਵਿਵਾਹੇ ਗਏ ਹਨ। ਅਜ ਕਲ ਭੀ

Sri Satguru Jagjit Singh Ji eLibrary NamdhariElibrary@gmail.com

ਆਪ ਰੋਜ਼ਾਨਾ ਤ੍ਰਪਹਿਰੇ ਦਰਬਾਰ ਸਾਹਿਬ ਹਾਜ਼ਰੀ ਭਰਨ ਅੰਦੇ ਹਨ। ਆਪ ਜੀ ਦੀ ਸਪਤਨੀ ਭੀ ਗੁਰਸਿਖੀ ਪਿਆਰ ਦਾ ਨਮੂਨਾ ਹੈ। ਆਪ ਦੇ ਪੂਜਯ ਪਿਤਾ ਜੀ, ਆਪ ਦਾ ਤੇ ਆਪ ਜੀ ਦੇ ਭਾਈ ਸਾਹਿਬਾਨ ਦਾ ਚਾਵਲ ਮੰਡੀ ਵਿਚ ਬਹੁਤ ਸਾਲਾਂ ਤੋਂ ਚਾਵਲਾਂ ਦਾ ਵਿਪਾਰ ਠੀਕ ਚਲਦਾ ਆ ਰਿਹਾ ਹੈ ਜਿਸ ਕਰਕੇ ਸੁਖੀ ਵਸਦੇ ਹੋਏ ਤਨ ਮਨ ਤੇ ਧਨ ਨਾਲ ਦੀ ਸੇਵਾ ਭੀ ਏਹ ਖਾਨਦਾਨ ਕਰਦਾ ਆ ਰਿਹਾ ਹੈ।

ਗੁਰੂ ਪੰਥ ਦਾ ਦਾਸ–

ਡਾਕਟਰ ਅਮਰ ਸਿੰਘ 'ਖਾਲਸਾ'

(Doctor of Divinty U. S. A.)

ਚੀਫ ਐਡੀਟਰ 'ਸਰਦਾਰ' ਇਨਟਰ ਨੈਸ਼ਨਲ ਸਿਖ ਮਿਸ਼ਨਰੀ

ਐਸ਼ ਬਾਗ ਖਲਨਊ– ੪

ਜੁਲਾਈ ੧੯੬੮

Sri Satguru Jagjit Singh Ji eLibrary NamdhariElibrary@gmail.com

ਜਾਣ ਪਛਾਣ

ਭਾਈ ਸਾਹਿਬ ਡਾਕਟਰ ਅਮਰ ਸਿੰਘ ਜੀ 'ਖਾਲਸਾ' ਬਾਰੇ ਮੈਂ ਪੜ੍ਹਦਾ ਸੁਣਦਾ ਬਹੁਤ ਕੁਛ ਰਹਿੰਦਾ ਸੀ ਪਰ ਮੇਰੀ ਵਾਕਫੀਅਤ ਦਾ ਆਰੰਭ ਉਸ ਸਮਂ ਹੋਇਆ ਜਦ ਕਿ ਮੈਂ ੧੯੫੧ ਵਿਚ ਯੂ. ਪੀ. ਸਿਖ ਕਾਨਫਰੰਸ ਡੇਹਰਾ ਦੂਨ ਵਿਚ ਹਿਸਾ ਲੈਣ ਲਈ ਗਿਆ। ਉਸ ਸਮੇਂ ਪੰਥ ਦੇ ਮਹਾਨ ਆਗੂ ਸਚਖੰਡ ਵਾਸੀ ਸ: ਭਾਗ ਸਿੰਘ ਜੀ ਐਡਵੋਕੇਟ ਗੁਰਦਾਸ ਪੁਰੀ ਅਤੇ ਕਾਨਫਰਸ ਦੇ ਪ੍ਰਧਾਨ ਸ: ਸੰਤੋਖ ਸਿੰਘ ਜੀ ਕਾਹਨਪੁਰ ਅਤੇ ਕੁਛ ਹੋਰ ਸਿਖ ਆਗੂ ਆਪ ਦੇ ਤਾਇਆ ਜ਼ਾਦ ਭਾਈ ਚੌਧਰੀ ਕਰਤਾਰ ਸਿੰਘ ਜੀ ਦੀ ਕੋਠੀ ਵਿਚ ਠਹਿਰੇ ਹੋਏ ਸਨ। ਉਥੇ ਹੀ ਖਾਲਸਾ ਜੀ ਦੇ ਦਰਸ਼ਨ ਹੋਏ ਅਤੇ ਬਚਨ ਬਿਲਾਸ ਦਾ ਮੌਕਾ ਮਿਲਿਆ। ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਸ੍ਰੀ ਪਾਉਂਟਾ ਸਾਹਿਬ ਟਰੇਨਿੰਗ ਕੈਂਪ ਸਮੇਂ ਇਨ੍ਹਾਂ ਵਲੋਂ ਉਥੇ ਹੋ ਰਹੀ ਇਮਾਰਤਾਂ ਦੀ ਅਤੇ ਫਰੀ ਹਾਈ ਸਕੂਲ ਚਲਾਨ ਦੀ ਮਹਾਨ ਸੇਵਾ ਅਖੀਂ ਵੇਖ ਆਇਆ ਸੀ ਪਰ ਦਰਸ਼ਨ ਮੇਲਾ ਡੇਹਰਾ ਦੂਨ ਹੀ ਹੋਇਆ।

ਇਥੇ ਹੋਈ ਵਾਕਫੀ ਦਾ ਫਲ ਸਰੂਪ ਯੂ.ਪੀ. ਸਿਖ ਪ੍ਰਤੀਨਿਧੀ ਬੋਰਡ ਵਲੋਂ ਕੀਤੀ ਯੂ. ਪੀ. ਸਿਖ ਕਾਨਫਰੰਸ ਲਖਨਊ ਸਮੇਂ ਮੈਨੂੰ ਇਨ੍ਹਾਂ ਦੇ ਮਕਾਨ ਐਸ਼ਬਾਗ ਲਖਨਊ ਵਿਚ ਠਹਿਰਨ ਦਾ ਮੌਕਾ ਮਿਲਿਆ ਉਸ ਸਮੇਂ ਇਨ੍ਹਾਂ ਦੇ ਸਪੁਤ੍ਰ ਸ: ਨਰਿੰਦਰ ਪਾਲ ਸਿੰਘ ਅਤੇ ਸ: ਜੋਗਿੰਦਰ ਪਾਲ ਸਿੰਘ ਨਾਲ ਦੋ ਤਿੰਨ ਦਿਨ ਇਕੱਠੇ ਰਹੇ। ਸ: ਜੋਗਿੰਦਰ ਪਾਲ ਸਿੰਘ ਸਿਖ ਸਟੂਡੈਂਟਸ ਲਖਨਊ ਦੇ ਆਰਗਨਾਂਈਜ਼ਰ ਸਨ। ਸ੍ਰੀ ਮਾਨ ਖਾਲਸਾ ਜੀ ਉਸ ਸਮੇਂ ਬਦੇਸ਼ਾਂ ਵਿਚ ਸਿਖੀ ਪ੍ਰਚਾਰ ਕਰਨ ਹਿਤ ਗਏ ਹੋਏ ਸਨ।

Sri Satguru Jagjit Singh Ji eLibrary NamdhariElibrary@gmail.com

ਆਪ ੧੯੬੧ ਵਿਚ ਕੇਂਦਰੀ ਸਿਖ ਅਜੈਬ ਘਰ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਕਰਨ ਆਏ ਤਾਂ ਉਸੇ ਕਿਸਮ ਦੀ ਚਿਟੀ ਖਦਰ ਦੀ ਦਸਤਾਰ ਚਿਟੀ ਖਦਰ ਦੀ ਕਮੀਜ਼ ਤੇ ਚਿਟਾ ਖਦਰ ਦਾ ਪਜਾਮਾ ਇਨ੍ਹਾਂ ਦੇ ਸਰੀਰ ਤੇ ਸੀ ਜਿਵੇਂ ਡੇਹਰਾਦੂਨ ਤਕਿਆ ਸੀ ਪਰ ਸਰੀਰ ਪਹਿਲਾਂ ਨਾਲੋਂ ਕੁਛ ਭਾਰਾ ਅਤੇ ਦਾਹੜਾ ਕਾਫੀ ਚਿਟਾ ਹੋ ਚੁਕਾ ਸੀ। ਨਾਲ ਹੋਕੇ ਇਨ੍ਹਾਂ ਨੂੰ ਅਜਾਇਬ ਘਰ ਵਿਖਾਇਆ ਬੜੇ ਪ੍ਰਭਾਵਤ ਹੋਏ ਅਤੇ ਕਹਿਣ ਲਗੇ। ਬੜੇ ਦੇਸ਼ਾਂ ਦਾ ਰਟਨ ਕਰਕੇ ਸਿਖੀ ਪ੍ਰਚਾਰ ਕੀਤਾ ਹੈ ਪਰ ਇਉਂ ਅਨਭਵ ਕਰਦਾ ਹਾਂ ਕਿ ਸਿਖੀ ਪ੍ਰਚਾਰ ਲਈ ਸਿਖ ਅਜਾਇਬ ਘਰ ਆਪਣੀ ਮਿਸਾਲ ਆਪ ਹੀ ਹੋਵੇਗਾ। ਆਪ ਨੇ ਅਜੈਬ ਘਰ ਦੇ ਰਾਵਾਂ ਦੇ ਰਜਿਸਟਰ ਵਿਚ ਅੰਗਰੇਜ਼ੀ ਵਿਚ ਨੀਚੇ ਦੀਆਂ ਗਲਾਂ ਲਿਖਵਾ ਦਿਤੀਆਂ ਤੇ ਆਪਣੇ ਦਸਖਤ ਕਰ ਦਿਤੇ।

"ਮੈਂ ਨੇ ਅਜ ਸੈਂਟਰਲ ਸਿਖ ਅਜੈਬ ਘਰ ਵੇਖਿਆ ਹੈ ਤੇ ਇਕ ਘੰਟਾ ਲਾਇਆ ਹੈ, ਮੈਨੂੰ ਸਾਰੀਆਂ ਚੀਜ਼ਾਂ ਨੂੰ ਪੂਰਨ ਤਫਸੀਲ ਨਾਲ ਵੇਖਕੇ ਬਹੁਤ ਖੁਸ਼ੀ ਹੋਈ ਹੈ। ਇਕ ਭਾਰੀ ਜ਼ਰੂਰਤ ਪੂਰੀ ਕੀਤੀ ਗਈ ਹੈ ਗੋ ਦੇਰੀ ਨਾਲ। ਹੋਰ ਭੀ ਇਤਹਾਸਕ ਚੀਜ਼ਾਂ ਤੇ ਖਾਸ ਕਰਕੇ ਚੰਗੀਆਂ ਪੇਟਿੰਗਜ਼ ਸਾਡੀ ਮਹਾਨ ਕੌਮ ਦ ਕਈ ਸਜਨਾਂ ਪਾਸ ਹਨ। ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਇਕਠਿਆਂ ਕਰਨ, ਖਾਸ ਕਰਕੇ ਜੋ ਪੇਟਿੰਗਜ਼ ਸ: ਸਰਦੂਲ ਸਿੰਘ ਜੀ ਕਵੀਸ਼ਰ ਪਾਸ ਹਨ ਤੇ ਏਥੇ ਰਖਵਾਨ। ਮੈਂ ਪ੍ਰਬੰਧਕਾਂ ਨੂੰ ਹਾਰਦਿਕ ਵਧਾਈ ਦੇਂਦਾ ਹਾਂ ਖਾਸ ਕਰਕੇ ਸ: ਭਾਨ ਸਿੰਘ ਜੀ ਇਨਚਾਰਜ ਨੂੰ ਜੋ ਬਹੁਤ ਹੀ ਮਿਲਨਸਾਰ, ਹਮਦਰਦ ਤੇ ਚੰਗੇ ਹਨ।

ਅਮਰ ਸਿੰਘ ਖਾਲਸਾ ਡੀ. ਡੀ
ਚੀਫ ਐਡੀਟਰ ਸਰਦਾਰ ਲਖਨਊ ੧੨-੮-੧੯੬੧"

ਆਪ ਨਾਲ ਵਧੇਰੇ ਮੇਲ ਮਿਲਾਪ ਦਾ ਸਮਾਂ ਪਿਛਲੇ ਤਿੰਨ

Sri Satguru Jagjit Singh Ji eLibrary NamdhariElibrary@gmail.com

ਮਹੀਨਿਆਂ ਵਿਚ ਮਿਲਿਆ ਜਦ ਕਿ ਆਪ ਲੈਕਚਰ ਮੁਹਿੰਮ ਲਈ ਤੇ ਆਪਣੀ ਪੁਸਤਕ 'ਲੈਕਚਰਾਰ ਮੈਂ ਕਿਵੇਂ ਬਣਿਆਂ' ਛਪਵਾਉਣ ਲਈ ਸ੍ਰੀ ਅੰਮ੍ਰਿਤਸਰ ਵਿਖੇ ਠਹਿਰੇ ਹੋਏ ਸਨ ਅਤੇ ਪੁਸਤਕ ਦੇ ਚੈਪਟਰ ਸੁਣਾਉਣ ਲਈ ਮੇਰੇ ਪਾਸ ਆ ਬੈਠਦੇ ਸਨ।

ਇਨ੍ਹਾਂ ਦਿਨਾਂ ਵਿਚ ਇਨ੍ਹਾਂ ਦੇ ਸੁਭਾਵ ਵਿਚ ਸਾਦਗੀ, ਹਲੀਮੀ, ਠਰ੍ਹੰਮਾ, ਸੰਕੋਚ ਅਤੇ ਸਿਖੀ ਸਿਦਕ ਦੇ ਅਜਿਹੇ ਗੁਣ ਵੇਖੇ ਹਨ ਜੋ ਕਿ ਚੰਗੇ ਪ੍ਰਚਾਰਕਾਂ ਵਿਚ ਜ਼ਰੂਰੀ ਹਨ। ਆਪ ਵਿਚ ਇਕ ਗਲ ਦੀ ੭੨ ਸਾਲ ਦੀ ਆਯੂ ਵਿਚ ਬਹੁਤ ਪਕੜ ਵੇਖੀ ਹੈ ਕਿ ਉਹ ਕਿਸੇ ਸਕੂਲ, ਕਾਲਜ ਜਾਂ ਸਭਾ ਵਿਚ ਭਾਸ਼ਨ ਜ਼ਰੂਰ ਦੇਣ ਅਜੇਹਾ ਨਾ ਕਰਨ ਤਾਂ ਉਹ ਦਿਨ ਜ਼ਾਇਆ ਹੋ ਗਿਆ ਸਮਝਦੇ ਹਨ। ਲੈਕਚਰ ਦਾ ਸਕੂਲ ਜਾਂ ਕਾਲਜ ਵਿਚ ਪ੍ਰਬੰਧ ਕਰਾਉਣ ਉਹ ਆਪ ਹੀ ਜਾਂਦੇ ਹਨ ਵਕਤ ਲੈ ਔਣਾ ਅਤੇ ਆਪ ਹੀ ਪੈਦਲ ਜਾਂ ਰਿਕਸ਼ਾ ਤੇ ਜਾਕੇ ਫਰੀ ਲੈਕਚਰ ਕਰਕੇ ਖੁਸ਼ੀ ਪ੍ਰਤੀਤ ਕਰਦੇ ਹਨ, ਏਹ ਹੈ ਸਚੀ ਪ੍ਰਚਾਰ ਲਗਨ।

ਆਪ ਦੀ ਜੀਵਨੀ ਬਾਰੇ ਜੋ ਵਾਕਫੀ ਅਜ ਤਕ ਮੈਨੂੰ ਮਿਲੀ ਹੈ ਕੁਛ ਪਾਠਕਾਂ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ। ਆਪ ਸਪੁਤ੍ਰ ਤਾਂ ਫੌਜ ਦੇ ਇਕ ਅਮੀਰ ਠੇਕੇਦਾਰ ਦੇ ਹਨ ਪਹਿਲਾ ਜੀਵਨ ਭੀ ਪੂਰੇ ਅਮੀਰੀ ਠਾਠ ਨਾਲ ਬਿਤਾਇਆ ਹੈ ਜਵਾਨੀ ਵਿਚ ਹਛੀ ਵਰਜ਼ਿਸ਼ ਕੀਤੀ, ਖੁਰਾਕ ਖਾਧੀ, ਹਾਕੀ ਤੇ ਫੁਟਬਾਲ ਦੇ ਪ੍ਰਸਿਧ ਖਿਡਾਰੀ ਰਹੇ, ਪੋਲੋ ਭੀ ਚੰਗੀ ਖੇਡਦੇ ਰਹੇ ਪਰ ਜੀਵਨ ਭਰ ਵਿਹਾਰ ਕੇਵਲ ਪ੍ਰਚਾਰਕ ਦੇ ਰੂਪ ਵਿਚ ਹੀ ਕੀਤਾ ਹੈ। ਪੰਥ ਸੇਵਾ ਤੇ ਦੇਸ਼ ਸੇਵਾ ਦੀ ਲਗਨ ਸੰਤ ਅਤਰ ਸਿੰਘ ਜੀ ਸਾਹਿਬ ਦੇ ਵਰ ਤੇ ਕਾਮਾ ਗਾਟਾ ਮਾਰੂ ਜਹਾਜ਼ ਵਿਚੋਂ ਨਸ ਹੋਏ ਸੰਤ ਬਲਵੰਤ ਸਿੰਘ ਦੀ ਸੰਗਤ ਤੋਂ ਪਹਿਲੀ ਆਜ਼ਾਦੀ ਦੀ ਲਹਿਰ ਸਮੇਂ ਮਨ ਵਿਚ ਪੈਦਾ ਹੋਈ ਅਤੇ ਪਿਤਾ ਪੁਰਖੀ ਕੰਮ ਛਡਕੇ ਖਾਲਸਾ ਖੱਡੀ ਵਰਕਸ ਲਾਕੇ ਖਦਰ ਬਣਾ ਕੇ ਵੇਚਦੇ ਰਹੇ। ਜਲਦੀ ਹੀ ਗਾਂਧੀ

Sri Satguru Jagjit Singh Ji eLibrary NamdhariElibrary@gmail.com

ਵਾਦ ਤੋਂ ਇਮਾਨ ਉਠ ਜਾਨ ਪਰ ਇਨਕਲਾਬੀਆਂ ਨਾਲ ਮੁਸਲਮਾਨੀ ਭੇਸ ਵਿਚ ਦੇਸ਼ੋਂ ਨਿਕਲ ਕੇ ਅਫਗਾਨਿਸਤਾਨ ਪ੍ਰਸਿੱਧ ਇਨਕਲਾਬੀ ਰਾਜਾ ਮਹਿੰਦਰ ਪ੍ਰਤਾਪ ਨਾਲ ਜਾ ਰਲੇ। ਉਨ੍ਹਾਂ ਦੀ ਆਗਯਾ ਨਾਲ ਪਿਸ਼ਾਵਰ ਆ ਵਸੇ ਤੇ ਫਿਰ ਕਾਂਗਰਸ ਵਿਚ ਕੰਮ ਕਰਦਿਆਂ ਪਿਸ਼ਾਵਰ ਤੋਂ ਤਿੰਨ ਵਡੇ ਕਾਂਗਰਸ ਦੇ ਆਲ ਇੰਡੀਆ ਇਜਲਾਸਾਂ ਕਲਕਤਾ, ਲਾਹੌਰ ਤੇ ਕਰਾਂਚੀ ੧੯੨੮, ੨੯ ਤੇ ੩੦ ਬਤੌਰੇ ਡੇਲੀਗੇਟ ਤੇ ਪਤ੍ਰਕਾਰ ਸ਼ਾਮਲ ਹੋਏ ਤੇ ੧੯੩੦ ਦੀ ਲਹਿਰ ਵਿਚ ਬਹੁਤ ਠੋਸ ਕੰਮ ਆਪ ਨੇ ਕੀਤਾ।

ਸ੍ਰੀ ਮਾਨ ਸੰਤ ਤੇਜਾ ਸਿੰਘ ਜੀ ਭਬਲ ਐਮ. ਏ. ਦੀ ਸੰਗਤ ਦਾ ੧੯੩੧ ਵਿਚ ਮੌਕਾ ਮਿਲਿਆ ਜਦੋਂ ਉਹ ਪ੍ਰਚਾਰ ਲਈ ਪਿਸ਼ਾਵਰ ਆਏ ਉਦੋਂ ਆਪ ਸਿੰਘ ਸਭਾ ਪਿਸ਼ਾਵਰ ਸਦਰ ਦੇ ਕਈ ਸਾਲਾਂ ਤੋਂ ਸਟੇਜ ਸਕਤ੍ਰ ਦੀ ਸੇਵਾ ਕਰ ਰਹੇ ਸਨ ਜਿਸ ਕਰਕੇ ਆਪ ਦੇ ਜੀਵਨ ਵਿਚ ਬੜਾ ਪ੍ਰੀਵਰਤਨ ਆਇਆ ਅਤੇ ਸੰਤ ਜੀ ਦੀ ਸੁੱਚੀ ਉਚੀ ਜੀਵਨੀ ਤੋਂ ਧਾਰਮਕ ਮਿਸ਼ਨਰੀ ਦੇ ਤੌਰ ਤੇ ਸੇਵਾ ਕਰਨ ਲਈ ਲਗਨ ਲਗੀ। ਸੂਬਾ ਸਰਹੱਦ ਸਰਕਾਰ ਨੇ ਆਪ ਦੇ ਇਨਕਲਾਬੀ ਜੀਵਨ ਤੇ ਪਸ਼ਤੋ ਜ਼ਬਾਨ ਵਿਚ ਸਖਤ ਤ੍ਰਕਰੀਰਾਂ ਕਰਦੇ ਰਹਿਨ ਕਰਕੇ ੧੯੩੨ ਵਿਚ ਆਪ ਨੂੰ ਸਰਹਦੋਂ ਜਲਾਵਤਨ ਕਰ ਦਿਤਾ। ਆਪ ਗੁਜਰਾਂਵਾਲੇ ਸੰਤ ਜੀ ਪਾਸ ਆ ਗਏ ਜਿਨ੍ਹਾਂ ਨਾਲ ਮਿਲਕੇ ਗੁਰਦਵਾਰੇ ਬਣਾਏ ਤੇ ਅੰਮ੍ਰਿਤ ਪ੍ਰਚਾਰ ਕੀਤਾ। ਉਨ੍ਹਾਂ ਨਾਲ ਹੀ ੧੯੩੪ ਦੀਆਂ ਗਰਮੀਆਂ ਪਾਉਂਟਾ ਸਾਹਿਬ ਗੁਜ਼ਾਰਕੇ ਡੇਹਰਾ ਦ੍ਰੂਨ ਆ ਵਸੇ। ਜਿਥੇ ਚਾਰ ਗੁਰਦਵਾਰੇ ਬਣਵਾਏ ਗੁਰੂ ਨਾਨਕ ਪਬਲਿਕ ਸਕ੍ਰੂਲ ਜਾਰੀ ਕੀਤਾ ਜੋ ਅਜ ਕਾਲਜ ਹੈ ਤੇ ਉਥੇ ਬੈਠਕੇ ਹੀ ਪੂਰੇ ੧੪ ਸਾਲ ਲਾਕੇ ਸ੍ਰੀ ਪਾਉਂਟਾ ਸਾਹਿਬ ਜੀ ਦੀ ਮਹਾਨ ਸੇਵਾ ਸੰਪੂਰਨ ਕੀਤੀ।

ਯੂ. ਪੀ ਪ੍ਰਚਾਰ ਦੇ ਆਪ ਮੋਢੀਆਂ ਵਿਚੋਂ ਗਿਣੇ ਜਾਂਦੇ ਹਨ

ਸ਼੍ਰੋ: ਗੁ: ਪ੍ਰ: ਕਮੇਟੀ ਤੇ ਸ਼ਰੋਮਣੀ ਅਕਾਲੀ ਦਲ ਰਾਹੀਂ ਜੋ ਭੀ ਏ

Sri Satguru Jagjit Singh Ji eLibrary NamdhariElibrary@gmail.com

ਪ੍ਰਚਾਰ ਕਾਨਫਰੰਸਾਂ ਯੂ. ਪੀ. ਵਿਚ ਹੋਈਆਂ ਆਪ ਸਭ ਦੇ ਆਨਰੇਰੀ ਆਰਗਾਨਾਈਜ਼ਰ ਸਨ। ੧੯੪੬ ਦੇ ਆਖੀਰ ਵਿਚ ਯੂ, ਪੀ. ਦੀਆਂ ਅਸੀਂ ਸਿੰਘ ਸਭਾਵਾਂ ਤੇ ਨਮਾਇੰਦਿਆਂ ਦੀ ਇਕਤ੍ਰਤਾ ਆਪ ਦੀ ਪ੍ਰਧਾਨਗੀ ਵਿਚ ਹੋ ਕੇ ਯੂ. ਪੀ ਸਿਖ ਪ੍ਰਤੀਨਿਧੀ ਬੋਰਡ ਲਖਨਊ ਕਾਇਮ ਹੋਇਆ ਜਿਸ ਦੇ ਅਗਲੇ ਸਾਲ ਲਈ ਪ੍ਰਧਾਨ ਭੀ ਆਪ ਹੀ ਚੁਣੇ ਗਏ। ੧੯੪੮ ਵਿਚ ਯੂ. ਪੀ. ਸਰਕਾਰ ਵਲੋਂ ਜੋ ਕ੍ਰਿਪਾਨ ਪਰ ਪਾਬੰਦੀ ਲਗੀ ਉਹ ਆਪ ਨੇ ੧੦੦ ਦਾ ਜਥਾ ਲਿਜਾਕੇ ਮੋਰਚਾ ਲਾਕੇ ਤੁੜਵਾਈ ਸੀ।

ਆਖੀਰ ੧੯੫੦ ਵਿਚ ਆਪ ਲਖਨਊ ਆਂ ਵਸੇ ਤੇ 'ਸਰਦਾਰ' ਮਾਸਕ ਜਾਰੀ ਕੀਤਾ ਜੋ ਠੀਕ ੧੮ ਸਾਲ ਤੋਂ ਨਿਕਲ ਰਿਹਾ ਹੈ ਤੇ ਆਪ 'ਸਰਦਾਰ ਪ੍ਰੈਸ' ਲਾਕੇ ਹਿੰਦੀ ਅੰਗਰੇਜ਼ੀ ਵਿਚ ਗੁਰਪੁਰਬਾਂ ਸਮੇਂ ਗੁਰਜੀਵਨ ਛਾਪ ਛਾਪ ਕੇ ਸਭਾਵਾਂ ਤੇ ਦਾਨੀਆਂ ਦੀ ਰਾਹੀਂ ਮੁਫਤ ਵੰਡਵਾਂਦੇ ਰਹੇ ਹਨ। ਨਾਲ ਹੀ ਆਪ ਜੀ ਨੇ ਤਿੰਨ ਵਾਰੀ ਪ੍ਰਦੇਸੀ ਪ੍ਰਚਾਰ ਫੇਰੀਆਂ ਲਾਕੇ ਸਾਰੇ ਸੰਸਾਰ ਦੇ ਵਿਚ ਹਜ਼ਾਰਾਂ ਲੈਕਚਰ ਕੀਤੇ ਹਨ, ਗੁਰਦਵਾਰੇ ਬਣਵਾਏ ਤੇ ਸਕੂਲ ਭੀ ਖੁਲਵਾਏ।

ਆਪ ਜੀ ਦੀ ਪੁਸਤਕ 'ਲੈਕਚਰਾਰ ਮੈਂ ਕਿਵੇਂ ਬਣਿਆ' ਪੰਜਾਬੀ ਵਿਚ ਪਹਿਲੀ ਐਸੀ ਪੁਸਤਕ ਹੈ ਜਿਸ ਦੀ ਪ੍ਰਸੰਸਾ ਸ੍ਰੀ ਮਾਨ ਸੰਤ ਚੰਨਣ ਸਿੰਘ ਜੀ ਪ੍ਰਧਾਨ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਨੇ ੭-੧੨-੬੭ ਨੂੰ ਕੀਤੀ ਹੈ ਉਨ੍ਹਾਂ ਦੀ ਸਲਾਹ ਨਾਲ ਕਿ 'ਏਹ ਪੁਸਤਕ ਹੋਰ ਬੋਲੀਆਂ ਵਿਚ ਭੀ ਛਪਣੀ ਚਾਹੀਦੀ ਹੈ' ਡਾਕਟਰ ਖਾਲਸਾ ਜੀ ਦੇ ਉਦਮ ਨਾਲ ਉਸਦੇ ਤਰਜਮੇ ਹਿੰਦੀ, ਅੰਗਰੇਜ਼ੀ, ਉਰਦੂ ਤੇ ਮਰਹੱਟੀ ਵਿਚ ਸ਼ੁਰੂ ਹੋ ਗਏ ਹਨ ਜੋ ਸਾਲ ਭਰ ਵਿਚ ਛਪ ਜਾਣਗੇ।

ਆਪ ਜੀ ਦੀ ਪੁਸਤਕ 'ਧਰਮ ਕਿ ਰਾਜਨੀਤੀ' ਜਿਸ ਦੀ

Sri Satguru Jagjit Singh Ji eLibrary NamdhariElibrary@gmail.com

ਪ੍ਰਸੰਸਾ ਸ੍ਰੀ ਮਾਨ ਸੰਤ ਫਤਹ ਸਿੰਘ ਜੀ ਪ੍ਰਧਾਨ ਸ਼ਰੋਮਣੀ ਅਕਾਲੀ ਦਲ ਨੇ ਕੀਤੀ ਹੈ। ਏਹ ਹਰ ਸਿਖ ਨੂੰ ਪੜ੍ਹਨੀ ਚਾਹੀਦੀ ਹੈ ਆਪ ਨੇ ਦਲੇਰੀ ਨਾਲ ਦੇਸ਼ ਦੀ ਸਰਕਾਰ ਪਰ ਆਲੋਚਨਾ ਚੰਗੀਆਂ ਦਲੀਲਾਂ ਨਾਲ ਕੀਤੀ ਹੈ। ਇਸ ਵਿਚ ਆਪ ਦੇ ੩੫ ਚੋਣਵੇਂ ਲੇਖ ਰਾਜਨੀਤੀ ਤੇ ਸੰਸਾਰਕ ਹਾਲਾਤ ਬਾਰੇ ਚੰਗੀ ਖੋਜ ਭਰੇ ਦਰਜ ਹਨ। 'ਦੋ ਹੋਰ ਪੁਸਤਕਾਂ ਭੀ ਆਪ ਜੀ ਦੀਆਂ ਮਾਰਕੀਟ ਵਿਚ ਇਨ੍ਹਾਂ ਦੋਹਾਂ ਦੇ ਨਾਲ ਚੰਗੀ ਮਸ਼ਹੂਰੀ ਲੈ ਰਹੀਆਂ ਹਨ 'ਪੂਰਾ ਜੀਵਨ ਬ੍ਰਹਮ ਗਿਆਨੀ ਸੰਤ ਅਤਰ ਸਿੰਘ ਜੀ ਸਾਹਿਬ ਮਸਤੂ ਆਣੇ ਵਾਲੇ' ਤੇ 'ਗੁਰਮਤਿ ਮਾਰਗ' ਇਸ ਵਿਚ ਆਪ ਜੀ ਦੇ ਸਿਖ ਧਰਮ ਔਰ ਸਿਖ ਇਤਿਹਾਸ ਬਾਰੇ ਚੋਣਵੇਂ ੩੨ ਲੇਖ ਹਨ।

ਹੁਣ ਵਰਤਮਾਨ ਪੰਜਾਬ ਵਿਖੇ ਸਿਖ ਰਾਜਨੀਤੀ ਦੇ ਝਮੇਲਿਆ ਸਮੇਂ ਆਪ ਨੇ ਆਪਣੀ ਸਾਲਾਂ ਬੱਧੀ ਪ੍ਰਾਪਤ ਕੀਤੀ ਸੂਝ ਬੂਝ ਤੋਂ ਕੰਮ ਲੈਂਦੇ ਹੋਏ ਸਹੀ ਤੌਰ ਤੇ ਸਿਖਾਂ ਨੂੰ ਅਗਵਾਈ ਕਰਨ ਵਾਲੇ ਸਿਆਸੀ ਜਥੇ ਦਾ ਪਖ ਦਲੇਰੀ ਨਾਲ ਪੂਰਿਆ ਹੈ ਆਪ ਦੀ ਸੂਝ ਬੂਝ ਦੀ ਦਾਦ ਦੇਂਦਾ ਹਾਂ। ਆਪ ਦੇ ਪਾਸ ਸ਼ਕਤੀ ਦਾ ਖਾਸਾ ਭੰਡਾਰ ਹੈ ਅਤੇ ਅਜ ਉਸ ਸ਼ਕਤੀ ਦਾ ਪ੍ਰਵਾਹ ਸਿਖ ਧਰਮ ਸਬੰਧੀ ਪੁਸਤਕਾਂ ਲਿਖਨ ਛਪਵਾਨ ਵਲ ਚਲ ਰਿਹਾ ਹੈ ਏਹ ਭੀ ਸਿਖ ਜਗਤ ਦੀ ਖਾਸੀ ਆਪ ਜੀ ਦੀ ਸੇਵਾ ਹੈ।

ਆਪ ਨੇ ਆ ਰਹੇ ਪੰਜ ਸੌ ਸਾਲਾ ਗੁਰਪੁਰਬ ਪਹਿਲੀ ਪਾਤਸ਼ਾਹੀ ਜੀ ਨੂੰ ਸਾਰੇ ਸੰਸਾਰ ਵਿਚ ਸ਼ਾਨਦਾਰ ਮਨਾਣ ਲਟੀ ਆਪਣਾ ਆਨਰੇਰੀ ਸਮਾਂ ਪ੍ਰਧਾਨ ਸਾਹਿਬ ਸ਼ਰੋਮਣੀ ਗੁਰਦਵਾਰਾ ਕਮੇਟੀ ਦੇ ਹਵਾਲੇ ਕਰ ਦਿਤਾ ਹੈ ਤੇ ੨੧ ਜੂਨ ਤੋਂ ਸ੍ਰੀ ਅੰਮ੍ਰਿਤਸਰ ਆ ਬੈਠੇ ਹਨ ਤੇ ਉਨ੍ਹਾਂ ਦੀ ਆਗਯਾ ਵਿਚ ਕੰਮ ਕਰ ਰਹੇ ਹਨ। ਏਹ ਆਪ ਦੀ ਪ੍ਰਚਾਰ ਲਗਨ ਤੇ ਉਚੇ ਸੁਚੇ ਸਿਖੀ ਜੀਵਨ ਦਾ ਪ੍ਰਗਟਾਵਾ ਭਾਰੀ ਪੰਥ ਸੇਵਾ ਗਿਣੀ ਜਾਏਗੀ।

'ਏਹ ਪੁਸਤਕ' ਪੂਰਾ ਜੀਵਨ ਬ੍ਰਹਮ ਗਿਆਨੀ ਸ੍ਰੀ ਮਾਨ

Sri Satguru Jagjit Singh Ji eLibrary NamdhariElibrary@gmail.com

ਸੰਤ ਬਾਬਾ ਗੁਰਮੁਖ ਸਿੰਘ ਜੀ ਆਪ ਨੇ ਕਾਫੀ ਮੇਹਨਤ ਨਾਲ ਤਿਆਰ ਕੀਤੀ ਹੈ ਤੇ ਸੰਤ ਸਾਹਿਬ ਜੀ ਦੇ ਅਨਿਨ ਸੇਵਕ ਸ੍ਰੀ ਮਾਨ ਸੰਤ ਹੀਰਾ ਸਿੰਘ ਜੀ ਦੀ ਸੋਹਣੀ ਮਿਲਵਰਤਣ ਨਾਲ ਛਪਵਾਈ ਹੈ ਏਹ ਇਕ ਆਪ ਜੀ ਦੀ ਹੋਰ ਭਾਰੀ ਪੰਥ ਸੇਵਾ ਹੈ ਬਾਬਾ ਗੁਰਮੁਖ ਸਿੰਘ ਸਾਹਿਬ ਜੀ ਨੇ ਦਰਜਨਾਂ ਹੀ ਵਡੇ ਵਡੇ ਗੁਰਦਵਾਰਿਆਂ, ਸਰੋਵਰਾਂ, ਹੰਸਲੀਆਂ ਤੇ ਸੜਕਾਂ ਦੀ ਸੇਵਾ ਕਰੋੜਾਂ ਰੁਪਏ ਲਗਵਾਕੇ ਕਰਵਾਈ ਹੈ ਤੇ ਲਖਾਂ ਹੀ ਜੀਵਾਂ ਨੂੰ ਤਨ ਮਨ ਧਨ ਨਾਲ ਸੇਵਾ ਕਰਨ ਲਈ ਪ੍ਰੇਰਿਆ ਸੀ ਸਿਖ ਪੰਥ ਦੀ ਇਕ ਖਾਸ ਲੋੜ ਆਪ ਨੇ ਪੂਰੀ ਕੀਤੀ ਹੈ ਜਿਸ ਤੋਂ ਸਭ ਨੂੰ ਬਹੁਤ ਲਾਭ ਪੁਜੇਗਾ ।

ਮੇਰੀ ਜਾਚਨਾ ਹੈ ਕਿ ਇਨ੍ਹਾਂ ਦਾ ਅਤੇ ਹਰ ਪ੍ਰਚਾਰਕ ਦਾ ਵਗ ਰਹੇ ਨਹਿਰ ਦੇ ਪਾਣੀ ਦੀ ਇਕੋ ਜੇਹੀ ਰਵਾਨੀ ਵਾਂਗੂੰ ਇਕ ਰਸ ਪ੍ਰਚਾਰਕ ਜੀਵਨ ਹੋਵੇ। ਜੋ ਹਰ ਪਹਿਲੂ ਤਾਂ ਉਚਾ ਸੁਚਾ ਹੋਵੇ।

ਭਾਨ ਸਿੰਘ ਐਮ. ਏ., ਐਲ ਐਲ. ਬੀ,
ਇਨਚਾਰਜ ਕੇਂਦਰੀ ਸਿਖ ਅਜੈਬ ਘਰ
ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

ਕਾਂਡ ੧.

ਸੰਤ ਜੀ ਦਾ ਜਨਮ, ਬਚਪਨ ਦੇ ਚੋਜ

ਸ੍ਰੂਹੀ ਮਹਲਾ ੫ ॥

ਭਾਗਠਝੇ ਹਰਿ ਸੰਤ ਤੁਮਾਰੇ ਜਿਨ ਘਰਿ ਧਨੁ ਹਰਿ ਨਾਮਾ ॥ ਪਰਵਾਣ ਗਣੀ ਸੋਈ ਆਏ ਸਫਲ ਤਿਨਾ ਕੇ ਕਾਮਾ ॥ ੧ ॥ ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥ ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜ ਮੁਖਿ ਲਾਈ ॥ ੧ ॥ ਰਹਾਉ ॥ ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰ ਉਪਕਾਰੀ ਆਏ ॥ ਜੀਅ ਦਾਨੁ ਦੇ ਭਗਤੀ ਲਾਇਨ ਹਰਿ ਸਿਉ ਲੈਨਿ ਮਿਲਾਏ ॥ ੨ ॥ ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ ॥ ਸਚਾ ਸੁਖੁ ਸਚੀ ਵਡਿਆਈ ਜਿਸ ਕੋ ਸੇ ਤਿਨਿ ਜਾਤੇ ॥ ੩ ॥ ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥ ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥ ੪ ॥

ਵਾਹਿਗੁਰੂ ਨੇ ਜਦ ਆਪਣੀ ਮੇਹਰ ਦੀ ਮਹਿਕ ਨਾਲ ਸੰਸਾਰ ਨੂੰ ਖਿੜਾਉਣਾ ਹੁੰਦਾ ਹੈ। ਜਦ ਕੂੜ ਕੁਸੱਤ ਦੀ ਖਿਜਾਂ ਨਾਲ ਸੁਕ ਚੁਕੇ ਆਪਣੇ ਇਸ ਬਾਗ ਵਿਚ ਮੁੜਕੇ ਬਹਾਰ ਦਾ ਖੇੜਾ ਲਿਆਉਣ ਲਈ ਉਸਦੀ ਇਛਿਆ ਹੁੰਦੀ ਹੈ ਤਾਂ ਆਪਣੀ ਪਵਿਤਰ ਦਰਗਾਹ ਵਿਚੋਂ ਆਪਣੇ ਕਿਸੇ ਪਿਆਰੇ ਸੰਤ ਨੂੰ ਇਸ ਸੰਸਾਰ ਪਰ ਜਨਮ

Sri Satguru Jagjit Singh Ji eLibrary NamdhariElibrary@gmail.com

ਦੇਕੇ ਭੇਜ ਦਿੰਦਾ ਹੈ। ਸੰਤ ਗੁਰਮੁਖ ਸਿੰਘ ਜੀ ਦਾ ਜਨਮ ਇਸ ਅਟੱਲ ਸਚਾਈ ਨੂੰ ਦਰਸਾਉਂਦਾ ਸਾਫ ਤੌਰ ਪਰ ਚਮਕ ਰਿਹਾ ਹੈ ਕਿ ਅਕਾਲ ਪੁਰਖ ਨੂੰ ਰੂਹਾਨੀਅਤ ਦੇ ਸੋਮੇਂ ਗੁਰੂ-ਧਾਮਾਂ ਦੀ ਸੇਵਾ ਲੈਣੀ ਮਨਜ਼ੂਰ ਸੀ ਤੇ ਇਸ ਕਾਰਜ ਲਈ ਉਸਨੇ ਆਪਣੇ ਇਸ ਮਹਾਨ ਸੰਤ ਨੂੰ ਸੰਸਾਰ ਤੇ ਭਜ ਦਿਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਿਛੋਂ ਸੌ ਸਵਾ ਸੌ ਸਾਲ ਤਕ ਸਿਖਾਂ ਨੂੰ ਭਾਰਤਵਰਸ਼ ਦੀ ਗੁਲਾਮੀ ਦੇ ਸੰਗਲ ਕੱਟਣ ਲਈ ਜੰਗਾਂ ਯੁਧਾਂ ਵਿਚ ਰੁਝਿਆਂ ਰਹਿਣਾ ਪਿਆ। ਇਕ ਪਾਸੇ ਮੁਗਲ ਸ਼ਹਿਨਸ਼ਾਹੀ ਦੀ ਮਹਾਨ ਸਨਦਬਧ-ਸ਼ਕਤੀ ਸੀ ਤੇ ਦੂਜੇ ਪਾਸੇ ਮੁਠੀ ਭਰ ਦਸਮੇਸ਼ ਪਿਤਾ ਦੇ ਦੁਲਾਰੇ। ਇਸ ਧਰਮ ਯੁਧ ਵਿਚ ਸਿਖਾਂ ਨੂੰ ਭਾਰੀਆਂ ਕੁਰਬਾਨੀਆਂ ਦੇਣੀਆਂ ਪਈਆਂ, ਮੁਗਲਾਂ ਨੇ ਸਿਖਾਂ ਦੇ ਗੁਰਦੁਵਾਰਿਆਂ ਨੂੰ ਭਾਰੀ ਨੁਕਸਾਨ ਪੁਚਾਇਆ ਅਤੇ ਸਿਖ ਉਨ੍ਹਾਂ ਦੀ ਠੀਕ ਤੌਰ ਪਰ ਸੇਵਾ ਨਾ ਕਰ ਸਕੇ।

ਆਖਰ ਗੁਰੂ ਦੀ ਮੇਹਰ ਹੋਈ ਅਤੇ ਸਿਖ ਰਾਜ ਦੇ ਕੇਸਰੀ ਝੰਡੇ ਜਮਨਾਂ ਦੀਆਂ ਪਵਿਤਰ ਲਹਿਰਾਂ ਨਾਲ ਖੇਡਦੇ ਹੋਏ ਜਮਰੌਦ ਦੀਆਂ ਚੋਟੀਆਂ ਤਕ ਝੂਲਦੇ ਹੋਏ ਵਿਖਾਈ ਦੇਣ ਲਗੇ। ਮਹਾਰਾਜਾ ਰਣਜੀਤ ਸਿੰਘ ਉਤਰੀ ਭਾਰਤ ਦੇ ਵਿਸ਼ਾਲ ਦੇਸ਼ ਦਾ ਸੁਤੰਤਰ ਪਾਤਸ਼ਾਹ ਬਣ ਗਿਆ ਅਤੇ ਉਸ ਨ ਸਿਖੀ ਅੰਮ੍ਰਿਤ ਦੇ ਰੂਹਾਨੀ ਸੋਮਿਆਂ ਦੇ ਗੁਰਦੁਵਾਰਿਆਂ ਸਬੰਧੀ ਆਪਣੇ ਫਰਜ਼ਾਂ ਨੂੰ ਪਛਾਣਿਆ ਅਤੇ ਪੂਰਾ ਕਰਨ ਦਾ ਯਤਨ ਕੀਤਾ। ਉਸਨੇ ਨਾ ਕੇਵਲ ਪੰਜਾਬ ਤੇ ਸਰਹੱਦ, ਸਗੋਂ ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਵਿਚ ਕਲਗੀਧਰ ਪਿਤਾ ਦੀਆਂ ਅਭੁਲ ਯਾਦਗਾਰਾਂ ਨੂੰ ਸੁੰਦਰ ਗੁਰਦੁਵਾਰਿਆਂ ਦੇ ਰੂਪ ਵਿਚ ਬਣਵਾਇਆ। ਸਿਖ ਰਾਜ ਰਹਿੰਦਾ ਤਾਂ ਇਸ ਸ਼ੁਭ ਕਾਰਜ ਦੀ ਸਿਧੀ ਲਈ ਕਿਸੇ ਹੋਰ ਵਿਯੁਕਤੀ ਦੀ ਲੋੜ ਨਹੀਂ ਸੀ, ਪੰਤੂ ਵਾਹਿਗੁਰੂ ਦੀ ਇਛਿਆ ਹੀ ਸਮਝੋ ਜੋ ੧੮੩੯ ਈਸਵੀ ਨੂੰ ਪੰਜਾਬ ਦੇ ਸ਼ੇਰ ਦੇ ਅਖਾਂ ਮੀਟਦੇ ਹੀ ਹਾਲਾਤ ਨੇ ਕੁਝ ਇਸਤਰ੍ਹਾਂ

Sri Satguru Jagjit Singh Ji eLibrary NamdhariElibrary@gmail.com

ਦਾ ਰੂਪ ਧਾਰਨਾ ਸ਼ੁਰੂ ਕਰ ਦਿਤਾ ਜੋ ਸਿਖ ਰਾਜ ਦੀ ਮਹਾਨ ਅਟਾਰੀ ਦੀਆਂ ਥਮੀਆਂ ਥਿੜਕਨ ਲਗੀਆਂ ਅਤੇ ਨਵਾਂ ਦਸਾਂ ਸਾਲਾਂ ਪਿਛੋਂ ਉਸ ਦਾ ਖਾਤਮਾ ਹੋ ਗਿਆ। ਗੁਰਦੁਵਾਰਿਆਂ ਦੀ ਸੇਵਾ ਦਾ ਕੰਮ ਅਪੂਰਨ ਹੀ ਰਹਿ ਗਿਆ, ਅਤੇ ਇਉਂ ਮਲੂਮ ਹੁੰਦਾ ਹੈ ਕਿ ਉਸ ਨੂੰ ਸੰਪੂਰਨ ਕਰਨ ਲਈ ਹੀ ਅਕਾਲ ਪੁਰਖ ਨੇ ਆਪਣੇ ਪਿਆਰੇ ਸੰਤਾਂ ਨੂੰ ਇਸ ਸੰਸਾਰ ਪਰ ਭੇਜਿਆ।

1906
17
49

ਸਿਖ ਰਾਜ ਦੇ ਅੰਤ ਪਿਛੋਂ ਸੰਤ ਬਾਬਾ ਗੁਰਮੁਖ ਸਿੰਘ ਦਾ ਪਵਿਤਰ ਜਨਮ ਪਟਿਆਲਾ ਰਾਜ ਦੇ ਨਗਰ ਦਿਆਲਗੜ (ਬੂੜੀਆ) ਕਿਲ੍ਹਾ ਰਾਣੀ ਸੁਖਾਂ ਵਿਖੇ ਸੰਮਤ ੧੯੦੬ ਬਿਕਰਮੀ (੧੮੪੯ ਈਸਵੀ) ਦੀ ਰਾਮ ਅਸ਼ਟਮੀ ਦੇ ਸ਼ੁਭ ਦਿਹਾੜੇ ਭਾਈ ਕਰਮ ਸਿੰਘ ਜੀ ਅਰੋੜ ਦੇ ਗ੍ਰਿਹ ਵਿਖੇ ਸ੍ਰੀ ਮਾਤਾ ਗੁਰਦੇਈ ਦੀ ਕੁਖੋਂ ਹੋਇਆ।

ਆਪ ਦੇ ਪਵਿਤਰ ਮਸਤਕ ਪਰ ਪੈਦਾਇਸ਼ ਦੇ ਸਮੇਂ ਹੀ ਇਕ ਅਨੋਖੀ ਚਮਕ ਸੀ, ਜੋ ਉਨ੍ਹਾਂ ਦੀ ਮਹਾਨ ਆਤਮਾਂ ਨੂੰ ਦਰਸਾ ਰਹੀ ਸੀ। ਦਾਈ ਨੇ ਉਸ ਨੂੰ ਵੇਖਦੇ ਹੀ ਕਿਹਾ—'ਇਹ ਬਾਲਕ ਰੱਬ ਦਾ ਰੂਪ ਲਗਦਾ ਹੈ।' ਜਿਸ ਨੇ ਭੀ ਵੇਖਿਆ, ਇਹੋ ਰਾਇ ਪ੍ਰਗਟ ਕੀਤੀ ਅਤੇ ਉਸ ਦਾ ਸਿਰ ਆਪਣੇ ਆਪ ਇਸ ਬਾਲਕ ਦੇ ਸਤਿਕਾਰ ਲਈ ਝੁਕਦਾ ਹੋਇਆ ਵੇਖਿਆ ਗਿਆ।

ਇਸ ਨੂਰਾਨੀ ਬਾਲਕ ਦੇ ਚਮਤਕਾਰੇ ਵੇਖਕੇ ਇਹ ਖਿਆਲ ਦਿਨੋ ਦਿਨ ਪੱਕਾ ਹੁੰਦਾ ਗਿਆ ਅਤੇ ਪੰਜਾਂ ਸਤਾਂ ਸਾਲਾਂ ਵਿਚ ਹੀ ਸਭ ਦਾ ਇਹ ਖਿਆਲ ਨਿਸਚੇ ਵਿਚ ਬਦਲ ਗਿਆ ਕਿ ਸੱਚ ਮੁਚ ਹੀ ਗੁਰਮੁਖ ਸਿੰਘ ਦੀ ਨੰਨੀ ਜਿਹੀ ਛਾਤੀ ਵਿਚ ਅਕਾਲ ਪੁਰਖ ਦੀ ਵਿਸ਼ਾਲ ਮੇਹਰ ਦਾ ਵਾਸਾ ਹੈ।

Sri Satguru Jagjit Singh Ji eLibrary NamdhariElibrary@gmail.com

ਬਚਪਨ ਦੇ ਚੋਜ

ਸੰਤ ਗੁਰਮੁਖ ਸਿੰਘ ਜੀ ਪੰਜਾਂ ਸਾਲਾਂ ਦੇ ਹੋਏ ਤਦ ਆਪਣੇ ਪ੍ਰੀਤਮ ਨਾਲ ਉਨ੍ਹਾਂ ਦੀ ਪੱਕੀ ਸਾਂਝ ਦੇ ਸਬੂਤ ਪ੍ਰਤੱਖ ਦਿਸਣ ਲਗ ਪਏ। ਉਹ ਆਪਣੇ ਆਪ ਅਤੇ ਆਪਣੇ ਆਲੇ ਦੁਆਲੇ ਤੋਂ ਬੇਪ੍ਰਵਾਹ ਹੋਕੇ ਸਦਾ ਨਾਮ ਦੀ ਮਸਤੀ ਵਿਚ ਮਸਤ ਰਹਿਣ ਲਗੇ। ਘੰਟਿਆਂ-ਬੱਧੀ ਸਮਾਧੀ ਲਾਕੇ ਬੈਠੇ ਰਹਿੰਦੇ, ਉਨ੍ਹਾਂ ਦੇ ਵੇਲੇ ਦੀ ਵੰਡ ਪੰਜਾਂ ਸਾਲਾਂ ਵਿਚ ਹੀ ਕੁਝ ਇਸਤਰ੍ਹਾਂ ਦੀ ਸੀ ਕਿ ਜਿਵੇਂ ਇਕ ਉਮਰ ਰਸੀਦਾ ਮਹਾਂ ਪੁਰਖ ਦੀ ਹੁੰਦੀ ਹੈ। ਉਹ ਪਹਿਰ ਦੇ ਤੜਕੇ ਉਠਕੇ ਬੈਠ ਜਾਂਦੇ ਤੇ ਦਿਨ ਚੜ੍ਹੇ ਤਕ ਸਮਾਧੀ ਲਾਕੇ ਨਾਮ ਜੱਪਦੇ ਰਹਿੰਦੇ। ਉਹ ਸ਼ੁਰੂ ਤੋਂ ਹੀ ਬਹੁਤ ਥੋੜੀ ਤੇ ਸਾਦੀ ਰੋਟੀ ਖਾਂਦੇ ਸਨ। ਝੂਠ ਨੂੰ ਉਨ੍ਹਾਂ ਨੇ ਅਰੰਭ-ਕਾਲ ਤੋਂ ਹੀ ਨੇੜੇ ਨਹੀਂ ਸੀ ਲਗਣ ਦਿਤਾ, ਇਸ ਅਨੋਖੇ ਬਾਲਕ ਦੀਆਂ ਅਨੋਖੀਆਂ ਗੱਲਾਂ ਸੁਣਕੇ ਸਾਰੇ ਹੈਰਾਨ ਰਹਿ ਜਾਂਦੇ ਸਨ, ਅਤੇ ਜਦੋਂ ਉਹ ਪੰਜ ਸਾਲਾਂ ਦੇ ਬਾਲਕ ਨਾਲ ਗੱਲਾਂ ਕਰਦੇ ਸਨ ਤਦ ਇਉਂ ਸਮਝਦੇ ਸਨ, ਜਿਵੇਂ ਕਿਸੇ ਵਡੇ ਸਾਧੂ ਮਹਾਤਮਾਂ ਨਾਲ ਗਿਆਨ ਗੋਸ਼ਟ ਕਰ ਰਹੇ ਹਨ।

ਆਪ ਬਚਿਆਂ ਵਾਂਗੂ ਨ ਹੀ ਲੁਕਨ ਮੀਟੀ ਨ ਗੁਲੀ ਡੰਡਾ ਜਾਂ ਹੋਰ ਕੋਈ ਖੇਡਾਂ ਖੇਡਦੇ। ਆਪ ਨੇ ਹਾਣੀਆਂ ਨੂੰ ਭੀ ਲੀਰਾਂ ਦੀ ਮਾਲਾ ਬਣਾ ਕੇ ਰਾਮ ਨਾਮ ਦੀ ਮਾਲਾ ਫੇਰਨ ਲਈ ਪ੍ਰੇਰਦੇ। ਨ ਕਿਸੇ ਬਚੇ ਨੂੰ ਗਾਲੀ ਕਢਦੇ ਤੇ ਜੇ ਕੋਈ ਬੱਚਾ ਕਿਸੇ ਨੂੰ ਗਾਲ੍ਹ ਕਢਦਾ ਤਾਂ ਵਰਜਦੇ ਆਪ ਦੀ ਜ਼ਬਾਨ ਬਚਪਨ ਵਿਚ ਹੀ ਬਹੁਤ ਮਿਠੀ ਤੇ ਉਪਦੇਸ਼ ਵਾਲੀ ਸੀ।

Sri Satguru Jagjit Singh Ji eLibrary NamdhariElibrary@gmail.com

ਮਿਠੇ ਤੇ ਕੌੜੇ ਬੇਰ

ਸੰਤਾਂ ਦੇ ਘਰ ਵਿਚ ਇਕ ਬੇਰੀ ਸੀ । ਬੇਰੀ ਦੀਆਂ ਟਾਹਣੀਆਂ ਦਾ ਵਡਾ ਹਿਸਾ ਨਾਲ ਦੇ ਘਰ ਵਲ ਚਲਿਆ ਗਿਆ ਹੋਇਆ ਸੀ ਅਤੇ ਦੋ ਤਿੰਨ ਟਾਹਣੀਆਂ ਹੀ ਇਨ੍ਹਾਂ ਦੇ ਘਰ ਸਨ। ਇਸ ਬੇਰੀ ਦੇ ਬੇਰ ਬਹੁਤ ਕੌੜੇ ਹੁੰਦੇ ਸਨ। ਇਸ ਲਈ ਘਰ ਵਾਲੇ ਕਈ ਵਾਰ ਇਸ ਨੂੰ ਵਢ ਦੇਣ ਦਾ ਵਿਚਾਰ ਕਰਦੇ, ਪਰੰਤੂ ਛਾਂ ਦੇ ਲਾਲਚ ਕਰਕੇ ਨਹੀਂ ਸਨ ਵਢਦੇ। ਸੰਤ ਜੀ ਹਾਲਾਂ ਦੋ ਕੁ ਸਾਲ ਦੇ ਸਨ ਤੇ ਬੇਰੀ ਹੇਠ ਖੇਡ ਰਹੇ ਸਨ, ਜੋ ਇਕ ਲਾਲ ਬੇਰ ਉਨ੍ਹਾਂ ਦੇ ਮੋਹਰੇ ਆ ਪਿਆ। ਉਨ੍ਹਾਂ ਨੇ ਉਹ ਬੇਰ ਚੁਕ ਲਿਆ ਤੇ ਮੂੰਹ ਵਿਚ ਪਾਉਣ ਲਗੇ। ਮਾਤਾ ਗੁਰਦੇਈ ਵੇਖ ਰਹੀ ਸੀ ਕਿ ਉਸ ਨੇ ਅਗੇ ਹੋ ਕੇ ਉਹ ਬੇਰ ਉਨ੍ਹਾਂ ਦੇ ਹਥੋਂ ਖੋਹ ਲਿਆ ਤੇ ਅਖਾਣ ਲਗੀ -'ਕਾਕਾ ਕੌੜਾ !' ਅਗੋਂ ਬਾਲਕ ਨੇ ਆਪਣੀ ਚੋਚਲੀ ਅਵਾਜ਼ ਵਿਚ ਆਖਿਆ—'ਬੀਬੀ ਬਿਬਾ !'

ਸੱਚ ਮੁਚ ਸੰਤ ਆਤਮਾਂ ਨੇ ਉਸ ਬੇਰ ਨੂੰ ਮਿਠਾ ਬਣਾ ਦਿਤਾ ਸੀ, ਮਾਤਾ ਨੇ ਉਸ ਨੂੰ ਚੱਖਿਆ ਤੇ ਉਸਦਾ ਸਵਾਦ ਕਸ਼ਮੀਰੀ ਸਿਉ ਜਿਹਾ ਸੀ। ਅਜਿਹਾ ਸਵਾਦ ਉਸ ਨੂੰ ਇਸ ਤੋਂ ਪਹਿਲਾਂ ਕਦੇ ਪ੍ਰਾਪਤ ਨਹੀਂ ਹੋਇਆ ਸੀ। ਉਸ ਗੱਦ ਗੱਦ ਹੋ ਕੇ ਆਪਣੇ ਜਿਗਰ ਦੇ ਟੁਕੜੇ ਨੂੰ ਹਿੱਕ ਨਾਲ ਲਾ ਕੇ ਚੁੰਮਿਆ ਅਤੇ ਆਪਣੇ ਵਡੇ ਭਾਗਾਂ ਨੂੰ ਰੱਜ ਕੇ ਸਲਾਹਿਆ। ਉਹ ਇਕ ਬੇਰ ਹੀ ਮਿਠਾ ਨਹੀਂ ਸੀ ਹੋਇਆ, ਉਨ੍ਹਾਂ ਸਾਰੀਆਂ ਟਾਹਣੀਆਂ ਦੇ ਬੇਰ ਉਸ ਜਿਹ ਮਿਠੇ ਹੋ ਗਏ ਸਨ ਕਿ ਜੋ ਇਨ੍ਹਾਂ ਦੇ ਘਰ ਵਲ ਸਨ। ਦੂਜੇ ਘਰ ਦੀਆਂ ਟਾਹਣੀਆਂ ਦੇ ਬੇਰ ਪਹਿਲਾਂ ਵਾਂਗ ਹੀ ਕੌੜੇ ਤੇ ਗਲ ਘੋਟੂ ਸਨ। ਕੇਵਲ ਉਸ ਸਾਲ ਦੀ ਗਲ ਨਹੀਂ। ਪਿਛੋਂ ਹਰ ਸਾਲ ਸੰਤਾ ਦੇ ਘਰ ਵਲ ਬੇਰ ਏਸੇ ਤੰਰ੍ਹਾਂ ਦੇ ਮਿਠੇ ਲਗਦੇ ਰਹੇ ਪਰ ਦੂਜੇ

Sri Satguru Jagjit Singh Ji eLibrary NamdhariElibrary@gmail.com

ਘਰ ਵਾਲਿਆਂ ਵਲ ਕੌੜੇ। ਇਹ ਕ੍ਰਿਸ਼ਮਾ ਵੇਖ ਕੇ ਲੋਕ ਹੈਰਾਨ ਰਹਿ ਗਏ। ਠੀਕ ਹੈ।

'ਸਰਬ ਸ੍ਰਿਸਟ ਕੋ ਧਨੀ ਕਹੀਜੇ ਜਨ ਕੋ ਅੰਗ ਨਿਹਾਰੋ॥

ਰਤਾ ਕੁ ਵਡੇ ਹੋਏ ਤਾਂ ਸਾਧਾਂ ਸੰਤਾਂ ਦੀ ਸੇਵਾ ਉਨ੍ਹਾਂ ਨੇ ਆਪਣੇ ਜੀਵਨ ਦਾ ਆਦਰਸ਼ ਬਣਾ ਲਿਆ। ਗੁਰਮੁਖੀ ਬਹੁਤ ਚੰਗੀ ਤਰ੍ਹਾਂ ਪੜ੍ਹ ਲਈ ਅਤੇ ਸ੍ਰੀ ਗੁਰੂ ਗਰਥ ਸਾਹਿਬ ਦੀ ਰੱਬੀ ਬਾਣੀ ਦਾ ਅੰਮ੍ਰਿਤ ਰਸ ਪ੍ਰਾਪਤ ਕਰਨਾ ਸ਼ੁਰੂ ਕਰ ਦਿਤਾ। ਉਨ੍ਹਾਂ ਦੀ ਸੰਤ-ਸੇਵਾ ਦਾ ਢੰਗ ਭੀ ਬੜਾ ਖਿਚ ਪਾਉਣ ਵਾਲਾ ਸੀ। ਉਹ ਜਾਂ ਤਾਂ ਹੱਥਾਂ ਨਾਲ ਸੇਵਾ ਕਰਦੇ ਸਨ ਅਤੇ ਜਾਂ ਦਸਾਂ ਨਹੁੰਆਂ ਦੀ ਕ੍ਰਿਤ ਕਰਕੇ ਉਸਦੀ ਕਮਾਈ ਦੇ ਖਰਚ ਨਾਲ। ਘਰੋਂ ਜਾਂ ਕਿਸੇ ਹੋਰ ਤੇ ਉਹ ਕੁਝ ਵੀ ਲੈ ਕੇ ਕਿਸੇ ਸੰਤ ਮਹਾਤਮਾਂ ਦੀ ਟਹਿਲ ਸੇਵਾ ਨਹੀਂ ਸਨ ਕਰਦੇ, ਕਿਉਂਕਿ ਉਹ ਸਮਝਦੇ ਸਨ ਕਿ ਕਿਸੇ ਤੋਂ ਲੈ ਕੇ ਦੇਣ ਨਾਲ ਪੁੰਨ ਉਨ੍ਹਾਂ ਦਾ ਨਹੀਂ ਹੁੰਦਾ, ਸਗੋਂ ਉਸਦਾ ਹੁੰਦਾ ਹੈ ਕਿ ਜਿਹੜਾ ਉਹ ਚੀਜ਼ ਦੇਵੇ। ਬੇਰ ਤੋੜਕੇ ਆਪ ਰਖ ਲੈਂਦੇ ਜੋ ਬਚੇ ਪਹਿਲੀ ਪਾਉੜੀ ਜਪੁਜੀ ਸਾਹਿਬ ਦੀ ਠੀਕ ਸੁਣਾਂਦੇ ਉਨ੍ਹਾਂ ਨੂੰ ਦੇਂਦੇ।

ਇਸ ਤਰ੍ਹਾਂ ਆਤਮਕ—ਬਲ ਦੇ ਕ੍ਰਿਸ਼ਮੇ ਵਿਖਾਉਂਦੇ, ਵਾਹਿਗੁਰੂ ਨਾਮ ਦੀ ਰੰਗ ਵਿਚ ਰੰਗੀਦੇ, ਗੁਰਬਾਣੀ ਦਾ ਅੰਮ੍ਰਿਤ-ਰਸ ਪ੍ਰਾਪਤ ਕਰਦੇ ਅਤੇ ਸੰਤਾਂ ਦੀ ਸੇਵਾ ਕਰਦੇ ਹੋਏ ਇਨ੍ਹਾਂ ਦਾ ਬਚਪਨ ਗਿਆ। ਅਤੇ ਜਵਾਨੀ ਨਾਲ ਸਾਂਝ ਪਾਈ। ਮਾਤਾ ਪਿਤਾ ਨੇ ਉਨ੍ਹਾਂ ਦਾ ਵਿਆਹ ਕਰ ਦਿਤਾ ਅਤੇ ਗੁਰੂ ਨਾਨਕ ਮਹਾਰਾਜ ਦੇ ਉਚ ਆਦਰਸ਼ ਅਨੁਸਾਰ ਗ੍ਰਿਹਸਤ-ਜੀਵਨ ਬਿਤਾਉਣ ਲਗੇ—

Sri Satguru Jagjit Singh Ji eLibrary NamdhariElibrary@gmail.com

ਧਰਮ ਦੀ ਕਿਰਤ ਤੇ ਗੁਰਬਾਣੀ ਦਾ ਪ੍ਰਚਾਰ

ਰਾਮਕਲੀ ਪਾਤਿਸ਼ਾਹੀ ੧੦

ਰੇ ਮਨ ਐਸੋ ਕਰਿ ਸੰਨਿਆਸਾ ॥ ਬਨਸੇ ਸਦਨ ਸਭੈ ਕਰ ਸਮਝੁ ਮਨ ਹੀ ਮਾਹਿ ਉਦਾਸਾ ॥੧॥ ਰਹਾਉ॥ ਜਤ ਕੀ ਜਟਾ ਜੋਗ ਕੇ ਮਜਨ ਨੇਮ ਕੇ ਨਖਨ ਬਢਾਉ ॥ ਗਿਆਨ ਗੁਰੂ ਆਤਮ ਉਪਦੇਸੁ ਨਾਮ ਬਿਭੂਤ ਲਗਾਉ ॥੧॥ ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥ ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ ॥ ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ ॥ ਤਬ ਹੀ ਆਤਮ ਤਤ ਕੇ ਦਰਸੈ ਪਰਮ ਪੁਰਖ ਕਹਿ ਪਾਵੈ ॥੩॥੧॥

ਆਪ ਸਾਰੀ ਸਾਰੀ ਰਾਤ ਜਗਰਾਤਾ ਕਰਦੇ ਪਰ ਖੂਹ ਦੀ ਮਨ ਤੇ ਬੈਠਕੇ ਤਾਂਕੇ ਜ ਜ਼ਰਾ ਭੀ ਅਵੇਸਲੇ ਹੋਣ ਜਾਂ ਨੀਂਦ ਸਤਾਏ ਤਾਂ ਖੂਹ ਵਿਚ ਨਾ ਜਾ ਡਿਗਨ। ਕੋਠੇ ਪਰ ਹੁੰਦੇ ਤਾਂ ਕੋਠੇ ਦੇ ਬਨੇਰੇ ਤੇ ਬੈਠਕੇ ਭਜਨ ਕਰਦੇ ਏਹ ਆਪ ਜੀ ਦੀ ਕਠਨ ਤਪਸਿਆ ਸੀ ਜਿਸ ਲਈ ਸਰੀਰ ਦੀ ਆਪ ਜੀ ਪ੍ਰਵਾਹ ਨ ਕਰਦੇ।

ਆਪ ਕਹਿੰਦੇ ਸਨ ਜਗਰਾਤੇ ਵਿਚ ਉਘਲਾਨਾ ਐਸਾ ਹੈ ਜੈਸੇ ੩੬ ਪ੍ਰਕਾਰ ਦ ਤਿਆਰ ਭੋਜਨ ਦੇ ਥਾਲ ਵਿਚ ਵਿਸ਼ਟਾ ਪਰੋਸ

Sri Satguru Jagjit Singh Ji eLibrary NamdhariElibrary@gmail.com

ਦੇਣਾ।

ਸਭ ਤੋਂ ਪਹਿਲਾਂ ਇਨ੍ਹਾਂ ਦੀ ਮਾਤਾ ਨੇ ਇਹਨਾਂ ਦੀ ਇਸ ਅਦਭੁਤ ਰੂਹਾਨੀ ਸ਼ਕਤੀ ਨੂੰ ਸਮਝਿਆ ਅਤੇ ਆਪਣੇ ਆਪ ਨੂੰ ਅਜੇਹੇ ਸੰਤ ਜਨ ਦੀ ਜਣਨੀ ਹੋਣ ਦਾ ਸੁਭਾਗ ਮਿਲਿਆ ਵੇਖਕੇ ਧੰਨ ਸਮਝਣ ਲਗੀ ਪਰ ਉਹ ਆਪਣੇ ਸੰਤ ਪੁਤਰ ਦਾ ਭੇਦ ਕਿਸੇ ਨੂੰ ਨਹੀਂ ਸੀ ਦੱਸਦੀ।

ਇਕ ਵਾਰੀ ਸਾਰੀ ਰਾਤ ਜਾਗਾ ਕਰਕੇ ਆਏ ਤੇ ਆਕੇ ਲੇਟ ਗਏ ਆਪ ਦੀ ਮਾਤਾ ਜੀ ਆਪ ਨੂੰ ਪਖਾ ਕਰ ਰਹੇ ਸਨ ਤੇ ਆਪ ਦੀ ਸਪਤਨੀ ਆਪ ਨੂੰ ਘੁਟ ਰਹੀ ਸੀ ਪਿਤਾ ਜੀ ਤਾਂ ਆਪ ਜੀ ਦੇ ਛੋਟੀ ਉਮਰੇ ਹੀ ਸਵਰਗ ਵਾਸ ਹੋ ਚੁਕੇ ਸਨ।

ਉਸ ਦੇ ਜੇਠ ਅਰਥਾਤ ਸੰਤ ਜੀ ਦੇ ਤਾਇਆ ਸਾਹਿਬ ਬਾਹਰੋਂ ਕੰਮ ਕਰਕੇ ਘਰ ਆ ਗਏ। ਰਤਾ ਖਿਝ ਕੇ ਬੋਲੇ—'ਸੌਹਰਾ ਸਮਾਧੀਆਂ ਦਾ' ਜੰਮ ਚੁਕਿਆ ਨਹੀਂ ਤੇ ਸਮਾਧੀਆਂ ਭੀ ਲਾਉਣ ਲਗ ਪਿਆ ਹੈ।' ਫੇਰ ਉਨ੍ਹਾਂ ਦੀ ਮਾਤਾ ਨੂੰ ਕਹਿਣ ਲਗੇ—'ਗੁਰਦਈਏ ਇਹ ਕਿਹੜਾ ਹੱਲ ਵਾਹੁੰਦਾ ਆਇਆ ਹੈ ਜੋ ਤੂੰ ਪਖੀ ਝੱਲ ਰਹੀ ਏਂ, ਅਸੀਂ ਤਾਂ ਸਾਰਾ ਸਾਰਾ ਦਿਨ ਕੰਮ ਕਾਰਾਂ ਨਾਲ ਘੋਲ ਕਰਦੇ ਰਹਿੰਦੇ ਹਾਂ ਪਰ ਅਸਾਨੂੰ ਕੋਈ ਨਹੀਂ ਪੱਖੀ ਝਲਦਾ।'

ਤਾਇਆ ਸਾਹਿਬ ਦੀਆਂ ਇਹ ਗਲਾਂ ਇਕ ਸੱਚੀ ਮੁਚੀ ਸੰਤ ਆਤਮਾਂ ਦੀ ਤੋਹੀਨ ਸੀ। ਭਗਵਾਨ ਆਪਣੇ ਪਰ ਤਾਂ ਚੋਟ ਸਹਾਰ ਲੈਂਦਾ ਹੈ, ਪ੍ਰੰਤੂ ਉਹ ਆਪਣੇ ਸੰਤਾਂ ਦਾ ਅਪਮਾਨ ਕਿਸੇ ਤਰ੍ਹਾਂ ਭੀ ਸਹਾਰ ਨਹੀਂ ਸਕਦਾ। ਇਸ ਕਰਕੇ ਉਸੇ ਵੇਲੇ ਤਾਇਆ ਸਾਹਿਬ ਨੂੰ ਸੰਤ-ਆਤਮਾਂ ਦੁਵਾਰਾ ਕਾਦਰ ਦੀ ਕੁਦਰਤ ਦਾ ਕ੍ਰਿਸ਼ਮਾ ਵੇਖਣਾ ਪਿਆ। ਇਹ ਕੌੜੇ ਸ਼ਬਦ ਉਸ ਦੇ ਮੂੰਹੋਂ ਨਿਕਲੇ ਹੀ ਸਨ ਜੋ ਉਸ ਦੇ ਦੋਨੋਂ ਹਥ ਟੁੰਡੇ ਹੋ ਗਏ।

ਸਿਆਣਾ ਆਦਮੀ ਸੀ, ਸਮਝ ਗਿਆ ਕਿ ਜੋ ਈਸ਼ਵਰ ਦੀ ਇਹ ਕਰੋਪੀ ਗੁਰਮੁਖ ਦੀ ਨਿਕੜੀ ਜਿਹੀ ਹਿਕੜੀ ਵਿਚ ਬੈਠੀ

Sri Satguru Jagjit Singh Ji eLibrary NamdhariElibrary@gmail.com

ਪ੍ਰਭ-ਜੋਤੀ ਦਾ ਅਪਮਾਨ ਕਰਕੇ ਹੀ ਹੋਈ ਹੈ। ਜਦ ਸੰਤਾਂ ਦੇ ਚਰਨਾਂ ਤੇ ਢਹਿ ਪਿਆ ਤੇ ਖਿਮਾ ਮੰਗੀ। ਸੰਤਾਂ ਨੇ ਮੇਹਰ ਦੀ ਨਿਗਾਹ ਸੁਟੀ ਫਰਮਾਇਆ—ਅਖੰਡ ਪਾਠ ਸ੍ਰੀ ਸੁਖਮਨੀ ਸਾਹਿਬ ਦੇ ਕਰ ਤੇ ਕੜਾਹ ਪ੍ਰਸ਼ਾਦ ਕਰਾਕੇ ਅਰਦਾਸ ਕਰਵਾ ਐਸਾ ਕਰਨ ਨਾਲ ਉਸਦੇ ਹੱਥ ਠੀਕ ਹੋ ਗਏ।

ਅਤੇ ਉਹ ਮੁੜ ਨੌ ਬਰ ਨੌ ਹੋ ਗਿਆ। ਇਸ ਕ੍ਰਿਸ਼ਮੇਂ ਨੇ ਨਗਰ ਹੀ ਨਹੀਂ ਸਗੋਂ ਸਾਰੇ ਇਲਾਕੇ ਵਿਚ ਇਨ੍ਹਾਂ ਦੀ ਕਿਰਤੀ ਖਲਾਰ ਦਿਤੀ।

ਇਕ ਦਿਨ ਸਪਤਨੀ ਜੀ ਆਪ ਦੀ ਰੋਟੀ ਪਕਾ ਰਹੀ ਸੀ ਬਚਾ ਲੇਟਿਆ ਹੋਇਆ ਰੋ ਰਿਹਾ ਸੀ ਉਸ ਦੇ ਬੇਨਤੀ ਕਰਨ ਪਰ ਆਪ ਨੇ ਕਾਕੇ ਨੂੰ ਚੁਕ ਲਿਆ ਉਸ ਦਾ ਚੇਹਰਾ ਵੇਖਦਿਆਂ ਮੋਹ ਜਾਗ ਪਿਆ ਤਾਂ ਆਪ ਨੇ ਬਚੇ ਨੂੰ ਕੰਧ ਨਾਲ ਮਾਰਿਆ ਤੇ ਆਪ ਘਰੋਂ ਨਿਕਲ ਟੁਰੇ ਸਪਤਨੀ ਜੀ ਆਪ ਦੀ ਭੀ ਮਾਈ ਲੋਈ ਵਾਂਗੂ ਸਤਿਵੰਤੀ ਸੀ।

ਆਪ ਜੀ ਪੜ੍ਹਦੇ ਰਹਿੰਦੇ ਸਨ—

ਰਾਮਕਲੀ ਮਹੱਲਾ ਪੰਜਵਾਂ

ਕਾਰਨ ਕਰਨ ਕਰੀਮ—ਸਰਬ ਪ੍ਰਿਤਪਾਲ ਰਹੀਮ॥
ਅੱਲਾ ਅੱਲਖ ਅਪਾਰ—ਖੁਦ ਖੁਦਾਏ ਵਡ ਬੇਸਮਾਰ॥

ਜਵਾਨੀ ਚੜ੍ਹਦੇ ਹੀ ਸੰਤ ਗੁਰਮੁਖ ਸਿੰਘ ਜੀ ਆਪਣੇ ਨਗਰ ਤੋਂ ਪਟਿਆਲੇ ਆ ਗਏ। ਪਟਿਆਲੇ ਦੀ ਧਰਤੀ ਨੂੰ ਭਾਗ ਲਗ ਗਏ। ਉਨ੍ਹਾਂ ਨੇ ਪੁਜਦੇ ਹੀ ਰਾਜ ਮਦ-ਮਤੇ ਪਟਿਆਲੇ ਵਿਚ ਵਾਹਿਗੁਰੂ ਨਾਮ ਦੀ ਅੰਮ੍ਰਿਤ ਬਰਖਾ ਕਰਕੇ ਨਵਾਂ ਖੇੜਾ ਲੈ ਆਂਦਾ। ਘਰ ਘਰ ਅੰਦਰ ਸ੍ਰੀ ਗੁਰੂ ਗਰੰਥ ਸਾਹਿਬ ਦੇ ਪਾਠ ਹੋਣ ਲਗੇ। ਸੰਤਾਂ ਦੀ ਵਿਆਖਿਆ ਆਪਣੇ ਅੰਦਰ ਇਕ ਅਦੁਤੀ ਖਿਚ ਰਖਦੀ ਸੀ। ਜਿਥੇ ਭੀ ਆਪ ਆਪਣੀ ਰੱਬੀ ਸ਼ਕਤੀ ਦੁਆਰਾ ਅੰਮ੍ਰਿਤ-ਬਾਣੀ

Sri Satguru Jagjit Singh Ji eLibrary NamdhariElibrary@gmail.com

ਦੀ ਵਿਆਖਿਆ ਕਰਦੇ ਹਜ਼ਾਰਾਂ ਇਸਤਰੀ ਪੁਰਸ਼ ਪੁਜਦੇ ਅਤੇ ਸਰਵਨ ਕਰਕੇ ਨਿਹਾਲ ਹੁੰਦੇ, ਰਸ ਮਾਣਦੇ ਅਤੇ ਜੀਵਨ ਸੁਧਾਰ ਕੇ ਪ੍ਰਲੋਕ ਸੁਧਾਰਨ ਲਈ ਜੁਟ ਜਾਂਦੇ। ਲਖਾਂ ਪ੍ਰਾਣੀਆਂ ਨੂੰ ਆਪ ਰੱਬੀ ਬਾਣੀ ਦੇ ਜਹਾਜ਼ ਚੜ੍ਹਾਕੇ ਭਵਜਲੋਂ ਪਾਰ ਕਰਨ ਲਗੇ।

ਆਪ ਸ੍ਰੀ ਗੁਰੂ ਗਰੰਥ ਸਾਹਿਬ ਲਈ ਅਦੁਤੀ ਸ਼ਰਧਾ ਰਖਦੇ ਸਨ। ੧੪-੧੪ ਘੰਟੇ ਤਾਬਿਆ ਬੈਠ ਕੇ ਪਾਠ ਕਰਦੇ ਤੇ ਵਿਚਾਰਦੇ ਰਹਿੰਦੇ ਤੇ ਫੁਰਮਾਉਂਦੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਉਹ ਸਾਗਰ ਹਨ ਕਿ ਜਿਨ੍ਹਾਂ ਵਿਚ ਵਾਹਿਗੁਰੂ ਨਾਮ ਦੇ ਬੇਗਿਣਤ ਅਣਮੁਲੇ ਰਤਨ ਹਨ, ਪਰੰਤੂ ਉਨ੍ਹਾਂ ਰਤਨਾਂ ਦੀ ਪ੍ਰਾਪਤੀ ਉਸ ਭਾਗਾਂ ਵਾਲੇ ਨੂੰ ਹੀ ਹੋ ਸਕਦੀ ਹੈ ਕਿ ਜੋ ਇਸ ਵਿਚ ਵਿਚਾਰ ਦੀਆਂ ਚੁਭੀਆਂ ਲਾਉਂਦਾ ਹੋਇਆ ਹੇਠਾਂ ਉਤਰ ਜਾਵੇ, ਅਤੇ ਆਪ ਇਹ ਚੁਭੀਆਂ ਦਿਨ ਤੇ ਰਾਤ ਲਾਉਂਦੇ ਰਹਿੰਦੇ। ਸ੍ਰੀ ਗੁਰੂ ਗਰੰਥ ਸਾਹਿਬ ਉਨ੍ਹਾਂ ਲਈ ਸਭ ਕੁਝ ਹੀ ਸਨ। ਦਰਸ਼ਨ ਕਰ ਲੈਂਦੇ ਤਾਂ ਕਿਸੇ ਹੋਰ ਚੀਜ਼ ਦੀ ਲੋੜ ਬਾਕੀ ਨਹੀਂ ਸੀ ਰਹਿ ਜਾਂਦੀ। ਨਾ ਰੋਟੀ ਦੀ ਅਤੇ ਨਾ ਹੀ ਪਾਣੀ ਦੀ। ਅੰਮ੍ਰਿਤ-ਬਾਣੀ ਵਿਚੋਂ ਹੀ ਉਨ੍ਹਾਂ ਦੀ ਆਤਮਾਂ ਤੇ ਸਰੀਰ ਸਾਰੀ ਲੋੜੀਂਦੀ ਖੁਰਾਕ ਪ੍ਰਾਪਤ ਕਰ ਲੈਂਦਾ ਸੀ। ਫੇਰ ਇਸ਼ਟ ਗੁਰਦੇਵ ਦੀ ਤਾਬਿਆ ਬੈਠੇ ਨੀਂਦ ਭੀ ਉਨ੍ਹਾਂ ਦੇ ਨੇੜੇ ਨਹੀਂ ਸੀ ਢੁਕ ਸਕਦੀ। ਦਿਲ ਤੇ ਦਿਮਾਗ ਥੱਕਦੇ ਨਹੀਂ ਸਨ ਤੇ ਨਾ ਹੀ ਸਰੀਰ ਦੇ ਨੇੜੇ ਥਕਾਵਟ ਨੂੰ ਆਉਣ ਹੀ ਦਿੰਦੇ ਸਨ। ਗੁਰਬਾਣੀ ਦੀ ਮਿਠੀ ਸਾਂਝ ਉਨ੍ਹਾਂ ਨੂੰ ਉਠਣ ਨਹੀਂ ਸੀ ਦਿੰਦੀ।

ਜਿਹਾ ਕੁ ਉਪਰ ਦੱਸ ਆਏ ਹਾਂ, ੧੪-੧੪ ਘੰਟੇ ਤਾਂ ਬਹੁਤ ਵਾਰ ਸ੍ਰੀ ਗੁਰੂ ਗਰੰਥ ਦੀ ਤਾਬਿਆ ਬੈਠੇ ਪਾਠ ਕਰਦੇ ਤੇ ਵਿਚਾਰਦੇ ਰਹਿੰਦੇ ਸਨ। ਉਸ ਤਰ੍ਹਾਂ ਉਨ੍ਹਾਂ ਦਾ ਇਹ ਪਰੇਮ ਇਥੋਂ ਤਕ ਪੁਜ ਚੁਕਿਆ ਸੀ ਕਿ ਕਦੇ ਕਦੇ ਤਾਬਿਆ ਬੈਠੇ ਤਾਂ ਆਪਣੀ ਮੌਜ ਵਿਚ ਅਖੰਡ ਪਾਠ ਸ਼ੁਰੂ ਕਰ ਦਿੰਦੇ ਅਤੇ ਉਸ ਸਮੇਂ ਤਾਬਿਆ ਤੋਂ ਉਠਦੇ ਜਦ ਭੋਗ ਪਾ ਲੈਂਦੇ। ਉਨ੍ਹਾਂ ਦਾ ਇਹ ਗੂੜਾ-ਪਿਆਰ

Sri Satguru Jagjit Singh Ji eLibrary NamdhariElibrary@gmail.com

ਅਤੇ ੧੬ ਪਹਿਰਾਂ ਦੀ ਪੜ੍ਹਤ ਵੇਖਣ ਵਾਲਿਆਂ ਨੂੰ ਹੈਰਾਨ ਕਰ ਦਿੰਦੀ ਅਤੇ ਸਭ ਦੇ ਸਿਰ ਸ਼ਰਧਾ ਨਾਲ ਝੁਕ ਜਾਂਦੇ। ਸਭ ਸੰਤਾਂ ਦਾ ਆਦਰ ਮਾਨ ਕਰਦੇ। ਸਭ ਦੇ ਹਿਰਦੇ ਵਿਚ ਉਨ੍ਹਾਂ ਦੀ ਸੇਵਾ ਕਰਨ ਦੀ ਸਧਰ ਉਪਜਦੀ, ਪਰੰਤੂ ਉਹ ਨਾ ਹੀ ਕਿਸੇ ਤੋਂ ਪੈਸਾ ਲੈਂਦੇ, ਨਾ ਹੀ ਬਸਤਰ ਤੇ ਨਾ ਹੀ ਪ੍ਰਸ਼ਾਦ ਕਿਸੇ ਦੇ ਘਰੋਂ ਛਕਦੇ। ਉਨ੍ਹਾਂ ਦਾ ਹੋਰ ਗੁਣਾਂ ਜਿਹਾ ਉਚਾ ਸੀ ਉਨ੍ਹਾਂ ਦਾ ਸੰਤੋਖ। ਉਨ੍ਹਾਂ ਨੇ ਆਪਣੀਆਂ ਲੋੜਾਂ ਬਹੁਤ ਹੀ ਘਟ ਰਖੀਆਂ ਹੋਈਆਂ ਸਨ।

ਪਟਿਆਲੇ ਜਾ ਕੇ ਉਨ੍ਹਾਂ ਨੇ ਮਹਾਰਾਜੇ ਦੇ ਮਹਾਵਤਖਾਨੇ ਵਿਚ ਹਾਥੀਆਂ ਨੂੰ ਚੂਰੀ ਖਵਾਉਣ ਦੀ ਨੌਕਰੀ ਕਰ ਲਈ ਸੀ। ਤਨਖਾਹ ਮਿਲਦੀ ਸੀ ਕੇਵਲ ਪੰਜ ਰੁਪੈ ਮਹੀਨਾ ਅਤੇ ਏਸੇ ਵਿਚ ਹੀ ਉਹ ਆਪਣਾ ਤੇ ਆਪਣੇ ਟੱਬਰ ਦਾ ਨਿਰਬਾਰ ਕਰਦੇ ਸਨ ਸਗੋਂ ਇਸ ਤੋਂ ਭੀ ਘਟ ਨਾਲ। ਉਸ ਸਮੇਂ ਉਨ੍ਹਾਂ ਦੇ ਖਰਚ ਦਾ ਵੇਰਵਾ ਇਸ ਪ੍ਰਕਾਰ ਸੀ। ਉਹ ਅਠ ਆਨੇ ਮਹੀਨਾ ਮਾਤਾ ਜੀ ਨੂੰ ਦਿਤਾ ਕਰਦੇ ਸਨ। ਚਾਰ ਆਨੇ ਉਸ ਖੂਹ ਦੀ ਮੁਰੰਮਤ ਆਦਿ ਪਰ ਖਰਚ ਦਿਤਾ ਕਰਦੇ ਸਨ ਕਿ ਜਿਥੋਂ ਨਿਤ ਪਹਿਰ ਦੇ ਤੜਕੇ ਉਠਕੇ ਇਸ਼ਨਾਨ ਕੀਤਾ ਕਰਦੇ ਸਨ ਅਤੇ ਬਾਕੀ ਰਕਮ ਨਾਲ ਆਪਣਾ ਗੁਜਾਰਾ ਕਰਦੇ ਸਨ। ਖੂਹ ਪਰ ਉਹ ਇਸ ਲਈ ਨੇਮ ਨਾਲ ਖਰਚ ਕਰਦੇ ਸਨ, ਤਾਂ ਜੋ ਉਨ੍ਹਾਂ ਦੇ ਨਾਮ ਤੇ ਇਸ਼ਨਾਨ ਦਾ ਪੁੰਨ ਕੋਈ ਹੋਰ ਦਾਨੀ ਨਾ ਲੈ ਜਾਵੇ।

ਦਸਮੇਸ਼ ਪਿਤਾ ਦੀ 'ਅਕਾਲ ਉਸਤਤਿ' ਪਰ ਉਨ੍ਹਾਂ ਦੀ ਅਥਾਹ ਸ਼ਰਧਾ ਸੀ, ਬਚਪਨ ਤੋਂ ਹੀ ਉਨ੍ਹਾਂ ਨੇ ਉਸ ਦੇ ੧੦ ਪਾਠ ਰੋਜ਼ ਕਰਨ ਦਾ ਨਿਤਨੇਮ ਬਣਾ ਲਿਆ ਸੀ ਅਤੇ ਇਸ ਨਿਤਨੇਮ ਨੂੰ ਸਖਤੀ ਨਾਲ ਨਿਭਾਹ ਰਹੇ ਸਨ।

ਆਪ ਦਾ ਜੀਵਨ ਹਰ ਪਹਿਲੂ ਤੋਂ ਆਦਰਸ਼ਕ ਸੀ। ਉਹ ਕਦੇ ਭੀ ਉਸ ਚੀਜ਼ ਨੂੰ ਹੱਥ ਨਹੀਂ ਸੀ ਲਾਉਂਦੇ ਕਿ ਜਿਸ ਸਬੰਧੀ ਉਹ ਸਮਝ ਲੈਂਦੇ ਕਿ ਇਸ ਪਰ ਕਿਸੇ ਦੂਸਰੇ ਦਾ ਹੱਕ ਹੋ ਸਕਦਾ

eLibrary Nam

ਹੈ, ਇਥੋਂ ਤਕ ਕਿ ਕਿਸੇ ਰੁਖ ਨਾਲੋਂ ਟੁਟੀ ਟਾਹਣੀ ਭੀ ਬਾਲਣ ਲਈ ਨਹੀਂ ਸਨ ਚੁਕਦੇ। ਉਹ ਆਖਿਆ ਕਰਦੇ ਸਨ ਕਿ "ਇਸ ਰੁਖ ਪਰ ਮੇਰਾ ਕੋਈ ਹੱਕ ਨਹੀਂ। ਇਸ ਦਾ ਮਾਲਕ ਕੋਈ ਦੂਸਰਾ ਹੈ, ਫੇਰ ਮੈਂ ਇਸ ਦੀ ਲਕੜੀ ਨੂੰ ਚੁਕ ਕੇ ਕਿਸੇ ਦਾ ਹੱਕ ਕਿਉਂ ਮਾਰਾਂ ਤ ਪਾਪਾਂ ਦਾ ਭਾਗੀ ਕਿਉਂ ਬਣਾ।"

ਉਹ ਆਪਣੀ ਬਾਲਣ ਦੀ ਲੋੜ ਇਸਤਰ੍ਹਾਂ ਪੂਰੀ ਕਰਿਆ ਕਰਦੇ ਸਨ ਕਿ ਸਵੇਰੇ ਜਦ ਜੰਗਲ ਜਾਂਦੇ ਤਾਂ ਰਾਹ ਵਿਚੋਂ ਉਹ ਸਾਰੀਆਂ ਦਾਤਨਾਂ ਇਕੱਠੀਆਂ ਕਰ ਲੈਂਦੇ ਕਿ ਜੋ ਲੋਕਾਂ ਨੇ ਵਰਤਕੇ ਸੁਟੀਆਂ ਹੁੰਦੀਆਂ। ਖੂਹ ਤੇ ਇਸ਼ਨਾਨ ਕਰਨ ਜਾਂਦੇ ਭੀ ਉਹ ਅਜੇਹਾ ਹੀ ਕਰਦੇ, ਫੇਰ ਇਨ੍ਹਾਂ ਦਾਤਣਾਂ ਨੂੰ ਸੁਕਾ ਕੇ ਉਹ ਅੱਗ ਬਾਲਦੇ। ਜਦ ਕੋਈ ਪਰੇਮ ਕਾਰਨ ਪੁਛਦਾ ਤਾਂ ਆਖਦੇ -"ਗੁਰਮੁਖਾ ਇਹ ਦਾਤਣਾਂ ਲੋਕਾਂ ਨੇ ਆਪਣੀਆਂ ਲੋੜਾਂ ਪੂਰੀਆਂ ਕਰਕੇ ਸੁਟ ਪਾਈਆਂ ਹਨ, ਹੁਣ ਇਹ ਕਿਸੇ ਹੋਰ ਦੇ ਕੰਮ ਦੀਆਂ ਨਹੀਂ ਤੇ ਨਾਹੀ ਇਹ ਚੁਕ ਕੇ ਮੈਂ ਕਿਸੇ ਦਾ ਹੱਕ ਮਾਰਦਾ ਹਾਂ। ਇਨ੍ਹਾਂ ਨੂੰ ਅੱਗ ਬਾਲਣ ਲਈ ਵਰਤੋਂ ਵਿਚ ਲਿਆਕੇ ਮੈਂ ਆਪਣੀ ਲੋੜ ਪੂਰੀ ਕਰ ਲੈਂਦਾ ਹਾਂ, ਪਰੰਤੂ ਕਿਸੇ ਦੀ ਲੋੜ ਪੂਰੀ ਹੋਣ ਵਿਚ ਕੋਈ ਰੋੜਾ ਨਹੀਂ ਅਟਕਾਉਂਦਾ।"

ਇਸ ਨੌਕਰੀ ਦੇ ਦਿਨਾਂ ਵਿਚ ਉਨ੍ਹਾਂ ਦੇ ਵੇਲੇ ਦੀ ਵੰਡ ਕੁਝ ਇਸ ਤਰ੍ਹਾਂ ਸੀ:—ਰੋਜ਼ ਛੇ ਘੰਟੇ ਨੌਕਰੀ ਕਰਦੇ, ਨੌਕਰੀ ਤੋਂ ਦੂਜਾ ਸਮਾਂ ਅਰਥਾਤ ੧੨ ਘੰਟੇ ਆਪਣੇ ਸ੍ਵਾਮੀ ਪ੍ਰਮੇਸ਼ਰ ਭਗਤੀ ਵਿਚ ਲੀਨ ਹੋਕੇ ਉਸ ਨਾਲ ਜੁੜੇ ਰਹਿੰਦੇ ਤੇ ੬ ਘੰਟੇ ਨੀਂਦ ਨਾਲ ਭਾਈ ਵਾਲੀ ਪਾਉਂਦੇ।

Sri Satguru Jagjit Singh Ji eLibrary NamdhariElibrary@gmail.com

ਛੋਲੀਏ ਦੇ ਬੂਟੇ ਦੀ ਸਾਖੀ

"ਹੱਕ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥"

ਸੰਤ ਗੁਰਮੁਖ ਸਿੰਘ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਇਸ ਹੁਕਮ ਦੀ ਸਖਤੀ ਨਾਲ ਪਾਲਣਾ ਕਰਦੇ ਸਨ। ਜਿਸ ਚੀਜ਼ ਪਰ ਸੰਸਾਰ ਦੇ ਕਿਸੇ ਹੋਰ ਪ੍ਰਾਣੀ ਦਾ ਹੱਕ ਹੋਵੇ, ਉਸ ਪਰ ਹੱਕ ਜਮਾਉਣਾ ਉਹ ਖਿਮਾ ਨਾ ਕੀਤਾ ਜਾਣ ਵਾਲੇ ਗੁਨਾਹ ਸਮਝਦੇ ਸਨ। ਪਿਛੇ ਅਸੀਂ ਦੱਸ ਆਏ ਹਾਂ ਕਿ ਕਿਸਤਰ੍ਹਾਂ ਉਹ ਕਿਸੇ ਰੁਖ ਤੋਂ ਟੁਟਕੇ ਡਿਗੀ ਹੋਈ ਇਕ ਲਕੜੀ ਭੀ ਨਹੀਂ ਚੁਕਿਆ ਕਰਦੇ ਸਨ ਤੇ ਆਪਣੀ ਬਾਲਣ ਦੀ ਲੋੜ ਨੂੰ ਪੂਰਾ ਕਰਨ ਲਈ ਲੋਕਾਂ ਦੀਆਂ ਜੂਠੀਆਂ ਦਾਤਣਾ ਚੁਕ ਕੇ ਸੁਕਾ ਲਿਆ ਕਰਦੇ ਸਨ।

ਜਿਸ ਛੋਟੀ ਤੋਂ ਛੋਟੀ ਚੀਜ਼ ਪਰ ਭੀ ਹੋਰ ਕਿਸੇ ਦੂਸਰੇ ਦਾ ਹੱਕ ਸਮਝ ਲੈਂਦੇ ਸਨ, ਉਸ ਨੂੰ ਚੁਕਣਾ ਉਹ ਵੱਡੀ ਤੋਂ ਵੱਡੀ ਚੋਰੀ ਸਮਝਿਆ ਕਰਦੇ ਸਨ। ਆਪ ਇਸ ਅਟੱਲ ਸਚਾਈ ਨੂੰ ਆਪਣੇ ਅਮਲੀ ਜੀਵਨ ਦੁਵਾਰਾ ਦਰਸਾਉਂਦੇ ਹਨ ਕਿ "ਚੋਰੀ ਲਖ ਦੀ ਵੀ ਤੇ ਕੱਖ ਦੀ ਵੀ !" ਇਸ ਉਚੇ ਆਦਰਸ਼ ਬਾਰੇ ਆਓ ਅਸੀਂ ਤੁਹਾਨੂੰ ਉਨ੍ਹਾਂ ਦੇ ਜੀਵਨ ਦੀ ਇਕ ਆਦਰਸ਼ਕ ਸਾਖੀ ਸੁਣਾਈਏ:—

"ਇਕ ਵਾਰ ਆਪ ਆਪਣੀ ਪਿਆਰੀ ਧਰਮਪਤਨੀ ਤੇ ਬੱਚੇ ਸਮੇਤ ਕਿਧਰੇ ਜਾ ਰਹੇ ਸਨ, ਆਪ ਇਕ ਮਿੱਤਰ ਨਾਲ ਗੱਲਾਂ ਕਰਦੇ ਅਗੇ ਅਗੇ ਜਾ ਰਹੇ ਸਨ ਤੇ ਉਨ੍ਹਾਂ ਦੀ ਧਰਮ ਪਤਨੀ ਪੈਲੀ ਕੁ ਦੀ ਵਿਥ ਪਰ ਪਿਛੇ ਪਿਛੇ। ਮੰਜ਼ਲ ਦੇ ਨੇੜੇ ਖੁਜਕੇ ਆਪ ਖੜੇ ਹੋ ਗਏ ਤਾਂ ਜੋ ਜੀਵਨ ਸਾਥਣ ਨੂੰ ਮਿਲਾ ਲੈਣ। ਉਹ ਪੁਜੀ ਤਾਂ ਉਨ੍ਹਾਂ ਨੇ ਬੱਚੇ ਦੇ ਹੱਥ ਵਿਚ ਛੋਲੀਏ ਦੇ ਇਕ ਛੋਟੇ ਜਿਹੇ ਬੂਟੇ ਨੂੰ

Sri Satguru Jagjit Singh Ji eLibrary NamdhariElibrary@gmail.com

ਵੇਖਕੇ ਪੁਛਿਆ—"ਤੁਸਾਂ ਇਹ ਕਿਥੋਂ ਚੋਰੀ ਕੀਤਾ ਹੈ ?"

ਇਸ ਸਵਾਲ ਨੂੰ ਆਪ ਦੀ ਧਰਮ ਪਤਨੀ ਅਤੇ ਮਿਤਰ ਦੋਹਾਂ ਨੇ ਮਖੌਲ ਸਮਝਿਆ, ਕਿਉਂਕਿ ਛੋਲਿਆਂ ਦਾ ਇਕ ਛੋਟਾ ਜਿਹਾ ਬੂਟਾ ਪੁਟ ਲੈਣਾ ਇਕ ਸਾਧਾਰਨ ਜਿਹੀ ਗਲ ਸੀ। ਭਾਵੇਂ ਅਜ ਭੀ ਇਸ ਨੂੰ ਮਮੂਲੀ ਗੱਲ ਸਮਝਿਆ ਜਾਂਦਾ ਹੈ, ਪਰੰਤੂ ਉਸ ਸਮੇਂ ਦੇ ਸਾਊ ਤੇ ਖੁਲ੍ਹ ਦਿਲੇ ਲੋਕ ਤਾਂ ਇਸ ਵਲ ਰਤਾ ਵੀ ਖਿਆਲ ਨਹੀਂ ਸੀ ਦਿੰਦੇ। ਇਸ ਲਈ ਉਨਾਂ ਦੀ ਧਰਮ ਪਤਨੀ ਨੇ ਹੱਸ ਕੇ ਕਿਹਾ—'ਸਵਾਮੀ ਜੀ ! ਬੱਚਾ ਇਸ ਲਈ ਰੋਂਦਾ ਸੀ ਮੈਂ ਇਕ ਖੇਤ ਵਿਚੋਂ ਪੁਟ ਦਿਤਾ। ਵੇਖੋ ਨਾ ਹੁਣ ਕਿਹਾ ਪਰਚ ਗਿਆ ਹੈ !"

ਇਸ ਮਿਠੀ ਗੱਲ ਦਾ ਸੰਤਾਂ ਪਰ ਕੋਈ ਅਸਰ ਨਾ ਹੋਇਆ। ਉਹ ਆਖਣ ਲਗੇ—'ਤੂੰ ਚੋਟੀ ਏਂ ਤੂੰ, ਚੋਰੀ ਕੀਤੀ ਹੈ, ਮੈਂ ਤੈਨੂੰ ਮਾਫ ਨਹੀਂ ਕਰ ਸਕਦਾ, ਤੈਨੂੰ ਉਸ ਖੇਤ ਦੇ ਮਾਲਕ ਹਵਾਲੇ ਕਰਕੇ ਡੰਡ ਦਿਵਾਵਾਂਗਾ।'

ਸੰਤਾਂ ਦੇ ਮਿਤਰ ਨੇ ਇਸ ਗੱਲ ਨੂੰ ਹਾਸੇ ਵਿਚ ਟਾਲਣ ਦਾ ਯਤਨ ਕੀਤਾ ਪਰ ਉਹ ਜੋ ਕੁਝ ਕਹਿ ਚੁਕੇ ਸਨ, ਉਸ ਪਰ ਪਹਾੜ ਦੀ ਚਟਾਨ ਵਾਂਗ ਡਟੇ ਰਹੇ। ਡਟਦੇ ਭੀ ਕਿਉਂ ਨਾ—'ਉਹ ਆਪਣੇ ਆਦਰਸ਼ਕ ਰਾਹ ਤੋਂ ਲਾਂਭੇ ਹੋਣਾ ਤਾਂ ਜਾਣਦੇ ਹੀ ਨਹੀਂ ਸਨ।

ਪੰਧ ਦੇ ਥਕੇਵੇਂ ਨਾਲ ਵਿਆਕੁਲ ਹੋਈ ਧਰਮ ਪਤਨੀ ਨੇ ਵਾਸਤਾ ਪਾਇਆ—ਸਵ ਮੀ ਜੀ ਉਹ ਖੇਤ ਤਾਂ ਕੋਹ ਭਰ ਪਿਛੇ ਰਹਿ ਗਿਆ ਹੈ। ਮੈਂ ਥੱਕੀ ਹੋਈ ਹਾਂ ਖਿਮਾ ਕਰੋ !'

ਸੰਤਾਂ ਨੇ ਕਿਹਾ—ਕੁਝ ਭੀ ਹੋਵੇ ਤੁਹਾਨੂੰ ਉਸ ਖੇਤ ਤਕ ਚਲਣਾ ਹੀ ਹੋਵੇਗਾ। ਮੈਂ ਚੋਰ ਦੀ ਹਾਮੀ ਨਹੀਂ ਭਰ ਸਕਦਾ। ਕਿਉਂਕਿ ਗੁਰੂ ਮਹਾਰਾਜ ਦਾ ਹੁਕਮ ਹੈ ਕਿ 'ਚੋਰ ਕੀ ਹਾਮਾ ਭਰੇ ਨ ਕੋਇ ॥'

ਧਰਮੀ ਨਾਰੀ ਸਤਿ ਬਚਨ ਕਹਿ ਕੇ ਆਪਣੇ ਸਵਾਮੀ ਦੇ ਨਾਲ ਤੁਰ ਪਈ। ਦੋਵੇਂ ਉਸ ਖੇਤ ਪਾਸ ਜਾ ਪੁਜੇ, ਜਿਥੋਂ ਉਹ

Sri Satguru Jagjit Singh Ji eLibrary NamdhariElibrary@gmail.com

ਬੂਟਾ ਪੁਟਿਆ ਗਿਆ ਸੀ। ਉਸ ਖੇਤ ਦੇ ਆਲੇ ਦੁਆਲੇ ਕੋਈ ਆਦਮੀ ਨਜ਼ਰ ਨਹੀਂ ਸੀ ਆਉਂਦਾ। ਸੰਤਾਂ ਨੇ ਇਕ ਉਚੀ ਵੱਟ ਪਰ ਖੜੇ ਹੋ ਕੇ ਜ਼ੋਰ ਜ਼ੋਰ ਦੀ ਅਵਾਜ਼ਾਂ ਦੇਣੀਆਂ ਸ਼ੁਰੂ ਕਰ ਦਿਤੀਆਂ। ਹਾਕਾਂ ਮਾਰਦੇ ਹੋਏ ਆਖਣ ਲਗੇ—ਇਹ ਖੇਤ ਲੁਟਿਆ ਗਿਆ ਹੈ। ਚੋਰ ਮੈਂ ਫੜ ਲਿਆ ਹੈ! ਕੋਈ ਰਾਖਾ ਹੈ ਤਾਂ ਆ ਜਾਵੇ ?'

ਇਸ ਤਰ੍ਹਾਂ ਸੰਤ ਬਹੁਤ ਵੇਰ ਅਵਾਜ਼ਾਂ ਮਾਰਦੇ ਰਹੇ। ਅੰਤ ਇਕ ਬੁਢਾ ਰਾਖਾ ਆਣ ਪੁਜਿਆ। ਪੁਛਣ ਲਗਾ—'ਭਾਈ ਕੀ ਗੱਲ ਹੈ ?'

ਸੰਤਾਂ ਨੇ ਆਪਣੀ ਘਰ ਵਾਲੀ ਵਲ ਇਸ਼ਾਰਾ ਕਰਦੇ ਹੋਏ ਆਖਿਆ—'ਇਹ ਤੁਹਾਡਾ ਚੋਰ ਹੈ !'

ਕਿਸ ਤਰ੍ਹਾਂ ?' ਰਖਵਾਲੇ ਨੇ ਹੈਰਾਨੀ ਨਾਲ ਪੁਛਿਆ।

'ਇਸ ਨੇ ਤੁਹਾਡੇ ਖੇਤ ਵਿਚੋਂ ਇਹ ਬੂਟਾ ਚੋਰੀ ਪੁਟ ਲਿਆ ਸੀ। ਇਸ ਲਈ ਮੈਂ ਚੋਰੀ ਦੇ ਮਾਲ ਸਣੇ ਚੋਰ ਨੂੰ ਫੜ ਕੇ ਤੁਹਾਡੇ ਸਾਹਮਣੇ ਲੈ ਆਂਦਾ ਹੈ ਜੋ ਚਾਹੋ ਡੰਡ ਦਿਓ !' ਸੰਤਾਂ ਨੇ ਬੜੀ ਗੰਭੀਰਤਾ ਨਾਲ ਆਖਿਆ।

ਰਾਖਾ ਹੱਸ ਪਿਆ, ਆਖਣ ਲਗਾ—'ਮਹਾਰਾਜ ਇਹ ਕਾਹਦੀ ਚੋਰੀ ਹੈ ?'

'ਜਦ ਇਸ ਨੇ ਤੁਹਾਥੋਂ ਪੁਛਕੇ ਨਹੀਂ ਲਿਆ ਤਾਂ ਚੋਰੀ ਹੀ ਹੋਈ ਨਾ ਵੀਰਾ !' ਸੰਤ ਬੋਲ।

'ਚਲੋ ਜੀ, ਛਡੋ ਇਸ ਗਲ ਨੂੰ ਇਹ ਕੋਈ ਚੋਰੀ ਨਹੀਂ ਫੇਰ ਬਚੇ ਸਭ ਦੇ ਸਾਂਝੇ ਹੁੰਦੇ ਹਨ !' ਇਹ ਕਹਿਕੇ ਰਾਖਾ ਉਥੇ ਜਾਣ ਲਗਾ, ਪਰੰਤੂ ਸੰਤਾਂ ਨੇ ਅਗੇ ਹੋ ਕੇ ਉਸ ਨੂੰ ਰੋਕ ਲਿਆ ਤੇ ਆਖਣ ਲਗੇ—

'ਭਾਈ ! ਇਹ ਚੰਗੀ ਗੱਲ ਨਹੀਂ। ਤੁਹਾਡੇ ਇਸ ਬੇਪ੍ਰਵਾਹੀ ਨਾਲ ਸਾਰਾ ਖੇਤ ਲੁਟਿਆ ਜਾਵੇਗਾ। ਚੋਰੀ ਲਖ ਦੀ ਭੀ ਚੋਰੀ ਕੱਖ

Sri Satguru Jagjit Singh Ji eLibrary NamdhariElibrary@gmail.com

ਦੀ ਭੀ। ਜਦ ਇਸ ਨੇ ਨਾ ਪੁਛਿਆ ਤੇ ਨਾ ਮੁਲ ਦਿਤਾ ਤਦ ਚੋਰੀ ਹੀ ਹੋਈ ਨਾ, ਇਸ ਲਈ ਤੁਸੀਂ ਚੋਰ ਨੂੰ ਨਾ ਛਡੋ !' ਸੰਤਾਂ ਨੇ ਆਪਣੀ ਗੱਲ ਪਰ ਜ਼ੋਰ ਦਿੰਦੇ ਹੋਏ ਆਖਿਆ।

'ਮਹਾਰਾਜ ! ਖਿਮਾ ਕਰੋ, ਇਸ ਰਤਾ ਕੁ ਬੂਟੇ ਦਾ ਭਲਾ ਮੁਲ ਹੀ ਕੀ ਹੋ ਸਕਦਾ ਹੈ ਜੋ ਇਹ ਵਿਚਾਰੀ ਦਿੰਦੀ। ਜਾਓ ਹੁਣ ਪੈਂਡਾ ਖੋਟਾ ਨਾ ਕਰੋ !' ਰਾਖੇ ਨੇ ਬੇਨਤੀ ਕੀਤੀ।

ਸੰਤ ਬੋਲੇ – 'ਭਾਈ ਜੇ ਤੂੰ ਇਤਨਾਂ ਹੀ ਖਲ ਦਿਲਾਂ ਏਂ ਤਾਂ ਘਟੋ ਘਟ ਇਸ ਤੋਂ ਮੁਲ ਤਾਂ ਲੈ ਲੈ !

ਇਸ ਉਚੇ ਤੇ ਸੁਚੇ ਆਦਰਸ਼ ਨੂੰ ਵੇਖ ਕੇ ਉਨ੍ਹਾਂ ਦੀ ਧਰਮ ਪਤਨੀ ਦੀ ਉਨ੍ਹਾਂ ਪ੍ਰਤੀ ਸ਼ਰਧਾ ਵਿਚ ਹਜ਼ਾਰ ਗੁਣਾਂ ਵਾਧਾ ਹੋ ਗਿਆ। ਮਿਤਰ ਦਾ ਸੀਸ ਭੀ ਸ਼ਰਧਾ ਨਾਲ ਝੁਕ ਗਿਆ ਅਤੇ ਰਾਖੇ ਨੇ ਭੀ ਸਮਝ ਲਿਆ ਕਿ ਅਜ ਉਸਨੂੰ ਇਕ ਵਾਹਿਗੁਰੂ ਦੇ ਇਕ ਨਿਕਟ-ਵਰਤੀ ਪਿਆਰੇ ਨੇ ਦਰਸ਼ਨ ਦੇ ਕੇ ਨਿਵਾਜਿਆ ਹੈ।

Sri Satguru Jagjit Singh Ji eLibrary NamdhariElibrary@gmail.com

ਕਾਂਡ ੩.

ਫੌਜ ਵਿਚ ਭਰਤੀ, ਗੁਰੂ ਦੀ ਮੇਹਰ ਹੋਣੀ

ਸੂਹੀ ਮਹਲਾ ੫ ॥

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥ ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥੧॥ ਪ੍ਰਭ ਬਾਣੀ ਸਬਦੁ ਸੁ ਭਾਖਿਆ ॥ ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ ਰਹਾਉ ॥ ਸਾਚਾ ਸਾਹਿਬੁ ਅੰਮ੍ਰਿਤਿ ਵਡਾਈ ਭਗਤਿ ਵਛਲ ਦਇਆਲਾ ॥ ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ ॥੨॥ ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ ॥ ਜਰਾ ਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ ॥੩॥ ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿਆਈ ॥ ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥੪॥੧੧॥

ਕੁਝ ਚਿਰ ਪਟਿਆਲੇ ਦੇ ਸ਼ਾਹੀ ਮਹਾਵਤ ਖਾਨੇ ਵਿਚ ਪੰਜ ਰੁਪੈ ਮਹੀਨੇ ਦੀ ਨੌਕਰੀ ਕਰਨ ਦੇ ਪਿਛੋਂ ਸੰਤ ਗੁਰਮੁਖ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com

ਫੌਜ ਵਿਚ ਭਰਤੀ ਹੋ ਗਏ। ਉਸ ਸਮੇਂ ਅੰਗਰੇਜ਼ ਸਿਖ ਫੌਜੀਆਂ ਦੀ ਬੜੀ ਕਦਰ ਕਰਦੇ ਸਨ ਅਤੇ ਉਨ੍ਹਾਂ ਨੂੰ ਪੰਜ ਕਕਾਰਾਂ ਦੇ ਧਾਰਨੀ ਪਕੇ ਸਿਖੀ ਵਿਚ ਪਕਿਆਂ ਵੇਖਕੇ ਬਹੁਤ ਖੁਸ਼ ਹੁੰਦੇ ਸਨ। ਅਜਿਹਾ ਇਸ ਲਈ ਕਿ ਉਨ੍ਹਾਂ ਨੇ ਸਚਾਈ ਨੂੰ ਸਮਝ ਲੀਤਾ ਸੀ। ਜੋ ਪੂਰਾ ਗੁਰ ਸਿਖ ਹੀ ਯੁਧ ਭੂਮੀ ਵਿਚ ਬਹਾਦੁਰੀ ਨਾਲ ਲੜ ਸਕਦਾ ਹੈ।

ਇਸ ਕਾਰਨ ਕਰਕੇ ਉਸ ਵਲੋਂ ਸਿਖ ਪਲਟਣਾਂ ਵਿਚ ਧਰਮ ਪ੍ਰਚਾਰ ਦਾ ਚੰਗਾ ਪ੍ਰਬੰਧ ਹੁੰਦਾ ਸੀ। ਉਸ ਸਮੇਂ ਨਮੂਨੇ ਦੇ ਬਹੁਤੇ ਸਿਖ ਫੌਜਾਂ ਵਿਚ ਹੀ ਹੁੰਦੇ ਸਨ, ਏਸੇ ਲਈ ਸੰਤ ਜੀ ਭੀ ਫੌਜ ਵਲ ਖਿਚੇ ਗਏ। ਉਨ੍ਹਾਂ ਨ ਭਰਤੀ ਹੋਕੇ ਆਪਣੇ ਸਾਥੀ ਸਿਪਾਹੀਆਂ ਅਤੇ ਅਫਸਰਾ ਨੂੰ ਆਪਣੇ ਭਗਤੀ ਭਾਵਾਂ ਅਤੇ ਉਚੇ ਆਚਰਨ ਵਲ ਖਿਚ ਲਿਆ ਅਤੇ ਸਾਰੇ ਉਨ੍ਹਾਂ ਦਾ ਆਦਰ ਮਾਣ ਕਰਨ ਲਗੇ। ਡਿਊਟੀ ਤੋਂ ਜਿਹੜਾ ਭੀ ਸਮਾਂ ਮਿਲਦਾ, ਉਹ ਵਾਹਿਗੁਰੂ ਦੇ ਨਾਮ ਸਿਮਰਨ ਵਿਚ ਗੁਜਾਰਦੇ। ਕਈ ਨਾਸਤਕ ਖਿਆਲਾਂ ਦੇ ਗਭਰੂ ਉਨ੍ਹਾਂ ਦੀ ਛੋਹ ਨਾਲ ਆਸਤਕ ਬਣ ਗਏ, ਪਰੰਤੂ ਕਈ ਅਭਾਗੇ ਉਲਟਾ ਉਨ੍ਹਾਂ ਪਰ ਟੀਕਾ ਟਿਪਣੀ ਕਰਦੇ ਰਹੇ। ਅਜੇਹੇ ਦਵੈਤੀ ਕਈ ਵਾਰ ਹਾਕਮਾਂ ਪਾਸ ਜਾ ਸ਼ਕਾਇਤਾਂ ਕਰਦੇ ਕਿ ਆਪ ਆਪਣਿਆਂ ਫਰਜ਼ਾਂ ਤੋਂ ਅਨਗਹਿਲੀ ਕਰਦੇ ਹਨ, ਪਰੰਤੂ ਪੜਤਾਲ ਹੋਣ ਪਰ ਉਨ੍ਹਾਂ ਨੂੰ ਹਮੇਸ਼ਾਂ ਸ਼ਰਮਿੰਦੇ ਹੋਣਾ ਪੈਂਦਾ, ਕਿਉਂਕਿ ਭਗਵਾਨ ਸੰਤਾਂ ਦੇ ਕਾਰਜ ਆਪ ਖਲੋਕੇ ਉਨ੍ਹਾਂ ਦਾ ਕਾਰਜ ਰਾਸ ਕਰ ਦਿੰਦਾ ਹੈ। ਇਸਤਰ੍ਹਾਂ ਵਾਹਿਗੁਰੂ ਪਰ ਉਨ੍ਹਾਂ ਦਾ ਨਿਸਚਾ ਦਿਨੋ ਦਿਨ ਵਧੇਰੇ ਹੁੰਦਾ ਗਿਆ।

ਅਤੇ ਇਕ ਦਿਨ ਇਸ ਨਿਸਚੇ ਦੁਵਾਰਾ ਉਨ੍ਹਾਂ ਨੇ ਆਪਣਾ ਸੰਪੂਰਨ ਜੀਵਨ ਆਪਣੇ ਸਵਾਮੀ ਵਾਹਿਗੁਰੂ ਦੇ ਹਵਾਲੇ ਕਰ ਦਿਤਾ।

ਗਲ ਇਸਤਰ੍ਹਾਂ ਹੋਈ ਕਿ ਰਾਤ ਨੂੰ ਫੌਜ ਦੇ ਕਮਾਨ ਅਫਸਰ ਨੇ ਹੁਕਮ ਦਿਤਾ ਜੋ ਆਪਣੇ ਸਾਰੇ ਸਸ਼ਤਰ ਮਾਂਜਕੇ ਲਿਸ਼ਕਾ ਲਓ,

Sri Satguru Jagjit Singh Ji eLibrary NamdhariElibrary@gmail.com

ਦਿਨ ਚੜਦੇ ਨੂੰ ਮੁਆਇਨਾ ਹੋਵੇਗਾ। ਇਹ ਹੁਕਮ ਸੁਣਦੇ ਹੀ ਸਾਰੇ ਫੌਜੀਆਂ ਨੇ ਆਪਣੀ ਨੀਂਦਰ ਨੂੰ ਤਿਆਗ ਕੇ ਸਸ਼ਤਰ ਸਾਫ ਕਰਨੇ ਸ਼ੁਰੂ ਕਰ ਦਿਤੇ ਅਤੇ ਸਾਰੀ ਰਾਤ ਅਜਿਹਾ ਹੀ ਕਰਦੇ ਰਹੇ, ਕਿਉਂਕਿ ਅਜਿਹਾ ਨਾ ਕਰਨ ਦਾ ਫਲ ਉਨ੍ਹਾਂ ਨੂੰ ਸਖਤ ਡੰਡ ਦੇ ਰੂਪ ਵਿਚ ਭੋਗਣਾ ਪੈਣਾ ਸੀ। ਸੰਤਾਂ ਭੀ ਇਹ ਹੁਕਮ ਸੁਣਿਆ, ਪਰੰਤੂ ਰਾਤ ਦਾ ਸਮਾਂ ਕਿਉ ਕਿ ਉਨ੍ਹਾ ਨੇ ਵਾਹਿਗੁਰੂ ਨਾਮ ਦੇ ਸਿਮਰਨ ਲਈ ਰਖਿਆ ਹੋਇਆ ਸੀ, ਇਸ ਲਈ ਇਸ ਦੀ ਰਤਾ ਭੀ ਪ੍ਰਵਾਹ ਨਾ ਕੀਤੀ। ਉਹ ਇਲਾਹੀ ਮਸਤੀ ਵਿਚ ਮਤੇ ਆਪਣੇ ਪ੍ਰੀਤਮ ਦੀ ਯਾਦ ਵਿਚ ਜੁੜੇ ਰਹੇ ਅਤੇ ਏਹੇ ਮਸਤੀ ਵਿਚ ਹੀ ਦਿਨ ਚੜ੍ਹਾ ਦਿਤਾ।

ਫੌਜੀ ਜਵਾਨ ਉਨ੍ਹਾਂ ਵਲ ਉਂਗਲਾਂ ਕਰ ਕਰਕੇ ਆਪਸ ਵਿਚ ਦੀ ਗੱਲਾਂ ਕਰਨ ਲਗੇ। ਉਹ ਕਹਿੰਦੇ ਸਨ ਕਿ ਅਜ ਇਸ ਵਡੇ ਭਗਤ ਨੂੰ ਕਿਸੇ ਨਹੀਂ ਬਚਾਉਣਾ। ਸਭ ਨੂੰ ਸਾਫ ਨਜ਼ਰ ਆ ਰਿਹਾ ਸੀ ਕਿ ਸੰਤਾਂ ਦੀ ਤਲਵਾਰ ਤੇ ਬੰਦੂਕ ਜੰਗਾਲੀ ਹੋਈ ਹੈ ਅਤੇ ਕਮਾਨ ਅਫਸਰ ਨੇ ਇਨ੍ਹਾਂ ਨੂੰ ਵੇਖਕੇ ਹੀ ਕੋਰਟ ਮਾਰਸ਼ਲ ਦਾ ਹੁਕਮ ਦੇ ਦੇਣਾ ਹੈ। ਸੰਤ ਆਪਣ ਸਾਥੀਆਂ ਦੀਆਂ ਇਹ ਗੱਲਾਂ ਸੁਣ ਰਹੇ ਸਨ ਪਰ ਪੂਰੀ ਬੇ-ਪ੍ਰਵਾਹੀ ਨਾਲ।

ਆਖਰ ਮੁਆਇਨੇ ਦਾ ਸਮਾਂ ਆ ਗਿਆ। ਬਿਗਲ ਵਜਿਆ ਅਤੇ ਸਾਰੇ ਜਵਾਨ ਆਪਣੀ ਆਪਣੀ ਬੰਦੂਕ ਤੇ ਤਲਵਾਰ ਲੈਕੇ ਇਕ ਲਾਈਨ ਵਿਚ ਖੜੇ ਹੋ ਗਏ। ਕਮਾਨ ਅਫਸਰ ਆਇਆ ਤੇ ਮੁਆਇਨਾ ਸ਼ੁਰੂ ਹੋ ਗਿਆ, ਸਭ ਦੀਆਂ ਨਿਗਾਹਾਂ ਇਨ੍ਹਾਂ ਦੀ ਜੰਗਾਲੀ ਬੰਦੂਕ ਤੇ ਤਲਵਾਰ ਪਰ ਸਨ। ਸਾਰੇ ਇਹ ਸਮਝ ਰਹੇ ਸਨ, ਜੋ ਹੁਣੇ ਹੀ ਇਨ੍ਹਾਂ ਨੂੰ ਸਾਹਿਬ ਦੇ ਗੁਸੇ ਦਾ ਨਿਸ਼ਾਨਾ ਬਣਨਾ ਪਵੇਗਾ, ਪਰੰਤੂ ਸਭ ਨੂੰ ਇਹ ਵੇਖਕੇ ਹੈਰਾਨੀ ਹੋਈ ਕਿ ਸਾਹਿਬ ਜਦ ਭੀ ਸੰਤਾਂ ਦੇ ਨੇੜੇ ਪੁਜਦਾ ਹੈ, ਉਨ੍ਹਾਂ ਵਲ ਨਜ਼ਰ ਸੁਟਣ ਤੋਂ ਬਿਨਾਂ ਹੀ ਅਗੇ ਨਿਕਲ ਜਾਂਦਾ ਹੈ। ਉਸ ਨੇ ਕਈ ਵਾਰ ਚਕਰ

Sri Satguru Jagjit Singh Ji eLibrary NamdhariElibrary@gmail.com

ਲਾਏ, ਪਰੰਤੂ ਸੰਤਾਂ ਦੇ ਹਥਿਆਰਾਂ ਵਲ ਨਹੀਂ ਵੇਖਿਆ।

ਮੁਆਇਨਾ ਕਰਕੇ ਜਦੋਂ ਕਮਾਨ ਅਫਸਰ ਸਾਹਿਬ ਜਾਣ ਲਗੇ ਤਾਂ ਉਨ੍ਹਾਂ ਦੇ ਇਕ ਨਾਇਬ ਨ ਉਨ੍ਹਾਂ ਦਾ ਧਿਆਨ ਸੰਤਾਂ ਦੇ ਸ਼ਸਤਰਾਂ ਵਲ ਦਿਵਾਉਣ ਦਾ ਯਤਨ ਕਰਦੇ ਹੋਏ ਕਿਹਾ—'ਉਸ ਜਵਾਨ ਨੇ ਸ਼ਸ਼ਤਰ ਸਾਫ ਨਹੀਂ ਕੀਤੇ।' ਸਾਹਿਬ ਨੇ ਕਿਹਾ—'ਉਸ ਕਾ ਬੰਡੂਕ ਤੋ ਸਭ ਸੇ ਜ਼ਾਦਾ ਚਮਕਟਾ ਹੈ।' ਇਹ ਕਹਿੰਦੇ ਹੋਏ ਉਹ ਹੱਸਦੇ ਹੋਏ ਮੁਆਇਨਾ ਕਰਦੇ ਤੁਰਦੇ ਬਣੇ।

ਸੰਤਾਂ ਨੂੰ ਇਹ ਗਲ ਸਮਝਣ ਵਿਚ ਦੇਰ ਨਾ ਲਗੀ ਕਿ ਉਨ੍ਹਾਂ ਦੇ ਪ੍ਰੀਤਮ ਪਿਆਰੇ ਨੇ ਹੀ ਉਨ੍ਹਾਂ ਦਾ ਇਹ ਕਾਰਜ ਰਾਸ ਕੀਤਾ ਹੈ। ਇਸ ਘਟਨਾ ਦਾ ਉਨ੍ਹਾਂ ਦੇ ਜੀਵਨ ਪਰ ਬੜਾ ਗਹਿਰਾ ਅਸਰ ਪਿਆ। ਉਹਨਾਂ ਨੇ ਦਿਲ ਹੀ ਦਿਲ ਵਿਚ ਆਖਿਆ—ਜਦ ਵਾਹਿਗੁਰੂ ਦੀ ਇਤਨੀ ਕਿਰਪਾ ਦ੍ਰਿਸ਼ਟੀ ਹੈ। ਉਹ ਸਾਡਾ ਇਤਨਾ ਖਿਆਲ ਰਖਦਾ ਹੈ ਤਾਂ ਉਸ ਨੂੰ ਛਡਕੇ ਕਿਸੇ ਹੋਰ ਦੀ ਨੌਕਰੀ ਕਿਸ ਲਈ ਕੀਤੀ ਜਾਵੇ। ਇਸ ਖਿਆਲ ਦੇ ਹਿਰਦੇ ਵਿਚ ਉਪਜਦੇ ਹੀ ਉਨ੍ਹਾਂ ਨੇ ਨੌਕਰੀ ਤੋਂ ਤਿਆਗ-ਪੱਤਰ ਲਿਖਕੇ ਦੇ ਦਿਤਾ ਅਤੇ ਨਾਵਾਂ ਕਟਵਾਕੇ ਕੇਵਲ ਇਕ ਅਕਾਲਪੁਰਖ ਦੀ ਨੌਕਰੀ ਵਿਚ ਜੁਟ ਗਏ। ਦਿਨ ਰਾਤ ਇਕ ਕਰਕੇ ਅਤੇ ਸਰੀਰ ਤੇ ਤਰ੍ਹਾਂ ਤਰ੍ਹਾਂ ਦੇ ਕਸ਼ਟ ਝਲਕੇ ਉਨ੍ਹਾਂ ਨੇ ਆਪਣੀ ਸੋਨਾ ਹੋਈ ਆਤਮਾਂ ਨੂੰ ਕੁੰਦਨ ਬਨਾਉਣ ਲਈ ਤੱਪ ਕਰਨਾ ਸ਼ੁਰੂ ਕਰ ਦਿਤਾ। ਆਪ ਨੇ ਇਸ ਮਹਾਂਵਾਕ ਨੂੰ ਹਿਰਦੇ ਵਿਚ ਵਸਾਇਆ ਕਿ—

ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ
ਇਹ ਅਉਖਧੁ ਜਗਿ ਸਾਰਾ ॥

ਭਾਵ—ਵਾਹਿਗੁਰੂ ਦਾ ਨਾਮ ਹੀ ਸੰਸਾਰ ਦੇ ਸਾਰੇ ਰੋਗਾਂ ਦੀ ਅੰਮ੍ਰਿਤ ਰੂਪੀ ਅਕਸੀਰ ਦਵਾਈ ਹੈ। ਫੇਰ ਉਹ ਹੋਰ ਹਕੀਮਾਂ ਮਗਰ ਕਿਉਂ ਪਏ ਫਿਰਦੇ, ਉਨ੍ਹਾਂ ਨੇ ਘੁਟਕੇ ਆਪਣੇ ਸਵਾਮੀ

Sri Satguru Jagjit Singh Ji eLibrary NamdhariElibrary@gmail.com

ਪ੍ਰਮੇਸ਼ਵਰ ਦਾ ਲੜ ਫੜ ਲਿਆ ਅਤੇ ਉਸ ਨੂੰ ਸਦਾ ਲਈ ਆਪਣਾ ਬਨਾਉਣ ਵਿਚ ਲਗ ਗਏ। ਉਨ੍ਹਾਂ ਨੇ ਮੰਗਤਿਆਂ ਨੂੰ ਛਡਕੇ ਕੇਵਲ ਇਕ ਵਾਹਿਗੁਰੂ ਦੇ ਅਗੇ ਝੋਲੀ ਅਡ ਦਿਤੀ ਅਤੇ ਭਾਈ ਗੁਰਦਾਸ ਜੀ ਦੇ ਇਸ ਮਹਾਂਵਾਕ ਪਰ ਫੁਲ ਚੜਾਉਣ ਲਗੇ:—

ਸਤਿਗੁਰ ਸਾਹਿਬ ਛਡਕੇ ਸਨਮੁਖ
ਹੋਇ ਬੰਦੇ ਦਾ ਬੰਦਾ ॥

ਘੋਰ ਤਪੱਸਿਆ

ਫੌਜ ਤੋਂ ਆਕੇ ਸੰਤਾਂ ਨੇ ਆਪਣਾ ਸਾਰਾ ਜੀਵਨ ਆਪਣੇ ਸਵਾਮੀ ਵਾਹਿਗੁਰੂ ਦੇ ਅਰਪਣ ਕਰਨ ਦਾ ਫੈਸਲਾ ਕਰ ਲਿਆ। ਉਹਨਾਂ ਨੇ ਉਸ ਸਮੇਂ ਦੇ ਪ੍ਰਸਿਧ ਮਹਾਤਮਾਂ ਮੁਨੀ ਜੀ ਮਹਾਰਾਜ ਦੀ ਸ਼ਰਨ ਆਣ ਲੀਤੀ ਅਤੇ ਸ੍ਰੀ ਮਾਨ ਸੰਤ ਸਾਧੂ ਸਿੰਘ ਜੀ ਜਿਹੇ ਕਰਨੀ ਵਾਲੇ ਸੰਤਾਂ ਦੀ ਸੰਗਤ ਕਰਕੇ ਆਪਣੇ ਪਿਆਰੇ ਦੀ ਭਾਲ ਅਰਭ ਦਿਤੀ।

ਕੁਝ ਦਿਨ ਪਟਿਆਲੇ ਰਹਿਣ ਦੇ ਪਿਛੋਂ ਆਪ ਆਪਣੇ ਸਿਮਰਨ ਦੇ ਯੱਗ ਨੂੰ ਸੰਪੂਰਨ ਕਰਨ ਲਈ ਸ਼ਹਿਰ ਤੋਂ ਪੰਜਾਂ ਮੀਲਾਂ ਤੇ ਝੜੀ ਨਾਮੇ ਇਕ ਘਣੇ ਜੰਗਲ ਵਿਚ ਜਾ ਬੈਠੇ ਅਤੇ ਘੋਰ ਤਪੱਸਿਆ ਸ਼ੁਰੂ ਕਰ ਦਿਤੀ। ਇਥੇ ਉਨ੍ਹਾਂ ਨੇ ਬਾਰਾਂ ਸਾਲਾਂ ਤਕ ਉਹ ਚਿਲੀਹਾ ਕੱਟਿਆ ਕਿ ਜਿਸ ਦੀ ਮਿਸਾਲ ਕਿਸੇ ਵਿਰਲੇ ਵਿਰਲੇ ਮਹਾਪੁਰਖ ਦੇ ਜੀਵਨ ਵਿਚੋਂ ਹੀ ਭਾਵੇਂ ਮਿਲੇ, ਆਪ ਨੇ ਇਹ ਬਾਰਾਂ ਸਾਲ ਕੋਈ ਭੀ ਚੰਗਾ ਭੋਜਨ ਨਹੀਂ ਕੀਤਾ, ਲੂਣ, ਅਚਾਰ ਤੇ ਮਿਠੇ ਆਦਿ ਦੀ ਵਰਤੋਂ ਭੀ ਤਿਆਗ ਦਿਤੀ। ਇਸ ਸਬੰਧ ਵਿਚ ਆਪਣੇ ਇਕ ਸੇਵਕ ਦੀ ਪੁਛ ਪਰ ਸੰਤਾਂ ਨੇ ਆਪਣੇ ਪਵਿਤਰ ਮੁਖਾਰਬਿੰਦ ਤੋਂ ਆਪ ਦਸਿਆ ਸੀ ਕਿ ਉਹ ਸੁਕੇ ਟੁਕੜੇ ਜੋ ਲੋਕ ਘਰਾਂ ਵਿਚ ਸੁਟ ਦਿਤਾ ਕਰਦੇ ਸਨ ਆਪ ਉਨ੍ਹਾਂ ਨੂੰ ਚੁਕ

Sri Satguru Jagjit Singh Ji eLibrary NamdhariElibrary@gmail.com

ਕੇ ਰਖ ਛਡਿਆ ਕਰਦੇ ਸਨ ਤੇ ਸਰੀਰ ਨੂੰ ਚਲਦੇ ਰਖਣ ਲਈ ਜਦ ਲੋੜ ਪ੍ਰਤੀਤ ਹੋਵੇ, ਉਹੋ ਟੁਕੜੇ ਪਾਣੀ ਵਿਚ ਭਿਉਂਕੇ ਖਾ ਲੀਤਾ ਕਰਦੇ ਸਨ।

ਤਪੱਸਿਆ ਦੀ ਇਹ ਹਾਲਤ ਸੀ ਕਿ ਰਾਤ ਨੂੰ ਨੀਂਦਰ ਜ਼ੋਰ ਪਾਉਂਦੀ ਤਾਂ ਆਪ ਆਪਣੇ ਪਵਿਤਰ ਕੇਸਾਂ ਨੂੰ ਰੱਸੀ ਬੰਨਕੇ ਉਪਰ ਕਿਸੇ ਰੁਖ ਦੀ ਟਾਹਣੀ ਨਾਲ ਬੰਨ ਦਿੰਦੇ। ਨੀਂਦਰ ਆਉਣ ਲਗਦੀ ਤਾਂ ਕੇਸ ਖਿਚੇ ਜਾਂਦੇ ਅਤੇ ਇਸਤਰ੍ਹਾਂ ਆਪ ਨੀਂਦ ਤੋਂ ਛੁਟਕਾਰਾ ਹਾਸਲ ਕਰਕੇ ਪਿਆਰੇ ਦੀ ਯਾਦ ਵਿਚ ਜੁੜੇ ਰਹਿੰਦੇ। ਸਰਦੀ ਦੀਆਂ ਰਾਤਾਂ ਵਿਚ ਜਦ ਨੀਂਦ ਦਾ ਵਧੇਰੇ ਗਲਬਾ ਪੈਂਦਾ ਦਿਸਦਾ ਤਾਂ ਉਹ ਬਰਫ ਵਾਂਗ ਸੀਤ ਪਾਣੀ ਵਿਚ ਉਤਰ ਜਾਂਦੇ ਅਤੇ ਇਕ ਲੱਤ ਦੇ ਭਾਰ ਖੜੇ ਹੋ ਕੇ ਆਪਣੀ ਆਤਮਾ ਨੂੰ ਪ੍ਰਭੂ ਦੇ ਚਰਨਾਂ ਦੀ ਯਾਦ ਨਾਲ ਜੋੜ ਦਿੰਦੇ।

ਬਾਰਾਂ ਸਾਲਾਂ ਦੀ ਇਸ ਘੋਰ ਤਪਸਿਆ ਨਾਲ ਸੰਤਾਂ ਦਾ ਸਰੀਰ ਜਵਾਬ ਦਿੰਦਾ ਹੋਇਆ ਵਿਖਾਈ ਦੇਣ ਲਗਾ। ਵੇਖਣ ਵਾਲਿਆਂ ਨੇ ਇਹ ਕਹਿਣਾ ਸ਼ੁਰੂ ਕਰ ਦਿਤਾ, ਕਿ ਸੰਤ ਹੁਣ ਦੋ ਚਾਰ ਦਿਨਾਂ ਦੇ ਹੀ ਪ੍ਰਾਹੁਣੇ ਹਨ, ਪਰੰਤੂ ਸੰਤਾਂ ਦੀ ਆਤਮਾ ਨਾਮ ਦੀ ਪਾਣ ਨਾਲ ਹੁਣ ਬਹੁਤ ਬਲਵਾਨ ਹੋ ਚੁਕੀ ਸੀ। ਉਨ੍ਹਾਂ ਨੇ ਆਪਣੇ ਸਵਾਮੀ ਵਾਹਿਗੁਰੂ ਨੂੰ ਪਾ ਲਿਆ ਸੀ। ਅਚਾਨਕ ਇਕ ਰਾਤ ਉਨ੍ਹਾਂ ਨੂੰ ਰੋਸ਼ਨੀ ਨਜ਼ਰ ਆਈ, ਜਿਸ ਦੇ ਨਾਲ ਹੀ ਅਕਾਸ਼ ਬਾਣੀ ਹੋਈ—'ਭਾਈ ਸੰਤਾ ਤੇਰੀ ਕਮਾਈ ਸਫਲ ਹੋ ਗਈ ਹੈ—ਹੁਣ ਤੂੰ ਉਹ ਕੰਮ ਸ਼ੁਰੂ ਕਰਦੇ ਕਿ ਜਿਸ ਲਈ ਤੈਨੂੰ ਇਸ ਸੰਸਾਰ ਪਰ ਭੇਜਿਆ ਗਿਆ ਹੈ।' ਸੰਤਾਂ ਦੇ ਗੁਰਦੇਵ ਸ੍ਰੀ ਮੁਨੀ ਜੀ ਨੇ ਭੀ ਜੰਗਲ ਵਿਚ ਪੁਜਕੇ ਏਹੋ ਹੁਕਮ ਕੀਤਾ।

ਸੰਤਾਂ ਨੇ ਇਸ ਰੋਸ਼ਨੀ ਤੇ ਹੁਕਮ ਨੂੰ ਧੰਨ ਭਾਗ ਸਮਝਿਆ ਅਤੇ ਇਸ ਜੰਗਲ ਨੂੰ ਛਡਕੇ ਮੁੜ ਵਸੋਂ ਵਿਚ ਆਕੇ ਗੁਰੂ ਘਰ ਦੀ ਸੇਵਾ ਵਲ ਵਧਣਾ ਸ਼ੁਰੂ ਕਰ ਦਿਤਾ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰਾਂ ਦੇ ਦਰਸ਼ਨ

ਜਿਨ੍ਹਾ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾ ਮਨਿ ਮੰਤੁ ॥
ਧੰਨੁ ਸਿ ਸੋਈ ਨਾਨਕਾ, ਪੂਰਨੁ ਸੋਈ ਸੰਤੁ ॥

ਆਪਣੇ ਗੁਰਦੇਵ ਦਾ ਹੁਕਮ ਅਤੇ ਅਕਾਸ਼-ਬਾਣੀ ਦਾ ਇਸ਼ਾਰਾ ਪਾਕੇ ਸੰਤ ਝੜੀ ਵਿਚੋਂ ਨਿਕਲਕੇ ਸਰਹੰਦ ਲਾਗੇ ਪਿੰਡ ਬਦੋਹੀ ਸੰਤ ਬ੍ਰਹਿਮ-ਦਾਸ ਪਾਸ ਜਾ ਪੁਜੇ। ਇਹ ਸੰਤ ਅਲਫ ਨੰਗੇ ਰਹਿੰਦੇ ਸਨ ਤੇ ਵਾਹਿਗੁਰੂ ਦੇ ਘਰ ਵਿਚ ਇਨ੍ਹਾਂ ਦੀ ਚੰਗੀ ਪਹੁੰਚ ਸੀ। ਸ਼ਰਧਾਲੂ ਲੋਕ ਇਨ੍ਹਾਂ ਨੂੰ ਮਿਲਣ ਲਈ ਕਈ ਕਈ ਦਿਨ ਇਨ੍ਹਾਂ ਦੇ ਆਲੇ ਦੁਆਲੇ ਡੇਰੇ ਲਾਈ ਰਖਦੇ ਸਨ, ਪਰੰਤੂ ਆਪ ਦਰਸ਼ਨ ਕਿਸੇ ਭਾਗਾਂ ਵਾਲੇ ਨੂੰ ਹੀ ਦਿੰਦੇ ਸਨ, ਪਰੰਤੂ ਜਿਸ ਤੇ ਮੇਹਰ ਦੀ ਨਜ਼ਰ ਪੈ ਜਾਵੇ ਉਸ ਦੇ ਬੇੜੇ ਜ਼ਰੂਰ ਪਾਰ ਹੋ ਜਾਂਦੇ ਸਨ। ਉਨ੍ਹਾਂ ਦੇ ਮੂੰਹੋਂ ਨਿਕਲੀ ਗੱਲ ਪੂਰੀ ਹੋ ਜਾਂਦੀ ਸੀ। ਮੇਹਰ ਦੇ ਘਰ ਵਿਚ ਆਉਂਦੇ ਤਾਂ ਮੀਲ ਮੀਲ ਤੇ ਡੇਰੇ ਲਾ ਕੇ ਦਰਸ਼ਨ ਅਭਿਲਾਖੀ ਇਸਤਰੀ ਪੁਰਸ਼ਾਂ ਨੂੰ ਸੱਦ ਲੈਂਦੇ ਤੇ ਵਰ ਦਈ ਚਲੇ ਜਾਂਦੇ।

ਸੰਤ ਬ੍ਰਹਿਮ ਦਾਸ ਆਪਣੇ ਪਾਸ ਕਿਸੇ ਨੂੰ ਘਟ ਹੀ ਆਉਣ ਦਿੰਦੇ ਸਨ ਪਰ ਰੱਬ ਦੇ ਪਿਆਰਿਆਂ ਨੂੰ ਉਹ ਹੱਥ ਭੀ ਕਿਸਤਰ੍ਹਾਂ ਸਕਦੇ ਸਨ। ਸੰਤ ਗੁਰਮੁਖ ਸਿੰਘ ਜੀ ਪੁਜੇ ਤਾਂ ਉਹ ਅਗੋਂ ਸਵਾਗਤ ਲਈ ਕੁਟੀਆ ਵਿਚੋਂ ਨਿਕਲ ਆਏ ਅਤੇ ਸੱਚੇ ਪ੍ਰੇਮੀਆਂ ਵਾਂਗ ਗਲ ਲਗਕੇ ਮਿਲੇ। ਸੰਤ ਗੁਰਮੁਖ ਸਿੰਘ ਜੀ ਕਈ ਬਰਸ ਉਨ੍ਹਾਂ ਪਾਸ ਟਿਕੇ ਰਹੇ। ਸੇਵਾ ਦੀ ਚੇਟਕ ਉਨ੍ਹਾਂ ਨੂੰ ਪੱਕੀ ਤਰ੍ਹਾਂ ਇਥੋਂ ਹੀ ਲਗੀ। ਉਹ ਕਈ ਸਾਲ ਸੰਤ ਬ੍ਰਹਿਮ ਦਾਸ ਨੂੰ ਆਪਣੇ ਹਥਾਂ ਨਾਲ ਪ੍ਰਸ਼ਾਦ ਤਿਆਰ ਕਰਕੇ ਛਕਾਉਂਦੇ ਰਹੇ ਅਤੇ ਤਨ ਤੇ ਮਨ ਨਾਲ ਹੋਰ ਹਰ ਪ੍ਰਕਾਰ ਦੀ ਸੇਵਾ ਭੀ ਕਰਦੇ ਰਹੇ। ਉਨ੍ਹਾਂ ਨੇ ਕਈ

Sri Satguru Jagjit Singh Ji eLibrary NamdhariElibrary@gmail.com

ਵਾਰ ਸੰਤ ਬ੍ਰਹਿਮ-ਦਾਸ ਦੀ ਆਤਮ-ਸ਼ਕਤੀ ਦੀ ਪ੍ਰੀਖਿਆ ਲਈ ਤੇ ਸਦਾ ਉਨ੍ਹਾਂ ਦੀ ਤਸੱਲੀ ਹੁੰਦੀ ਰਹੀ। ਤਸੱਲੀ ਕਰਨ ਲਈ ਕਿ ਏਹ ਸੇਵਕ ਤਨ, ਮਨ ਤੇ ਧਨ ਅਰਪਨ ਕਰ ਚੁਕਾ ਹੈ ਕਿ ਨਹੀਂ। ਆਪ ਦੀਆਂ ਕਰੜੀਆਂ ਪ੍ਰੀਖਿਆਵਾਂ ਸਭ ਬ੍ਰਹਮ ਦਾਸ ਜੀ ਨੇ ਲਈਆਂ। ਸੇਵਾ ਨਾਲ ਇਨ੍ਹਾਂ ਨੇ ਉਹ ਸਭ ਕੁਝ ਪ੍ਰਾਪਤ ਕਰ ਲਿਆ ਜੋ ਸਤ ਬ੍ਰਹਿਮ ਦਾਸ ਜੀ ਪਾਸ ਸੀ। ਹੁਣ ਉਹ ਆਪਣੇ ਆਪ ਦੀ ਪ੍ਰੀਖਿਆ ਲੈਣ ਲਗੇ। ਸਚਮੁਚ ਹੀ ਉਹ ਭਗਤੀ ਦੇ ਉਸ ਉਚੇ ਅਸਥਾਨ ਪਰ ਪੁਜ ਚੁਕੇ ਸਨ ਕਿ ਜਿਥੇ ਜਾਕੇ ਭਗਵਾਨ ਨੂੰ ਭਗਤ ਦੀ ਗਲ ਮੰਨਣੀ ਹੀ ਪੈਂਦੀ ਹੈ।

ਗੁਰੂ ਨਾਨਕ ਦਰਸ਼ਨ

ਇਕ ਦਿਨ ਅਸਾਡੇ ਸੰਤ ਜੀ ਮਹਾਰਾਜ ਸੰਤ ਬ੍ਰਹਿਮ-ਦਾਸ ਜੀ ਦੇ ਆਸ਼ਰਮ ਵਿਚ ਆਪਣੀ ਇਕਾਂਤ ਕੁਟੀਆ ਵਿਚ ਤਪ ਕਰ ਰਹੇ ਸਨ, ਜੋ ਅਚਾਨਕ ਉਨ੍ਹਾਂ ਦੇ ਹਿਰਦੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿਤਰ ਦਰਸ਼ਨਾਂ ਦੀ ਇਛਿਆ ਉਤਪਨ ਹੋਈ ਗੁਰੂ ਮਹਾਰਾਜ ਦੇ ਚਰਨਾਂ ਦੀ ਯਾਦ ਨੂੰ ਹਿਰਦੇ ਵਿਚ ਰਖਕੇ ਅਰਦਾਸ ਕੀਤੀ ਕਿ ਹੇ ਗੁਰਦੇਵ ਦਰਸ਼ਨਾਂ ਦੀ ਪਿਆਸ ਬੁਝਾ। ਕਈ ਘੰਟੇ ਅਰਦਾਸ ਕਰਨ ਨਾਲ ਕੋਈ ਅਸਰ ਹੁੰਦਾ ਨਾ ਦਿਸਿਆ। ਉਧਰੋਂ ਪ੍ਰਸ਼ਾਦ ਦਾ ਵੇਲਾ ਹੋ ਗਿਆ, ਪਰੰਤੂ ਇਛਿਆ ਪੂਰਤੀ ਤੋਂ ਬਿਨਾਂ ਉਨ੍ਹਾਂ ਨੇ ਆਪਣੀ ਕੁਟੀਆ ਨੂੰ ਨਾਂ ਛਡਣ ਦਾ ਫੈਸਲਾ ਕਰ ਲਿਆ। ਅਰਦਾਸ ਕੀਤੀ – 'ਹੇ ਗੁਰੂ ਨਾਨਕ ਦੇਵ ਜੀ! ਅਜ ਆਪ ਜੀ ਦੇ ਦਰਸ਼ਨ ਜ਼ਰੂਰ ਕਰਨੇ ਹਨ। ਦਰਸ਼ਨ ਹੀ ਨਹੀਂ ਪ੍ਰਸ਼ਾਦ ਭੀ ਆਪ ਜੀ ਦੇ ਹਥੋਂ ਹੀ ਛਕਣਾ ਹੈ, ਜੇ ਤੁਸਾਂ ਇਹ ਮੇਹਰ ਨਾ ਕੀਤੀ ਤਾਂ ਮੇਰਾ ਮਰਨ ਵਰਤ ਸ਼ੁਰੂ ਹੈ ਤੇ ਏਸੇ ਤਰ੍ਹਾਂ ਭੁਖਾ ਰਹਿਕੇ ਪ੍ਰਾਣ ਤਿਆਗ ਦੇਵਾਂਗਾ।' ਸੰਤਾਂ ਦੀ ਇਸ ਅਰਦਾਸ ਵਿਚ ਧੰਨੇ ਭਗਤ

Sri Satguru Jagjit Singh Ji eLibrary NamdhariElibrary@gmail.com

ਜਿਹੀ ਦ੍ਰਿੜ੍ਹਤਾ ਦੇ ਭਾਵ ਸਨ, ਅਤੇ ਉਹ ਨਾ ਸੁਣੀ ਜਾਂਦੀ ਇਹ ਸੰਭਵ ਨਹੀਂ ਸੀ। ਉਹ ਸੁਣੀ ਭੀ ਗਈ ਤੇ ਪ੍ਰਵਾਨ ਭੀ ਹੋਈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪ੍ਰਤੱਖ ਰੂਪ ਵਿਚ ਆ ਕੇ ਦਰਸ਼ਨ ਦਿਤੇ। ਆਪਣੇ ਸੰਤਾਂ ਨੂੰ ਪ੍ਰਸ਼ਾਦ ਛਕਾਇਆ ਅਤੇ ਥਾਪਣਾ ਦੇ ਕੇ ਅਲੋਪ ਹੋ ਗਏ। ਸੰਤ ਹੁਣ ਆਪਣੇ ਆਪ ਨੂੰ ਧੰਨ ਸਮਝਣ ਲਗੇ।

ਦਸਮੇਸ਼ ਦਰਸ਼ਨ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਤੋਂ ਪਿਛੋਂ ਉਨ੍ਹਾਂ ਨੇ ਗੁਰਧਾਮਾਂ ਦੀ ਯਾਤਰਾ ਕਰਨੀ ਸ਼ੁਰੂ ਕਰ ਦਿਤੀ। ਸੰਗਤਾਂ ਨੂੰ ਲੈ ਕੇ ਦੋ ਵਾਰ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਲਈ ਗਏ। ਰਸਤੇ ਵਿਚ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅੰਮ੍ਰਿਤ ਬਾਣੀ ਦੀ ਬਰਖਾ ਕਰਕੇ ਰਸਤੇ ਦੀਆਂ ਸੰਗਤਾਂ ਨੂੰ ਭੀ ਤਾਰਦੇ ਰਹੇ।

ਇਕ ਵਾਰੀ ਆਪ ਜੀ ਨਾਲ ਸੰਤ ਸਾਧੂ ਸਿੰਘ ਜੀ ਪੈਦਲ ਸਫਰ ਕਰ ਰਹੇ ਸਨ। ਇਕ ਖੇਤ ਵਿਚੋਂ ਸੰਤ ਸਾਧੂ ਸਿੰਘ ਜੀ ਨੇ ਦੋ ਪਤੇ ਪੋਦੀਨੇ ਦੇ ਤੋੜਕੇ ਮੂੰਹ ਵਿਚ ਪਾ ਲਏ ਆਪ ਦੀ ਤਬੀਅਤ ਖਰਾਬ ਸੀ ਸੰਤ ਜੀ ਨੇ ਪਤਾ ਲਗਨ ਪਰ ਬਹੁਤ ਬੁਰਾ ਮਨਾਇਆ ਤਾਂ ਫਿਰ ਵਾਪਸ ਉਸ ਖੇਤ ਦੇ ਮਾਲਕ ਪਾਸ ਆਏ ਉਹ ਮੌਜੂਦ ਨਹੀਂ ਸੀ ਕਾਫੀ ਚਿਰ ਇੰਤਜ਼ਾਰ ਕਰਨ ਪਿਛੋਂ ਜਦੋਂ ਆਇਆ ਸੰਤ ਸਾਧੂ ਸਿੰਘ ਜੀ ਨੇ ਮੁਆਫੀ ਮੰਗੀ। ਉਹ ਹੈਰਾਨ ਸੀ ਸੰਤ ਸਾਧੂ ਸਿਘ ਜੀ ਨੇ ਉਸਦੇ ਪੈਰ ਫੜ ਲਏ ਗੁਰਮੁਖਾ ਮੈਨੂੰ ਸੰਤ ਸਾਹਿਬ ਨੇ ਉਸ ਸਮੇਂ ਮੁਆਫ ਕਰਨਾ ਤੇ ਸੇਵਾ ਫਿਰ ਬਖਸ਼ਨੀ ਹੈ ਜਦੋਂ ਤੁਸੀਂ ਦਾਸ ਨੂੰ ਮੁਆਫੀ ਦਿਉਗੇ ਵਰਨਾ ਮੇਰਾ ਲੋਕ ਪ੍ਰਲੋਕ ਖਤਮ ਹੈ ਤੁਸੀਂ ਜ਼ਰੂਰ ਮੇਹਰਬਾਨੀ ਕਰੋ। ਉਸ ਨੇ ਹੱਥ ਜੋੜ ਲਏ ਤੇ ਕਿਹਾ ਸਚੇ ਪਾਤਸ਼ਾਹ ਧੰਨ ਤੂੰ ਹੈ ਤੇ ਧੰਨ ਤੇਰੇ ਉਚੇ ਸੁਚੇ ਸੰਤ।

Sri Satguru Jagjit Singh Ji eLibrary NamdhariElibrary@gmail.com

ਆਖਰ ਜਦੋਂ ਕਿਹਾ ਮੈਂਨੇ ਮੁਆਫ ਕੀਤਾ ਤਾਂ ਸੰਤ ਸਾਹਿਬਾਨ ਆਪਣੇ ਰਾਹੇ ਪਏ।

ਸ੍ਰੀ ਹਜ਼ੂਰ ਸਾਹਿਬ ਪੁਜਕੇ ਆਪ ਦਸਮੇਸ਼ ਪਿਤਾ ਦੇ ਪਵਿਤਰ ਗੁਰਦੁਵਾਰਿਆਂ ਵਿਚ ਝਾੜੂ ਦਿੰਦੇ। ਸੰਗਤਾਂ ਦੇ ਚਰਨ ਧੋਣ ਵਾਲੇ ਚੁਬੱਚੇ ਸਾਫ ਕਰਦੇ। ਕਿਸੇ ਮੁਰੰਮਤ ਦੀ ਲੋੜ ਸਮਝਦੇ ਤਾਂ ਸੰਗਤਾਂ ਨੂੰ ਲੈ ਕੇ ਉਸ ਲਈ ਜੁਟ ਜਾਂਦੇ। ਭੁਖਿਆਂ ਲਈ ਲੰਗਰ ਦਾ ਪ੍ਰਬੰਧ ਕਰਦੇ ਅਤੇ ਨੰਗਿਆਂ ਨੂੰ ਬਸਤਰ ਵੰਡਦੇ। ਹਰ ਤੀਰਥ ਤੇ ਜਾ ਕੇ ਉਹ ਅਜਿਹਾ ਹੀ ਕੀਤਾ ਕਰਦੇ ਸਨ।

ਦੂਜੀ ਵਾਰੀ ਦਰਸ਼ਨਾਂ ਲਈ ਗਏ ਤਾਂ ਹਜ਼ੂਰ ਸਾਹਿਬ ਪਾਸ ਪੁਜ ਕੇ ਆਪਦੇ ਹਿਰਦੇ ਵਿਚ ਦਸ਼ਮੇਸ਼ ਪਿਤਾ ਦੇ ਦਰਸ਼ਨਾਂ ਦੀ ਇਛਿਆ ਪੈਦਾ ਹੋਈ। ਅਰਦਾਸ ਕੀਤੀ। ਪਰੇਮ ਦੇ ਬੱਝੇ ਹੋਏ ਦਸਮੇਸ਼ ਪਿਤਾ ਨੇ ਆਪਣੇ ਪਿਆਰੇ ਸਿਖ ਦੀ ਅਰਦਾਸ ਕਬੂਲ ਕਰਕੇ ਦਰਸ਼ਨ ਦਿਤੇ। ਮਾਨੋਂ ਅੱਗੋਂ ਆ ਕੇ ਉਨ੍ਹਾਂ ਦਾ ਸਵਾਗਤ ਕੀਤਾ। ਸੰਤਾਂ ਨੂੰ ਗਲ ਵਿਚ ਲਿਆ ਤੇ ਬਚਨ ਕੀਤਾ :—

ਪੂਤਾ ਮਾਤਾ ਕੀ ਆਸੀਸ ਨਿਮਖ ਨ ਬਿਸਰਉ
ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥

ਦਸਮੇਸ਼ ਪਿਤਾ ਨੇ ਇਹ ਸਾਰਾ ਸ਼ਬਦ ਪੜ੍ਹਿਆ ਅਤੇ ਆਪਣੇ ਪਿਆਰੇ ਗੁਰਸਿਖ ਸੰਤ ਨੂੰ ਬਹੁਤ ਸਾਰੇ ਵਰ ਦੇਕੇ ਨਿਵਾਜਿਆ ਅਤੇ ਗੁਰਦੁਵਾਰਿਆਂ ਦੀ ਸੇਵਾ ਕਰਨ ਲਈ ਥਾਪਣਾ ਦਿਤੀ।

ਸ੍ਰੀ ਸੰਤ ਸਾਧੂ ਸਿੰਘ ਜੀ ਭੀ ਬੜੇ ਪੁਜੇ ਹੋਏ ਸੰਤ ਸਨ, ਪਰੰਤੂ ਉਨ੍ਹਾਂ ਪ੍ਰਤੀ ਸ਼ੁਰੂ ਸ਼ੁਰੂ ਵਿਚ ਅਸਾਡੇ ਸੰਤਾਂ ਦੇ ਦਿਲ ਵਿਚ ਤਰ੍ਹਾਂ ਤਰ੍ਹਾਂ ਦੀਆਂ ਸ਼ੰਕਾਂ ਉਤਪਨ ਹੁੰਦੀਆਂ ਰਹਿੰਦੀਆਂ ਸਨ। ਇਕ ਦਿਨ ਦੋਵੇਂ ਸੰਤ ਹਜ਼ੂਰ ਸਾਹਿਬ ਨੂੰ ਜਾਂਦੇ ਹੋਏ ਇਕ ਪਹਾੜ ਵਿਚ ਦੀ ਵਿਚਰ ਰਹੇ ਸਨ। ਸੰਤ ਸਾਧੂ ਸਿੰਘ ਜੀ ਅਗੇ ਸਨ ਤੇ

Sri Satguru Jagjit Singh Ji eLibrary NamdhariElibrary@gmail.com

ਸੰਤ ਜੀ ਪਿਛੇ। ਅਚਾਨਕ ਉਨ੍ਹਾਂ ਦੇ ਹਿਰਦੇ ਵਿਚ ਇਛਿਆ ਉਤਪਨ ਹੋਈ ਕਿ ਸੰਤ ਸਾਧੂ ਸਿੰਘ ਜੀ ਉਨ੍ਹਾਂ ਨੂੰ ਗੁਰੂ ਨਾਨਕ ਦੇ ਰੂਪ ਵਿਚ ਦਰਸ਼ਨ ਦੇਣ।

ਇਸ ਇਛਿਆ ਦਾ ਉਪਜਣਾ ਹੀ ਸੀ ਕਿ ਕੀ ਵੇਖਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਪ੍ਰਤੱਖ ਰੂਪ ਵਿਚ ਉਨ੍ਹਾਂ ਦੇ ਸਾਹਮਣੇ ਹਨ। ਸਭ ਸ਼ੰਕੇ ਨਵਿਰਤ ਹੋ ਗਏ। ਹਿਰਦੇ ਵਿਚ ਪੂਰਾ ਭਰੋਸਾ ਤੇ ਸ਼ਰਧਾ ਪੈਦਾ ਹੋ ਗਈ। ਨਿਉਂ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨੂੰ ਫੜਨ ਲਗੇ, ਪਰੰਤੂ ਹੁਣ ਨਾ ਹੀ ਗੁਰੂ ਮਹਾਰਾਜ ਉਥੇ ਸਨ ਤੇ ਨਾਹੀ ਸੰਤ ਸਾਧੂ ਸਿੰਘ ਜੀ। ਉਨ੍ਹਾਂ ਨੇ ਆਪਣੇ ਵਾਹਿਗੁਰੂ ਦਾ ਇਸ ਲਈ ਲਖ ਲਖ ਧੰਨਵਾਦ ਕੀਤਾ। ਖਿਮਾ ਮੰਗੀ ਤੇ ਪ੍ਰਣ ਕੀਤਾ ਕਿ ਅਗੇ ਤੋਂ ਕਿਸੇ ਸੰਤ ਜਨ ਦੀ ਪ੍ਰੀਖਿਆ ਨਹੀਂ ਲੈਣੀ ਅਤੇ ਇਲਾਹੀ ਬਾਣੀ ਦੀ ਇਹ ਤੁਕ ਉਚਾਰਦੇ ਹੋਏ ਅਗੇ ਤੁਰ ਪਏ।

ਜਿਨੀ ਸਖੀਏ ਪ੍ਰਭੂ ਪਾਇਆ
ਹਉ ਤਿਨ ਕੈ ਸਦ ਬਲਿਹਾਰ॥

Sri Satguru Jagjit Singh Ji eLibrary NamdhariElibrary@gmail.com

ਕਾਂਡ ੪

ਸੰਤ ਜੀ ਸ੍ਰੀ ਅੰਮ੍ਰਿਤਸਰ ਵਿਚ ਆ ਗਏ

ਸਾਧ ਕੈ ਸੰਗਿ ਮੁਖ ਊਜਲ ਹੋਤ ॥
ਸਾਧ ਸੰਗਿ ਮਲੁ ਸਗਲੀ ਖੋਤ ॥
ਸਾਧ ਕੈ ਸੰਗਿ ਮਿਟੈ ਅਭਿਮਾਨ ॥
ਸਾਧ ਕੈ ਸੰਗਿ ਪ੍ਰਗਟੈ ਸੁ ਗਿਆਨ ॥
ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ ॥
ਸਾਧ ਸੰਗਿ ਸਭੁ ਹੋਤ ਨਿਬੇੜਾ ॥
ਸਾਧ ਕੈ ਸੰਗਿ ਪਾਏ ਨਾਮ ਰਤਨੁ ॥
ਸਾਧ ਕੈ ਸੰਗਿ ਏਕ ਊਪਰਿ ਜਤਨੁ ॥
ਸਾਧ ਕੀ ਮਹਿਮਾ ਬਰਨੈ ਕਉਨ ਪ੍ਰਾਨੀ ॥
ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ॥

ਪੂਰਨ ਸੰਤ ਆਪਣੇ ਵਾਹਿਗੁਰੂ ਤੋਂ ਬਿਨਾ ਨਹੀਂ ਰਹਿ ਸਕਦੇ। ਸੰਤ ਗੁਰਮੁਖ ਸਿੰਘ ਜੀ ਤਾਂ ਹੁਣ ਉਸ ਉਚੇ ਸਥਾਨ ਪਰ ਪੁਜ ਚੁਕੇ ਸਨ ਕਿ ਜਿਥੇ ਪੁਜਕੇ ਸੰਤ ਵਾਹਿਗੁਰੂ ਦਾ ਰੂਪ ਹੋ ਜਾਂਦਾ ਹੈ ਅਥਵਾ ਭਗਤ ਤੇ ਭਗਵਾਨ ਵਿਚ ਕੋਈ ਭਿੰਨ ਭੇਤ ਬਾਕੀ ਨਹੀਂ

Sri Satguru Jagjit Singh Ji eLibrary NamdhariElibrary@gmail.com

ਰਹਿੰਦਾ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਦਰਸ਼ਨ ਕਰਨ ਤੋਂ ਪਿਛੋਂ ਸੰਤਾਂ ਨੇ ਸ੍ਰੀ ਅੰਮ੍ਰਿਤਸਰ ਵਿਚ ਡੇਰੇ ਲਾਉਣ ਦਾ ਫੈਸਲਾ ਕਰ ਲਿਆ। ਇਸ ਸਮੇਂ ਗੁਰੂ ਦੀ ਇਸ ਮਹਾਨ ਨਗਰੀ ਵਿਚ ਲੋਕ ਵਾਹਿਗੁਰੂ ਨਾਮ ਤੋਂ ਦੂਰ ਜਾ ਰਹੇ ਸਨ ਅਤੇ ਇਥੋਂ ਦੇ ਪਵਿਤਰ ਗੁਰਧਾਮਾਂ ਅਤੇ ਪਵਿਤਰ ਸਰੋਵਰਾਂ ਦੀ ਘੋਰ ਬੇਅਦਬੀ ਹੋ ਰਹੀ ਸੀ।

ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥

ਗੁਰੂ ਧਾਮਾਂ ਦੀ ਸੇਵਾ ਅਤੇ ਗੁਰੂ ਬਾਣੀ ਦਾ ਪ੍ਰਵਾਹ ਚਲਾਉਣ ਲਈ ਸੰਤ ਜੀ ਮਹਾਰਾਜ ੧੯੬੦ ਬਿਕਰਮੀ ਮੁਤਾਬਕ ੧੯੦੩ ਈਸਵੀ ਵਿਚ ਅੰਮ੍ਰਿਤਸਰ ਦੀ ਪਵਿਤਰ ਨਗਰੀ ਵਿਚ ਪਧਾਰੇ। ਆਪ ਨੇ ਸਭ ਤੋਂ ਪਹਿਲਾਂ ਮਲਵਈ ਬੁੰਗੇ ਵਿਚ ਉਤਾਰਾ ਕੀਤਾ ਅਤੇ ਵਾਹਿਗੁਰੂ ਨਾਮ ਦਾ ਝੰਡਾ ਗੱਡਕੇ ਬੈਠ ਗਏ। ਇਥੇ ਹੀ ਪ੍ਰਸਿਧ ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ ਆਪ ਨੂੰ ਆਕੇ ਮਿਲੇ ਅਤੇ ਦੋਹਾਂ ਮਹਾਂਪੁਰਖਾਂ ਨੇ ਇਕ ਦੂਸਰੇ ਦੇ ਦਰਸ਼ਨ ਅਤੇ ਬਚਨ ਬਿਲਾਸ ਕਰਕੇ ਪ੍ਰਭੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਪ੍ਰਭੂ ਦੇ ਸਚੇ ਪਿਆਰਿਆਂ ਦਾ ਮੇਲ ਚੰਗੇ ਭਾਗਾਂ ਵਾਲਿਆਂ ਨੂੰ ਹੀ ਹੁੰਦਾ ਹੈ। ਸੰਤ ਸ਼ਾਮ ਸਿੰਘ ਜੀ ਨੇ ਦਰਸ਼ਨਾਂ ਦੀ ਤਾਂਘ ਨਾਲ ਸਤਿਗੁਰੂ ਪਾਸ ਅਰਜ਼ੋਈ ਕਰਨ ਲਈ ਇਹ ਸ਼ਬਦ ਪੜ੍ਹਿਆ।

ਮਾਧੋ ਸਾਧੂ ਜਨ ਦੇਹੁ ਮਿਲਾਇ
ਦੇਖਤ ਦਰਸੁ ਪਾਪ ਸਭਿ ਨਾਸਹਿ
ਪਵਿਤ੍ਰ ਪਰਮ ਪਦੁ ਪਾਇ॥

Sri Satguru Jagjit Singh Ji eLibrary NamdhariElibrary@gmail.com

ਸੰਤ ਸ਼ਾਮ ਸਿੰਘ ਜੀ ਨੇ ਇਹ ਸਾਰਾ ਸ਼ਬਦ ਪੜ੍ਹਿਆ ਅਤੇ ਦੋਵੇਂ ਗੁਰੂ-ਪਿਆਰੇ ਸੰਤ ਜੱਫੀਆਂ ਪਾ ਕੇ ਮਿਲੇ।

ਸੰਤ ਗੁਰਮੁਖ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਵਿਚ ਡੇਰੇ ਲਾਉਂਦੇ ਹੀ ਸ਼ਹੀਦ ਗੰਜ ਦੀ ਗਲੀ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਖੰਡ ਪਾਠ ਸ਼ੁਰੂ ਕਰਵਾ ਦਿਤੇ, ਗੁਰਬਾਣੀ ਦੀ ਅੰਮ੍ਰਿਤ ਬਰਖਾ ਦੇ ਨਾਲ ਹੀ ਸੰਤਾਂ ਨੇ ਪੁਜਦੇ ਹੀ ਸੇਵਾ ਦਾ ਜੱਗ ਭੀ ਲਾ ਦਿਤਾ। ਸੰਗਤਾਂ ਦੀ ਭਾਰੀ ਗਿਣਤੀ ਉਨ੍ਹਾਂ ਦੀ ਰੂਹਾਨੀ ਸ਼ਕਤੀ ਦਾ ਸਦਕਾ ਉਨ੍ਹਾਂ ਦੇ ਦੁਆਲੇ ਆ ਜੁੜੀ। ਜਿਸ ਨੂੰ ਨਾਲ ਲੈਕੇ ਉਹ ਤਿੰਨ ਪਹਿਰੇ ਦੇ ਤੜਕੇ ਤੋਂ ਅੱਧੀ ਅੱਧੀ ਰਾਤ ਤੀਕਰ ਸ੍ਰੀ ਬਬੇਕਸਰ ਰਾਮਸਰ, ਕੌਲਸਰ ਅਤੇ ਸਤੋਖ ਸਰ ਆਦਿ ਸਰੋਵਰਾਂ ਪਰ ਜਾਂਦੇ ਅਤੇ ਸਫਾਈ ਕਰਨ ਦੀ ਸੇਵਾ ਕਰਦੇ।

ਸੰਤ ਜਿਸ ਪ੍ਰੇਮੀ ਨੂੰ ਆਪਣੀ ਸੰਗਤ ਵਿਚ ਲੈਂਦੇ ਉਸੇ ਨੂੰ ਤਾਰ ਦਿੰਦੇ। ਸਭ ਤੋਂ ਪਹਿਲਾਂ ਉਨ੍ਹਾਂ ਤੋਂ ਨਾਲ ਹੀ ਤਿੰਨ ਪਹਿਰੇ ਦੇ ਤੜਕੇ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਪ੍ਰਣ ਲੈਂਦੇ ਕਿ ਗੁਰਬਾਣੀ ਪੜ੍ਹਾਂਗਾ, ਵਾਹਿਗੁਰੂ ਨਾਮ ਦਾ ਸਿਮਰਨ ਕਰਾਂਗਾ, ਮਾਸ ਸ਼ਰਾਬ ਤੇ ਪਰ ਇਸਤਰੀ ਦੇ ਨੇੜੇ ਨਹੀਂ ਜਾਵਾਂਗਾ, ਝੂਠ ਨਹੀਂ ਬੋਲਾਂਗਾ, ਚੋਰੀ ਨਹੀਂ ਕਰਾਂਗਾ ਅਤੇ ਦਸਾਂ ਨਹੁੰਆਂ ਦੀ ਕ੍ਰਿਤ ਕਰਕੇ ਤੇ ਵੰਡਕੇ ਛਕਾਂਗਾ।' ਇਹ ਪ੍ਰਣ ਲੈ ਕੇ ਹੀ ਸੰਤ ਕਿਸੇ ਨੂੰ ਅਪਣੇ ਡੇਰੇ ਵੜਨ ਦਿੰਦੇ ਸਨ ਅਤੇ ਪਰੇਮੀਆਂ ਤੋਂ ਜਪੁਜੀ ਸਾਹਿਬ ਦੇ ੬੦-੬੦ ਪਾਠ ਰੋਜ਼ ਕਰਾਉਂਦੇ ਸਨ, ਜਿਸ ਤੇ ਬਹੁਤ ਪ੍ਰਸੰਨ ਹੁੰਦੇ ਉਸ ਨੂੰ ਸ੍ਰੀ ਸੁਖਮਨੀ ਸਾਹਿਬ ਦੇ ੧੨ ਪਾਠ ਰੋਜ਼ਾਨਾ ਕਰਨ ਲਈ ਪ੍ਰੇਰਦੇ, ਸੁਖਮਨੀ ਸਾਹਿਬ ਤੇ ਜਪੁਜੀ ਸਾਹਿਬ ਦੇ ਵਖਰੇ ਵਖਰੇ ਗੁਟਕੇ ਹਜ਼ਾਰਾਂ ਦੀ ਗਿਣਤੀ ਵਿਚ ਕਿਤਾਬਾਂ ਵਾਲਿਆਂ ਨੂੰ ਛਾਪਣੇ ਪਏ, ਜੋ ਖੂਬ ਵਿਕਦੇ ਸਨ। ਸੰਤਾਂ ਦੇ ਪੁਜਦੇ ਹੀ ਅੰਮ੍ਰਿਤਸਰ ਵਿਚ ਰੂਹਾਨੀਅਤ ਦੀ ਇਕ ਨਵੀਂ ਲਹਿਰ ਚਲ ਪਈ। ਸਿਮਰਨ ਦਾ

Sri Satguru Jagjit Singh Ji eLibrary NamdhariElibrary@gmail.com

ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ

Sri Satguru Jagjit Singh Ji eLibrary
NamdhariElibrary@gmail.com

Sri Satguru Jagjit Singh Ji eLibrary NamdhariElibrary@gmail.com



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ (ਸੱਚਾ ਪਾਤਸ਼ਾਹ)

ਪ੍ਰਵਾਹ ਚਲਿਆ । ਸਤਿ ਸੰਗਤ ਦੇ ਨਵੇਂ ਤੇ ਸੁਹਾਵਣੇ ਦ੍ਰਿਸ਼ ਸਾਹਮਣੇ ਆਉਣ ਲਗੇ ਗੁਰੂ ਦਾ ਅਥਾਹ ਲੰਗਰ ਵਰਤਣਾ ਸ਼ੁਰੂ ਹੋ ਗਿਆ ।

ਸੰਤਾਂ ਦਾ ਇਹ ਲੰਗਰ ਕੇਵਲ ਪ੍ਰਾਣੀ ਮਾਤਰ ਲਈ ਹੀ ਨਹੀਂ ਸੀ, ਸਗੋਂ ਅਕਾਸ਼ ਤੇ ਉਡਨ ਵਾਲੇ ਪੰਛੀਆਂ ਤੇ ਬੇਜਬਾਨਾਂ ਕੁਤਿਆਂ ਨੂੰ ਭੀ ਉਸ ਵਿਚੋਂ ਖੁਲ੍ਹਾ ਹਿਸਾ ਮਿਲਦਾ ਸੀ। ਉਹ ਸਵੇਰੇ ਬਹੁਤ ਸਾਰੇ ਪ੍ਰਸ਼ਾਦੇ ਅਤੇ ਦਾਣੇ ਲੈ ਕੇ ਨਹਿਰ ਪਰ ਚਲੇ ਜਾਂਦੇ ਅਤੇ ਜਾਨਵਰਾਂ ਤੇ ਪੰਛੀਆਂ ਲਈ ਖੁਲ੍ਹਾ ਲੰਗਰ ਵਰਤਾਉਂਦੇ। ਪਵਿਤਰ ਗੁਰਧਾਮਾਂ ਦੇ ਆਲੇ ਦੁਆਲੇ ਰਹਿਣ ਵਾਲੇ ਕਬੂਤਰਾਂ ਤੇ ਹੋਰ ਪੰਛੀਆਂ ਲਈ ਆਪ ਇਕ ਇਕ ਬੋਰੀ ਛੋਲਿਆਂ ਦੀ ਰੋਜ਼ ਸੁਟਵਾ ਦਿਤਾ ਕਰਦੇ ਸਨ ।

ਸੰਤ ਸ਼ਾਮ ਸਿੰਘ ਜੀ ਵਧੇਰੇ ਇਨ੍ਹਾਂ ਸੰਤਾਂ ਦੀ ਸੰਗਤ ਵਿਚ ਹੀ ਰਿਹਾ ਕਰਦੇ ਸਨ । ਇਹ ਦੋਵੇਂ ਪੁਜੇ ਹੋਏ ਸੰਤ ਪਵਿਤਰ ਸਰੋਵਰਾਂ ਤੇ ਗੁਰਧਾਮਾਂ ਦੀ ਹੋ ਰਹੀ ਬੇਅਦਬੀ ਵੇਖ ਕੇ ਉਸਨੂੰ ਦੂਰ ਕਰਨ ਲਈ ਹਰ ਸਮੇਂ ਸੋਚਦ ਰਹਿੰਦੇ ਸਨ। ਅੰਤ ਜਦ ਸ੍ਰੀ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦੇ ਪਵਿਤ੍ਰ ਸਰੋਵਰ ਸੰਤੋਖ ਸਰ ਦੀ ਹੋਂਦ ਖਤਰੇ ਪਈ ਤਾਂ ਇਨ੍ਹਾਂ ਤੋਂ ਨਾ ਰਿਹਾ ਗਿਆ ਅਤੇ ਇਨ੍ਹਾਂ ਨੇ ਗੁਰਧਾਮਾਂ ਦੀ ਸੇਵਾ ਦਾ ਮਹਾਨ ਕੁੰਭ ਸ਼ੁਰੂ ਕਰ ਦਿਤਾ ।

ਸੰਤੋਖ ਸਰ ਦੀ ਸੇਵਾ

ਗੁਰਧਾਮਾਂ ਦੀ ਸੇਵਾ ਦਾ ਮਹਾਨ ਕੁੰਭ ਸੰਤ ਗੁਰਮੁਖ ਸਿੰਘ ਜੀ ਨੇ ਕਿਸ ਤਰ੍ਹਾਂ ਸ਼ੁਰੂ ਕੀਤਾ ? ਇਸ ਪ੍ਰਸ਼ਨ ਦਾ ਉਤਰ ਇਸਤਰ੍ਹਾਂ ਮਿਲਦਾ ਹੈ ।

Sri Satguru Jagjit Singh Ji eLibrary NamdhariElibrary@gmail.com

ਸੰਤੋਖ ਸਰ ਸਰੋਵਰ ਦੀ ਉਸ ਸਮੇਂ ਭਾਰੀ ਬੇਅਦਬੀ ਹੋ ਰਹੀ ਸੀ। ਸਰੋਵਰ ਦਾ ਅੱਧਾ ਹਿਸਾ ਲੋਕਾਂ ਨੇ ਕੂੜਾ ਕਰਕਟ ਸੁਟਕੇ ਭਰ ਦਿਤਾ ਸੀ ਅਤੇ ਬਾਕੀ ਅੱਧ ਵਿਚ ਬੇੜੀ ਚਲਿਆ ਕਰਦੀ ਸੀ। ਲੋਕ ਇਥੋਂ ਹੀ ਕਪੜੇ ਧੋਂਦੇ ਅਤੇ ਟੱਟੀ ਵਾਲੇ ਹੱਥ ਧੋਇਆ ਕਰਦੇ ਸਨ। ਆਲੇ ਦੁਆਲੇ ਇਤਨਾ ਗੰਦ ਸੀ ਕਿ ਨੱਕ ਨਹੀਂ ਸੀ ਦਿਤਾ ਜਾਂਦਾ । ਟਾਊਨ ਹਾਲ ਦੇ ਲਾਗੇ ਸਰੋਵਰ ਦੀ ਇਸ ਮਹਾਨ ਬੇਅਦਬੀ ਦੇ ਕਾਰਨ ਬੇਪਨਾਹ ਮਛਰ ਤੇ ਮਖੀਆਂ ਹੁੰਦੀਆਂ ਸਨ ਅਤੇ ਸ਼ਹਿਰ ਦੇ ਕੇਂਦਰ ਵਿਚ ਰੋਗਾਂ ਦਾ ਇਹ ਭਾਰਾ ਗੜ੍ਹ ਮਲੂਮ ਹੋ ਰਿਹਾ ਸੀ। ਜਿਸ ਕਰਕੇ ਸ਼ਹਿਰ ਦੀ ਮਿਉਂਸੀਪਲ ਕਮੇਟੀ ਨੇ ਇਸ ਸਰੋਵਰ ਨੂੰ ਪੂਰਨ ਦਾ ਰੈਜ਼ੂਲਿਉਸ਼ਨ ਪਾਸ ਕਰ ਦਿਤਾ।

ਇਹ ਖਬਰ ਜਦ ਸ਼ਹੀਦ ਬੁੰਗੇ ਸੰਤਾਂ ਦੇ ਡੇਰੇ ਪੁਜੀ ਤਾਂ ਸ੍ਰੀ ਸੰਤ ਗੁਰਮੁਖ ਸਿੰਘ ਜੀ ਤੇ ਸੰਤ ਸ਼ਾਮ ਸਿੰਘ ਜੀ ਦੋਵੇਂ ਬੈਠੇ ਹੋਏ ਏਸੇ ਵਿਸ਼ੇ ਪਰ ਹੀ ਗਲ ਬਾਤ ਕਰ ਰਹੇ ਸਨ। ਇਹ ਖਬਰ ਮਿਲਦਿਆਂ ਹੀ ਦੋਹਾਂ ਨੇ ਫੈਸਲਾ ਕਰ ਲਿਆ ਕਿ ਉਹ ਸ੍ਰੀ ਗੁਰੂ ਰਾਮਦਾਸ ਤੇ ਗਰ ਅਰਜਨ ਦੇਵ ਜੀ ਮਹਾਰਾਜ ਦੇ ਲਾਏ ਹੋਏ ਇਸ ਸਰੋਵਰ ਨੂੰ ਇਹ ਕਦੇ ਨਹੀਂ ਮਿਟਣ ਦੇਣਗੇ।

ਭਰੇ ਦੀਵਾਨ ਵਿਚ ਉਸ ਦਿਨ ਜਦ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ-ਬਾਣੀ ਦੀ ਵਿਆਖਿਆ ਕੀਤੀ ਤਦ ਨਾਲ ਹੀ ਸੰਤੋਖ ਸਰ ਦੀ ਸੇਵਾ ਸ਼ੁਰੂ ਕਰਨ ਦਾ ਏਲਾਨ ਭੀ ਕਰ ਦਿਤਾ ।

ਗੁਰਸਿਖਾਂ ਵਿਚ ਸੇਵਾ ਨੂੰ ਸਭ ਤੋਂ ਵਡਾ ਸੁਭਾਗ ਸਮਝਿਆ ਜਾਂਦਾ ਹੈ। ਇਸ ਲਈ ਸੰਤਾਂ ਦੇ ਹੁਕਮ ਨੂੰ ਸੁਣਦੇ ਹੀ ਸੰਗਤਾਂ ਵਿਚ ਖਸ਼ੀ ਦੀ ਲਹਿਰ ਦੌੜ ਗਈ। ਅਗਲੇ ਸਵੇਰ ਸੰਤਾਂ ਨੇ ਸੰਤੋਖ ਸਰ ਪੁਰ ਜਾ ਡੇਰੇ ਲਾਏ ਅਤੇ ਕਾਰ-ਸੇਵਾ ਦਾ ਪਵਿਤਰ ਕਾਰਜ ਅਰੰਭ ਹੋ ਗਿਆ। ਸ਼ਹਿਰ ਤੇ ਆਲੇ ਦੁਆਲੇ ਪਿੰਡਾਂ ਤੋਂ ਹਜ਼ਾਰਾਂ ਇਸਤਰੀ ਪੁਰਸ਼ ਪੁਜਦੇ ਅਤੇ ਸੇਵਾ ਕਰਕੇ ਆਪਣਾ ਜੀਵਨ ਸਫਲਾ ਕਰਨ

Sri Satguru Jagjit Singh Ji eLibrary NamdhariElibrary@gmail.com

ਲਗੇ । ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਅਤੇ 'ਸਤਿਨਾਮ' 'ਵਾਹਿਗੁਰੂ' ਦੇ ਮਿਠੇ ਉਚਾਰਨ ਨਾਲ ਸਤਿਜੁਗੀ ਨਜ਼ਾਰਾ ਬਣ ਗਿਆ । ਸੰਤਾਂ ਦੇ ਹੁਕਮ ਅਨੁਸਾਰ ਸਭ ਤੋਂ ਪਹਿਲਾਂ ਉਹ ਮਲਬਾ ਹਟਾਇਆ ਗਿਆ, ਜਿਸ ਨਾਲ ਅੱਧਾ ਸਰੋਵਰ ਪੂਰਿਆ ਹੋਇਆ ਸੀ । ਸੰਤ ਹੋਰ ਸੰਗਤਾਂ ਦੇ ਨਾਲ ਆਪ ਭੀ ਟੋਕਰੀ ਚੁਕਦੇ ਤੇ ਸੇਵਾ ਵਿਚ ਵਧ ਚੜ੍ਹਕੇ ਹਿਸਾ ਲੈਂਦੇ । ਸੰਗਤਾਂ ਵਿਚ ਅਥਾਹ ਉਤਸ਼ਾਹ ਤੇ ਪਰੇਮ ਸੀ । ਮਾਈਆਂ ਭੀ ਘਰ ਤੋਂ ਪ੍ਰਸ਼ਾਦੇ ਤਿਆਰ ਕਰਕੇ ਲੰਗਰ ਲਈ ਲਿਆਉਂਦੀਆਂ ਅਤੇ ਸਿਰ ਤੇ ਟੋਕਰੀ ਚੁਕਦੀਆਂ । ਸੰਤ ਏਥੇ ਸਭ ਨੂੰ ਵਾਹਿਗੁਰੂ ਨਾਮ ਦੇ ਸਿਮਰਨ ਵਿਚ ਲਾਈ ਰਖਦੇ ਅਤੇ ਕੋਈ ਵਿਹਾਰੀ ਜਾਂ ਸੰਸਾਰੀ ਗੱਲ ਨਹੀਂ ਸਨ ਕਰਨ ਦਿੰਦੇ ।

ਸੰਤੋਖ ਸਰ ਦੀ ਸੇਵਾ ਸ਼ੁਰੂ ਹੁੰਦੇ ਸਾਰ ਹੀ ਗੁਰਮੁਖ ਪਿਆਰੇ ਦਾਨੀਆਂ ਨੇ ਆਪਣੀਆਂ ਪੇਟੀਆਂ ਦੇ ਬੂਹੇ ਗੁਰੂ ਘਰ ਦੀ ਸੇਵਾ ਲਈ ਖੋਹਲ ਦਿਤੇ । ਲੱਖਾਂ ਰੁਪੈ ਆਉਣ ਲਗੇ । ਉਨ੍ਹਾਂ ਨੇ ਇਹ ਪ੍ਰਣ ਕੀਤਾ ਹੋਇਆ ਸੀ ਕਿ ਸੰਗਤਾਂ ਦੀ ਇਕੱਤਰ ਕੀਤੀ ਮਾਇਆ ਨੂੰ ਹਥ ਨਹੀਂ ਲਾਉਣਾ । ਉਨ੍ਹਾਂ ਦੇ ਮ ਇਆ ਸੰਭਾਲਣ ਲਈ ਇਕ ਖਜ਼ਾਨਚੀ ਨਿਯਤ ਕਰ ਦਿਤਾ ਅਤੇ ਆਮਦਨ ਖਰਚ ਨੂੰ ਠੀਕ ਤਰ੍ਹਾਂ ਕਰਨ ਲਈ ਇਕ ਕਮੇਟੀ ਬਣਾ ਦਿਤੀ ਸੀ ।

ਸੰਤਾਂ ਨੇ ਪਹਿਲਾਂ ਸੰਤੋਖ ਸਰ ਦਾ ਮਲਬਾ ਕਢਵਾਕੇ ਸਾਫ ਕਰਵਾਇਆ, ਫੇਰ ਕਾਰ ਸੇਵਾ ਕਰਵਾਕੇ ਸਰੋਵਰ ਦਾ ਫਰਸ਼ ਤੇ ਪੌੜੀਆਂ ਨਵੀਆ ਬਣਵਾਈਆਂ ਅਤੇ ਉਸ ਦੇ ਪਿਛੋਂ ਪ੍ਰਕਰਮਾਂ ਭੀ ਬਣਵਾ ਦਿਤੀਆਂ । ਇਸ ਤਰ੍ਹਾਂ ਆਪਣੇ ਸਤਿਗੁਰਾਂ ਦੇ ਲਾਏ ਹੋਏ ਪਵਿਤਰ ਸਰੋਵਰ ਸੰਤੋਖ ਸਰ ਦੀ ਸ਼ਾਨ ਮੁੜ ਕਾਇਮ ਕਰ ਦਿਤੀ ।

ਗੁਰੂ ਮਹਾਰਾਜ ਦੀ ਕਿਰਪਾ ਨਾਲ ਜਦ ਇਹ ਸ਼ੁਭ ਕਾਰਜ ਸਿਰੇ ਚੜ੍ਹ ਗਿਆ ਤਾਂ ਸੰਗਤਾਂ ਨੇ ਬਨਤੀ ਕੀਤੀ ਮਹਾਰਾਜ !' ਨਹਿਰ ਦਾ ਜਿਹੜਾ ਜੱਲ ਇਸ ਸਰੋਵਰ ਵਿਚ ਪੈਂਦਾ ਹੈ, ਉਹ ਸ਼ਹਿਰ ਦੇ ਵਿਚ ਦੀ ਆਉਣ ਕਰਕੇ ਉਸਦੀ ਬੇਅਦਬੀ ਹੁੰਦੀ ਹੈ ।

Sri Satguru Jagjit Singh Ji eLibrary NamdhariElibrary@gmail.com

ਲੋਕ ਜੰਗਲ-ਪਾਣੀ ਜਾ ਕੇ ਹੱਥ ਤੇ ਕਪੜੇ ਧੋਂਦੇ ਹਨ ਤੇ ਜਲ-ਅਪਵਿਤਰ ਹੋ ਜਾਂਦਾ ਹੈ। ਅਜਿਹਾ ਨਹੀਂ ਹੋਣਾ ਚਾਹੀਦਾ। ਸੰਤਾਂ ਨੇ ਫੁਰਮ ਇਆ—'ਬਹੁਤ ਚੰਗਾ ਭਾਈ ! ਅਜਿਹਾ ਨਹੀਂ ਹੋਵੇਗਾ।' ਉਸੇ ਵੇਲ਼ੇ ਹੰਸਲੀ ਛਤਣ ਤੇ ਪੱਕੀ ਬਨਾਉਣ ਲਈ ਅਰਦਾਸਾ ਸੋਧਿਆ ਗਿਆ ਅਤੇ ਕਾਰਜ ਸ਼ੁਰੂ ਕਰ ਦਿਤਾ ਗਿਆ। ਪਹਿਲਾਂ ਘੀ ਮੰਡੀ ਦੇ ਬਾਹਰ ਤੋਂ ਲੈ ਕੇ ਸਰੋਵਰ ਤਕ ਹੰਸਲੀ ਬਣਾਈ ਅਤੇ ਫੇਰ ਸੀਮਿੰਟ ਦੇ ਫਰਮੇ ਬਣਾਕੇ ਉਸ ਵਿਚ ਰਖਕੇ ਪੱਕੀ ਕਰ ਦਿਤੀ। ਇਸ ਛਤੀ ਹੋਈ ਹੰਸਲੀ ਦੁਵਾਰਾ ਹੁਣ ਪਵਿਤਰ ਜੱਲ ਇਸ ਸਰੋਵਰ ਤਕ ਪੁਜਦਾ ਹੈ ਤੇ ਉਸਦੀ ਬੇਅਦਬੀ ਨਹੀਂ ਹੁੰਦੀ।

ਸ੍ਰੀ ਸੰਤੋਖ ਸਰ ਸਾਹਿਬ ਅਤੇ ਇਸ ਹੰਸਲੀ ਦੀ ਸੇਵਾ ਦਸ ਸਾਲ ਹੁੰਦੀ ਰਹੀ ਅਤੇ ਕਈ ਲਖ ਰੁਪੈ ਇਸ ਪਰ ਖਰਚ ਆਏ।

ਸੰਤੋਖ ਸਰ ਦੀ ਸੇਵਾ ਦੇ ਸਮੇਂ ਸੰਤ ਗੁਰਮੁਖ ਸਿੰਘ ਜੀ ਦੀਆਂ ਜੋ ਜ਼ਾਹਰਾ ਕਰਾਮਾਤਾਂ ਸੰਗਤਾਂ ਨੇ ਵੇਖੀਆਂ, ਉਨ੍ਹਾਂ ਵਿਚੋਂ ਨਮੂਨੇ ਮਾਤਰ ਦੋ ਅਸੀਂ ਹੇਠਾਂ ਦੇਂਦੇ ਹਾਂ :—

ਅੰਮ੍ਰਿਤਸਰ ਸ਼ਹਿਰ ਦੀ ਇਕ ਬੀਬੀ ਵੀਰੋ ਦੇ ਹੱਥ ਪੈਰ ਜੁੜੇ ਹੋਏ ਸਨ। ਉਹ ਮੁੰਟਿਆਰ ਹੋ ਗਈ ਪਰ ਨਾਂ ਚਲ ਫਿਰ ਸਕਦੀ ਸੀ, ਨਾ ਕੋਈ ਕੰਮ ਕਰ ਸਕਦੀ ਸੀ ਅਤੇ ਨਾ ਹੀ ਆਪਣੇ ਆਪ ਖਾ ਪੀ ਹੀ ਸਕਦੀ ਸੀ। ਉਸ ਦੀ ਇਸ ਹਾਲਤ ਨੂੰ ਵੇਖਕੇ ਉਸ ਦੇ ਮਾਤਾ ਪਿਤਾ ਬੜੇ ਦੁਖੀ ਹੋ ਰਹੇ ਸਨ । ਉਨ੍ਹਾਂ ਨੂੰ ਸਮਝ ਨਹੀਂ ਸੀ ਆਉਂਦੀ ਕਿ ਉਨ੍ਹਾਂ ਦੀ ਇਸ ਬੱਚੀ ਦਾ ਕੀ ਬਣੇਗਾ। ਆਖਰ ਉਨ੍ਹਾਂ ਨੇ ਸੰਤਾਂ ਦੀ ਸ਼ਰਣੀ ਲਗਣ ਦਾ ਫੈਸਲਾ ਕਰ ਲਿਆ, ਬੀਬੀ ਨੂੰ ਚੁਕ ਕੇ ਡਰੇ ਲੈ ਆਏ ਤੇ ਸੰਤਾਂ ਦੇ ਚਰਨਾਂ ਵਿਚ ਰਖ ਦਿਤਾ। ਬੇਨਤੀ ਕੀਤੀ—ਮਹਾਰਾਜ ਇਸ ਬੱਚੀ ਦਾ ਰੋਗ ਕੱਟਕੇ ਇਸ ਨੂੰ ਜੀਵਨ ਦਾਨ ਦਿਓ। ਸੰਤ ਇਸ ਸਮੇਂ ਮੇਹਰ ,ਦੇ ਘਰ ਵਿਚ ਆਏ ਹੋਏ ਸਨ।

ਫੁਰਮਾਇਆ:—'ਪੁਤਰੀ ਤੇਰੇ ਰੋਗ ਗੁਰੂ ਨਾਨਕ ਦੇਵ ਨੇ

Sri Satguru Jagjit Singh Ji eLibrary NamdhariElibrary@gmail.com

ਕੱਟ ਦਿਤੇ ਹਨ ਪਰ ਤੈਨੂੰ ਬਾਰਾਂ ਵਰ੍ਹੇ ਗੁਰੂ ਘਰ ਦੀ ਸੇਵਾ ਕਰਨੀ ਹੋਵੇਗੀ ਤੇ ਸਵਾਸ ਸਵਾਸ ਵਾਹਿਗੁਰੂ ਨਾਮ ਦਾ ਸਿਮਰਨ ਕਰਨਾ ਹੋਵੇਗਾ।' ਬੀਬੀ ਵੀਰੋ ਨੇ 'ਸਤਿ ਬਚਨ' ਆਖ ਕੇ ਸੰਤਾਂ ਦੇ ਚਰਨ ਛੋਹੇ। ਉਸ ਦਾ ਰੋਗ ਕੱਟਿਆ ਗਿਆ ਅਤੇ ਉਹ ਨੌ-ਬਰਨੌ ਹੋ ਕੇ ਆਪ ਤੁਰਨ ਫਿਰਨ ਤੇ ਹੱਥੀਂ ਕੰਮ ਕਾਜ ਕਰਨ ਲਗੀ, ਅਤੇ ਸੰਤਾਂ ਦੇ ਹੁਕਮ ਅਨੁਸਾਰ ਵਾਹਿਗੁਰੂ ਨਾਮ ਦੇ ਸਿਮਰਨ ਅਤੇ ਗੁਰੂ ਘਰ ਦੀ ਸੇਵਾ ਵਿਚ ਲਗ ਗਈ।

ਹਰੀ ਰਾਮ ਨਾਮ ਦਾ ਇਕ ਸੱਜਣ ਸੰਤਾਂ ਦਾ ਬਹੁਤ ਹੀ ਸ਼ਰਧਾਲੂ ਸੀ! ਉਹ ਇਕ ਵੱਡੀ ਕ ਰੋਬਾਰੀ ਫਰਮ ਦਾ ਕਰਿੰਦਾ ਸੀ, ਪਰੰਤੂ ਆਪਣੇ ਕੰਮ ਤੋਂ ਵੇਹਲਾ ਹੁੰਦਾ ਹੀ ਸੰਤਾਂ ਦੇ ਡੇਰੇ ਪੁਜਕੇ ਸੇਵਾ ਵਿਚ ਜੁਟ ਜਾਇਆ ਕਰਦਾ ਸੀ ਅਤੇ ਸੰਤਾਂ ਦੀ ਸੇਵਾ ਵਿਚ ਹੀ ਰਾਤ ਨੂੰ ਸੌਂ ਰਹਿੰਦਾ ਸੀ। ਇਕ ਦਿਨ ਉਹ ਆਪਣੇ ਮਾਲਕਾਂ ਦੀ ਉਗਰਾਹੀ ਕਰਕੇ ਹਜ਼ਾਰ ਰੁਪੈ ਦੀ ਰਕਮ ਭੀ ਥੈਲੀ ਵਿਚ ਪਾਕੇ ਨਾਲ ਹੀ ਲੈ ਆਇਆ। ਥੈਲੀ ਉਸ ਨੇ ਅਲਮਾਰੀ ਵਿਚ ਰਖ ਦਿਤੀ ਤੇ ਜੰਦਰਾ ਮਾਰਕੇ ਸੇਵਾ ਵਿਚ ਜੁਟ ਗਿਆ।

ਅਗਲੀ ਸਵੇਰ ਜਦ ਉਹ ਮੁੜ ਕੰਮ ਤੇ ਜਾਣ ਲਗਾ ਤਾਂ ਉਸ ਨੇ ਅਲਮਾਰੀ ਖੋਹਲੀ, ਤਾਂ ਜੋ ਥੈਲੀ ਲੈ ਲਵੇ ਤੇ ਰਕਮ ਜਾ ਕੇ ਮਾਲਕਾਂ ਪਾਸ ਜਮਾਂ ਕਰਾ ਦੇਵੇ, ਪਰੰਤੂ ਅਲਮਾਰੀ ਖੋਹਲਦੇ ਹੀ ਉਸ ਦੇ ਹੱਥਾਂ ਦੇ ਤੋਤੇ ਉਡ ਗਏ, ਕਿਉਂਕਿ ਥੈਲੀ ਉਥੇ ਕੋਈ ਨਹੀਂ ਸੀ। ਗ਼ੀਬ ਆਦਮੀ ਸੀ, ਬੜਾ ਘਬਰਾਇਆ। ਸਭ ਨੇ ਚੰਗੀ ਤਰ੍ਹਾਂ ਅਲਮਾਰੀ ਫੋਲੀ। ਸਭ ਚੀਜ਼ਾਂ ਬਾਹਰ ਕਢ ਦਿਤੀਆਂ, ਪ੍ਰੰਤੂ ਥੈਲੀ ਉਥੇ ਕੋਈ ਨਹੀਂ ਸੀ। ਵਿਚਾਰੇ ਦੀਆਂ ਅੱਖਾਂ ਵਿਚ ਅਥਰੂ ਆ ਗਏ ਉਸ ਨੂੰ ਆਪਣੀ ਤਬਾਹੀ ਸਾਫ ਨਜ਼ਰ ਆ ਰਹੀ ਸੀ। ਉਸ ਪਾਸ ਇਤਨੀ ਪੂੰਜੀ ਨਹੀਂ ਸੀ, ਜੋ ਇਤਨੀ ਰਕਮ ਪੂਰੀ ਕਰਕੇ ਦੇ ਸਕਦਾ।

ਇਸ ਚੋਰੀ ਦਾ ਸਾਰੇ ਡੇਰੇ ਵਿਚ ਹੀ ਨਹੀਂ, ਸਗੋਂ ਸੇਵਾ

Sri Satguru Jagjit Singh Ji eLibrary NamdhariElibrary@gmail.com

ਕਰਨ ਵਾਲੀਆਂ ਸਾਰੀਆਂ ਸੰਗਤਾਂ ਵਿਚ ਭੀ ਭਾਰੀ ਰੌਲਾ ਪੈ ਗਿਆ। ਸੰਤ ਜੀ ਆਪਣੇ ਡੇਰੇ ਪੁਜੇ। ਭਾਈ ਹਰੀ ਰਾਮ ਉਦਾਸ ਤੇ ਨਿਮੋਝੂਣਾ ਹੋਇਆ ਬੈਠਾ ਸੀ ਅਤੇ ਉਸਦੀਆਂ ਅਖਾਂ ਵਿਚੋਂ ਅਥਰੂ ਵੱਗ ਰਹੇ ਸਨ। ਅਲਮਾਰੀ ਖਾਲਮ ਖਾਲੀ ਖੁਲੀ ਪਈ ਸੀ। ਸੰਤਾਂ ਨੇ ਆਉਂਦਿਆਂ ਹੀ ਅਲਮਾਰੀ ਦੇ ਬੂਹੇ ਬੰਦ ਕਰ ਦਿਤੇ ਤੇ ਹਰੀ ਰਾਮ ਦੇ ਲਾਗੇ ਜਾ ਖੜੋਤੇ। ਹਰੀ ਰਾਮ ਨੇ ਸੰਤਾਂ ਦੇ ਚਰਨ ਫੜ ਲਏ ਤੇ ਬੇਨਤੀ ਕੀਤੀ—'ਮਹਾਰਾਜ ਮੈਨੂੰ ਇਸ ਤਬਾਹੀ ਤੋਂ ਬਚਾਓ!' ਸੰਤਾਂ ਨੇ ਉਸਨੂੰ ਬਾਂਹ ਤੋਂ ਫੜਕੇ ਉਠਾ ਲਿਆ ਤੇ ਫੁਰਮਾਇਆ—'ਭਾਈ! ਤੇਰੀ ਥੈਲੀ ਅਲਮਾਰੀ ਵਿਚ ਪਈ ਹੋਈ ਏ ਪਰ ਤੈਨੂੰ ਦਿਸਦੀ ਨਹੀਂ!'

'ਮਹਾਰਾਜ ਮੈਂ ਤੇ ਇਹ ਸਾਰੇ ਸਜਣ ਵੇਖ ਚੁਕੇ ਹਨ। ਸਾਰੀ ਅਲਮਾਰੀ ਖਾਲੀ ਕਰ ਦਿਤੀ ਗਈ ਏ ਪਰ ਕੁਝ ਨਹੀਂ ਮਿਲਿਆ!' ਭਾਈ ਹਰੀ ਰਾਮ ਨੇ ਦੂਸਰੇ ਆਦਮੀਆਂ ਵਲ ਇਸ਼ਾਰਾ ਕਰਦੇ ਹੋਏ ਬੇਨਤੀ ਕੀਤੀ।

ਦੂਸਰੇ ਆਦਮੀਆਂ ਨੇ ਭੀ ਉਸ ਦੀ ਗਲ ਦੀ ਹਾਮੀ ਭਰੀ।

ਸੰਤ ਬੋਲੇ—'ਭਾਈ ਤੂੰ ਅਲਮਾਰੀ ਖੋਹਲ ਕੇ ਚੰਗੀ ਤਰ੍ਹਾਂ ਵੇਖ।'

ਭਾਈ ਹਰੀ ਰਾਮ ਨੇ ਸਤਿ ਬਚਨ ਆਖ ਕੇ ਅਲਮਾਰੀ ਖੋਲ੍ਹੀ ਤਾਂ ਉਸਦੀ ਉਹੋ ਥੈਲੀ ਪਈ ਹੋਈ ਸੀ। ਰਕਮ ਗਿਣੀ ਤਾਂ ਪੂਰੇ ਹਜ਼ਾਰ ਰੁਪੈ ਸਨ। ਹਰ ਪਾਸਿਓਂ ਸੰਤਾਂ ਦੀ ਇਸ ਜ਼ਾਹਰਾ ਕਰਾਮਾਤ ਪਰ ਧੰਨ ਧੰਨ ਤੇ ਵਾਹ ਵਾਹ ਹੋਣ ਲਗੀ। ਹਜ਼ਾਰਾਂ ਸਿਰ ਉਨ੍ਹਾਂ ਦੇ ਸਤਿਕਾਰ ਵਿਚ ਝੁਕ ਗਏ, ਪਰੰਤੂ ਸੰਤਾਂ ਨੂੰ ਇਸ ਨਾਲ ਕੋਈ ਖੁਸ਼ੀ ਨਹੀਂ ਹੋਈ, ਸਗੋਂ ਉਹ ਭਾਈ ਹਰੀ ਰਾਮ ਨਾਲ ਗੁਸੇ ਹੋ ਗਏ। ਕਹਿਣ ਲਗੇ—ਭਾਈ ਤੂੰ ਅਸਾਨੂੰ ਜੋ ਕਰਾਮਾਤ ਵਿਖਾਉਣ ਵਾਸਤੇ ਮਜ਼ਬੂਰ ਕੀਤਾ ਹੈ, ਸੋ ਚੰਗਾ ਨਹੀਂ ਕੀਤਾ। ਮੁੜਕੇ ਏਥੇ ਨਾ ਆਵੀਂ।

Sri Satguru Jagjit Singh Ji eLibrary NamdhariElibrary@gmail.com

'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ'

'ਸੁਖਮਨੀ' ਗੁਰੂ ਅਰਜਨ ਦੇਵ ਜੀ ਦੀ ਸਰਿਵ ਸਰੇਸ਼ਟ ਤੇ ਮਹਾਨ ਰਚਨਾ ਹੈ ਅਤੇ ਇਹ ਸਿੱਖ-ਦਰਸ਼ਨ ਦਾ ਪੂਰਣ ਵਿਸਤਾਹ ਵੀ ਹੈ। ਇਸ ਅਦੁਤੀ ਤੇ ਚਮਤਕਾਰੀ ਰਚਨਾ ਵਿਚ ਗੁਰੂ ਅਰਜਨ ਦੇਵ ਜੀ ਨੈ ਸਿਖ-ਦਰਸ਼ਨ ਦੇ ਮੂਲ ਤਤਵ 'ਨਾਮ' ਦੇ ਸੰਕਲਪ ਦੀ ਪੂਰਣ ਵਿਆਖਿਆ ਕੀਤੀ ਹੈ। ਇਸ ਨਾਮ ਨੂੰ ਹੀ ਉਨ੍ਹਾਂ ਨੇ 'ਸੁਖਮਨੀ ਕਿਹਾ ਹੈ-ਜੋ ਸੁਖ-ਅੰਮ੍ਰਿਤ ਅਤੇ ਜੀਵਨ-ਅਧਾਰ ਹੈ, ਜਿਸਦੇ ਸਾਰੇ ਸਗਲ ਜਗਤ ਦਾ ਖੇਲ ਚਲ ਰਿਹਾ ਹੈ। ਗੁਰੂ ਸਾਹਿਬ ਦੀ ਵਿਚਾਰ ਧਾਰਾ ਦੇ ਇਸ ਮੂਲ-ਤਤਵ ਦੀ ਵਿਆਖਿਆ ਹੀ ਉਨ੍ਹਾਂ ਦੇ ਆਦਰਸ਼ ਦੇ ਮਹਾਨ ਰਹੱਸਜ ਉਤੇ ਪ੍ਰਕਾਸ਼ ਪਾ ਸਕਦੀ ਹੈ।

'ਨਾਮ' ਤੋਂ ਕੀ ਭਾਵ ਹੈ ? ਉਸ ਪਾਰਬ੍ਰਹਮ ਨੂੰ ਸਦਾ ਸਿਮਰਣਾ ਅਤੇ ਉਸਦੀ ਹੋਂਦ ਨੂੰ ਸਦਾ ਵਿਆਪਕ ਮੰਨਣਾ। ਉਹ ਸਰਵੁੱਚ-ਸੱਤਾ ਹੈ ਜਿਸ ਦੇ ਹੁਕਮ ਅਧੀਨ ਸਾਰੀ ਸ੍ਰਿਸ਼ਟੀ ਦਾ ਕਾਰਜ ਚਲ ਰਿਹਾ ਹੈ :

ਹੁਕਮੈ ਅੰਦਿਰ ਸਭੁ ਕੋ ਬਾਹਰਿ ਹੁਕਮ ਨ ਕੋਇ।
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।

ਵਾਸਤਵ ਵਿਚ ਉਹ ਇਕ ਪਰਮ-ਆਦਰਸ਼ (Supreme Ibeal) ਹੈ—ਜਿਸਦੀ ਵਿਆਖਿਆ ਗੁਰੂ ਨਾਨਕ ਦੇਵ ਜੀ ਨੇ ਜਪੁ ਦੇ ਮੂਲ-ਮੰਤ੍ਰ ਵਿਚ ਕੀਤੀ ਹੈ। ਹਉਮੈ ਦੀ ਨਿਵਿਰਤੀ ਉਸ ਨਾਮ ਦੇ ਸੰਕਲਪ ਦੀ ਪ੍ਰਾਪਤੀ ਲਈ ਆਵਸ਼ਕ ਹੈ। ਇਸ ਦੀਰਘ ਰੋਗ ਤੋਂ ਛੁਟਕਾਰਾ, ਮੋਖਸ਼ ਜਾਂ ਨਿਰਬੰਧਨ-ਅਵਸਥਾ ਤਕ

Sri Satguru Jagjit Singh Ji eLibrary NamdhariElibrary@gmail.com

ਅਪੜਾ ਸਕਦਾ ਹੁੰ। ਇਹ ਉਚ ਆਤਮਕ ਅਵਸਥਾ ਤਿੰਨ ਗੁਣਾ (ਰਜੋ, ਤਮੋ ਸਤੋ) ਤੋਂ ਉਚੇਰੀ ਅਰਥਾਤ ਤ੍ਰੈਗੁਣਾਤੀਤ ਹੈ।

ਸਿਖ ਦਰਸ਼ਨ ਦਾ ਇਕ ਵੱਡਾ ਭਾਗ ਰਹੱਸਵਾਦੀ ਅਨੁਭਵ ਨੂੰ ਜਗਾਉਂਦਾ ਹੈ—ਉਸ ਬ੍ਰਹਮ ਨੂੰ ਆਪਣੇ ਅੰਦਰ ਤੇ ਬਾਹਰ ਸਰਬ-ਸ੍ਰਿਸ਼ਟ ਵਿਚ ਰਮਿਆ ਹੋਇਆ ਪ੍ਰਤੀਤ ਕਰਦਾ ਅਤੇ ਉਸਨੂੰ ਕਰਣ—ਕਾਰਣ ਦੋਹਾਂ ਰੂਪਾਂ ਵਿਚ ਹੀ ਵੇਖਦਾ ਹੈ—

ਕਰਣ ਕਾਰਣ ਪ੍ਰਭੁ ਏਕ ਹੈ, ਦੂਸਰ ਨਾਹੀ ਕੋਇ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥

ਉਸ ਪਰਮ- ਪਰਮੇਸ਼ਵਰ ਤੋਂ ਸਦਾ ਬਲਿਹਾਰੀ ਜਾਣ ਅਤੇ ਉਸਨੂੰ ਸਦਾ ਵਿਆਪਕ ਤੇ ਹਾਜ਼ਰ ਨਾਜ਼ਰ ਪਰਵਾਨ ਕਰਨਾ ਅਤੇ ਉਸਦੀ ਜੋਤ ਨੂੰ ਘਟ ਘਟ ਵਿਚ ਰਮਿਆ ਪ੍ਰਤੀਤ ਕਰਨਾ ਹੀ ਨਾਮ ਦਾ ਵਾਸਤਵਿਕ ਸਰੂਪ ਹੈ:—

ਉਰਿਧਾਰੈ ਜੋ ਅੰਤਰਿ ਨਾਮ॥
ਸਰਬ ਮੈ ਪੇਖੈ ਭਗਵਾਨੁ॥
ਨਿਮਖ ਨਿਮਖ ਠਾਕੁਰ ਨਮਸਕਾਰੈ॥
ਨਾਨਕ ਓਹੁ ਅਪਰਸੁ ਸਗਲ ਨਿਸਤਾਰੈ॥

ਉਸ ਪ੍ਰਭੂ—ਪਿਤਾ ਨੂੰ ਸਦਾ ਨਮਸਕਾਰ ਕਰਨਾ, ਹਿਰਦੇ ਵਿਚ ਸਦਾ ਚਿਤਵਣਾ ਅਤੇ ਅਥਾਹ ਵਿਸ਼ਵਾਸ਼—ਸਿੱਖ ਦਰਸ਼ਨ ਦੇ ਮੂਲ ਤੇ ਬੁਨਿਆਦੀ ਤਤਾਂ ਵਿਚੋਂ ਹਨ। ਇਸ ਵਿਸ਼ਵਾਸ਼ ਤੋਂ ਬਿਨਾ ਪ੍ਰਾਣੀ ਨਾਮ-ਰਸ ਅੰਮ੍ਰਿਤ ਨੂੰ ਚਖਣ ਤੋਂ ਵੰਚਿਤ ਰਹਿੰਦਾ ਹੈ-ਇਸ ਲਈ ਇਸ ਦੀ ਪ੍ਰਾਪਤੀ ਲਈ ਅਰਦਾਸ ਬਹੁਤ ਵਡਾ ਸਾਧਨ ਹੈ। ਗੁਰੂ ਅਰਜਨ ਨੇ ਉਸ ਪ੍ਰਭੂ—ਦੀ ਵੈਰਾਟਤਾ ਦਾ ਚਿਤ੍ਰ ਸੁਖਮਨੀ ਵਿਚ ਪੂਰੀ ਤਰ੍ਹਾਂ ਚਿਤਰਿਆ ਹੈ ਅਤੇ ਉਸ ਨਾਲ ਨਾਮ ਵਿਚ ਰਤੇ ਪ੍ਰਾਣੀ ਦਾ ਕੀ ਰਿਸ਼ਤਾ ਹੋਣਾ ਚਾਹੀਦਾ ਹੈ, ਇਹ ਵੀ

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਦੇ ਇਨ੍ਹਾਂ ਮਹਾਨ-ਵਾਕਾਂ ਤੋਂ ਭਲੀ ਭਾਂਤ ਸਿੱਧ ਹੋ ਜਾਂਦਾ ਹੈ-

ਤੂ ਠਾਕੁਰੁ ਤੁਮ ਪਹਿ ਅਰਦਾਸਿ॥
ਜੀਉ ਪਿੰਡੁ ਸਭੁ ਤੇਰੀ ਰਾਸਿ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥
ਕੋਇ ਨ ਜਾਨੈ ਤੁਮਰਾ ਅੰਤੁ॥
ਊਚੇ ਤੇ ਊਚਾ ਭਗਵੰਤ।
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥
ਤੁਮ ਤੇ ਹੋਇ ਸੁ ਆਗਿਆਕਾਰੀ॥
ਤੁਮਰੀ ਗਤਿ ਮਿਤਿ ਤੁਮਹੀ ਜਾਨੀ॥
ਨਾਨਕ ਦਾਸ ਸਦਾ ਕੁਰਬਾਨੀ॥

ਇਸ ਆਦਰਸ਼ ਵਿਚ ਗੁਰੂ ਅਰਜਨ ਦੇਵ ਜੀ ਨੇ ਪ੍ਰਭੂ ਨੂੰ ਦਾਰਸ਼ਨਿਕ ਅਰਥਾਂ ਵਿਚ ਨਹੀਂ ਸਗੋਂ ਨਿਕਟ ਵਰਤੀ ਰਹੱਸਵਾਦੀ ਚਿਨ੍ਹਾਂ ਵਿਚ ਅਭਿਵਿਅਕਤ ਕੀਤਾ—ਨਾਮ ਦਾ ਸੰਕਲਪ ਤੇ ਆਦਰਸ਼ ਇਸ ਰਹਸਵਾਦੀ ਅਨੁਭਵ ਤੋਂ ਬਿਨਾਂ ਪ੍ਰਾਪਤ ਹੋ ਨਹੀਂ ਸਕਦਾ। ਇਨ੍ਹਾਂ ਪੰਕਤੀਆਂ ਵਿਚ ਪ੍ਰਭੂ ਨੂੰ ਠਾਕੁਰ ਆਖਿਆ ਗਿਆ ਹੈ - ਜਿਸ ਦੀ ਜੀਅ ਅਤੇ ਪਿੰਡ, ਸਰੀਰ ਤੇ ਆਤਮਾ ਰਾਸ ਹਨ— ਅਰਥਾਤ ਜੋ ਕੁਛ ਸਾਨੂੰ ਮਨੁਖ ਰੂਪ ਵਿਚ ਜੀਅ ਤੇ ਪਿੰਡ ਰੂਪ ਵਿਚ ਪ੍ਰਾਪਤ ਹੋਇਆ ਹੈ ਉਹ ਉਸ ਦੀ ਦਾਤ ਹਨ ਅਤੇ ਇਨ ਨੂੰ ਉਸ ਅਗੇ ਸਦਾ ਅਰਪਨ ਕਰਨਾ ਹੀ ਵਡਾ ਜੀਵਨ ਲਖ਼ਸ਼ ਤੇ ਰਹੱਸਯ ਹੈ। ਉਸ ਪ੍ਰਭੂ ਪਿਤਾ ਨੂੰ ਮਾਤ ਪਿਤਾ ਕਿਹਾ ਗਿਆ ਹੈ-ਅਤੇ ਪ੍ਰਾਣੀ ਉਸ ਲਈ ਬਾਲਕ ਦੀ ਨਿਆਈਂ ਹੈ। ਜੇ ਪਹਿਲੇ ਰਿਸ਼ਤੇ (ਠਾਕੁਰ ਤੇ ਚਾਕਰ) ਵਿਚ ਭੈ ਤੇ ਭਉ ਕੰਮ ਕਰ ਰਿਹਾ ਹੈ ਤਾਂ ਦੂਜੇ ਰਿਸ਼ਤੇ ਵਿਚ ਪ੍ਰੇਮ ਤੇ ਭਾਉ ਦਾ ਅਨੁਭਵ ਪ੍ਰਧਾਨ ਹੈ ਇਸ ਪ੍ਰਮ-ਭਾਵ ਦੁਆਰਾ ਘਨੇਰੇ ਸੁਖ ਪ੍ਰਾਪਤ ਹੁੰਦੇ ਹਨ। ਪਰ ਇਹ ਉਸ ਮਹਾਨ

Sri Satguru Jagjit Singh Ji eLibrary NamdhariElibrary@gmail.com

ਪ੍ਰਭੂ ਦਾ ਇਕ ਪਖ ਹੀ ਹੈ-ਨਹੀਂ ਤਾਂ ਉਹ ਅਨੰਤ ਹੈ ਅਤੇ ਉਸ ਦੀ ਆਗਿਆ ਵਿਚ ਸਗਲ-ਜਗਤ ਅਰਥਾਤ ਸਮਗ੍ਰੀ (ਜੜ—ਚੇਤਨ) ਚਲ ਰਹੀ ਹੈ ਅਤੇ ਉਹ ਇਕ ਮਹਾਨ—ਸੂਤ੍ਰ-ਧਾਰ ਹੈ। ਉਸ ਦੀ ਗਤ ਮਿਤ ਨੂੰ ਜਾਣਨਾ ਕਠਿਨ ਹੈ - ਇਸ ਲਈ ਕੁਰਬਾਨ ਹੋਣ ਤੇ ਵਿਸਮਾਦ ਦੀ ਭਾਵਨਾ ਨਾਲ ਹੀ ਸੰਤੁਸ਼ਟ ਰਹਿਣਾ ਚਾਹੀਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਪ੍ਰਭੂ ਰੂਪ ਤੇ ਉਸ ਦੇ ਪ੍ਰਾਣੀ ਨਾਲ ਸੰਬੰਧਾਂ ਦਾ ਜਿਹੜਾ ਵਿਵੇਚਨ ਇਸ ਉਪੋ੍ਕਤ ਅਰਦਾਸ ਵਿਚ ਕੀਤਾ ਹੈ —ਉਹ ਨਾਮ —ਦੇ—ਸੰਕਲਪ ਦੀ ਬੁਨਿਆਦ ਹੈ। ਜਿਵੇਂ ਕਿ ਉਪਰ ਕਿਹਾ ਗਿਆ ਹੈ ਇਹ ਨਾਮ ਉਸ ਈਸ਼ਵਰੀ-ਪਰਮ ਸੱਤਾ ਦੀ ਸਰਬ—ਸਰੇਸ਼ਟਤਾਂ ਨੂੰ ਲਖਣ ਅਤੇ ਉਸ ਨਾਲ ਰਹੱਸ ਮਈ ਸੰਬੰਧ ਜੋੜਨ ਦੁਆਰਾ ਪ੍ਰਾਪਤ ਹੁੰਦਾ ਹੈ। ਇਸ ਦੀ ਪ੍ਰਾਪਤੀ ਨਾਲ ਮਨੁਖ ਦੇ ਜੀਵਨ ਵਿਚ ਨਿਰਮਲਤਾ, ਉੱਜਲਤਾ ਆਉਂਦੀ ਹੈ ਅਤੇ ਉਹ ਸਦਾ ਦੂਜਿਆਂ ਦਾ ਭਲਾ ਸੋਚਦਾ ਹੈ। ਆਪਣੇ ਆ ਪ ਦੀ ਕੁਰਬਾਨੀ ਦੇ ਜਾਣੀ, ਅਤੇ ਵੱਡੀ ਤੋਂ ਵੱਡੀ ਆਹੁਤੀ ਦੇਣ ਲਈ ਤਿਆਰ ਰਹਿਣਾ ਫਿਰ ਕੋਈ ਵੱਡੀ ਗੱਲ ਨਹੀਂ ਰਹਿ ਜਾਂਦੀ। ਭਾਣੇ ਨੂੰ ਮੰਨਦੇ ਹੋਇਆਂ ਤਤੇ ਤਵਿਆਂ ਤੇ ਬਹਿਣਾ, ਦੇਗ ਵਿਚ ਉਬਾਲੇ ਜਾਣਾ, ਰੇਤ ਨਾਲ ਝੁਲਸੇ ਜਾਣਾ ਫਿਰ ਇਕ ਹੁਕਮੀ - ਖੇਡ ਪ੍ਰਤੀਤ ਹੁੰਦੀ ਹੈ ਅਤੇ ਭਾਣੇ ਰੂਪ ਵਿਚ ਮਿੱਠੀ ਲਗਦੀ ਹੈ। ਗੁਰੂ ਅਰਜਨ ਜੀ ਦੀ ਰਚਨਾ ਤੇ ਜੀਵਨ ਇਹੋ ਕੁਝ ਹੀ ਦ੍ਰਿੜ ਕਰਵਾਉਂਦੇ ਹਨ ਕਿ ਮਹਾਨ—ਆਦਰਸ਼ਾਂ ਦੀ ਖ਼ਾਤਰ ਆਪਣੇ ਆਪ ਨੂੰ ਵਾਰ ਜਾਣਾ - ਮਨ—ਬਚ—ਕਰਮ ਦੀ ਏਕਤਾ, ਉਚੇ - ਵਿਅਕਤਿਤਵ ਦੇ ਸਿਰਜਣ ਲਈ ਬਹੁਤ ਵਡੇ ਆਵਸ਼ਕ ਤੱਤ ਹਨ। ਕੀ ਇਸ ਕਹਿਣੀ ਕਰਨੀ ਦੀ ਏਕਤਾ ਤੇ ਉਚੇ ਲਖਸ਼ਾਂ ਦੀ ਲੋੜ ਅਜ ਦੇ ਸਮੇਂ ਵੀ ਨਹੀਂ ? ਇਸ ਬਿਨਾਂ ਨਾ ਕੋਈ ਸਮਾਜ ਅਗੇ ਵਧ ਸਕਦਾ ਹੈ। ਨਾ ਕੋਈ ਕੌਮ ਪ੍ਰਗਤੀ ਕਰ ਸਕਦੀ

Sri Satguru Jagjit Singh Ji eLibrary NamdhariElibrary@gmail.com

ਹੈ। ਜਦੋਂ ਵੀ ਦੇਸ਼ ਉਚਾ ਹੋਵੇਗਾ ਪਦਾਰਥਕ ਪ੍ਰਾਪਤੀ ਕਰ ਕੇ ਨਹੀਂ ਸਗੋਂ ਆਚਰਣਕ ਉਚਤਾ ਕਰ ਕੇ। ਜਿੰਨਾ ਚਿਰ ਅਸੀਂ ਗੱਲੀਂ ਚੰਗੀਆਂ ਤੇ ਆਚਾਰੀਂ ਬੁਰੀਆਂ ਹਾਂ ਅਤੇ ਗੁਫਤਾਰ ਦੇ ਗਾਜ਼ੀ ਹਾਂ ਕੁਝ ਨਹੀਂ ਬਣ ਸਕੇਗਾ। ਲੋੜ, ਮਹਾ ਕਵੀ ਇਕਬਾਲ ਦੇ ਕਹਿਣ ਵਾਂਗ ਕਿਰਦਾਰ ਦੇ ਗਾਜ਼ੀ ਬਣਨ ਦੀ ਹੈ ਅਤੇ ਕੇਵਲ ਕਿਰਦਾਰ ਦੇ ਗਾਜ਼ੀ ਬਨਣ ਲਈ ਗੁਰੂ ਅਰਜਨ ਦੇਵ ਜਿਹੇ ਮਹਾਨ-ਗੁਰੂਆ ਦੀ ਗੁਰਬਾਣੀ ਤੇ ਜੀਵਨੀ ਸਾਡੇ ਪ੍ਰੇਰਕ ਆਦਰਸ਼ ਤੇ ਸੋਤ ਹੋਣੇ ਚਾਹੀਦੇ ਹਨ।

'ਸੁਖਮਨੀ' ਵਾਕਈ ਸੁਖ ਅੰਮ੍ਰਿਤ ਪ੍ਰਭ ਨਾਮੁ ਹੈ ਜਿਸ ਦੇ ਬਹੁਤ ਪਾਠ ਰੋਜ਼ਾਨਾ ਕਰਨ ਲਈ ਸੰਤ ਬਾਬਾ ਗੁਰਮੁਖ ਸਿੰਘ ਜੀ ਸੰਗਤਾਂ ਨੂੰ ਪ੍ਰੇਰਦੇ ਸਨ ਤੇ ਆਪ ੧੨ ਪਾਠ ਰੋਜ਼ਾਨਾ ਕਰਨ ਵਾਲੇ ਹਥੋਂ ਤਿਆਰ ਹੋਇਆ ਹੋਇਆ ਪ੍ਰਸ਼ਾਦ ਛਕਦੇ ਸਨ।

Sri Satguru Jagjit Singh Ji eLibrary NamdhariElibrary@gmail.com

ਕਾਂਡ ੫

ਹੰਸਲੀ ਸ੍ਰੀ ਤਰਨ ਤਾਰਨ ਦੀ ਸੇਵਾ

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥ ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂੜਿ ਮੁਖਿ ਲਾਵਾ ॥ ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥ ਜਿਨ ਨਾਨਕ ਸਤਿਗੁਰ ਪੂਜਿਆ ਤਿਨ ਹਰਿ ਪੂਜ ਕਰਾਵਾ ॥ ੨ ॥

ਸ੍ਰੀ ਸੰਤੋਖ ਸਰ ਦੀ ਸੇਵਾ ਸੰਤ ਗੁਰਮੁਖ ਸਿੰਘ ਜੀ ਅਤੇ ਸੰਤ ਸਾਧੂ ਸਿੰਘ ਜੀ ਨੇ ਮਿਲਕੇ ਕਰਵਾਈ। ਜਦ ਇਹ ਸੇਵਾ ਸਮਾਪਤ ਹੋਈ ਤਦ ਸੰਤ ਸ਼ਾਮ ਸਿੰਘ ਜੀ ਸ੍ਰੀ ਤਰਨ ਤਾਰਨ ਸਾਹਿਬ ਦੇ ਦਰਸ਼ਨ ਕਰਕੇ ਭਾਰੀ ਸਿਖ ਸੰਗਤ ਸਮੇਤ ਅੰਮ੍ਰਿਤਸਰ ਜੀ ਪੁਜੇ ਅਤੇ ਵਡੇ ਅਨੰਦ ਹੋ ਕੇ ਸੰਤਾਂ ਨਾਲ ਮਿਲੇ।

ਸੰਤ ਸ਼ਾਮ ਸਿੰਘ ਜੀ ਨੇ ਸੰਤਾਂ ਨੂੰ ਕਿਹਾ- 'ਸੰਤ ਜੀ ਮਹਾਰਾਜ! ਅਸੀਂ ਤਰਨ ਤਾਰਨ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਪਵਿਤਰ ਗੁਰਦੁਵਾਰੇ ਦੇ ਦਰਸ਼ਨ ਕਰਕੇ ਮੁੜੇ ਹਾਂ। ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਨੇ ਪ੍ਰਤੱਖ ਦਰਸ਼ਨ ਬਖਸ਼ਕੇ ਇਸ ਸੇਵਕ ਨੂੰ ਨਿਵਾਜਿਆ ਹੈ ਅਤੇ ਫਰਮਾਇਆ ਹੈ ਕਿ

Sri Satguru Jagjit Singh Ji eLibrary NamdhariElibrary@gmail.com



ਗੁਰਦੁਵਾਰਾ ਸ੍ਰੀ ਤਰਨ ਤਾਰਨ ਸਾਹਿਬ ਜੀ

Sri Satguru Jagjit Singh Ji eLibrary
NamdhariElibrary@gmail.com



ਗੁਰਦੁਵਾਰਾ ਸ੍ਰੀ ਮੁਕਤਸਰ ਸਾਹਿਬ ਜੀ

Sri Satguru Jagjit Singh Ji eLibrary NamdhariElibrary@gmail.com

ਸੰਤ ਬਾਬਾ ਗੁਰਮੁਖ ਸਿੰਘ ਨੂੰ ਜਾ ਕੇ ਕਹੋ ਸ੍ਰੀ ਤਰਨ ਤਾਰਨ ਪ੍ਰਤੀ ਭੀ ਆਪਣੇ ਫਰਜ਼ਾਂ ਦੀ ਪਾਲਣਾ ਕਰਨ। ਏਥੇ ਪਵਿਤਰ ਤੀਰਥ ਦੇ ਸਰੋਵਰ ਵਿਚ ਜਿਹੜਾ ਜੱਲ ਰੋਹੀ ਤੋਂ ਆ ਕੇ ਪੈਂਦਾ ਹੈ, ਉਸਦੀ ਬੜੀ ਬੇਅਦਬੀ ਹੁੰਦੀ ਹੈ। ਰਸਤੇ ਵਿਚ ਲੋਕ ਉਸ ਜਲ ਵਿਚੋਂ ਹੀ ਜੰਗਲ ਜਾ ਕੇ ਹੱਥ ਧੋਂਦੇ ਹਨ, ਡੰਗਰਾਂ ਨੂੰ ਪਾਣੀ ਪਿਆਉਂਦੇ ਤੇ ਨਹਾਉਂਦੇ ਹਨ ਤੇ ਕਪੜੇ ਆਦਿ ਧੋਂਦੇ ਹਨ, ਜਿਸ ਨਾਲ ਇਸ ਤੀਰਥ ਦੀ ਬੜੀ ਬੇਅਦਬੀ ਹੁੰਦੀ ਹੈ ਅਤੇ ਮਸਿਆ ਦੇ ਸ਼ੁਭ ਮੌਕੇ ਤੇ ਅਗੋਂ ਪਿਛੋਂ ਜਿਹੜੇ ਲਖਾਂ ਯਾਤਰੂ ਇਸ਼ਨਾਨ ਕਰਦੇ ਹਨ, ਉਹਨਾਂ ਨੂੰ ਫਲ ਨਹੀਂ ਮਿਲਦਾ, ਜੋ ਜੱਲ ਦੀ ਪਵਿਤਰਤਾ ਨਾਲ ਮਿਲਣਾ ਚਾਹੀਦਾ ਹੈ। ਇਸ ਲਈ ਕਿਰਪਾ ਕਰੋ ਉਥੇ ਜਾ ਕੇ ਭੀ ਹੋਸਲੀ ਬਨਾਓ।

ਸੰਤ ਗੁਰਮੁਖ ਸਿੰਘ ਜੀ ਅਤੇ ਸੰਤ ਸਾਧੂ ਸਿੰਘ ਜੀ ਨੇ ਸਤਿਗੁਰੂ ਅਤੇ ਉਸਦੇ ਪਿਆਰੇ ਸੰਤ ਦੇ ਹੁਕਮ ਨੂੰ ਸਿਰ ਮਥੇ ਪ੍ਰਵਾਨ ਕੀਤਾ। ਓਸੇ ਵੇਲੇ ਤਰਨ ਤਾਰਨ ਦੀ ਸੇਵਾ ਕਰਵਾਉਣ ਦਾ ਫੈਸਲਾ ਕਰ ਲੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਰਦਾਸਾ ਸੋਧਕੇ ਸੰਗਤਾਂ ਨੂੰ ਤਰਨ ਤਾਰਨ ਵਲ ਕੂਚ ਕਰਨ ਦਾ ਹੁਕਮ ਦੇ ਦਿਤਾ। ਅੰਮ੍ਰਿਤਸਰ ਦੇ ਪਰੇਮੀਆਂ ਨੂੰ ਜਦ ਇਸ ਗਲ ਦਾ ਪਤਾ ਲਗਾ ਕਿ ਸੰਤ ਜੀ ਮਹਾਰਾਜ ਅੰਮ੍ਰਿਤਸਰ ਨੂੰ ਛਡਕੇ ਜਾ ਰਹੇ ਹਨ ਤਾਂ ਉਹ ਜੁਦਾਈ ਦੇ ਖਿਆਲ ਆਉਂਦੇ ਹੀ ਬਹਿਬਲ ਤੇ ਵਿਆਕੁਲ ਹੋ ਉਠੇ। ਸੰਤਾਂ ਪਾਸ ਨਾ ਜਾਣ ਲਈ ਅਰਜ਼ੋਈਆਂ ਕੀਤੀਆਂ ਗਈਆਂ। ਕਈਆਂ ਬੀਬੀਆਂ ਤੇ ਵੀਰਾਂ ਦੀਆਂ ਅਖੀਆਂ ਵਿਚੋਂ ਹੰਝੂ ਵਹਿ ਰਹੇ ਸਨ। ਸਭ ਕਹਿ ਰਹੇ ਸਨ, ਮਹਾਰਾਜ ਤੁਸਾਂ ਨੇ ਆ ਕੇ ਅਸਾਨੂੰ ਅੰਮ੍ਰਿਤਸਰੀਆਂ ਨੂੰ ਦੇਉਤੇ ਬਣਾ ਦਿਤਾ ਹੈ, ਕਿਰਪਾ ਕਰਕੇ ਇਥੇ ਹੀ ਟਿਕੋ ਅਤੇ ਅਸਾਨੂੰ ਸੇਵਾ ਦਾ ਲਾਹਾ ਲੈਣ ਦਿਓ, ਪਰੰਤੂ ਸੰਤ ਜੀ ਨੇ ਸਭ ਨੂੰ ਸਮਝਾਇਆ 'ਗੁਰਮੁਖ ਪਿਆਰਿਓ ! ਗੁਰੂ ਮਹਾਰਾਜ ਨੇ ਜਿਥੇ ਸਵਾ ਮੰਗੀ ਹੈ, ਅਸਾਨੂੰ

Sri Satguru Jagjit Singh Ji eLibrary NamdhariElibrary@gmail.com

ਉਥੋਂ ਦੀ ਦੇਣੀ ਚਾਹੀਦੀ ਹੈ। ਫੇਰ ਤਰਨ ਤਾਰਨ ਦੂਰ ਥੋੜਾ ਹੈ। ਫੁਰਸਤ ਵੇਲੇ ਤੁਸੀਂ ਭੀ ਉਥੇ ਪੁਜ ਕੇ ਜੀਵਨ ਸਫਲਾ ਕੀਤਾ ਕਰਨਾ। ਜਦ ਹੁਕਮ ਹੋਵੇਗਾ ਅਸੀਂ ਫੇਰ ਗੁਰੂ ਰਾਮਦਾਸ ਜੀ ਮਹਾਰਾਜ ਦੀ ਨਗਰੀ ਵਿਚ ਆ ਕੇ ਸੇਵਾ ਕਰਾਂਗੇ।

ਤੇ ਏਹ ਤੁਕ ਪੜ੍ਹੀ---

ਸਭ ਕਿਛ ਘਰ ਮਹਿ ਬਾਹਿਰ ਨਾਹੀ,
ਬਾਹਰਿ ਟੋਲੇ ਸੁ ਭਰਮ ਭੁਲਾਹੀ॥
ਗੁਰ ਪ੍ਰਸਾਦੀ ਜਿਨਿ ਅੰਤਰਿ ਪਾਇਆ,
ਸੋ ਅੰਤਰਿ ਬਾਹਰਿ ਸਹੇਲਾ ਜੀਓ॥

ਇਸ ਤਰ੍ਹਾਂ ਸੰਗਤਾਂ ਨੂੰ ਧੀਰਜ ਦੇ ਕੇ ਸੰਤਾਂ ਨੇ ਸ੍ਰੀ ਤਰਨ ਤਾਰਨ ਵਲ ਕੂਚ ਕਰ ਦਿਤਾ। ਬਾਬਾ ਹਰਨਾਮ ਸਿੰਘ ਜੀ ਤੇ ਹੋਰ ਗੁਰਮੁਖ ਪਿਆਰਿਆਂ ਦੀ ਅਗਵਾਈ ਹੇਠ ਭਾਰੀ ਗਿਣਤੀ ਵਿਚ ਸੰਗਤਾਂ ਸੰਤਾਂ ਦੇ ਨਾਲ ਤਰਨ ਤਾਰਨ ਪੁਜੀਆਂ। ਤਰਨ ਤਾਰਨ ਵਿਚ ਗੁਰਦੁਵਾਰੇ ਦੇ ਪ੍ਰਬੰਧਕਾਂ ਅਤੇ ਭਾਈ ਮੋਹਨ ਸਿੰਘ ਵੈਦ ਦੀ ਅਗਵਾਈ ਹੇਠ ਸ਼ਹਿਰ ਦੀਆਂ ਸੰਗਤਾਂ ਨੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ।

ਸੰਤਾਂ ਨੇ ਤਰਨ ਤਾਰਨ ਵਿਚ ਡੇਰੇ ਲਾ ਕੇ ਹੰਸਲੀ ਦੀ ਖੁਦਾਈ ਦਾ ਪ੍ਰਬੰਧ ਕਰਨਾ ਸ਼ੁਰੂ ਕਰ ਦਿਤਾ। ਪਿੰਡ ਜੋਧਪੁਰ ਦੀ ਜ਼ਮੀਨ ਪਰ ਹੰਸਲੀ ਦਾ ਵੱਡਾ ਹਿਸਾ ਬਣਨਾ ਸੀ। ਜ਼ਰੂਰੀ ਸੀ ਕਿ ਕੰਮ ਸ਼ੁਰੂ ਕਰਨ ਤੋਂ ਪਹਿਲਾ ਪਿੰਡ ਵਾਲਿਆਂ ਤੋਂ ਜ਼ਮੀਨ ਲੈ ਲਈ ਜਾਂਦੀ। ਸੰਤ ਜੀ ਮਹਾਰਾਜ -ਭਾਈ ਮੋਹਨ ਸਿੰਘ ਜੀ ਵੈਦ, ਭਾਈ ਗੁਰਮੁਖ ਸਿੰਘ ਜੀ, ਬਾਬਾ ਹਰਨਾਮ ਸਿੰਘ ਜੀ ਆਦਿ ਸਿੰਘਾਂ ਨੂੰ ਨਾਲ ਲੈ ਕੇ ਜੋਧਪੁਰ ਪਿੰਡ ਜਾ ਪੁਜੇ। ਪਿੰਡ ਦਿਆਂ ਸਿੰਘਾਂ ਨੂੰ ਇਕੱਠਾ ਕੀਤਾ ਅਤੇ ਬਨਤੀ ਕੀਤੀ-'ਗੁਰਮੁਖ ਪਿਆਰਿਓ! ਗੁਰੂ ਮਹਾਰਾਜ ਨੇ ਅਸਾਥੋਂ ਤੁਹਾਥੋਂ ਸੇਵਾ ਲੈਣੀ ਪ੍ਰਵਾਨ ਕੀਤੀ ਹੈ।

Sri Satguru Jagjit Singh Ji eLibrary NamdhariElibrary@gmail.com

ਤੁਹਾਡੇ ਧੰਨ ਭਾਗ ਹਨ ਕਿ ਤੁਹਾਡੀ ਧਰਤੀ ਵਿਚੋਂ ਦੀ ਪਵਿਤਰ ਹੰਸਲੀ ਜਲ ਲੈ ਕੇ ਗੁਰੂ ਅਰਜਨ ਦੇਵ ਜੀ ਦੇ ਪਵਿਤਰ ਸਰੋਵਰ ਵਿਚ ਪੁਜੇਗੀ। ਭਾਗਾਂ ਵਾਲਿਓ ਖੁਸ਼ ਹੋ ਕੇ ਆਪਣੀ ਜ਼ਮੀਨ ਦਿਓ। ਜੇ ਕੋਈ ਵੀਰ ਮੁਫਤ ਨਹੀਂ ਦੇਣਾ ਚਾਹੁੰਦਾ ਤਾਂ ਸੇਵਾਦਾਰ ਕੀਮਤ ਦੇ ਦੇਣਗੇ।

ਸੰਤਾਂ ਦੀ ਇਸ ਹਲੀਮੀ ਭਰੀ ਬੇਨਤੀ ਦਾ ਪਿੰਡ ਦੇ ਲੋਕਾਂ ਪਰ ਚੰਗਾ ਅਸਰ ਨਹੀਂ ਹੋਇਆ। ਆਖਣ ਲਗੇ—ਚੁਪ ਕਰਕੇ ਸਾਡੇ ਨਗਰ ਵਿਚੋਂ ਨਿਕਲ ਜਾਓ ਅਸੀਂ ਕੋਈ ਜੜੀ ਜ਼ਮੀਨ ਨਹੀਂ ਦੇਣੀ ਜਿਹੜਾ ਕੋਈ ਅਸਾਡੀ ਧਰਤੀ ਵਿਚੋਂ ਦੀ ਲੰਘੇਗਾ, ਅਸੀਂ ਉਸ ਦੀਆਂ ਲੱਤਾਂ ਵਢ ਦਿਆਂਗ।'

ਇਸ ਉਤਰ ਤੋਂ ਨਿਰਾਸ ਹੋ ਕੇ ਸੰਤ ਜੀ ਸਾਥੀਆਂ ਸਮੇਤ ਵਾਪਸ ਤਰਨ ਤਾਰਨ ਆ ਗਏ ਤੇ ਪ੍ਰਕਰਮਾਂ ਵਿਚ ਰੋੜੀ ਕੁਟਣੀ ਸ਼ੁਰੂ ਕਰ ਦਿਤੀ। ਸੇਵਾਦਾਰਾਂ ਨੇ ਪੁਛਿਆ—ਮਹਾਰਾਜ ਹੁਣ ਕੀ ਹੋਵੇਗਾ ? ਸੰਤਾਂ ਨੇ ਕਿਹਾ—ਚਲੋ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਅਰਦਾਸ ਕਰਦੇ ਹਾਂ, ਜੋ ਕਰਾਉਣਗੇ ਕਰਦੇ ਜਾਵਾਂਗੇ। ਸਭ ਸੰਗਤਾਂ ਹਰੀ ਮੰਦਰ ਪੁਜੀਆਂ ਅਤੇ ਸੰਤਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਸਨਮੁਖ ਕਰਕੇ ਅਰਦਾਸ ਕੀਤੀ।

ਓਧਰ ਜੋਧਪੁਰ ਦੇ ਪਿੰਡ ਦੀ ਸੁਣੋ। ਉਨ੍ਹਾਂ ਸੰਤਾਂ ਨੂੰ ਇਹ ਰੁਖਾ ਉਤਰ ਤਾਂ ਦੇ ਦਿਤਾ, ਪਰੰਤੂ ਸੰਤਾਂ ਦੇ ਨਿਕਲਦੇ ਹੀ ਪਿੰਡ ਵਿਚ ਕਲਾ ਕਲੰਦਰ ਦਾ ਨਾਚ ਸ਼ੁਰੂ ਹੋ ਗਿਆ। ਭਰਾ ਭਰਾ ਭਿੜ ਪਏ ਅਤੇ ਕਈ ਆਦਮੀ ਕਤਲ ਹੋ ਗਏ। ਉਪਰੋਂ ਅਜੇਹੇ ਜ਼ੋਰ ਦਾ ਮੀਂਹ ਪਿਆ ਕਿ ਸਾਰੀਆਂ ਫਸਲਾਂ ਤਬਾਹ ਹੋ ਗਈਆਂ। ਪਿੰਡ ਦੇ ਸਿਆਣੇ ਲੋਕਾਂ ਨੂੰ ਇਹ ਗੱਲ ਸਮਝਦੇ ਦੇਰ ਨਹੀਂ ਲਗੀ ਕਿ ਇਹ ਸਭ ਹਾਨੀ ਸੰਤ ਜੀ ਮਹ ਰਾਜ ਦਾ ਅਪਮਾਨ ਕਰਨ ਕਰਕੇ ਉਨ੍ਹਾਂ

Sri Satguru Jagjit Singh Ji eLibrary NamdhariElibrary@gmail.com

ਦੀ ਕਿਰੋਪੀ ਦੇ ਕਾਰਨ ਹੀ ਹੋਈ ਹੈ। ਉਹ ਆਪਣੀ ਕੀਤੀ ਤੇ ਪਛਤਾਉਣ ਲਗੇ ਅਤੇ ਆਪਣੀ ਭੁਲ ਦੀ ਸੋਧ ਕਰਨ ਦਾ ਫੈਸਲਾ ਕਰ ਲਿਆ।

ਸੰਤ ਜੀ ਮਹਾਰਾਜ ਸੰਗਤਾਂ ਦੇ ਨਾਲ ਬੈਠੇ ਰੋੜੀ ਕੁਟ ਰਹੇ ਸਨ ਕਿ ਇਹ ਜੋਧ ਪੁਰ ਦੇ ਅਭਿਮਾਨੀ ਜਿਮੀਂਦਾਰ ਸਿਰਾਂ ਤੇ ਦੁਧਾਂ ਦੀਆਂ ਵਲਟੋਹੀਆਂ ਤੇ ਪ੍ਰਸ਼ਾਦਿਆਂ ਦੇ ਟੋਕਰੇ ਚੁਕੀ ਸ਼ਬਦ ਪੜ੍ਹਦੇ ਹੋਏ ਉਥੇ ਆ ਪੁਜੇ। ਸਭ ਕੁਝ ਸੰਤਾਂ ਦੇ ਚਰਨਾਂ ਵਿਚ ਰਖ ਦਿਤਾ ਅਤੇ ਬੇਨਤੀ ਕੀਤੀ-'ਸੰਤ ਜੀ ਮਹਾਰਾਜ ! ਸਾਡੀ ਭੁਲ ਬਖਸ਼ ਦਿਓ।' ਇਸ ਦੇ ਨਾਲ ਹੀ ਉਨ੍ਹਾਂ ਨੇ ਉਹ ਸਾਰੀ ਬਿਪਤਾ ਕਹਿ ਸੁਣਾਈ ਜੋ ਸੰਤਾਂ ਦੇ ਪਿੰਡੋਂ ਖਾਲੀ ਮੁੜਨ ਪਿਛੋਂ ਪੈ ਗਈ ਸੀ।

ਸੰਤਾਂ ਨੇ ਕਿਹਾ—ਬਖਸ਼ ਤਾਂ ਸਤਿਗੁਰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਹੀ ਸਕਦੇ ਹਨ ਕਿ ਜਿਨ੍ਹਾਂ ਦੇ ਸਰੋਵਰ ਨੂੰ ਜਲ ਲਿਆਉਣ ਦੇ ਰਸਤੇ ਵਿਚ ਤੁਸੀਂ ਰੋਕ ਪਾਈ ਬੈਠੇ ਹੋ।

ਇਸ ਪਰ ਉਨ੍ਹਾਂ ਜ਼ਿਮੀਦਾਰਾਂ ਨੇ ਗਿੜ ਗਿੜਾਕੇ ਆਖਿਆ—ਮਹਾਰਾਜ ਤੁਸੀਂ ਸਭ ਕੁਝ ਕਰਨ ਕਾਰਨ ਸਮਰਥ ਹੋ। ਜੇ ਬਖਸ਼ ਨਾ ਭੀ ਸਕਦੇ ਹੋਵੋ ਤਾਂ ਬਖਸ਼ਾਂ ਤਾਂ ਜ਼ਰੂਰ ਸਕਦੇ ਹੋ ਨਾ।

'ਗੁਰੂ ਮੇਹਰ ਕਰੇ !' ਸੰਤਾਂ ਨੇ ਮੇਹਰ ਦੀ ਨਜ਼ਰ ਉਨ੍ਹਾਂ ਭਾਗਾਂ ਵਾਲਿਆਂ ਤੇ ਸੁਟੀ ਅਤੇ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਦਰਬਾਰ ਜਾਕੇ ਉਨ੍ਹਾਂ ਦੇ ਕਸ਼ਟਾਂ ਦੀ ਨਵਿਰਤੀ ਲਈ ਅਰਦਾਸ ਕਰ ਦਿਤੀ ਅਤੇ ਇਸ ਤਰ੍ਹਾਂ ਗੁਰੂ ਤੇ ਉਸਦੇ ਸੰਤਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਸਭ ਪਾਸੇ ਸੰਤਾਂ ਦੀ ਜੈ ਜੈ ਕਾਰ ਹੋਣ ਲਗੀ। ਜਿਹੜਾ ਭੀ ਸੰਤ ਜੀ ਮਹਾਰਾਜ ਦੀ ਆਤਮ-ਸ਼ਕਤੀ ਦੇ ਇਸ ਖੇਡ ਨੂੰ ਵੇਖਦਾ ਉਹੋ ਹੀ ਦੰਗ ਹੋ ਕੇ ਰਹਿ ਜਾਂਦਾ। ਅਤੇ ਉਸ ਦਾ ਸਿਰ ਆਪਣੇ ਆਪ ਸੰਤਾਂ ਦੇ ਸਤਿਕਾਰ ਲਈ ਝੁਕ ਜਾਂਦਾ।

Sri Satguru Jagjit Singh Ji eLibrary NamdhariElibrary@gmail.com

ਜੋਧਪੁਰ ਪਿੰਡ ਦੇ ਲੋਕਾਂ ਦਾ ਇਸਤਰ੍ਹਾਂ ਸੰਤਾਂ ਪਾਸ ਆਉਣ ਅਤੇ ਪੈਦਾ ਹੋਈ ਨਵੀਂ ਸ਼ਰਧਾ ਨਾਲ ਜ਼ਮੀਨ ਭੇਟ ਕਰਨ ਪਿਛੋਂ ਸੰਤ ਜੀ ਉਨ੍ਹਾਂ ਤੇ ਹੋਰ ਸੰਗਤਾਂ ਨੂੰ ਨਾਲ ਲੈਕੇ ਸ਼ੈਹਰ ਤੋਂ ਪੁਜੇ ਅਤੇ ਸੰਗਤਾਂ ਨੇ ਸਤਿਨਾਮ ਵਾਹਿਗੁਰੂ ਦੀ ਮਿਠੀ ਧੁਨੀ ਅਤੇ ਸਤਿ ਸ੍ਰੀ ਅਕਾਲ ਦੇ ਅਕਾਸ਼ ਗੂੰਜਾਊ ਜੈਕਾਰਿਆਂ ਨਾਲ ਖੁਦਾਈ ਦਾ ਕੰਮ ਸ਼ੁਰੂ ਕਰ ਦਿਤਾ। ਜੋਧਪੁਰ ਨਿਵਾਸੀਆਂ ਦਾ ਉਤਸ਼ਾਹ ਤੇ ਸ਼ਰਧਾ ਹੁਣ ਵੇਖਣ ਜੋਗ ਹੀ ਸੀ। ਉਹਨਾਂ ਵਿਚੋਂ ਹਰ ਇਕ ਕਹਿ ਰਿਹਾ ਸੀ ਕਿ ਕਰਨੀ ਵਾਲੇ ਸੰਤ ਹਨ !' ਪਹਿਲਾਂ ਇਸ ਹੰਸਲੀ ਦੀ ਪੁਟਾਈ ਹੋਈ। ਫਰ ਸੰਤਾਂ ਨੇ ਮਿਸਤਰੀਆਂ ਤੇ ਇੰਜੀਨੀਅਰਾਂ ਨੂੰ ਸਦਕੇ ਸੀਮਿੰਟ ਦੇ ਫਰਮੇ ਬਣਵਾਏ ਅਤੇ ਉਨ੍ਹਾਂ ਨੇ ਖੁਦਾਈ ਕੀਤੇ ਹੋਈ ਖਾਲੀ ਥਾਂ ਵਿਚ ਸਿਲਸਲੇਵਾਰ ਰਖਕੇ ਸ਼ਹਿਰ ਤੋਂ ਲੈ ਕੇ ਸਰੋਵਰ ਤਕ ਬੰਦ ਹੰਸਲੀ ਨਹਿਰ ਤਿਆਰ ਕਰਾ ਦਿਤੀ। ਇਸ ਤਰ੍ਹਾਂ ਪੰਜਾਂ ਸਾਲਾਂ ਵਿਚ ਇਹ ਹੰਸਲੀ ਤਿਆਰ ਹੋਈ ਤੇ ਸੰਗਤਾਂ ਦੀ ਸੇਵਾ ਤੋਂ ਬਿਨਾਂ ਦਸ ਲਖ ਰੁਪੈ ਇਸ ਪਰ ਖਰਚ ਆਏ। ਇਨ੍ਹਾਂ ਪੰਜਾਂ ਸਾਲਾਂ ਵਿਚ ਇਸ ਪੰਜ ਮੀਲ ਲੰਮੀ ਹੰਸਲੀ ਪਰ ਹਰ ਸਮੇਂ ਮੇਲਾ ਜਿਹਾ ਲਗਾ ਰਿਹਾ ਅਤੇ ਸਤਿਨਾਮ ਵਾਹਿਗੁਰੂ ਦੀ ਮਿਠੀ ਧੁਨੀ ਅਲਾਪਦੀ ਰਹੀ।

ਇਸ ਹੰਸਲੀ ਦੀ ਸੇਵਾ ਵਿਚ ਤਰਨ ਤਾਰਨ ਅਤੇ ਉਸਦੇ ਆਲੇ ਦੁਆਲੇ ਦੇ ਪਿੰਡਾਂ ਤੋਂ ਬਿਨਾਂ ਅੰਮ੍ਰਿਤਸਰ ਦੀਆਂ ਸੰਗਤਾਂ ਨੇ ਭੀ ਬੜਾ ਵਧ ਚੜ੍ਹਕੇ ਹਿਸਾ ਲਿਆ। ਰਸਦ ਅਤੇ ਮਸਾਲੇ ਦੇ ਟਰੱਕ ਰੋਜ਼ ਅੰਮ੍ਰਿਤਸਰ ਤੋਂ ਜਾਂਦੇ।

ਸੰਤ ਜੀ ਮਹਾਰਾਜ ਨੇ ਇਨ੍ਹਾਂ ਪੰਜਾਂ ਸਾਲਾਂ ਵਿਚ ਸੰਗਤਾਂ ਨੂੰ ਵਾਹਿਗੁਰੂ ਨਾਮ ਦਾ ਇਤਨਾ ਉਪਦੇਸ਼ ਦਿਤਾ ਕਿ ਸਾਰੇ ਮਾਝੇ ਦੇ ਲੋਕ ਵਾਹਿਗੁਰੂ ਦਾ ਸਿਮਰਨ ਕਰਨ ਲਗ ਪਏ। ਸਾਰੇ ਮਾਝੇ ਦਾ ਧਿਆਨ ਵਾਹਿਗੁਰੂ ਦੀ ਯਾਦ ਵਿਚ ਜੁੜ ਗਿਆ। ਨਤੀਜਾ ਇਹ ਹੋਇਆ ਕਿ ਲੋਕ ਧਰਮ ਦੇ ਕੰਮਾਂ ਵਲ ਲਗ ਪਏ। ਚੋਰੀਆਂ ਡਾਕੇ

Sri Satguru Jagjit Singh Ji eLibrary NamdhariElibrary@gmail.com

ਅਤੇ ਹੋਰ ਜੁਰਮ ਅਥਵਾ ਧੋਖੇ ਫ਼ਰੇਮ ਖੰਭ ਲਾ ਕੇ ਉਡ ਗਏ। ਗਲ ਕੀ ਜਿਥੇ ਸੰਤ ਜੀ ਮਹਾਰਾਜ ਨੇ ਗੁਰੂ ਘਰ ਦੇ ਪਵਿਤਰ ਸਰੋਵਰ ਲਈ ਜਲ ਪੁਚਾਉਣ ਵਾਸਤੇ ਹੰਸਲੀ ਬਣਾਈ, ਉਥੇ ਇਲਾਕੇ ਨੂੰ ਭੀ ਦੈਂਤ ਤੋਂ ਬਦਲਕੇ ਦੇਉਤਾ ਬਣਾ ਦਿਤਾ। ਜਿਥ ਪਹਿਲਾਂ ਘਰ ਘਰ ਵੈਰ ਵਿਰੋਧ ਅਤੇ ਦਵੈਖ ਦੇ ਭਾਂਬੜ ਬਲਦੇ ਸਨ, ਉਥੋਂ ਹੁਣ ਸਤਿਨਾਮ ਦੀ ਅੰਮ੍ਰਿਤ ਫੁਹਾਰ ਫੁਟਣ ਲਗੀ। ਸਾਰੇ ਕਹਿਣ ਲਗੇ—'ਧੰਨ ਹਨ ਸੰਤ ਬਾਬਾ ਗੁਰਮੁਖ ਸਿੰਘ ਜੀ।' ਮਾਝੇ ਦੀ ਧਰਤੀ ਤੇ ਅਕਾਸ਼ ਇਸ ਮਹਾਂ ਵਾਕ ਅਨੁਸਾਰ ਹੋਇਆ ਪ੍ਰਤੀਤ ਹੋਣ ਲਗਾ :—

ਮਉਲੀ ਧਰਤੀ ਮਉਲਿਆ ਅਕਾਸੁ ॥
ਘਟਿ ਘਟਿ ਮਉਲਿਆ ਆਤਮ ਪ੍ਰਕਾਸੁ ॥

ਸਰੋਵਰ ਦੀ ਕਾਰ ਸੇਵਾ

ਸਤਿਗੁਰਾਂ ਨੇ ਤਾਂ ਸੰਤ ਗੁਰਮੁਖ ਸਿੰਘ ਜੀ ਨੂੰ ਸੰਸਾਰ ਪਰ ਭੇਜਿਆ ਹੀ ਰੂਹਾਨੀਅਤ ਦੇ ਸੋਮੇ ਗੁਰਧਾਮਾਂ ਦੀ ਸੇਵਾ ਲਈ ਸੀ। ਸੰਤ ਮਹਾਰਾਜ ਇਸ ਵਿਚ ਤਨ ਮਨ ਨਾਲ ਜੁਟ ਗਏ। ਉਨ੍ਹਾਂ ਨੇ ਅਗੇ ਬਹੁਤ ਸਾਰੇ ਗੁਰਮੁਖ ਪਿਆਰਿਆਂ ਨੂੰ ਸੇਵਾ ਦੀ ਚੇਟਕ ਲਾ ਕੇ ਉਨ੍ਹਾਂ ਦਾ ਲੋਕ-ਪ੍ਰਲੋਕ ਸਵਾਰ ਦਿਤਾ। ਉਨ੍ਹਾਂ ਨੇ ਅੰਮ੍ਰਿਤਸਰ ਆ ਕੇ ਸਵਾ ਦਾ ਜਿਹੜਾ ਪਵਿਤਰ ਬੀਜ ਬੀਜਿਆ, ਉਹ ਹੁਣ ਸਾਰੇ ਜ਼ਿਲੇ ਵਿਚ ਬੂਟਾ ਬਣ ਕੇ ਪ੍ਰਫੁਲਤ ਹੋਣ ਲਗਾ। ਸੰਤ ਜੀ ਸਤਿਗੁਰੂ ਜਾਪੁ ਤੋਂ ਇਲਾਵਾ ਸੰਗਤ ਨੂੰ ਸੇਵਾ ਵਿਚ ਲਾਈ ਰਖਣਾ ਤੇ ਨਾਮ ਜਪਾਉਣਾ ਆਪਣੇ ਜੀਵਨ ਦਾ ਵੱਡਾ ਮਨੋਰਥ ਸਮਝਦੇ ਸਨ।

ਜਦ ਪੰਜ ਸਾਲ ਦੇ ਸਮੇਂ ਤੇ ੧੦ ਲਖ ਰੁਪੈ ਦੇ ਖਰਚ ਨਾਲ

Sri Satguru Jagjit Singh Ji eLibrary NamdhariElibrary@gmail.com

ਹੰਸਲੀ ਦੀ ਸੇਵਾ ਸੰਪੂਰਨ ਹੋ ਗਈ ਤਾਂ ਸੰਗਤਾਂ ਨੇ ਇਕੱਤ੍ਰ ਹੋ ਕੇ ਸੰਤਾਂ ਦੀ ਸੇਵਾ ਵਿਚ ਬੇਨਤੀ ਕੀਤੀ—ਮਹਾਰਾਜ ਜੀ ! ਸਰੋਵਰ ਦੀ ਕਾਰ ਸੇਵਾ ਹੋਣੀ ਚਾਹੀਦੀ ਹੈ, ਕਿਉਂਕਿ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਪਿਛੋਂ ਇਸ ਪਾਸੇ ਵਲ ਧਿਆਨ ਅਜ ਤਕ ਨਹੀਂ ਦਿਤਾ ਗਿਆ ਹੁਣ ਦੇਣਾ ਜ਼ਰੂਰੀ ਹੈ। ਸੰਤਾਂ ਨੇ ਸਤਿ ਬਚਨ ਕਿਹਾ ਅਤੇ ਕਾਰ ਸੇਵਾ ਦਾ ਸ਼ੁਭ ਕਾਰਜ ਅਰੰਭ ਹੋ ਗਿਆ।

ਗੁਰਮੁਖ ਪੰਥ ਗੁਰ ਧਯਾਨ ਸਾਵਧਾਨ ਰਹੇ,
ਲਹੈ ਨਿਜ ਘਰੁ ਘਰੁ ਸਹਜ ਨਿਵਾਸ ਜੀ॥
ਸਬਦ ਬਿਬੇਕ ਏਕ ਟੇਕ ਨਿਹਚਲ ਮੱਤਿ,
ਮਧਰ ਬਚਨ ਗੁਰ ਧਯਾਨ ਕੋ ਪ੍ਰਗਾਸ ਜੀ॥
ਚਰਨ ਕਮਲ ਚਰਨਾ ਮ੍ਰਿਤ ਨਿਧਾਨ ਪਾਨ,
ਪ੍ਰੇਮ ਰਸ ਬਸ ਭਏ ਬਿਸਮ ਬਿਸ੍ਵਾਸ ਜੀ॥
ਗਯਾਨ ਧਯਾਨ ਪ੍ਰੇਮ ਨੇਮ ਪੂਰਨ ਪ੍ਰਤੀਤ ਚੀਤ,
ਬਨ ਗ੍ਰਿਹ ਸਮਸਰਿ ਮਯਾ ਮੈ ਉਦਾਸ ਜੀ॥ ੩੨੨

(ਭਾਈ ਗੁਰਦਾਸ ਜੀ)

ਪਹਿਲਾਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਸਤਿਨਾਮ ਵਾਹਿਗੁਰੂ ਦੇ ਮਿਠੇ ਗੀਤ ਗਾਉਂਦੀਆਂ ਅਤੇ ਸ਼ਬਦ ਪੜ੍ਹਦੀਆਂ ਬਾਲਟੀਆਂ ਨਾਲ ਪਾਣੀ ਕੱਢਣ ਲਗੀਆਂ। ਇਹ ਕੰਮ ਕੋਈ ਤਿੰਨ ਮਹੀਨੇ ਜਾਰੀ ਰਿਹਾ। ਉਪਰੰਤ ਪਾਣੀ ਖਿਚਣ ਵਾਲੇ ਇੰਜਨ ਲਾ ਕੇ ਸਾਰਾ ਪਾਣੀ ਕਢਿਆ ਗਿਆ। ਉਪਰੰਤ ਸੰਗਤਾਂ ਨੇ ਵਡੇ ਉਤਸ਼ਾਹ ਨਾਲ ਗਾਰ ਕੱਢੀ। ਇਸ ਕੰਮ ਲਈ ਮਾਝੇ, ਮਾਲਵੇ ਅਤੇ ਪੋਠੋਹਾਰ ਤੋਂ ਹਜ਼ਾਰ ਹਜ਼ਾਰ ਸੇਵਕਾਂ ਦੇ ਜਥੇ ਮਾਇਆ ਦੇ ਗੱਫੇ ਲੈ ਕੇ ਨਾਮ ਦਾਨ ਲੈਣ ਅਤੇ ਤਨ ਮਨ ਧਨ ਦੁਵਾਰਾ ਸੇਵਾ ਕਰਨ ਲਈ ਪੁਜਦੇ ਰਹੇ। ਗਾਰ ਨਿਕਲਦੇ ਹੀ ਪੌੜੀਆਂ ਬਨਾਉਣ ਤੇ ਮੁਰੰਮਤ ਕਰਨ ਦਾ ਕਾਰਜ ਆਰੰਭ ਹੋ ਗਿਆ।

Sri Satguru Jagjit Singh Ji eLibrary NamdhariElibrary@gmail.com

ਇਹ ਇਕ ਮਹਾਨ ਕਾਰਜ ਸੀ। ਸ੍ਰੀ ਤਰਨ ਤਾਰਨ ਸਾਹਿਬ ਦੇ ਸਰੋਵਰ ਦੀਆਂ ੨੩ ਪੌੜੀਆਂ ਹਨ ਅਤੇ ਹਰ ਇਕ ਪੌੜੀ ਦੀ ਚੌਹਾਂ ਪਾਸਿਆਂ ਦੀ ਲੰਮਾਈ ਇਕ ਮੀਲ ਹੈ। ਹੇਠਾਂ ਤੋਂ ਲੈ ਕੇ ਬਹੁਤ ਸਾਰੀਆਂ ਪੌੜੀਆਂ ਢਾਹਕੇ ਬਿਲਕੁਲ ਨਵੀਆਂ ਹੀ ਬਣਵਾਈਆਂ ਗਈਆਂ ਅਤੇ ਕਈਆਂ ਦੀ ਮੁਰੰਮਤ ਕੀਤੀ ਗਈ। ਪੌੜੀਆਂ ਦੀ ਬਣਵਾਈ ਦਾ ਕਾਰਜ ਸੰਤ ਜੀ ਮਹਾਰਾਜ ਨੇ ਪੰਜਾਂ ਪਿਆਰਿਆਂ ਦੇ ਹਥੋਂ ਸ਼ੁਰੂ ਕਰਵਾਇਆ। ਪਿਛੋਂ ਸੇਵਾ ਦਾ ਪ੍ਰਬੰਧ ਬਾਬਾ ਹਰਨਾਮ ਸਿੰਘ ਜੀ ਕਰਦੇ ਰਹੇ। ਸੰਗਤਾਂ ਤੇ ਕਾਰੀਗਰਾਂ ਦਾ ਹਰ ਸਮੇਂ ਮੇਲਾ ਜਿਹਾ ਲਗਾ ਰਹਿੰਦਾ ਸੀ। ਇਸ ਸਵਰਗੀ ਧਾਮ ਵਿਚੋਂ ਵਾਹਿਗੁਰੂ ਨਾਮ ਦਾ ਦਾਨ ਪ੍ਰਾਪਤ ਕਰਕੇ ਸੰਗਤਾਂ ਗਦ ਗਦ ਹੁੰਦੀਆਂ ਜਾਂਦੀਆਂ ਸਨ। ਸਾਰਾ ਤਰਨ ਤਾਰਨ ਸਤਿਗੁਰਾਂ ਦੀ ਅੰਮ੍ਰਿਤ-ਬਾਣੀ ਦੇ ਫੁਹਾਰ ਨਾਲ ਪ੍ਰਫੁਲਤ ਹੋ ਰਿਹਾ ਸੀ।

ਪੌੜਾਂ ਦੀ ਸੇਵਾ ਲਈ ਸਾਰੇ ਸਿਖ ਜਗਤ ਵਿਚ ਭਾਰੀ ਉਤਸ਼ਾਹ ਜਾਗ ਪਿਆ। ਲਖਾਂ ਦੀ ਗਿਣਤੀ ਵਿਚ ਇਕੱਠ ਹੋਇਆ ਅਤੇ ਗੁਰੂ ਦਾ ਲੰਗਰ ਅਤੁਟ ਵਰਤਣ ਲਗਾ। ਇਸ ਕਾਰਜ ਪਰ ਬੇਅੰਤ ਧਨ ਖਰਚ ਹੋ ਰਿਹਾ ਸੀ। ਸੰਤਾਂ ਦੇ ਖਜਾਨੇ ਫੇਰ ਵੀ ਭਰਪੂਰ ਰਹਿੰਦੇ ਸਨ, ਪਰੰਤੂ ਉਹ ਮਾਇਆ ਨੂੰ ਕਦੇ ਭੀ ਨਹੀਂ ਸਨ ਛੋਂਹਦੇ।

ਗੁਰੂ ਮਹਾਰਾਜ ਤੋਂ ਪਿਛੋਂ ਸਿਖ ਸੰਗਤਾਂ ਦਾ ਇਤਨਾ ਭਾਰੀ ਇਕੱਠ ਇਸ ਤੋਂ ਪਹਿਲਾਂ ਕਦੇ ਨਹੀਂ ਸੀ ਹੋਇਆ। ਪੰਜ ਪੰਜ ਹਜ਼ਾਰ ਦੇ ਜਥੇ ਮਾਲਵੇ, ਮਾਝੇ, ਬਾਰ ਅਤੇ ਪੋਠੋਹਾਰ ਤੋਂ ਪੁਜਦੇ ਅਤੇ ਸੇਵਾ ਕਰਕੇ ਆਪਣਾ ਜੀਵਨ ਸਫਲਾ ਕਰਦੇ।

ਗਿਆਨੀ ਕਰਤਾਰ ਸਿੰਘ ਜੀ ਕਲਾਸ ਵਾਲੀਏ ਰੋਜ਼ ਗੁਰਬਾਣੀ ਦੀ ਵਿਆਖਿਆ ਕੀਤਾ ਕਰਦੇ ਸਨ।

ਆਪ ਪਹਿਲੀ ਜਰਮਨ ਲੜਾਈ ਤੋਂ ਪਹਿਲੋਂ ੪੭ ਸਿਖ ਪਲਟਨ ਦੇ ਗ੍ਰੰਥੀ ਸਨ ਜਿਥੇ ਮੈਂ ਆਪ ਜੀ ਦੇ ਦਰਸ਼ਨ ਕਰਦਾ ਤੇ

Sri Satguru Jagjit Singh Ji eLibrary NamdhariElibrary@gmail.com

ਕਥਾ ਸੁਣਦਾ ਰਿਹਾ ਹਾਂ। ਆਪ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਬਹੁਤ ਸਾਲ ਹੈਡ ਗਰੰਥੀ ਰਹੇ ਸਨ। ਆਪ ਜੀ ਦੀਆਂ ਏਹ ਪੁਸਤਕਾਂ ਚੰਗੀਆਂ ਪੰਥ ਪ੍ਰਸਿੱਧ ਰਹੀਆਂ ਹਨ। ਦਰਬਾਰ ਖਾਲਸਾ, ਤੇਗ ਖਾਲਸਾ, ਰਾਜ ਖਾਲਸਾ, ਸ਼ਮਸ਼ੇਰ ਖਾਲਸਾ ਆਦਿਕ।

ਅੰਮ੍ਰਿਤਸਰ ਦੀਆਂ ਸੰਗਤਾਂ ਵਿਚ ਇਤਨਾ ਉਤਸ਼ਾਹ ਸੀ ਕਿ ਉਨ੍ਹਾਂ ਨੂੰ ਅੰਮ੍ਰਿਤਸਰੋਂ ਲਿਆਉਣ ਤੇ ਵਾਪਸ ਲੈ ਜਾਣ ਲਈ ਹਰ ਰੋਜ਼ ਇਕ ਸਪੈਸ਼ਲ ਗੱਡੀ ਚਲਿਆ ਕਰਦੀ ਸੀ।

ਪੁਤਰ ਦੀ ਦਾਤ

ਇਹ ਸੇਵਾ ਕੋਈ ਸਾਲ ਭਰ ਲਗੀ ਰਹੀ। ਇਸ ਤੋਂ ਪਹਿਲਾਂ ਪਾਣੀ ੬-੭ ਪੌੜੀਆਂ ਤੋਂ ਉਪਰ ਨਹੀਂ ਸੀ ਆਉਂਦਾ, ਪਰੰਤੂ ਨਵੀਂ ਹੰਸਲੀ ਦਾ ਸਦਕਾ ਸਰੋਵਰ ਮੂੰਹੋਂ ਮੂੰਹ ਭਰ ਗਿਆ ਜਿਸ ਨੂੰ ਵੇਖਕੇ ਸੰਗਤਾਂ ਗਦ ਗਦ ਹੋ ਗਈਆਂ ਅਤੇ ਇਸ਼ਨਾਨ ਕਰਕੇ ਜੀਵਨ ਸਫਲ ਕਰਨ ਲਗੀਆਂ।

ਇਕ ਦਿਨ ਜਦ ਸਰੋਵਰ ਨਕੋ ਨਕ ਭਰਿਆ ਹੋਇਆ ਸੀ ਤੇ ਸੰਤ ਜੀ ਕਿਨਾਰੇ ਬੈਠੇ ਸੇਵਾ ਕਰਵਾ ਰਹੇ ਸਨ ਤਾਂ ਸੰਤਾਂ ਦੀ ਇਕ ਸ਼ਰਧਾਲੂ ਬੀਬੀ ਲਾਹੌਰ ਤੋਂ ਆਈ। ਉਸ ਦੀ ਗੋਦੀ ਵਿਚ ਇਕ ਤਿੰਨਾਂ ਕੁ ਸਾਲਾਂ ਦੀ ਬੱਚੀ ਸੀ। ਉਸਦੀ ਸੰਤਾਂ ਪਰ ਅਥਾਹ ਸ਼ਰਧਾ ਸੀ। ਉਸ ਨੇ ਮਥਾ ਟੇਕਿਆ ਤੇ ਹਥ ਜੋੜਕੇ ਬੇਨਤੀ ਕੀਤੀ—
'ਮਹਾਰਾਜ ਪੁਤਰ ਦੀ ਦਾਤ ਬਖਸ਼ੋ!'

ਸੰਤ ਇਸ ਸਮੇਂ ਮੇਹਰਾਂ ਦੇ ਘਰ ਵਿਚ ਸਨ, ਪਰੰਤੂ ਉਪਰੋਂ ਉਪਰੋਂ ਇਸ ਮੰਗ ਪਰ ਬੜੇ ਗੁਸੇ ਹੋਏ ਅਤੇ ਆਖਣ ਲਗੇ—ਜੇ ਪੁਤਰ ਦੀ ਇਛਿਆ ਹੈ ਤਾਂ ਇਸ ਕੁੜੀ ਨੂੰ ਸਰੋਵਰ ਵਿਚ ਸੁਟ ਦੇ। ਬੀਬੀ ਨੇ ਸਮਝ ਲਿਆ, ਜੋ ਸੰਤ ਜੀ ਮਹਾਰਾਜ ਤੁਠੇ ਹਨ। ਉਸ ਨੇ ਉਸੇ ਵੇਲੇ ਆਪਣੀ ਪੁਤਰੀ ਨੂੰ ਭਵਾਕੇ ਸਰੋਵਰ ਵਿਚ ਮਾਰਿਆ ਤੇ

Sri Satguru Jagjit Singh Ji eLibrary NamdhariElibrary@gmail.com

ਸੰਤਾਂ ਦੇ ਚਰਨ ਫੜ ਲਏ।

ਸੰਤਾਂ ਦੇ ਸੇਵਕ ਝਟ ਪਟ ਉਸ ਬੱਚੀ ਨੂੰ ਸਰੋਵਰ ਵਿਚੋਂ ਕਢ ਲਿਆਏ ਤੇ ਉਸ ਬੀਬੀ ਦੇ ਹਵਾਲੇ ਕਰ ਦਿਤਾ। ਸੰਤਾਂ ਨੇ ਬੀਬੀ ਨੂੰ ਆਖਿਆ—ਭਲੀਏ ਲੋਕੇ ਦਸ ਹੋਰ ਕੀ ਚਾਹੁੰਦੀ ਏਂ ਜੋ ਮੰਗਦੀ ਸੈਂ ਉਹ ਤਾਂ ਮਿਲ ਗਿਆ ਹੈ। ਇਸ ਤੇ ਬੀਬੀ ਖੁਸ਼ੀ ਖੁਸ਼ੀ ਘਰ ਗਈ ਅਤੇ ਉਸ ਤੋਂ ਠੀਕ ਦਸਾਂ ਮਹੀਨਿਆਂ ਪਿਛੋਂ ਸੰਤਾਂ ਦੇ ਵਰ ਅਨੁਸਾਰ ਉਸਦੀ ਗੋਦੀ ਵਿਚ ਇਕ ਸੋਹਣਾ ਤੇ ਪਿਆਰਾ ਪੁਤਰ ਸੀ।

ਸ: ਗੁਰਬਖਸ਼ ਸਿੰਘ ਜੀ ਸਹਿਗਲ ਇਮਪੋਰਟ ਐਕਸਪੋਰਟ ਦਾ ਕੰਮ ਕਰਦੇ ਚਿਟਾ ਕਟੜਾ ਚੌਂਕ ਅੰਮ੍ਰਿਤਸਰ ਰਹਿੰਦੇ ਸਨ ਦੇ ਘਰੋਂ ਬਹੁਤ ਦੇਰ ਤੋਂ ਜ਼ਿਆਦਾ ਬੀਮਾਰ ਸੀ ਚਾਰਪਾਈ ਤੇ ਰਹਿੰਦੀ ਸੀ। ਉਹ ਸੰਤ ਤੇਜਾ ਸਿੰਘ ਜੀ ਭਬਲ ਐਮ. ਏ· ਦਾ ਪ੍ਰੇਮੀ ਸੀ ਜਦੋਂ ਸੰਤ ਜੀ ਸ੍ਰੀ ਅੰਮ੍ਰਿਤਸਰ ਆਏ ਤਾਂ ਉਹ ਆਪਣੀ ਸਪਤਨੀ ਨੂੰ ਕਿਸੇ ਤਰ੍ਹਾਂ ਉਠਾਕੇ ਨਾਲ ਲੈ ਗਿਆ ਮਹਾਰਾਜ ਜੀਓ ਕਿਰਪਾ ਕਰੋ। ਆਪ ਚੁਪ ਕਰ ਰਹੇ ਨੇਤ੍ਰ ਮੀਟ ਲਏ ਤੇ ਫਰਮਾਇਆ ਇਸ ਸਮੇਂ ਸੰਤ ਬਾਬਾ ਗੁਰਮੁਖ ਸਿੰਘ ਜੀ ਅਵਤਾਰ ਹਨ ਉਨ੍ਹਾਂ ਪਾਸ ਸ੍ਰੀ ਤਰਨ ਤਾਰਨ ਸਾਹਿਬ ਲੈ ਜਾਉ ਮਹਾਰਾਜ ਜੀ ਬਹੁਤ ਕਮਜ਼ੋਰ ਹੈ ਕਿਵੇਂ ਲਿਜਾਵਾਂ ਜਿਵੇਂ ਹੋ ਸਕਦਾ ਹੈ ਲੈ ਜਾ ਤੇ ਜੋ ਉਹ ਬਚਨ ਕਰਨ ਪੂਰੇ ਤੌਰ ਤੇ ਬਚਨ ਪਾਲੀਂ ਭਲਾ ਹੋਵੇਗਾ।

ਸੋ ਮੈਂ ਆਪਣੀ ਸਪਤਨੀ ਨੂੰ ਲੈ ਕੇ ਤਰਨ ਤਾਰਨ ਪੁਜਾ ਮਹਾਰਾਜ ਸੇਵਾ ਕਰਵਾ ਰਹੇ ਸਨ। ਬੇਨਤੀ ਕੀਤੀ ਮਹਾਰਾਜ ਜੀ ਕਿਰਪਾ ਕਰੋ ਇਸ ਬਾਰੇ ਸੰਤ ਤੇਜਾ ਸਿੰਘ ਜੀ ਨੇ ਜੋ ਬ੍ਰਹਮ ਗਿਆਨੀ ਸੰਤ ਅੱਤਰ ਸਿੰਘ ਜੀ ਮਹਾਰਾਜ ਦੇ ਸੇਵਕ ਹਨ ਨੇ ਆਪ ਜੀ ਪਾਸ ਭਿਜਵਾਇਆ ਹੈ ਤੇ ਏਹ ਬਚਨ ਕੀਤੇ ਹਨ। ਸੰਤ ਜੀ ਚੁਪ ਕਰ ਰਹੇ। ਥੋੜਾ ਬਿਹਾ ਪ੍ਰਸ਼ਾਦਾ ਫੜਕੇ ਉਪਰ ਦਾਲ ਪਾ ਦਿਤੀ ਤੇ ਕਿਹਾ ਛਕਾ ਦਿਉ ਮੈਂ ਮਹਾਰਾਜ ਇਸਨੂੰ ਅੰਨ ਮੂੰਹ ਲਾਇਆ ਕਾਫੀ ਚਿਰ ਹੋ ਗਿਆ ਹੈ ਸੰਤ ਜੀ ਭਾਈ ਹੁਕਮ ਮੰਨ ਭਲਾ ਹੋ

Sri Satguru Jagjit Singh Ji eLibrary NamdhariElibrary@gmail.com

ਜਾਵੇਗਾ ਮੈਂ ਨੇ ਪ੍ਰਸ਼ਾਦਾ ਹੌਲੀ ਹੌਲੀ ਛਕਾ ਦਿਤਾ ਪਾਣੀ ਪਿਲਾ ਦਿਤਾ ਤੇ ਹੁਕਮ ਹੋਇਆ ਸੇਵਾ ਕਰੋ—ਸੋ ਸੇਵਾ ਵਿਚ ਜਾ ਲਗਾ ਆਖਰ ਉਹ ਰਾਜ਼ਾ ਹੋ ਗਈ ਫਿਰਦੀ ਟੁਰਦੀ ਰਹੀ।

ਤਰਨ ਤਾਰਨ ਵਿਚ ਜਦ ਹੰਸਲੀ ਤੇ ਸਰੋਵਰ ਦੀ ਸੇਵਾ ਸੰਪੂਰਨ ਹੋ ਗਈ ਤਾਂ ਅੰਮ੍ਰਿਤਸਰ ਦੀਆਂ ਸੰਗਤਾਂ ਭਾਰੀ ਗਿਣਤੀ ਵਿਚ ਉਨ੍ਹਾਂ ਦੀ ਸੇਵਾ ਵਿਚ ਪੁਜੀਆਂ ਤੇ ਬੇਨਤੀ ਕੀਤੀ, ਮਹਾਰਾਜ ਸ੍ਰੀ ਅੰਮ੍ਰਿਤਸਰ ਸਰੋਵਰ ਦੇ ਜੱਲ ਦੀ ਬੇਅਦਬੀ ਹੋ ਰਹੀ ਹੈ ਕ੍ਰਿਪਾ ਕਰਕੇ ਚਲੋ ਤੇ ਸੰਗਤਾਂ ਨੂੰ ਉਥੇਂ ਦੀ ਹੰਸਲੀ ਦੀ ਸੇਵਾ ਵਿਚ ਲਾਉ।' ਸੰਤ ਜੀ ਇਹ ਬੇਨਤੀ ਪ੍ਰਵਾਨ ਕਰਕੇ ਅਰਦਾਸ ਕਰਕੇ ਤਰਨ ਤਾਰਨ ਤੋਂ ਫੇਰ ਸ੍ਰੀ ਅੰਮ੍ਰਿਤਸਰ ਜੀ ਵਿਚ ਆ ਗਏ। ਆਪ ਜੀ ਨੇ ਫਰਮਾਇਆ ਸਭ ਕੰਮ ਸ਼ੁਰੂ ਕਰਨ ਤੇ ਖਤਮ ਕਰਨ ਵੇਲੇ ਅਰਦਾਸ ਜ਼ਰੂਰ ਕਰਿਆ ਕਰੋ ਬਹੁਤ ਬਰਕਤ ਪੈਂਦੀ ਹੈ।

ਅਰਦਾਸ ਦੀਆਂ ਬਰਕਤਾਂ

ਅਰਦਾਸ ਕੀ ਹੈ, ਪਹਿਲੋਂ ਸਾਨੂੰ ਇਹ ਸਮਝਣਾ ਚਾਹੀਦਾ ਹੈ। ਅਰਦਾਸ ਇਕ ਬੇਨਤੀ ਹੈ, ਜੇ ਕਿਸੇ ਲੋੜ ਦੀ ਪੂਰਤੀ ਲਈ ਅਸੀਂ ਕਰਦੇ ਹਾਂ। ਇਕ ਇਨਸਾਨ ਦੂਜੇ ਇਨਸਾਨ ਪਾਸ ਜਾ ਕੇ ਭੀ ਕੋਈ ਕੰਮ ਕਰਵਾਨ ਲਈ ਬੇਨਤੀ ਕਰਦਾ ਹੈ ਤੇ ਉਹ ਜਦੋਂ ਹਾਂ ਕਰ ਲਵੇ ਤਾਂ ਉਸਦਾ ਧਨਵਾਦ ਕਰਦੇ ਹਾਂ। ਅਸਲ ਵਿਚ ਅਰਦਾਸ ਇਕ ਉਸ ਪ੍ਰਾਣੀ ਦੀ ਬੇਨਤੀ ਹੈ ਜੋ ਕਿਸੇ ਵਸਤੂ ਨੂੰ ਆਪਣੇ ਪਾਸ ਨਾ ਰਖਦਾ ਹੋਇਆ ਉਸ ਵਸਤੂ ਦੇ ਹਾਸਲ ਕਰਨ ਲਈ ਉਸ ਪਾਸ ਕਰਦਾ ਹੈ ਜੋ ਉਸ ਵਸਤੂ ਨੂੰ ਦੇਣ ਦੇ ਸਮਰਥ ਹੈ। ਅਰਦਾਸ ਸਾਡੀਆਂ ਤੋਟਾਂ ਤੋਂ ਉਤਪੰਨ ਹੁੰਦੀ ਹੈ। ਅਸੀਂ ਮਾਇਆਧਾਰੀ ਜੀਵ ਹਾਂ ਸੋ ਸਾਡੀਆਂ ਸੰਸਾਰਕ ਤੋਟਾਂ ਸਾਨੂੰ

Sri Satguru Jagjit Singh Ji eLibrary NamdhariElibrary@gmail.com

ਮਜਬੂਰ ਕਰਦੀਆਂ ਹਨ ਕਿ ਉਨ੍ਹਾਂ ਨੂੰ ਅਸੀਂ ਦੇਣ ਦੇ ਸਮਰਥਾਂ ਪਾਸੋਂ ਹਾਸਲ ਕਰਨ ਲਈ ਅਰਦਾਸਾਂ ਬੇਨਤੀਆਂ ਕਰੀਏ। ਅਸੀਂ ਪ੍ਰਮਾਤਮਾਂ ਪਾਸ ਜੋ ਪਰੀ ਪੂਰਣ ਹੈ ਤੇ ਸਭ ਕੁਝ ਦੇ ਰਿਹਾ ਹੈ..... ਤੇ ਅਸੀਂ ਲੈਂਦੇ ਜਾ ਰਹੇ ਹਾਂ :

ਦੇਦਾ ਦੇ ਲੈਦੇ ਥਕਿ ਪਾਹਿ ॥
ਜੁਗਾ ਜੁਗੰਤਰ ਖਾਹੀ ਖਾਹਿ ॥

ਜਦੋਂ ਤੋਟਾਂ ਦੇ ਹਥੋਂ ਨਿਢਾਲ ਹੁੰਦੇ ਹਾਂ ਤਾਂ ਉਸਦੀ ਦਰਗਾਹ ਵਿਚ ਅਰਦਾਸ ਬੇਨਤੀ ਕਰਾਨ ਲਈ ਗੁਰਦਵਾਰੇ ਦੌੜਦੇ ਹਾਂ। ਕਾਰੋਬਾਰ ਵਿਚ ਸਫ਼ਲਤਾ ਅਸੀਂ ਆਪਣੀ ਸਫਲਤਾ ਗਿਣਦੇ ਹਾਂ ਤੇ ਜੇ ਅਸਫ਼ਲਤਾ ਆ ਜਾਵੇ ਤਾਂ ਸਾਡੀ ਕਿਸਮਤ ਤੇ ਵਾਹਿਗੁਰੂ ਵਲੋਂ ਸਾਡੇ ਤੇ ਕਰੋਪੀ। ਬੀਮਾਰ ਹੋ ਜਾਈਏ ਤਾਂ ਭੀ ਅਰਦਾਸ ਗੁਰਦਵਾਰੇ ਕਰਾਨੀ ਯਾਦ ਆਉਂਦੀ ਹੈ ਤੇ ਜੇ ਤਕਲੀਫ ਵਧ ਜਾਵੇ ਤਾਂ ਅਰਦਾਸ ਕਰਾਨੀ ਜ਼ਰੂਰੀ ਹੋ ਜਾਂਦੀ ਹੈ, ਕੜਾ ਪ੍ਰਸ਼ਾਦ ਵੀ ਕਰਵਾਇਆ ਜਾਂਦਾ ਹੈ ਤੇ ਪਾਠ ਵੀ ਸੁਖਿਆ ਜਾਂਦਾ ਹੈ।

ਦੁਖ ਲਾਗੇ ਤਾਂ ਰਾਮ ਪੁਕਾਰੇ ॥

ਜਿਹੋ ਜਿਹਾ ਸਾਡਾ ਮਨ ਹੈ ਤੇ ਮਨੋ ਕਾਮਨਾ ਦਾ ਸਾਡਾ ਸੰਸਾਰ ਹੈ ਉਸ ਵਿਚ ਵਾਪਰਨ ਵਾਲੀਆਂ ਤੋਟਾਂ ਦੀ ਪੂਰਤੀ ਲਈ ਅਰਦਾਸ ਕਰਦੇ ਜਾਂ ਕਰਵਾਂਦੇ ਹਾਂ।

ਧਨ ਹਨ ਉਹ ਜੋ ਅਰਦਾਸ ਦੀ ਡੋਰੀ ਫੜ ਕੇ ਆਤਮਾ ਦਾ ਸੰਬੰਧ ਪ੍ਰਮਾਤਮਾ ਨਾਲ ਜੋੜਨਾ ਲੋਚਦੇ ਹਨ ਉਨ੍ਹਾਂ ਦੀਆਂ ਅਰਦਾਸਾਂ ਵਿਚ ਸੰਸਾਰਕ ਮੰਗਾਂ ਮੁਕ ਜਾਂਦੀਆ ਹਨ ਉਹ ਨਹੀਂ ਕਹਿੰਦੇ ਰਬਾ ਇਹ ਦੇਹ, ਔਹ ਦੇਹ, ਉਨ੍ਹਾਂ ਦਾ ਮਨ ਮਾਇਆ ਤੋਂ ਉਤਾਂਹ ਉਠਦਾ ਹੈ ਤੇ ਉਹ ਸਤਿਗੁਰ ਦੀ ਪ੍ਰਾਪਤੀ ਲਈ ਅਰਦਾਸਾਂ ਕਰਦੇ ਹਨ, ਜਿਤਨੀ ਵਧ ਬੇਹਬਲਤਾ ਉਨ੍ਹਾਂ ਦੇ ਮਨ ਵਿਚ ਹੋਵੇਗੀ ਉਤਨੀ ਜਲਦੀ ਹੀ ਉਹ ਅਰਦਾਸ ਨਿਸ਼ਾਨੇ ਤੇ ਪੁਜੇਗੀ।

Sri Satguru Jagjit Singh Ji eLibrary NamdhariElibrary@gmail.com

ਇਕ ਮਹਾਂਪੁਰਸ਼ ਦਸਦੇ ਸਨ ਕਿ ਕਿਸੇ ਨਗਰ ਵਿਚ ਇਕ ਮਹਾਤਮਾਂ ਆ ਗਏ ਜੋ ਜੋਤਸ਼ ਵਿਦਿਆ ਜਾਣਦੇ ਸਨ। ਉਨ੍ਹਾਂ ਪਾਸੋਂ ਵਾਰੋ-ਵਾਰੀ ਲੋਕ ਲਗੇ ਆਪਣੇ ਅਗਲੇ ਪਿਛਲੇ ਹਾਲਾਤ ਪੁਛਨ। ਇਕ ਪੰਜ ਨਮਾਜ਼ੀ ਹਰ ਸਮੇਂ ਤਸਬੀ ਨੂੰ ਫੇਰਦੇ ਰਹਿਣ ਵਾਲੇ ਮੁਲਾ ਸਾਹਿਬ ਜੀ ਨੇ ਵੀ ਆਣ ਪੁਛਿਆ ਕਿ ਸੰਤ ਜੀ ਕੀ ਮੇਰੇ ਲਈ ਬਹਿਸ਼ਤ 'ਚ ਖ਼ੁਦਾ ਨੇ ਥਾਂ ਰਖੀ ਹੈ ?' ਸੰਤ ਜੀ ਨੇ ਕਿਹਾ 'ਹਾਂ ਜੀ !' ਮੁਲਾ ਸਾਹਿਬ ਕਹਿਣ ਲਗੇ 'ਰਖਣੀ ਨਹੀਂ ਸੂ, ਸੱਠ ਸਾਲ ਹੋ ਗਏ ਉਸ ਦੀ ਯਾਦ ਵਿਚ ਤਸਬੀ ਫੇਰਦਿਆਂ।' ਉਸੇ ਸਮੇਂ ਇਕ ਭੇਡਾਂ ਚਾਰਨ ਵਾਲੇ ਗਡਰੀਏ ਨੇ ਭੀ ਆ ਪੁਛਿਆ 'ਸੰਤ ਜੀ ਦਸੋ, ਰਬ ਸਚੇ ਨੇ ਇਸ ਗੁਨਾਹਗਾਰ ਲਈ ਵੀ ਕੋਈ ਥਾਂ ਰਖੀ ਹੈ ?' ਸੰਤ ਜੀ ਨੇ ਕਿਹਾ—'ਹਾਂ ਜੀ, ਆਪ ਲਈ ਦੋਜ਼ਖ (ਨਰਕ) ਵਿਚ' ਉਸ ਹਥ ਜੋੜ ਲਏ ਤੇ ਉਪਰ ਅਸਮਾਨ ਵਲ ਮੂੰਹ ਕਰਕੇ ਕਿਹਾ ਕਿ 'ਸ਼ੁਕਰ ਹੈ, ਸ਼ੁਕਰ ਹੈ ਰਬ ਸੱਚਿਆ, ਤੇਰਾ ਲੱਖ-ਲੱਖ ਸ਼ੁਕਰ ਹੈ, ਇਸ ਗੁਨਾਹਗਾਰ ਲਈ ਵੀ ਤੁਸਾਂ ਥਾਂ ਰਖਣ ਦੀ ਮਿਹਰ ਕੀਤੀ ਹੈ !'

ਇਸ ਮਿਸਾਲ ਤੋਂ ਆਪ ਜਾਨ ਲਓ ਕਿ ਹੁਣ ਕਿਹੜੀ ਅਰਦਾਸ ਕਬੂਲ ਹੋਵੇਗੀ, ਹੰਕਾਰ ਭਰੀ, ਜਾਂ ਸ਼ੁਕਰ ਭਰੀ ? ਅਸੀਂ ਮਨ ਦੀ ਸਚੀ ਬੰਦਗੀ ਵਾਲੀ ਭੁਲ ਬਖ਼ਸ਼ਾਣ ਲਈ ਅਰਦਾਸ ਨਹੀਂ ਕਰਦੇ, ਅਸੀਂ ਤਾਂ ਲੋੜਾਂ ਪੂਰੀਆਂ ਕਰਨ ਵਾਲੀ ਸੰਸਾਰਕ ਅਰਦਾਸ ਰੋਜ਼ ਕਰਦੇ ਰਹਿੰਦੇ ਹਾਂ। ਸੰਸਾਰਕ ਲੋੜਾਂ ਲਈ ਵੀ ਅਪਨੇ ਇਸ਼ਟ ਅਗੇ ਅਰਦਾਸ ਕਰਨੀ ਯੋਗ ਹੈ। ਪਰ ਅਰਦਾਸ ਅਰਦਾਸ ਵਿਚ ਫ਼ਰਕ ਹੈ, ਜਦੋਂ ਕੋਈ ਘਰ ਵਿਚ ਬੀਮਾਰ ਹੋ ਜਾਵੇ, ਸਾਨੂੰ ਇਹ ਬੇਨਤੀ ਕਰਨੀ ਚਾਹੀਦੀ ਹੈ ' ਹੇ ਸਚੇ ਪਾਤਸ਼ਾਹ ! ਇਸ ਨੂੰ ਦੁਖ ਤੇਰੇ ਭਾਣੇ ਵਿਚ ਆਇਆ ਹੈ, ਕਿਰਪਾ ਕਰ ਦੁਖ ਜਰਨ ਲਈ ਬਲ ਬਖ਼ਸ਼ ਤੇ ਆਪਣੇ ਭਾਣੇ ਵਿਚ ਹੀ ਰਖ !' ਉਸ ਸਮੇਂ ਦੁਖ ਮਨ ਕਰਕੇ ਕੁਝ ਜਾਪੇਗਾ ਹੀ ਨਹੀਂ ਤੇ ਸਹਿਜ ਸੁਭਾ ਸਮਾਂ ਪਾਕੇ

Sri Satguru Jagjit Singh Ji eLibrary NamdhariElibrary@gmail.com

ਦੁਖ ਦੂਰ ਹੋ ਜਾਵੇਗਾ।

ਅਸੀਂ ਆਪਣੇ ਵਿਰੋਧੀ ਬਾਰੇ ਮਨ ਵਿਚ ਕਲਪਦੇ ਹਾਂ। ਉਸਨੂੰ ਨੀਚਾ ਵਿਖਾਣ ਲਈ ਕਈ ਤਦਬੀਰਾਂ ਸੋਚਦੇ ਹਾਂ ਤੇ ਕਦੀ-ਕਦੀ ਉਸ ਦਾ ਨੁਕਸਾਨ ਹੋ ਜਾਵੇ ਚਿਤਵ ਕੇ ਖੁਸ਼ ਹੁੰਦੇ ਹਾਂ, ਇਹ ਨੀਵੀਂ ਮਤ ਹੈ। ਜੇ ਉਹ ਝੂਠਾ ਹੈ, ਉਸਨੇ ਕੋਈ ਜ਼ਿਆਦਤੀ ਭੀ ਕੀਤੀ ਹੈ ਤੇ ਜਾਣ ਬੁਝ ਕੇ ਆਪ ਨੂੰ ਨੁਕਸਾਨ ਵੀ ਪੁਚਾਇਆ ਹੈ, ਤਾਂ ਆਪਦਾ ਉਸਦੇ ਨਾਲ ਉਸੇ ਤਰ੍ਹਾਂ ਠੀਕ ਹਸਕੇ ਮਿਲਦੇ ਰਹਿਣਾ ਲੋਕਾਂ ਵਿਚ ਭਾਈ-ਚਾਰਕ ਤੌਰ ਤੇ ਮਾਨ ਵਧਾਏਗਾ, ਪਰ ਜੇਕਰ ਉਸ ਦੇ ਲਈ ਅਰਦਾਸ ਕਰਦੇ ਰਹੋਗੇ ਕਿ ਹੇ ਸਚੇ ਪਾਤਸ਼ਾਹ, ਮੇਰੀ ਅਨਜਾਣ ਬੁਧੀ ਨਾਲ ਇਸ ਨੇ ਇਹ ਭੁਲ ਕੀਤੀ ਹੈ, ਜੋ ਮੇਰੇ ਦੁਖ ਦਾ ਕਾਰਨ ਬਣੀ ਹੈ। ਤੂੰ ਇਸ ਤੇ ਮਿਹਰ ਕਰ ਤੇ ਇਸ ਨੂੰ ਸੱਮਤ ਬਖ਼ਸ਼, ਤਾਂ ਆਪ ਗੁਰੂ ਘਰ ਵਿਚ ਭੀ ਮਾਣ ਪਾਉਗੇ।

ਨੇਕਾਂ ਨਾਲ ਚੰਗਿਆਈ ਕਰਨੀ, ਇਹ ਸਭ ਦੇ ਹੈ ਭਾਣੇ।
ਬੁਰਿਆਂ ਨਾਲ ਨੇਕੀ ਕਰਨੀ, ਇਹ ਗੁਰੂ ਨਾਨਕ ਜਾਣੇ।

ਭਗਤੀ ਵਿਚ ਸਭ ਤੋਂ ਚੰਗਾ ਤੇ ਕਾਮਯਾਬ ਆਸਰਾ ਅਰਦਾਸ ਹੈ। ਅਰਦਾਸ ਮਨ ਦੇ ਟਿਕਾਓ ਵਾਲੀ ਕਰਦੇ ਰਹਿਣ ਨਾਲ ਸਿਮਰਨ ਵਧਦਾ ਹੈ ਤੇ ਸਿਮਰਨ ਦਾਤ ਮਿਲਦੀ ਜਾਣ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

ਅਰਦਾਸ ਦਾ ਰਿਵਾਜ ਸਿਖ ਸੰਗਤਾਂ ਵਿਚ ਘਟ ਰਿਹਾ ਹੈ, ਜੋ ਸਾਡੀ ਕਮਜ਼ੋਰੀ ਦੀ ਨਿਸ਼ਾਨੀ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਰਦਾਸ ਸੰਪੂਰਨ ਕਰ ਦਿਤੀ ਹੈ, ਜੋ ਪਹਿਲੀ ਪਾਤਸ਼ਾਹੀ ਜੀ ਨੇ ਸ਼ੁਰੂ ਕੀਤੀ ਸੀ। ਜਿਤਨੀ ਅਰਦਾਸ ਮੰਗਾਂ ਤੋਂ ਰਹਿਤ ਹੈ, ਉਤਨੀ ਹੀ ਮਨ ਦੀ ਇਕਾਗਰਤਾ ਨਾਲ ਜ਼ਰੂਰ ਕਰਨੀ ਚਾਹੀਦੀ ਹੈ। ਅਰਦਾਸ ਵਿਚ ਸ਼ਕਤੀ ਹੈ, ਜਿਸ ਦੀਆਂ ਬਹੁਤ ਮਿਸਾਲਾਂ ਸਾਡੇ ਇਤਿਹਾਸ ਵਿਚ ਹਨ। ਮਹਾਰਾਜਾ ਰਣਜੀਤ ਸਿੰਘ ਜੀ ਨੇ ਆਪਣੇ ਜਰਨੈਲ ਅਕਾਲੀ ਫੂਲਾ ਸਿੰਘ ਜੀ ਨੂੰ ਨੌਸ਼ਹਰਾ

Sri Satguru Jagjit Singh Ji eLibrary NamdhariElibrary@gmail.com

ਥਿੱਥੜੀ ਦੀ ਪਹਾੜੀ ਉਪਰ ਹਮਲਾ ਕਰਨ ਸਮੇਂ ਕਿਹਾ ਕਿ ਤੋਪਖ਼ਾਨਾ ਹਾਲੇ ਨਹੀਂ ਪੁਜਾ, ਹਮਲਾ ਰੋਕ ਦਿਓ, ਅਗੇ ਦੁਸ਼ਮਨ ਬਹੁਤ ਹੈ। ਅਕਾਲੀ ਜੀ ਨੇ ਉਤ੍ਰ ਦਿਤਾ ਸੀ ਕਿ ਹੁਣ ਅਰਦਾਸਾ ਹੋ ਚੁਕਾ ਹੈ ਤੇ ਹੱਲਾ ਬੋਲ ਰਹੇ ਹਾਂ, ਆਪ ਹੁਣ ਗਿਣਤੀ ਵਿਚ ਨਾ ਪਵੋ, ਸਚੇ ਪਾਤਸ਼ਾਹ ਜੀ ਦਾ ਆਸਰਾ ਲਓ, ਫ਼ਤਹਿ ਤਾਂ ਗੁਰੂ ਨੇ ਬਖ਼ਸ਼ਨੀ ਹੈ। ਸੋ ਸਚੇ ਪਾਤਸ਼ਾਹ ਜੀ ਨੇ ਫ਼ਤਹਿ ਬਖਸ਼ੀ।

ਦਾਸ ਨਾਲ ਇਕ ਵਾਰੀ ਇਹ ਖੇਡ ਵਰਤੀ—ਸ੍ਰੀ ਪਾਂਵਟਾ ਸਾਹਿਬ ਜੀ ਦੀ ਮਹਾਨ ਸੇਵਾ ਸਚੇ ਪਾਤਸ਼ਾਹ ਇਸ ਕੂਕਰ ਪਾਸੋਂ ਆਪਣੀ ਮਿਹਰ ਕਰਕੇ ਲੈ ਰਹੇ ਸਨ। ਡੇਹਰਾਦੂਨ ਸ਼ਹਿਰ ਦੀ ਵਖ-ਵਖ ਥਾਵਾਂ ਤੋਂ ੫੦ ਬੋਰੀ ਸੀਮੇਂਟ, ੧ ਬੋਰੀ ਚੀਨੀ, ੪ ਟੀਨ ਮਿਟੀ ਦਾ ਤੇਲ ਖ਼ਰੀਦ ਕੇ ਤੇ ਸੌ ਰੁਪਏ ਦੀ ਚੇਂਜ ਲੈਕੇ, ਸਾਰਾ ਸਾਮਾਨ ਟਰੱਕ ਵਿਚ ਲਦਵਾ ਕੇ ਟੁਰਿਆ ਸਾਂ। ਬੰਦਾਲ ਨਦੀ ਦੇ ਪੁਲ ਤੇ ਇਕ ਮੁਸਲਮਾਨ ਪੁਲਿਸ ਹਵਾਲਦਾਰ ਜੋ ਰਬ ਦੀ ਯਾਦ ਵਾਲਾ ਬੰਦਾ ਤੇ ਮੇਰਾ ਦੋਸਤ ਸੀ, ਮੇਰਾ ਰਾਹ ਤਕਦਾ ਹੋਇਆ ਮਿਲਿਆ। ਟਰਕ ਰੁਕਵਾ ਕੇ ਕਹਿਣ ਲਗਾ ਕਿ ਆਪ ਦੀ ਗਰਿਫ਼ਤਾਰੀ ਤੇ ਸਾਮਾਨ ਦਾ ਜ਼ਬਤ ਹੋਣਾ ਯਕੀਨੀ ਹੈ। ਸੀ. ਆਈ. ਡੀ. ਨੇ ਰਿਪੋਰਟ ਕਰ ਦਿਤੀ ਹੈ ਤੇ ਮੋਟਰ ਸਾਈਕਲ ਪਰ ਇਕ ਗੋਰਾ ਅਗੇ ਗਿਆ ਹੈ ਤੇ ਰਸਤੇ ਵਿਚ ਸਹਿਸਪੁਰ ਥਾਨੇ ਵਿਚ ਸੁਪ੍ਰਿਨਟੈਂਡੈਂਟ ਪੁਲਿਸ ਸਰਕਾਰੀ ਕੰਮ ਲਈ ਥਾਨੇ ਰਾਤ ਦਾ ਗਿਆ ਹੋਇਆ ਹੈ। ਉਸ ਨੂੰ ਸਵੇਰੇ ਹੀ ਖ਼ਬਰ ਭਿਜਵਾਈ ਗਈ ਹੈ ਕਿ ਤੁਸੀਂ ਇਹੋ ਜਿਹਾ ਸਾਮਾਨ ਲੈਕੇ ਆ ਰਹੇ ਹੋ...।...ਓਦੋਂ ਦੂਜੀ ਜੰਗ ਤੇਜ਼ੀ ਨਾਲ ਹੋ ਰਹੀ ਸੀ ਤੇ ਇਹ ਸਾਮਾਨ ਕਿਸੇ ਹਾਲਤ ਵਿਚ ਭੀ ਨਹੀਂ ਸੀ ਮਿਲਦਾ। ਮੈਂ ਉਸ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਮੈਂ ਘਰੋਂ ਅਰਦਾਸ ਕਰਕੇ ਇਸ ਸੇਵਾ ਲਈ ਨਿਕਲਿਆ ਹਾਂ, ਗੁਰੂ ਮਹਾਰਾਜ ਦਾ ਕੰਮ ਹੈ, ਆਪਹੀ ਮਿਹਰ ਕਰਨਗੇ। ਤੂੰ ਇਹ ਕ੍ਰਿਪਾ ਕਰ ਕਿ ਆਪ ਭੀ ਥਾਨੇ ਪੁਜਨ ਤਕ ਰਬ ਨੂੰ ਯਾਦ

Sri Satguru Jagjit Singh Ji eLibrary NamdhariElibrary@gmail.com

ਕਰਦਾ ਤੇ ਮੇਰੀ ਪੱਤ ਰੱਖਣ ਲਈ ਬੇਨਤੀਆਂ ਕਰਦਾ ਜਾ, ਮੇਰੀ ਐਸੀ ਦਸ਼ਾ ਹੋਈ ਕਿ ਮੈਂ ਧਿਆਨ ਵਿਚ ਜੁੜ ਗਿਆ। ਉਹ ਗੋਰਾ ਜੋ ਅਠਵੇਂ ਮੀਲ ਤੇ ਪੁਜ ਚੁਕਾ ਸੀ, ਬੰਦੂਕ ਫੜ ਕੇ ਜੰਗਲ ਵਿਚ ਪਰਿੰਦੇ ਮਾਰਦਾ ਫਿਰਦਾ ਸੀ ਤੇ ਮੋਟਰ ਸਾਈਕਲ ਸੜਕ ਤੇ ਪਈ ਸੀ, ਟਰਕ ਉਥੋਂ ਦੀ ਲੰਘ ਗਿਆ। ਜਦੋਂ ਸਹਿੰਸਪੁਰ ਥਾਨੇ ਤੇ ਪੁਜੇ ਸੁਪ੍ਰਿਨਟੈਂਡੈਂਟ ਦੀ ਮੇਮ ਸੜਕ ਤੇ ਟਹਿਲ ਰਹੀ ਸੀ। ਸਿਪਾਹੀ ਨੇ ਟਰਕ ਰੋਕਿਆ, ਮੈਂ ਉਤਰਿਆ, ਮੇਮ ਨੂੰ ਸਲਾਮ ਕੀਤਾ। ਮੇਰੇ ਹਥ ਵਿਚ ਤਾਜ਼ਾ ਅਖ਼ਬਾਰ ਸਟੇਟਸ ਮੈਨ ਸੀ, ਉਸ ਨੇ ਉਹ ਪ੍ਰਚਾ ਮੰਗਿਆ, ਮੈਂ ਦੇ ਦਿਤਾ। ਫਿਰ ਉਸ ਪੁਛਿਆ ਕਿ 'ਖ਼ਾਲਸਾ ਜੀ, ਕਿਥੇ ਜਾ ਰਹੇ ਹੋ ?' ਉਦੋਂ ਮੈਂ ਡੇਹਰਾਦੂਨ ਦਾ ਮਿਯੂਨਿਸਪਲ ਕਮਿਸ਼ਨਰ ਹੋਣ ਕਰਕੇ ਪ੍ਰਸਿਧ ਸਾਂ। ਮੈਂ ਉਸਨੂੰ ਕਿਹਾ ਕਿ ਪਾਂਵਟਾ ਸਾਹਿਬ ਜਾ ਰਿਹਾ ਹਾਂ ਤੇ ਇਹ ਜ਼ਰੂਰੀ ਸਾਮਾਨ ਚੀਨੀ, ਚਾਏ, ਤੇਲ ਸੀਮੇਂਟ ਤੇ ਰੇਜ਼ਗਾਰੀ ਲੈਕੇ ਜਾ ਰਿਹਾ ਹਾਂ। ਉਸ ਨੂੰ ਮੈਂ ਸਾਰੀ ਚੀਜ਼ਾਂ ਵਿਖਾਈਆਂ, ਉਹ ਚੇਂਜ ਵੇਖ ਕੇ ਖੁਸ਼ ਹੋਈ ਤੇ ਕਹਿਣ ਲਗੀ ਕਿ ਸਾਨੂੰ ਤਾਂ ਬੜੀ ਤਕਲੀਫ ਹੈ, ਇਮਪੀਰੀਅਲ ਬੈਂਕ ਦੋ ਰੁਪਏ ਤੋਂ ਵਧ ਚੇਂਜ ਦੇਂਦਾ ਹੀ ਨਹੀਂ। ਮੈਂ ਕਿਹਾ ਕਿ ਇਹ ਸਭ ਸਾਮਾਨ ਸੇਵਾ ਵਾਸਤੇ ਜ਼ਰੂਰੀ ਹੈ। ਮੈਂ ਜਿਸ ਪਾਸ ਜਾਂਦਾ ਹਾਂ, ਮੈਨੂੰ ਕੋਈ ਨਾਂਹ ਨਹੀਂ ਕਰਦਾ। ਤੇਰੇ ਪਾਸ ਵੀ ਜਦੋਂ ਕਿਤੇ ਪਾਂਵਟਾ ਸਾਹਿਬ ਦੇ ਕੰਮ ਲਈ ਆਵਾਂਗਾ, ਮੈਨੂੰ ਵਿਸ਼ਵਾਸ ਹੈ ਕਿ ਤੂੰ ਵੀ ਮੈਨੂੰ ਨਾ ਨਹੀਂ ਕਰ ਸਕੇਂਗੀ।

ਉਸ ਨੇ ਮੇਰੇ ਕੋਲੋਂ ਕੁਝ ਚੇਂਜ ਮੰਗੀ। ਦੂਜੇ ਦਿਨ ਮੈਂ ਦਸ ਰੁਪਏ ਦੀ ਚੇਂਜ ਸਾਮ ਨੂੰ ਉਸਦੀ ਕੋਠੀ ਤੇ ਪੁਚਾਣ ਦਾ ਬਚਨ ਦੇਕੇ ਸਲਾਮ ਕੀਤੀ ਉਸ ਨਾਲ ਹੱਥ ਮਿਲਾਇਆ ਤੇ ਟਰਕ ਵਿਚ ਡਰਾਈਵਰ ਪਾਸ ਬੈਠ ਕੇ ਚਲਦਾ ਬਣਿਆ। ਉਹ ਅਖ਼ਬਾਰ ਪੜ੍ਹਦੀ ਰਹੀ। ਸਾਹਿਬ ਤੇ ਥਾਨੇਦਾਰ ਦੀ ਅੰਦਰ ਕਿਤਾਬਾਂ, ਰਜਿਸਟ੍ਰਾਂ ਦੀ ਵੇਖ ਵਾਖ ਜਾਰੀ ਰਹੀ। ਕਾਫ਼ੀ ਚਿਰ ਪਿਛੋਂ ਸਿਪਾਹੀ

Sri Satguru Jagjit Singh Ji eLibrary NamdhariElibrary@gmail.com

ਬ੍ਰਹਮ ਗਿਆਨੀ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com



ਗੁਰਦੁਆਰਾ ਬਾਉਲੀ ਸਾਹਿਬ, ਗੋਇੰਦਵਾਲ

Sri Satguru Jagjit Singh Ji eLibrary NamdhariElibrary@gmail.com

ਨੂੰ ਥਾਨੇ ਅੰਦਰ ਬੁਲਾ ਕੇ ਪੁਛਿਆ ਕਿ ਐਸੇ ਸਾਮਾਨ ਵਾਲਾ ਇਕ ਟਰੱਕ ਇਥੋਂ ਲੰਘਣਾ ਸੀ, ਕੀ ਅਜੇ ਤਕ ਆਇਆ ਨਹੀਂ ?' ਸਿਪਾਹੀ ਨ ਉਤਰ ਦਿਤਾ—'ਹਜ਼ੂਰ ਆਇਆ ਥਾ, ਮੇਮ ਸਾਹਿਬ ਨੇ ਸਾਰਾ ਸਾਮਾਨ ਚੈਕ ਕਰ ਕੇ ਉਸ ਨਾਲ ਹਥ ਮਿਲਾ ਕੇ ਉਸਨੂੰ ਲੈ ਜਾਣ ਦੀ ਆਗਿਆ ਦੇ ਦਿਤੀ ਹੈ।'

ਉਹ ਦੋਵੇਂ ਗੁਸੇ ਵਿਚ ਆਏ, ਪਰ ਸਿਪਾਹੀ ਦੇ ਭਲੇਪਨ ਪਰ ਹਸੇ ਵੀ। ਮੇਮ ਸਾਹਿਬ ਨੂੰ ਪੁਛਿਆ ਤਾਂ ਕਹਿਣ ਲਗੀ—'ਹਾਂ ਓਹ ਤਾਂ ਖਾਲਸਾ ਜੀ ਸਨ, ਜੋ ਲੋਕ ਸੇਵਕ ਹਨ ਤੇ ਗੁਰਦਵਾਰੇ ਲਈ ਬੜਾ ਸਾਮਾਨ ਲੈ ਗਏ ਹਨ, ਮੈਂ ਭੀ ਵੇਖਿਆ ਹੈ। ਕਲ ਸ਼ਾਮ ਨੂੰ ਸਾਢੇ ੪ ਵਜੇ ਉਹ ਸਾਡੇ ਬੰਗਲੇ ਵਿਚ ਦਸ ਰੁਪਏ ਦੀ ਰੇਜ਼ਗਾਰੀ ਲੈ ਕੇ ਆਉਣਗੇ ਤੇ ਸਾਡੇ ਨਾਲ ਚਾਏ ਪੀਣ ਦਾ ਵਚਨ ਕਰ ਗਏ ਹਨ।'

ਇਹ ਸੁਣ ਕੇ ਦੋਵੇਂ ਅਫ਼ਸਰ ਫਿਰ ਹਸ ਪਏ ਤੇ ਸਿਪਾਹੀ ਦੇ ਭਾਣੇ ਮੇਮ ਸਾਹਿਬ ਚੈਕ ਕਰ ਰਹੀ ਸੀ ਅਤੇ ਚਲੇ ਜਾਣ ਦੀ ਇਜਾਜ਼ਤ ਦੇ ਦਿਤੀ ਸੂ। ਠੀਕ ਸੀ ਭਾਵੇਂ ਮੇਮ ਨੂੰ ਇਨ੍ਹਾਂ ਦਾ ਮੇਰੀ ਇੰਤਜ਼ਾਰ ਵਿਚ ਹੋਣ ਦਾ ਪਤਾ ਭੀ ਨਹੀਂ ਸੀ, ਪਰ ਕਰਤਾਰ ਦੇ ਘਰ ਵਿਚ ਮੇਮ ਦਾ ਬਾਹਰ ਫਿਰਦੇ ਹੋਣਾ ਤੇ ਅਖ਼ਬਾਰ ਪੜ੍ਹਨ ਦੇ ਸ਼ੌਕ ਨੇ ਮੇਰੇ ਨੇੜੇ ਲਿਆਵਣਾ ਅਤੇ ਕਰਤਾਰ ਦਾ ਮੇਰੇ ਮੂੰਹੋਂ ਭੀ ਸਚੀਆਂ-ਸਚੀਆਂ ਗਲਾਂ ਸੇਵਾ ਤੇ ਸਿਮਰਨ ਦੀ ਮਸਤੀ ਵਿਚ ਅਖਵਾਈਆਂ, ਸਾਰਾ ਸਾਮਾਨ ਵਿਖਾਣਾ, ਇਹ ਸਭ ਅਰਦਾਸ ਦੀ ਬਰਕਤ ਸੀ। ਸੈਹੰਸਪੁਰ ਯੂ ਪੀ. ਵਿਚ ਹੈ, ਤੇ ਉਥੋਂ ਪਾਂਵਟਾ ਸਾਹਿਬ ੧੨ ਮੀਲ ਸੀ, ਮੈਂ ਪੁਜ ਚੁਕਾ ਸਾਂ, ਮੇਰੇ ਚਲੇ ਜਾਣ ਦੀ ਇਹ ਗਲ ਓਦੋਂ ਅਫ਼ਸਰਾਂ ਨੂੰ ਪਤਾ ਲਗੀ।

ਪ੍ਰਭ ਬਖਸੰਦ ਦੀਨ ਦਇਆਲ ॥
ਭਗਤ ਵਛਲ ਸਦਾ ਕਿਰਪਾਲ ॥
ਅਨਾਥ ਨਾਥ ਗੋਬਿੰਦ ਗੋਪਾਲ ॥
ਸਰਬ ਘਟਾ ਕਰਤ ਪ੍ਰਤਪਾਲ ॥

Sri Satguru Jagjit Singh Ji eLibrary NamdhariElibrary@gmail.com

ਅਰਦਾਸ ਕਰਨ ਲਈ ਕਿਸੇ ਤਜਰਬੇਕਾਰ ਅਰਦਾਸੀਏ ਦੀ ਲੋੜ ਨਹੀਂ। ਉਸ ਲਈ ਸਚੇ ਮਨ ਤੇ ਇਕਾਗਰਤਾ ਦੀ ਲੋੜ ਹੈ।

ਸਿਖਾਂ ਦੀ ਅਰਦਾਸ ਤਾਂ ਇਸ ਧਰਮ ਨੂੰ ਸਾਰੇ ਸੰਸਾਰ ਦਾ ਮਾਰਗ ਦਰਸਾਂਦੀ ਹੈ। ਇਸ ਦੇ ਚਾਰ ਹਿਸੇ ਕੀਤੇ ਜਾਣ--

ਪਹਿਲਾ ਦਸਮ ਪਾਤਸ਼ਾਹ ਜੀ ਦੀ ਉਚਾਰੀ ਹੋਈ ਬਾਣੀ '੧ ਓ ਵਾਹਿਗੁਰੂ ਜੀ ਕੀ ਫ਼ਤਹ, ਸ੍ਰੀ ਭਗੌਤੀ ਜੀ ਸਹਾਇ !' ਤੋਂ 'ਤੇਗ ਬਹਾਦਰ ਸਿਮਰਿਐ ਘਰ ਨਉ ਨਿਧ ਆਵੈ ਧਾਇ, ਸਭ ਥਾਂਈ ਹੋਏ ਸਹਾਏ !' ਤਕ ਹੈ।

ਦੂਸਰੇ ਵਿਚ ਸਿਖ ਇਤਿਹਾਸ ਹੈ। ਚਾਰ ਸਾਹਿਬਜ਼ਾਦੇ, ਪੰਜ ਪਿਆਰੇ, ਚਾਲੀ ਮੁਕਤੇ ਤੇ ਲੱਖਾਂ ਸ਼ਹੀਦ, ਮੁਰੀਦ ਸਿੰਘ-ਸਿੰਘਣੀਆਂ ਦੀ ਯਾਦ ਸਾਨੂੰ ਸਿਖੀ ਪਰ ਪ੍ਰਪੱਕ ਰਹਿਣ ਲਈ ਪ੍ਰੇਰਕ ਸ਼ਕਤੀ ਬਖਸ਼ਦੀ ਹੈ।

ਤੀਸਰੇ ਹਿਸੇ ਵਿਚ ਇਹ ਬੇਨਤੀ ਹੈ, ਜਿੰਨੀ ਉਚੀ ਲੋੜ ਤੇ ਜਿੰਨਾ ਸੁਚਾ ਮਨ ਹੋਵੇਗਾ ਉਤਨੀ ਹੀ ਇਹ ਅਰਦਾਸ ਫਲਦਾਇਕ ਹੋਵੇਗੀ। ਸੋ ਸਾਨੂੰ ਬੇਨਤੀ ਨਾਮ-ਦਾਨ ਦੀ ਕਰਨੀ ਚਾਹੀਦੀ ਹੈ।

ਚੌਥਾ ਹਿਸਾ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ'' ਸਿਖ ਧਰਮ ਫਿਲਾਸਫ਼ੀ ਹੈ ਤੇ ਜਿਸ ਵਿਚ ਸਾਰੇ ਸੰਸਾਰ ਦਾ ਭਲਾ ਮੰਗਿਆ ਹੈ।

ਆਓ, ਅਸੀਂ ਅਰਦਾਸ ਕਰਨਾ ਸਿਖੀਏ ਤੇ ਅਰਦਾਸ ਗੁਰੂ ਪੰਥ ਦੀ ਚੜ੍ਹਦੀ ਕਲਾ ਲਈ ਕਰੀਏ। ਆਪਣੇ ਵਿਰੋਧੀਆਂ ਨੂੰ ਸੁਮੱਤ ਬਖ਼ਸ਼ਨ ਲਈ ਬੇਨਤੀਆਂ ਕਰੀਏ ਤੇ ਆਪਣੀ ਸੰਸਾਰਕ ਲੋੜਾਂ ਦੀ ਥਾਂ ਅਰਦਾਸ ਨੂੰ ਡੋਰੀ ਬਣਾ ਕੇ ਗੁਰੂ ਮਹਾਰਾਜ ਪਾਸੋਂ ਨਾਮ-ਦਾਨ ਮੰਗੀਏ, ਜਿਸ ਦੇ ਸਿਮਰਨ ਨਾਲ ਸਾਨੂੰ ਗਿਆਨ ਮਿਲੇ ਤੇ ਅਸੀਂ ਗੁਰੂ ਦੇ ਗੋਲ ਬਣ ਸਕੀਏ, ਤਾਕਿ ਸਾਰੇ ਸੰਸਾਰ ਤੇ ਉਸਦੀ ਮਿਹਰ ਨਾਲ ਸ਼ਾਂਤੀ ਵਰਤੇ।

ਵਾਹਿਗੁਰੂ ਜੀ ਕਾ ਖ਼ਾਲਸਾ,
ਵਾਹਿਗੁਰੂ ਜੀ ਕੀ ਫ਼ਤਹਿ॥

Sri Satguru Jagjit Singh Ji eLibrary NamdhariElibrary@gmail.com

ਕਾਂਡ ੬

ਸ੍ਰੀ ਅੰਮ੍ਰਿਤਸਰ ਵਿਚ

ਮਹਲਾ ਤੀਜਾ

ਜਿਨ ਗੁਰਮੁਖਿ ਨਾਮੁ ਧਿਆਇਆ ਆਏ ਤੇ ਪ੍ਰਵਾਣੁ ॥
ਨਾਨਕ ਕੁਲ ਉਧਾਰਹਿ ਆਪਣਾ ਦਰਗਹਿ ਪਾਵਹਿ ਮਾਣੁ ॥

ਪਉੜੀ

ਗੁਰਮੁਖਿ ਸਖੀਆ ਸਿਖ ਗੁਰੂ ਮਿਲਾਈਆ ॥ ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ ॥ ਜਿਨ ਗੁਰ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ ॥ ਗੁਰ ਸਿਖਾ ਇਕੋ ਪਿਆਰੁ ਗੁਰ ਪਿਤਾ ਪੁਤ ਭਾਈਆ ॥ ਗੁਰੁ ਸਤਿਗੁਰੁ ਬੋਲਹੁ ਸਭਿ ਗੁਰ ਆਖਿ ਗੁਰੂ ਜੀਵਾਈਆ ॥

ਜਿਹਾ ਕੁ ਅਸੀਂ ਪਹਿਲਾਂ ਦੱਸ ਆਏ ਹਾਂ ਸ੍ਰੀ ਤਰਨ ਤਾਰਨ ਸਾਹਿਬ ਦੀ ਸੇਵਾ ਸੰਪੂਰਨ ਹੋਣ ਪਿਛੋਂ ਸੰਤ ਜੀ ਅੰਮ੍ਰਿਤਸਰ ਦੀਆਂ ਸੰਗਤਾਂ ਦੀ ਅਰਜ਼ੋਈ ਮੰਨ ਕੇ ਮੁੜ ਇਸ ਸ਼ਹਿਰ ਵਿਚ ਆ ਗਏ। ਅਤੇ ਸੰਤ ਸਾਧੂ ਸਿੰਘ ਸਮੇਤ ਆਉਂਦੇ ਹੀ ਗੁਰੂ-ਘਰ ਦੀ ਸੇਵਾ

Sri Satguru Jagjit Singh Ji eLibrary NamdhariElibrary@gmail.com

ਅਰੰਭ ਦਿਤੀ।

ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਸਾ ਦੀ ਵਾਰ ਵਿਚ ਫਰਮਾਇਆ ਹੈ ਰੱਬ ਦੀ ਸਚੀ ਸੇਵਾ ਉਸ ਮਾਲਕ ਨੂੰ ਯਾਦ ਕਰਨ ਵਾਲੇ ਸੰਤੋਖੀ ਹੀ ਕਰਦੇ ਹਨ। ਉਹ ਮੰਦੇ ਥਾਂ ਕਦੇ ਵੀ ਪੈਰ ਨਹੀਂ ਰਖਦੇ ਅਤੇ ਸਦਾ ਚੰਗੇ ਕੰਮ ਹੀ ਕਰਦੇ ਹਨ। ਇਹ ਗੁਰ-ਫਰਮਾਨ ਬਾਬਾ ਸੰਤ ਗੁਰਮੁਖ ਸਿੰਘ ਜੀ ਪਰ ਪੂਰੀ ਤਰਾਂ ਢੁਕਦਾ ਹੋਇਆ ਨਜ਼ਰ ਆਉਂਦਾ ਹੈ।

ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਨਿਸ਼ਾਨ ਸਾਹਿਬਾਂ ਕੋਲ ਜਿਥੇ ਵੱਡਾ ਬੁੰਗਾ ਹੈ, ਉਥੇ ਪ੍ਰਕਰਮਾਂ ਕੇਵਲ ਦੋ ਫੁਟ ਚੌੜੀ ਹੁੰਦੀ ਸੀ। ਜਿਸ ਕਰਕੇ ਆਉਣ ਜਾਣ ਸਮੇਂ ਸੰਗਤਾਂ ਨੂੰ ਬੜੀ ਤਕਲੀਫ ਹੁੰਦੀ ਸੀ ਖਾਸ ਕਰਕੇ ਦੀਵਾਲੀ ਤੇ ਵੈਸਾਖੀ ਦੇ ਮੇਲਿਆਂ ਪਰ ਭੀੜ ਭੜੱਕਿਆਂ ਵਿਚ ਤਾਂ ਇਸ ਥਾਂ ਧੱਕਮ ਧੱਕੇ ਵਿਚ ਕਈ ਆਦਮੀ ਪੈਰਾਂ ਹੇਠ ਕੁਚਲੇ ਜਾਂਦੇ ਸਨ ਤੇ ਕਈ ਸਰੋਵਰ ਵਿਚ ਜਾ ਡਿਗਦੇ ਸਨ। ਸੰਤ ਜੀ ਅੰਮ੍ਰਿਤਸਰ ਆਏ ਤਾਂ ਸੰਗਤਾਂ ਨੇ ਉਨ੍ਹਾਂ ਦਾ ਧਿਆਨ ਇਸ ਪਾਸੇ ਵਲ ਦਿਵਾਇਆ। ਜਿਸ ਪਰ ਏਥੇ ਹੀ ਸੇਵਾ ਲਗ ਗਈ।

ਸੰਤ ਜੀ ਨੇ ਵੱਡਾ ਬੁੰਗਾ ਢੁਆਕੇ ਨਵਾਂ ਬਨਵਾਉਣਾ ਸ਼ੁਰੂ ਕਰ ਦਿਤਾ, ਪੂਰਨ ਬ੍ਰਹਮ ਗਿਆਨੀ ਸੰਤ ਸ਼ਾਮ ਸਿੰਘ ਜੀ ਭੀ ਇਸ ਸੇਵਾ ਸਮੇਂ ਉਨ੍ਹਾਂ ਦੇ ਨਾਲ ਰਹੇ। ਇਹ ਸੇਵਾ ਇਕ ਸਾਲ ਪਿਛੋਂ ਜਾਕੇ ਸੰਪੂਰਨ ਹੋਈ ਅਤੇ ਸੰਗਤਾਂ ਦੀ ਮੰਗ ਅਨੁਸਾਰ ਪ੍ਰਕਰਮਾ ਖੁਲ੍ਹੀਆਂ ਕਰਨ ਵਾਸਤੇ ਇਕ ਲਖ ਰੁਪਿਆ ਖਰਚ ਕੀਤਾ ਗਿਆ।

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤਸਰ ਸੋ੍ਵਰ ਲਈ ਹੰਸਲੀ

ਇਸ ਸੇਵਾ ਦੀ ਸੰਪੂਰਨਤਾ ਤੋਂ ਪਿਛੋਂ ਸੰਤਾਂ ਨੇ ਸ੍ਰੀ ਅੰਮ੍ਰਿਤਸਰ ਦੇ ਪਵਿਤਰ ਸਰੋਵਰ ਲਈ ਜਲ ਲਿਆਉਣ ਲਈ ਹੰਸਲੀ ਦੀ ਸੇਵਾ ਦਾ ਅਰੰਭ ਕੀਤਾ, ਪਹਿਲਾਂ ਇਹ ਹੰਸਲੀ ਕੱਚੇ ਖਾਲ ਵਾਂਗੂੰ ਸੀ। ਪਿੰਡ ਤੁੰਗ ਦੇ ਲਾਗੇ ਦੋ-ਮੂੰਹੀ ਤੋਂ ਵਖ ਹੋਕੇ ਇਹ ਖਾਲ ਸ਼ਹਿਰ ਦੇ ਬਾਜ਼ਾਰਾਂ ਵਿਚੋਂ ਦੀ ਹੁੰਦਾ ਹੋਇਆ ਸ੍ਰੀ ਅੰਮ੍ਰਿਤਸਰ ਸਰੋਵਰ ਤਕ ਪੁਜਦਾ ਸੀ। ਇਸ ਜਲ ਦੇ ਰਸਤੇ ਵਿਚ ਬੇ-ਅਦਬੀ ਹੁੰਦੀ ਸੀ। ਰਾਹ ਵਿਚ ਲੋਕ ਕਪੜੇ ਧੋਂਦੇ ਤੇ ਜੰਗਲ ਪਾਣੀ ਵਾਲੇ ਹੱਥ ਸਾਫ਼ ਕਰਦੇ ਸਨ। ਇਸ ਤੋਂ ਬਿਨਾਂ ਬਹੁਤ ਸਾਰੇ ਮਕਾਨਾਂ ਤੇ ਨਾਲੀਆਂ ਦਾ ਗੰਦਾ ਜਲ ਵੀ ਇਸ ਵਿਚ ਮਿਲ ਜਾਇਆ ਕਰਦਾ ਸਾ। ਸੰਤ ਜੀ ਤੋਂ ਇਹ ਮਹਾਨ ਬੇ-ਅਦਬੀ ਨਾ ਵੇਖੀ ਗਈ ਤੇ ਉਨ੍ਹਾਂ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਹਜ਼ੂਰੀ ਵਿਚ ਅਰਦਾਸਾ ਸੋਧ ਕੇ ਇਸ ਸ਼ੁਭ ਕਾਰਜ ਦਾ ਅਰੰਭ ਕਰ ਦਿਤਾ।

ਸਭ ਤੋਂ ਪਹਿਲਾਂ ਘੰਟਾ ਘਰ ਵਾਲੀ ਬਾਹੀ ਪਰ ਪ੍ਰਕਰਮਾਂ ਵਿਚ ਗਊ ਘਾਟ ਦੇ ਪੋਣੇ ਪਾਸ ਰੋੜੀ ਕਟਾਉਣੀ ਸ਼ੁਰੂ ਕਰ ਦਿਤੀ। ਬੇ-ਗਿਣਤ ਸੰਗਤਾਂ ਦਾ ਇਕੱਠ ਹੋਣ ਲਗ, ਸੰਤ ਜੀ ਉਨ੍ਹਾਂ ਤੋਂ ਗੁਰੂ ਘਰ ਦੀ ਸੇਵਾ ਲੈਂਦੇ ਅਤੇ ਸੱਚ ਧਰਮ ਦਾ ਉਪਦੇਸ਼ ਦਿੰਦੇ। ਸੀਮਿੰਟ ਦੇ ਸਚੇ ਤੇ ਫਰਸ਼ ਤਿਆਰ ਹੋਣੇ ਸ਼ੁਰੂ ਹੋ ਗਏ ਜੋ ਲਖਾਂ ਰੁਪੈ ਖਰਚ ਕਰਕੇ ਕੋਈ ਦੋ ਸਾਲ ਵਿਚ ਬਣੇ। ਹੁਣ ਇਹ ਸੱਚੇ ਹੰਸਲੀ ਵਿਚ ਲਗਣ ਲਗੇ। ਹੰਸਲੀ ਦੀ ਲੰਬਾਈ ਲਗ ਪਗ ਚਾਰ ਮੀਲ ਸੀ, ਦੋ-ਮੂੰਹੀ ਤੋਂ ਲੈਕੇ ਸ੍ਰੀ ਅੰਮ੍ਰਿਤਸਰ ਸਰੋਵਰ ਤਕ ਮੇਲਾ ਜਿਹਾ ਲਗ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦੇ ਜਥੇ ਰੋਜ਼ ਸੈਂਕੜੇ ਮਣ ਪਕਵਾਨ ਘਰਾਂ ਤੋਂ ਬਣਾਕੇ ਲਿਆਉਣ। ਗੁਰੂ ਦਾ ਅਤੁਟ ਲੰਗਰ ਚਲੇ, ਹਰੀ ਸਿਮਰਨ ਹੋਵੇ ਅਤੇ ਸੰਗਤ ਡਾਢੀ

Sri Satguru Jagjit Singh Ji eLibrary NamdhariElibrary@gmail.com

ਚਾਅ ਤੇ ਪ੍ਰੇਮ ਨਾਲ ਸੇਵਾ ਕਰੋ।

ਇਸ ਸੇਵਾ ਦੇ ਕੁੰਭ ਵਿਚ ਮੋਟਰਾਂ ਵਾਲੇ ਵੀਰਾਂ ਨੇ ਬੜਾ ਵਧ ਚੜਕੇ ਹਿਸਾ ਲਿਆ। ਉਨ੍ਹਾਂ ਨੇ ਸੈਂਕੜੇ ਟਰੱਕ ਰੋੜੀ ਢੋਣ ਲਈ ਲਾ ਦਿਤੇ। ਇਸ ਤਰ੍ਹਾਂ ਸੰਤਾਂ ਦੇ ਯਤਨਾਂ ਤੇ ਗੁਰੂ ਰਾਮਦਾਸ ਜੀ ਦੀ ਮੇਹਰ ਦਾ ਸਦਕਾ ਇਹ ਕੰਮ ਅੱਗੇ ਵਧਣ ਲਗਾ।

ਮਾਇਆ ਨਾ ਆਵੇ

ਇਸ ਸੇਵਾ ਸਮੇਂ ਸੰਤ ਸਾਧੂ ਸਿੰਘ ਜੀ ਭੀ ਸੰਤਾਂ ਦੇ ਨਾਲ ਸਨ। ਇਕ ਦਿਨ ਦੋਵੇਂ ਮਹਾ ਪੁਰਖ ਬੈਠੇ ਸਨ ਜੋ ਸੰਤ ਸਾਧੂ ਸਿੰਘ ਜੀ ਆਖਣ ਲਗੇ ਮਹਾਰਾਜ ਤੁਸਾਂ ਅਸਾਨੂੰ ਭਗਤੀ ਦੀ ਇਕਾਂਤ ਵਿਚੋਂ ਖਿਚਕੇ ਮਾਇਆ ਦੇ ਚਮਤਕਾਰ ਵਿਚ ਲਿਆ ਖੜਾ ਕੀਤਾ ਹੈ। ਇਸ ਤੋਂ ਤਾਂ ਇਹੋ ਚੰਗਾ ਹੈ ਜੋ ਇਹ ਮਾਇਆ ਨਾ ਹੀ ਆਵੇ ਤੇ ਅਸੀਂ ਇਕਾਂਤ ਹੋ ਕੇ ਆਪਣੇ ਪ੍ਰੀਤਮ ਦਾ ਸਿਮਰਨ ਕਰੀਏ। ਸੰਤ ਗੁਰਮੁਖ ਸਿੰਘ ਜੀ ਨੇ ਫੁਰਮਾਇਆ—'ਸਾਧ ਬਚਨ ਅਟਲਾਧਾ॥' ਐਸਾ ਹੀ ਹੋਵੇਗਾ।

ਦਸਦੇ ਹਨ ਕਿ ਇਸ ਬਚਨ ਤੋਂ ਪਿਛੋਂ ਮਾਇਆ ਆਉਣੀ ਉਕੀ ਹੀ ਬੰਦ ਹੋ ਗਈ ਅਤੇ ਹੰਸਲੀ ਦਾ ਕੰਮ ਪੂਰੀ ਤਰ੍ਹਾਂ ਰੁਕ ਗਿਆ ਦੋਵੇਂ ਸੰਤ ਵਾਹਿਗੁਰੂ ਨਾਮ ਦਾ ਸਿਮਰਨ ਕੀਤਾ ਕਰਨ ਤੇ ਪ੍ਰਕਰਮਾਂ ਵਿਚ ਝਾੜੂ ਫੇਰ ਛਡਿਆ ਕਰਨ। ਕਈ ਮਹੀਨੇ ਏਸੇ ਤਰਾਂ ਬੀਤ ਗਏ।

ਇਕ ਦਿਨ ਦੋਵੇਂ ਮਹਾਂ ਪੁਰਖ ਫੇਰ ਬੈਠੇ ਸਨ। ਸੰਤ ਸਾਧੂ ਸਿੰਘ ਜੀ ਨੇ ਆਖਿਆ—ਮਹਾਰਾਜ ! ਕੀ ਗੁਰੂ ਰਾਮਦਾਸ ਜੀ ਦੀ ਹੰਸਲੀ ਦਾ ਕੰਮ ਏਸੇ ਤਰ੍ਹਾਂ ਰੁਕਿਆ ਰਹੇਗਾ। ਸੰਤ ਬੋਲੇ—ਮਹਾਰਾਜ ਜੇ ਹੁਕਮ ਕਰੋ ਤਾਂ ਨਹੀਂ ਰੁਕਦਾ।'

Sri Satguru Jagjit Singh Ji eLibrary NamdhariElibrary@gmail.com

'ਨਹੀਂ ਰੁਕਣਾ ਚਾਹੀਦਾ ਮਹਾਰਾਜ !' ਸੰਤ ਸਾਧੂ ਸਿੰਘ ਜੀ ਨੇ ਆਖਿਆ ।

ਸੰਤ ਗੁਰਮੁਖ ਸਿੰਘ ਜੀ ਨੇ ਉਸੇ ਵੇਲੇ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਕੀਤੀ ਅਤੇ ਇਹ ਪਉੜੀ ਪੜ੍ਹਦੇ ਹੋਏ ਬਾਹਰ ਨਿਕਲ ਗਏ :-

ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ ॥
ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਾਇਦਾ ॥
ਵਡਹੁ ਵਡਾ ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਦਾ ॥
ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥
ਦਰਿ ਮੰਗਨਿ ਭਿਖ ਨਾ ਪਾਇਦਾ ॥

ਆਪਣੇ ਪ੍ਰੀਤਮ ਤੇ ਉਨ੍ਹਾਂ ਨੂੰ ਕਿਤਨਾ ਅਤੁਟ ਭਰੋਸਾ ਸੀ। ਉਹ ਪੂਰੇ ਮਾਣ ਨਾਲ ਅਰਦਾਸ ਕਰਦੇ ਸਨ ਤੇ ਉਹ ਅਰਦਾਸ ਸਦਾ ਪੂਰੀ ਹੁੰਦੀ ਸੀ। ਸੰਤ ਜੀ ਅਰਦਾਸ ਕਰਕੇ ਆਪਣੀ ਕੁਟੀਆਂ ਵਿਚੋਂ ਨਿਕਲੇ ਹੀ ਸਨ ਕਿ ਇਕ ਸਿੰਧੀ ਸੇਠ ਜੀ ਮਿਲੇ ਅਤੇ ਉਨ੍ਹਾਂ ਨੇ ਕਈ ਹਜ਼ਾਰ ਰੁਪੈ ਸ੍ਰੀ ਗੁਰੂ ਰਾਮਦਾਸ ਜੀ ਦੀ ਹੰਸਲੀ ਦੀ ਸੇਵਾ ਲਈ ਦੇ ਦਿਤੇ। ਕੰਮ ਉਸੇ ਦਿਨ ਮੁੜਕੇ ਸ਼ੁਰੂ ਹੋ ਗਿਆ। ਫੇਰ ਲਖਾਂ ਰੁਪੈ ਆਉਣ ਲਗੇ ਤੇ ਮੁੜ ਸੇਵਾ ਦਾ ਕੁੰਭ ਲਗ ਗਿਆ। ਇਹ ਮਹਾਨ ਯੱਗ ਪੰਜਾਂ ਸਾਲਾਂ ਵਿਚ ਸੰਪੂਰਨ ਹੋਇਆ।

ਫਾਂਸੀ ਤੋਂ ਛੁਟਕਾਰਾ

ਉਪਰ ਦੱਸ ਆਏ ਹਾਂ ਕਿ ਹੰਸਲੀ ਦੀ ਇਸ ਮਹਾਨ ਸੇਵਾ ਵਿਚ ਮੋਟਰਾਂ ਵਾਲੇ ਵੀਰਾਂ ਨੇ ਬੜਾ ਹਿਸਾ ਲਿਆ ਸੀ। ਸੇਵਾ ਜਾਰੀ ਹੀ ਸੀ ਜੋ ਉਨ੍ਹਾਂ ਦੀ ਕਿਸੇ ਹੋਰ ਧੜੇ ਨਾਲ ਲੜਾਈ ਹੋ ਗਈ ਤੇ ਦੂਜੇ

Sri Satguru Jagjit Singh Ji eLibrary NamdhariElibrary@gmail.com

ਧੜੇ ਦਾ ਇਕ ਆਦਮੀ ਮਰ ਗਿਆ। ਜਿਸ ਪਰ ਸੇਵਾ ਕਰਨ ਵਾਲੇ ਧੜੇ ਦੇ ਚਾਰ ਡਰਾਈਵਰ ਫੜੇ ਗਏ। ਪੁਲੀਸ ਨੇ ਉਨ੍ਹਾਂ ਪਰ ਬੜਾ ਸਖਤ ਮੁਕੱਦਮਾਂ ਬਣਾਇਆ। ਮਾਤੈਹਤ ਅਦਾਲਤ ਵਿਚ ਸਾਰੇ ਗਵਾਹਾਂ ਨੇ ਭਰਕੇ ਗਵਾਹੀਆਂ ਦਿਤੀਆਂ ਅਤੇ ਅਦਾਲਤ ਨੇ ਉਨ੍ਹਾਂ ਵਿਰੁਧ ਰਾਇ ਲਿਖ ਕੇ ਮੁਕੱਦਮਾ ਸ਼ਿਸ਼ਨ ਸਪੁਰਦ ਕਰ ਦਿਤਾ। ਪ੍ਰਗਟ ਤੌਰ ਪਰ ਉਨ੍ਹਾਂ ਦੇ ਬਚਣ ਦੀ ਕੋਈ ਆਸ ਨਜ਼ਰ ਨਹੀਂ ਸੀ ਆਉਂਦੀ। ਇਉਂ ਭਾਸਦਾ ਸੀ ਕਿ ਉਨ੍ਹਾਂ ਦੇ ਗੱਲਾਂ ਵਿਚ ਫਾਂਸੀ ਦੇ ਰਸੇ ਜ਼ਰੂਰ ਪੈ ਜਾਣਗੇ। ਉਹ ਸਭ ਪਾਸੇ ਤੋਂ ਨਿਰਾਸ ਹੋ ਚੁਕੇ ਸਨ। ਆਖਰ ਉਨ੍ਹਾਂ ਦੇ ਕੁਝ ਹੋਰ ਸਾਥੀ ਸੰਤ ਜੀ ਮਹਾਰਾਜ ਦੀ ਸੇਵਾ ਵਿਚ ਹਾਜ਼ਰ ਹੋਏ ਅਤੇ ਹਥ ਜੋੜ ਕੇ ਬੇਨਤੀ ਕੀਤੀ— ਮਹਾਰਾਜ ਆਪਣੇ ਸੇਵਕਾਂ ਨੂੰ ਬਚਾਓ। ਇਸ ਸਮੇਂ ਸੰਤ ਜੀ ਮਹਾਰਾਜ ਨੇ ਫੁਰਮਾਇਆ:—

ਨਾਨਕ ਜੰਤ ਉਪਾਇਕੈ ਸੰਮਾਲੇ ਸਭਨਾਹ ॥
ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥
ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥
ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣ ਅਭਗੁ ॥

ਸੰਤ ਜੀ ਇਹ ਮਹਾਂ ਵਾਕ ਕਹਿ ਕੇ ਕੁਝ ਚਿਰ ਲਈ ਮੌਨ ਹੋ ਗਏ। ਇਉਂ ਪ੍ਰਤੀਤ ਹੋਵੇ ਜਿਵੇਂ ਸਮਾਧੀ ਵਿਚ ਬੈਠੇ ਹੋਏ ਹੁੰਦ ਹਨ। ਫੇਰ ਅੱਖਾਂ ਖੋਹਲੀਆਂ ਤੇ ਬੋਲੇ 'ਜਾਓ ਗੁਰੂ ਰਾਮਦਾਸ ਨੇ ਬਖਸ਼ ਦਿਤਾ ਜੇ, ਪਰੰਤੂ ਫੈਸਲਾ ਸੁਨਣ ਉਸਦੇ ਦਰਬਾਰ ਵਿਚ ਨੱਕ ਰਗੜਕੇ ਜਾਣਾ ਅਤੇ ਇਹ ਸ਼ਬਦ ਪੜ੍ਹਦੇ ਜਾਣਾ :—

'ਆਪ ਸਹਾਈ ਹੋਆ ਸਚੇ ਦਾ ਸਚਾ ਢੋਆ।'

ਸੰਤਾਂ ਦਾ ਇਹ ਬਚਨ ਪੂਰਾ ਹੋਇਆ ਅਤੇ ਸ਼ਿਸ਼ਨ ਦੀ ਅਦਾਲਤ ਨੇ ਉਨ੍ਹਾਂ ਨੂੰ ਸਾਫ ਬਰੀ ਕਰ ਦਿਤਾ, ਇਸ ਤਰ੍ਹਾਂ ਸੰਤਾਂ ਦੇ

Sri Satguru Jagjit Singh Ji eLibrary NamdhariElibrary@gmail.com

ਮੇਹਰ ਨਾਲ ਉਹ ਫਾਂਸੀ ਦੀ ਭਿਆਨਕ ਮੌਤ ਤੋਂ ਵਾਲ ਵਾਲ ਬਚੇ। ਇਸ ਖਬਰ ਨਾਲ ਸਭ ਪਾਸੇ ਸੰਤਾਂ ਦੀ ਜੈ ਜੈ ਕਾਰ ਹੋਣ ਲਗੀ ਅਤੇ ਮੋਟਰਾਂ ਵਾਲੇ ਤਨ ਮਨ ਤੇ ਧਨ ਨਾਲ ਹੰਸਲੀ ਦੀ ਸੇਵਾ ਕਰਦੇ ਰਹੇ।

ਇਥੇ ਇਹ ਗੱਲ ਭੀ ਦਸ ਦੇਣੀ ਜੋਗ ਭਾਸਦੀ ਹੈ ਕਿ ਸੰਤ ਗੁਰਮੁਖ ਸਿੰਘ ਜੀ ਨੇ ਕਦੇ ਸੰਗਤਾਂ ਪਾਸ ਮਾਇਆ ਲਈ ਅਪੀਲ ਨਹੀਂ ਸੀ ਕੀਤੀ ਤੇ ਨਾ ਹੀ ਮਾਇਆ ਨੂੰ ਹਥ ਲਾਇਆ ਸੀ। ਜਦ ਮਾਇਆ ਮੁਕਣ ਤੇ ਆਉਣੀ ਤਾਂ ਸੇਵਾਦਾਰਾਂ ਨੇ ਉਨ੍ਹਾਂ ਨੂੰ ਦਸਣਾ ਤਾਂ ਉਨ੍ਹਾਂ ਆਖਣਾ 'ਗੁਰੂ ਰਾਮਦਾਸ' ਤੋਂ ਮੰਗ ਲਓ। ਸੰਤਾਂ ਦੇ ਇਸ ਬਚਨ ਨਾਲ ਹੀ ਮਾਇਆ ਦੇ ਖੁਲੇ ਗਫੇ ਫੇਰ ਆਉਣ ਲਗ ਪੈਣੇ ਅਤੇ ਲਖਾਂ ਰੁਪੈ ਗੁਰੂ ਘਰ ਦੀ ਸੇਵਾ ਤੇ ਖਰਚ ਹੋ ਜਾਣੇ।

ਗੁਰ ਸਿਖ ਸੰਗਤ ਮਿਲਾਪ ਕੋ ਪਰਤਾਪ ਛਿਨ,
ਸਿਵ ਸਨਕਾਦਿ ਬ੍ਰਹਮਾਦਿਕ ਨ ਪਾਵਈ ॥
ਸਿੰਮਤ ਪਰਾਨ ਵੇਦ ਸ਼ਾਸਤਰ ਔ ਨਾਦ ਬਾਦ,
ਰਾਗ ਰਾਗਨੀ ਹੂੰ ਨੇਤਿ ਨੇਤਿ ਕਰ ਗਾਵਈ ॥
ਦੇਵੀ ਦੇਵ ਸਰਬ ਨਿਧਾਨ ਐ ਸਕਲ ਫਲ,
ਸੁਰਗ ਸਮੂਹ ਸੁਖ ਧਜਾਨ ਧਰ ਧਜਾਵਈ ॥
ਪੂਰਨ ਬ੍ਰਹਮ ਸਤਿਗੁਰ ਸਾਵਧਾਨ ਜਾਨ, ਗੁਰ,
ਸਿਖ ਸ਼ਬਦ ਸੁਰਤਿ ਲਿਵਲਾਵਈ ॥੩੬੧॥

(ਭਾਈ ਗੁਰਦਾਸ ਜੀ)

Sri Satguru Jagjit Singh Ji eLibrary NamdhariElibrary@gmail.com

ਕਾਂਡ ੭

ਸ੍ਰੀ ਮੁਕਤਸਰ ਦੀ ਸੇਵਾ

ਕਰਣ ਕਰਾਵਣਹਾਰ ਪ੍ਰਭੁ ਦਾਤਾ ਪਾਰਬ੍ਰਹਮ ਪ੍ਰਭੁ ਸੁਆਮੀ ॥ ਸਗਲੇ ਜੀਅ ਕੀਏ ਦਇਆਲਾ ਸੋ ਪ੍ਰਭੁ ਅੰਤਰਜਾਮੀ ॥੧॥ ਮੇਰਾ ਗੁਰ ਹੋਆ ਆਪ ਸਹਾਈ ॥ ਸੁਜ ਸਹਜ ਆਨੰਦ ਮੰਗਲ ਰਸ ਅਚਰਜ ਭਈ ਬਡਾਈ ॥ ਰਹਾਉ ॥ ਗੁਰ ਕੀ ਸਰਣਿ ਪਏ ਭੈ ਨਾਸੇ ਸਚੀ ਦਰਗਹ ਮਾਨੇ ॥ ਗੁਣ ਗਾਵਤ ਆਰਾਧਿ ਨਾਮੁ ਹਰਿ ਆਏ ਅਪੁਨੈ ਬਾਨੈ ॥੨॥ ਜੈ ਜੈ ਕਾਰੁ ਕਰੈ ਸਭ ਉਸਤਤਿ ਸੰਗਤਿ ਸਾਧ ਪਿਆਰੀ ॥ ਸਦ ਬਲਿਹਾਰਿ ਜਾਉ ਪ੍ਰਭ ਅਪੁਨੇ ਜਿਨਿ ਪੂਰਨ ਪੈਜ ਸਵਾਰੀ ॥੩॥ ਗੋਸਟਿ ਗਿਆਨੁ ਨਾਮੁ ਸੁਣਿ ਉਧਰੇ ਜਿਨਿ ਜਿਨਿ ਦਰਸਨ ਪਾਇਆ ॥ ਭਇਉ ਕਿਰਪਾਲੁ ਨਾਨਕ ਪ੍ਰਭੁ ਅਪੁਨਾ ਅਨਦ ਸੇਤੀ ਘਰ ਆਇਆ ॥੪॥ ੧੩॥

ਮੁਕਤਸਰ ਸ੍ਰੀ ਦਸਮੇਸ਼ ਪਿਤਾ ਦਾ ਉਹ ਪਿਆਰਾ ਗੁਰ-ਦੁਵਾਰਾ ਹੈ ਕਿ ਜਿਥੇ ਮਾਤਾ ਭਾਗੋ ਅਤੇ ਭਾਈ ਮਹਾਂ ਸਿੰਘ ਜੀ ਦੀ

Sri Satguru Jagjit Singh Ji eLibrary NamdhariElibrary@gmail.com

ਅਗਵਾਈ ਹੇਠ ਮਾਝੇ ਦੇ ਸਿੰਘਾਂ ਨੇ ਮਰਦਾਂ ਵਾਂਗ ਸਰਹੰਦ ਦੇ ਸੂਬੇ ਵਜੀਦ ਖਾਂ ਦਾ ਟਾਕਰਾ ਕਰਕੇ ਸ਼ਹੀਦੀ ਪ੍ਰਾਪਤ ਕੀਤੀ ਅਤੇ ਦਸਮੇਸ਼ ਪਿਤਾ ਤੋਂ ਉਹ ਬੇਦਾਵਾ ਪੜ੍ਹਵਾਇਆ ਸੀ। ਜੋ ਉਹ ਅਨੰਦਪੁਰ ਸਾਹਿਬ ਦੇ ਆਏ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਨ੍ਹਾਂ ੪੦ ਸ਼ਹੀਦਾਂ ਨੂੰ ਮੁਕਤੇ ਕਰਾਰ ਦਿਤਾ ਸੀ ਅਤੇ ਉਨ੍ਹਾਂ ਦਾ ਸਸਕਾਰ ਆਪਣ ਪਵਿਤਰ ਹੱਥਾਂ ਨਾਲ ਕਰਕੇ ਵਰ ਦਿਤਾ ਸੀ, ਜੋ ਜਿਹੜਾ ਭੀ ਪ੍ਰੇਮੀ ਸ਼ਰਧਾ ਨਾਲ ਇਸ ਤੀਰਥ ਪਰ ਇਸ਼ਨਾਨ ਕਰੇਗਾ, ਉਸਦੀ ਮੁਕਤੀ ਹੋ ਜਾਵੇਗੀ।

ਗੁਰੂ ਮਹਾਰਾਜ ਜੀ ਨੂੰ ਆਪਣੀ ਚੋਣ ਪਰ ਭਰੋਸਾ ਸੀ ਸਭ ਕੁਛ ਸ੍ਰੀ ਆਨੰਦਪੁਰ ਸਾਹਿਬ ਛਡ ਆਏ ਪਰ ਬੇਦਾਵਾ ਸੰਭਾਲ ਕੇ ਨਾਲ ਲੈ ਆਏ ਖਿਆਲ ਰਿਹਾ ਕਿ ਭੁਖ ਤੋਂ ਤੰਗ ਆ ਕੇ ਬੇਦਾਵਾ ਦੇ ਗਏ ਹਨ ਜ਼ਰੂਰ ਪਛਤਾਵਾ ਘਰੀਂ ਜਾਕੇ ਕਰਨਗੇ।

ਸੰਤ ਗੁਰਮੁਖ ਸਿੰਘ ਜੀ ਹਾਲਾਂ ਸ੍ਰੀ ਅੰਮ੍ਰਿਤਸਰ ਦੀ ਹੰਸਲੀ ਦੀ ਸੇਵਾ ਕਰਵਾ ਹੀ ਰਹੇ ਸਨ ਕਿ ਮਾਲਵੇ ਤੋਂ ਸਿੰਘਾਂ ਨੇ ਅਪੜਕੇ ਬੇਨਤੀ ਕੀਤੀ —ਮਹਾਰਾਜ ਜੀ ਸ੍ਰੀ ਮੁਕਤਸਰ ਸਾਹਿਬ ਦੇ ਤੀਰਥ ਦੀ ਬੇਅਦਬੀ ਹੋ ਰਹੀ ਹੈ, ਮੇਹਰ ਕਰੋ ਅਤੇ ਉਥੇ ਚਲਕੇ ਉਹ ਬੇਅਦਬੀ ਦੂਰ ਕਰਾਓ। ਸੰਤ ਜੀ ਤੋਂ ਇਹ ਗੱਲ ਸੁਣਕੇ ਰਿਹਾ ਨਾ ਗਿਆ ਅਤੇ ਉਹ ਅੰਮ੍ਰਿਤਸਰ ਤੇ ਤਰਨ ਤਾਰਨ ਦੇ ਮੁਖੀਆਂ ਨੂੰ ਦੋ ਮੋਟਰ ਲਾਰੀਆਂ ਦੁਵਾਰਾ ਲੈ ਕੇ ਉਥੇ ਜਾ ਪੁਜੇ।

ਮੁਕਤਸਰ ਪੁਜਕੇ ਸੰਤਾਂ ਨੇ ਜੋ ਹਾਲਤ ਵੇਖੀ। ਉਸ ਨੂੰ ਵੇਖਕੇ ਉਨ੍ਹਾਂ ਦੀਆਂ ਅਖੀਆ ਵਿਚ ਅਥਰੂ ਆ ਗਏ। ਪਵਿਤਰ ਗੁਰਦੁਆਰੇ ਦੀ ਹਾਲਤ ਭੀ ਚੰਗੀ ਨਹੀਂ ਸੀ ਅਤੇ ਪਵਿਤਰ ਸਰੋਵਰ ਦੀ ਤਾਂ ਬਹੁਤ ਹੀ ਭਾਰੀ ਬੇਅਦਬੀ ਹੋ ਰਹੀ ਸੀ। ਉਸ ਸਮੇਂ ਸਰੋਵਰ ਦੀਆਂ ਪਰਕਰਮਾਂ ਵਿਚ ਭੰਗੀ ਝਾੜੂ ਦਿਤਾ ਕਰਦੇ ਸਨ, ਉਨ੍ਹਾਂ ਵਿਚ ਗੱਡੇ ਤੇ ਯੱਕੇ ਆਮ ਬਿਨਾਂ ਕਿਸੇ ਰੋਕ ਟੋਕ ਤੋਂ ਚਲਦੇ ਸਨ। ਬਹੁਤ ਸਾਰੇ ਘਰਾਂ ਤੇ ਦੁਕਾਨਾਂ ਦੇ ਬੂਹੇ ਪ੍ਰਕਰਮਾਂ ਵਿਚ ਸਨ ਅਤੇ

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਵਿਚ ਬਹੁਤ ਸਾਰੇ ਮੁਸਲਮਾਨ ਭੀ ਵੱਸਿਆ ਕਰਦੇ ਸਨ, ਜੋ ਪਵਿਤਰ ਪ੍ਰਕਰਮਾਂ ਵਿਚ ਬੈਠਕੇ ਹੁਕੇ ਪੀਂਦੇ ਸਨ ਅਤੇ ਉਨ੍ਹਾਂ ਨੂੰ ਰੋਕਣ ਵਾਲਾ ਕੋਈ ਨਹੀਂ ਸੀ। ਸੰਤਾਂ ਨੇ ਇਹ ਬੇਅਦਬੀ ਨੂੰ ਦੂਰ ਕਰਾਉਣ ਦਾ ਪ੍ਰਣ ਕਰ ਲਿਆ ਤੇ ਫੁਰਮਾਇਆ ਜਦ ਤਕ ਇਥੋਂ ਦੀ ਹਾਲਤ ਠੀਕ ਨਹੀਂ ਹੁੰਦੀ, ਉਹ ਸ੍ਰੀ ਮੁਕਤਸਰ ਸਾਹਿਬ ਵਿਚ ਹੀ ਰਹਿਣਗੇ।

ਸੰਤ ਜੀ ਨੇ ਇਹ ਗੱਲ ਕਹੀ ਤਾਂ ਮੁਕਤਸਰ ਦੇ ਵਸਨੀਕ ਟਿਚਕਰਾਂ ਕਰਨ ਲਗੇ। ਉਹ ਕਹਿਣ ਏਥੇ ਕਈ ਆਏ ਤੇ ਕਈ ਗਏ ਪਰ ਹਾਲਤ ਇਹੋ ਹੀ ਰਹੀ, ਇਨ੍ਹਾਂ ਨੇ ਹਾਲਤ ਨੂੰ ਕੀ ਸੁਧਾਰਨਾ ਹੈ। ਸੰਤ ਜੀ ਜਦੋਂ ਸੰਗਤਾਂ ਨੂੰ ਨਾਲ ਲੈ ਕੇ ਪਵਿਤਰ ਪ੍ਰਕਰਮਾਂ ਵਿਚ ਝਾੜੂ ਦੇਣ ਲਗੇ ਤਦ ਉਥੋਂ ਦੇ ਚੂਹੜੇ ਮਖੌਲ ਕਰਦੇ ਹੋਏ ਕਹਿਣ ਲਗੇ-ਮੌਜਾਂ ਹੋ ਗਈਆਂ ਅਸਾਡੀ ਮਦਦ ਕਰਨ ਲਈ ਹੋਰ ਬਹੁਤ ਸਾਰੇ ਚੂਹੜੇ ਬਾਹਰੋਂ ਆ ਗਏ ਹਨ।'

ਸੰਤ ਜੀ ਤੇ ਉਨ੍ਹਾਂ ਦੇ ਹਿੰਮਤੀ ਸਾਥੀਆਂ ਨੇ ਲੋਕਾਂ ਦੀਆਂ ਇਨ੍ਹਾਂ ਗੱਲਾਂ ਦੀ ਰੰਚਕ ਮਾਤਰ ਭੀ ਪ੍ਰਵਾਹ ਨਹੀਂ ਕੀਤੀ ਅਤੇ ਸੇਵਾ ਦਾ ਝੰਡਾ ਗੱਡਕੇ ਬੈਠ ਗਏ। ਮਾਲਵੇ ਦੀਆਂ ਸੰਗਤਾਂ ਨੇ ਹੁਮ ਹੁਮਾਕੇ ਪੁਜਣਾ ਸ਼ੁਰੂ ਕਰ ਦਿਤਾ। ਮੁਕਤਸਰ ਵਿਚ ਮੇਲਾ ਲਗ ਗਿਆ।

ਸੰਗਤਾਂ ਦੇ ਭਾਰੀ ਗਿਣਤੀ ਵਿਚ ਆਉਣ ਕਰਕੇ ਸ਼ਹਿਰ ਵਿਚ ਪਾਣੀ ਦੀ ਬੜੀ ਕਿਲਤ ਪ੍ਰਤੀਤ ਹੋਣ ਲਗੀ। ਇਸ ਪਰ ਸੰਤ ਜੀ ਨੇ ਰੇਲਵੇ ਸਟੇਸ਼ਨ ਅਤੇ ਸ਼ਹਿਰ ਦੇ ਵਖਰੇ ਵਖਰੇ ਹਿਸਿਆਂ ਵਿਚ ਛਬੀਲਾਂ ਲਗਵਾ ਦਿਤੀਆਂ, ਜਿਸਦਾ ਸੰਗਤਾਂ ਤੇ ਸ਼ਹਿਰੀਆਂ ਪਰ ਚੰਗਾ ਅਸਰ ਪਿਆ ਤੇ ਉਨ੍ਹਾਂ ਦੇ ਹਿਰਦਿਆਂ ਵਿਚ ਸੇਵਾ ਲਈ ਉਤਸ਼ਾਹ ਵਧਣ ਲਗਾ।

ਸੰਤਾਂ ਨੇ ਸੇਵਾ ਦਾ ਅਰੰਭ ਇਸ ਤਰ੍ਹਾਂ ਕੀਤਾ ਕਿ ਸਭ ਤੋਂ ਪਹਿਲਾਂ ਦੁਕਾਨਾਂ ਤੇ ਮਕਾਨਾਂ ਦੇ ਉਹ ਬੂਹੇ ਬੰਦ ਕਰਵਾ ਦਿਤੇ ਜੋ ਸਰੋਵਰ ਦੀਆਂ ਪਵਿਤਰ ਪ੍ਰਕਰਮਾਂ ਵਿਚ ਖੁਲ੍ਹਦੇ ਸਨ ਅਤੇ ਜਿਨ੍ਹਾਂ

Sri Satguru Jagjit Singh Ji eLibrary NamdhariElibrary@gmail.com

ਕਰਕੇ ਇਸ ਬੇਅਦਬੀ ਨੇ ਘੋਰ ਰੂਪ ਧਾਰ ਰਖਿਆ ਸੀ, ਇਸ ਲਈ ਸੰਤਾਂ ਨੇ ਕਿਸੇ ਪਰ ਨਾਜਾਇਜ਼ ਰੋਹਬ ਨਹੀਂ ਪਾਇਆ, ਸਗੋਂ ਸਾਰਾ ਕੰਮ ਪਰੇਮ ਨਾਲ ਸਿਰੇ ਚਾੜਿਆ। ਜਿਸ ਗ਼ੀਬ ਨੇ ਕਿਹਾ ਕਿ ਮਹਾਰਾਜ ਮੇਰੇ ਪਾਸ ਇਹ ਦਰਵਾਜ਼ਾ ਬੰਦ ਕਰਨ ਤੇ ਦੂਸਰੇ ਪਾਸੇ ਲਵਾਉਣ ਲਈ ਖਰਚ ਨਹੀਂ, ਸੰਤਾਂ ਨੇ ਖਜ਼ਾਨਚੀ ਨੂੰ ਇਹ ਖਰਚ ਦੇਣ ਦਾ ਹੁਕਮ ਦੇ ਦਿਤਾ।

ਮੁਸਲਮਾਨਾਂ ਦੇ ਪਾਸ ਰਹਿਣ ਕਰਕੇ ਵਧੇਰੇ ਬੇਅਦਬੀ ਹੁੰਦੀ ਸੀ ਤੇ ਉਨ੍ਹਾਂ ਦੇ ਉਥੇ ਟਿਕੇ ਰਹਿਣ ਨਾਲ ਬੇਅਦਬੀ ਦਾ ਖਤਰਾ ਕਦੇ ਦੂਰ ਨਹੀਂ ਸੀ ਹੋ ਸਕਦਾ, ਕਿਉਂਕਿ ਉਹ ਹੁਕੇ ਬਹੁਤ ਪੀਂਦੇ ਸਨ ਅਤੇ ਹੋਰ ਭੀ ਅਜੇਹੇ ਕਈ ਕੰਮ ਕਰਦੇ ਸਨ ਕਿ ਜਿਸ ਨਾਲ ਸਰੋਵਰ ਦੀ ਪਵਿਤਰਤਾ ਨੂੰ ਵਟਾ ਲਗਦਾ ਸੀ। ਇਸ ਲਈ ਸੰਤ ਜੀ ਮਹਾਰਾਜ ਨੇ ਉਨ੍ਹਾਂ ਨੂੰ ਸਦਕੇ ਸਮਝਾਇਆ ਕਿ ਚੰਗਾ ਹੈ ਜੋ ਤੁਸੀਂ ਸ਼ਹਿਰ ਦੇ ਕਿਸੇ ਦੂਸਰੇ ਹਿਸੇ ਵਿਚ ਮਕਾਨ ਬਣਾ ਲਓ। ਉਹ ਰਾਜ਼ੀ ਹੋਏ ਤਾਂ ਸੰਤਾਂ ਨੇ ਉਨ੍ਹਾਂ ਦੇ ਮਕਾਨਾਂ ਦੀ ਮੂੰਹ ਮੰਗੀ ਕੀਮਤ ਦੇ ਦਿਤੀ ਅਤੇ ਖਰੀਦ ਕੇ ਸ੍ਰੀ ਦਰਬਾਰ ਸਾਹਿਬ ਮੁਕਤਸਰ ਦੇ ਨਾਮ ਲਗਵਾ ਦਿਤੇ।

ਇਸ ਤਰ੍ਹਾਂ ਇਸ ਸ਼ੁਭ ਕਾਜ ਨੂੰ ਸਫਲਤਾ ਨਾਲ ਅਰੰਭ ਕਰਕੇ ਸਰੋਵਰ ਦੀਆਂ ਪ੍ਰਕਰਮਾਂ ਵਿਚ ਦਾਖਲ ਹੋਣ ਵਾਲੇ ਸਾਰ ਛੋਟੇ ਛੋਟੇ ਰਾਹ ਬੰਦ ਕਰਵਾ ਦਿਤੇ ਅਤੇ ਚਹੁੰਆਂ ਪਾਸਿਆਂ ਪਰ ਚਾਰ ਵਡੇ ਵਡੇ ਲੋਹੇ ਦੇ ਦਰਵਾਜੇ ਲਾ ਕੇ ਬਾਹਰ ਸੰਗਤਾਂ ਦੇ ਚਰਨ ਧੋਣ ਲਈ ਚੁਬੱਚੇ ਬਣਾ ਦਿਤੇ ਤਾਂ ਜੋ ਕੋਈ ਭੀ ਚਰਨ ਧੋਣ ਤੋਂ ਬਿਨਾਂ ਪ੍ਰਕਰਮਾਂ ਵਿਚ ਨਾ ਆਵੇ।

ਇਸ ਤੋਂ ਉਪਰੰਤ ਸਰੋਵਰ ਦੀ ਕਾਰ ਸੇਵਾ ਅਰੰਭ ਹੋਈ। ਬੇਸ਼ੁਮਾਰ ਸੰਗਤਾਂ ਇਸ ਸੇਵਾ ਵਿਚ ਹਿਸਾ ਲੈਣ ਲਈ ਪੁਜ ਗਈਆਂ ਤੇ ਸੰਤ ਉਨ੍ਹਾਂ ਨੂੰ ਨਾਮ ਦਾਨ ਬਖਸ਼ਕੇ ਨਿਹਾਲ ਕਰਨ ਲਗੇ। ਦਿਨਾਂ ਵਿਚ ਹੀ ਸ੍ਰੀ ਮੁਕਤਸਰ ਸਾਹਿਬ ਵਿਚ ਅੰਮ੍ਰਿਤਸਰ ਦੇ ਸ੍ਰੀ

Sri Satguru Jagjit Singh Ji eLibrary NamdhariElibrary@gmail.com

ਸੰਤੋਖ ਸਰ ਤੇ ਤਰਨ ਤਾਰਨ ਦੇ ਪਵਿਤਰ ਸਰੋਵਰ ਦੀ ਸੇਵਾ ਵਾਲੇ ਨਜ਼ਾਰੇ ਬਣ ਗਏ ਅਤੇ ਹਰ ਪਾਸੇ ਸੰਤਾਂ ਦੀ ਕੀਰਤੀ ਹੋਣ ਲਗੀ, ਇਸ ਸੇਵਾ ਦੇ ਮੁਖੀ ਜਥੇਦਾਰ ਬਘੇਲ ਸਿੰਘ ਜੀ ਮੁਕਤਸਰ ਥਾਪੇ ਗਏ।

ਸੰਤਾਂ ਨੇ ਸਰੋਵਰ ਦਾ ਪਹਿਲਾਂ ਜਲ ਕਢਵਾ ਦਿਤਾ। ਫੇਰ ਹੇਠੋਂ ਗਾਰ ਕੱਢੀ ਗਈ। ਫਿਰ ਸਰੋਵਰ ਦੀਆਂ ਪੌੜੀਆਂ ਨਵੀਆਂ ਬਣਵਾਈਆਂ ਗਈਆਂ।

ਸਰੋਵਰ ਦੀਆਂ ਪ੍ਰਕਰਮਾਂ ਵਿਚ ਸੰਤਾਂ ਨੇ ਕਈ ਲਖ ਰੁਪੈ ਦੇ ਖਰਚ ਨਾਲ ਸੰਗ ਮਰ ਮਰ ਭੀ ਲਵਾ ਦਿਤਾ ਅਤੇ ਜਲ ਦੀ ਪਵਿਤ੍ਰਤਾ ਕਾਇਮ ਰਖਣ ਲਈ ਸ੍ਰੀ ਤਰਨ ਤਾਰਨ ਤੇ ਅੰਮ੍ਰਿਤਸਰ ਜਿਹੀ ਇਕ ਮੀਲ ਲੰਮੀ ਪੱਕੀ ਹੰਸਲੀ ਭੀ ਬਣਾ ਦਿਤੀ।

ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਦੀ ਹਾਲਤ ਉਸ ਸਮੇਂ ਚੰਗੀ ਨਹੀਂ ਸੀ। ਸਰੋਵਰ ਦੀ ਸੇਵਾ ਦੇ ਨਾਲ ਨਾਲ ਹੀ ਸੰਤਾਂ ਨੇ ਇਸ ਪਾਸੇ ਵਲ ਭੀ ਧਿਆਨ ਦਿਤਾ। ਉਪਰਲੀ ਸਾਰੀ ਛੱਤ ਨਵੀਂ ਬਣਵਾਈ ਅਤੇ ਉਪਰ ਗੁੰਬਦ ਬਹੁਤ ਹੀ ਸੁੰਦਰ ਸੰਗ ਮਰ ਮਰ ਦਾ ਬਣਵਾਇਆ। ਕੇਵਲ ਗੁੰਬਦ ਪਰ ਹੀ ੫੦ ਹਜ਼ਾਰ ਰੁਪੈ ਤੋਂ ਵਧੇਰੇ ਰਕਮ ਖਰਚ ਆਈ। ਇਸ ਤਰ੍ਹਾਂ ਸੰਤਾਂ ਨੇ ਇਥੇ ੧੦ ਸਾਲ ਸੇਵਾ ਕੀਤੀ ਸੰਗਤਾਂ ਪਾਸੋਂ ੨੦ ਲਖ ਰੁਪੈ ਧਰਮ ਦੇ ਕੰਮ ਵਿਚ ਲਵਾਏ।

ਆਤਮ-ਸ਼ਕਤੀ ਦੇ ਚਮਤਕਾਰੇ

ਮੁਕਤਸਰ ਦੀ ਸੇਵਾ ਵੇਲੇ ਭੀ ਸੰਗਤਾਂ ਨੇ ਸੰਤਾਂ ਦੀ ਆਤਮ-ਸ਼ਕਤੀ ਦੇ ਇਲਾਹੀ ਚਮਤਕਾਰੇ ਵੇਖੇ। ਜਿਨ੍ਹਾਂ ਵਿਚ ਅਸੀਂ ਨਮੂਨੇ ਵਜੋਂ ਕੁਝ ਹੇਠਾਂ ਦਿੰਦੇ ਹਾਂ:—

ਇਕ ਦਿਨ ਇਕ ਪ੍ਰੇਮੀ ਸੰਤ ਜੀ ਮਹਾਰਾਜ ਪਾਸ ਆਇਆ।

Sri Satguru Jagjit Singh Ji eLibrary NamdhariElibrary@gmail.com

ਉਸ ਨੂੰ ਇਕ ਮੁਕੱਦਮੇ ਵਿਚ ਸਖਤ ਸਜ਼ਾ ਹੋਈ ਹੋਈ ਸੀ ਤੇ ਉਸ ਨੇ ਵਡੀ ਅਦਾਲਤ ਵਿਚ ਅਪੀਲ ਕਰ ਰਖੀ ਸੀ, ਪਰੰਤੂ ਮੁਕੱਦਮਾ ਇਤਨਾ ਸਖਤ ਸੀ। ਜੋ ਉਸਦੇ ਬਰੀ ਹੋਣ ਦੀ ਉਕੀ ਹੀ ਆਸ ਨਹੀਂ ਸੀ। ਇਸ ਲਈ ਉਸਨੇ ਸੰਤਾਂ ਦੀ ਸ਼ਰਨ ਲੈਣੀ ਹੀ ਜੋਗ ਸਮਝੀ। ਦੋਵੇਂ ਹਥ ਜੋੜਕੇ ਬੇਨਤੀ ਕੀਤੀ—ਮਹਾਰਾਜ ਮੇਰੀ ਇਹ ਬਿਪਤਾ ਟਾਲੋ ਮੈਂ ੧੦੦੦) ਰੁਪੈ ਦਾ ਸੰਗ ਮਰਮਰ ਪ੍ਰਕਰਮਾਂ ਵਿਚ ਲਵਾਵਾਂਗਾ। ਸੰਤਾਂ ਨੇ ਉਸ ਪਰ ਮੇਹਰ ਦੀ ਨਜ਼ਰ ਸੁਟਦਿਆਂ ਹੋਇਆਂ ਕੁਝ ਮਿੰਟਾਂ ਲਈ ਸਮਾਧੀ ਲਾ ਲਈ ਅਤੇ ਫੇਰ ਅੱਖਾਂ ਖੋਹਲਕੇ ਫੁਰਮਾਇਆ—ਪੇਸ਼ੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਸਮੇਸ਼ ਪਿਤਾ ਦੇ ਚਰਨਾਂ ਵਿਚ ਅਰਦਾਸ ਕਰਕੇ ਜਾਵੋ, ਗੁਰੂ ਭਲੀ ਕਰੇਗਾ।

ਉਸ ਪ੍ਰੇਮੀ ਨੇ ਏਸੇ ਤਰ੍ਹਾਂ ਕੀਤਾ ਅਤੇ ਵਡੀ ਅਦਾਲਤ ਵਿਚੋਂ ਸਾਫ ਬਰੀ ਹੋ ਕੇ ਆ ਗਿਆ। ਹੁਣ ਉਸਦਾ ਰੁਪੈ ਦੇਣ ਨੂੰ ਦਿਲ ਨਾ ਕਰੇ। ਸੰਤ ਜੀ ਤਾਂ ਕਿਸੇ ਨੂੰ ਆਖਦੇ ਹੀ ਨਹੀਂ ਸਨ। ਖਜ਼ਾਨਚੀ ਤੇ ਹੋਰ ਸੇਵਾਦਾਰਾਂ ਨੇ ਉਸ ਨੂੰ ਕਈ ਵਾਰ ਇਹ ਸੁਖਣਾ ਲਾਹੁਣ ਲਈ ਕਿਹਾ, ਪਰੰਤੂ ਉਹ ਹਮੇਸ਼ਾਂ ਟਾਲਮਟੋਲ ਕਰ ਛਡਦਾ, ਕਦੇ ਕਹਿੰਦਾ ਉਸ ਤੋਂ ਲੈਣੇ ਹਨ ਲੈ ਕੇ ਦਿਆਂਗਾ ਤੇ ਕਦੇ ਕਹਿ ਛਡਦਾ ਕਿ ਫਸਲ ਪਰ ਦੇਵਾਂਗਾ, ਅਸਲ ਵਿਚ ਉਹ ਦੇਣਾ ਨਹੀਂ ਸੀ ਚਾਹੁੰਦਾ, ਪਰੰਤੂ ਸੰਤਾਂ ਦੀ ਆਤਮ ਸ਼ਕਤੀ ਦਾ ਚਮਤਕਾਰ ਵੇਖਕੇ ਉਸਨੂੰ ਝਟ ਪਟ ਇਹ ਰਕਮ ਤਾਰਨੀ ਪਈ।

ਇਕ ਵਾਰੀ ਰਾਤ ਦੇ ਦੋ ਵਜੇ ਸੰਤ ਜੀ ਪ੍ਰਕਰਮਾਂ ਵਿਚ ਝਾੜੂ ਦੇ ਰਹੇ ਸਨ ਕਿ ਉਸ ਪਰੇਮੀ ਨੇ ਆ ਕੇ ਉਨ੍ਹਾਂ ਦੇ ਚਰਨ ਫੜ ਲਏ ਤੇ ਬੇਨਤੀਆਂ ਕਰਨ ਲਗਾ—'ਮਹਾਰਾਜ ਆਪਣੀ ਸੁਖਣਾ ਦੇ ਰੁਪੈ ਹੁਣੇ ਲੈ ਲਓ।'

ਸੰਤ ਜੀ ਨੇ ਫੁਰਮਾਇਆ—ਭਾਈ ਆ ਜਾਣਗੇ ਕਾਹਲੀ ਕਾਹਦੀ ਹੈ ਅਤੇ ਆਪਣੇ ਸੇਵਾ ਦੇ ਕਾਰਜ ਵਿਚ ਰੁਝ ਗਏ।

Sri Satguru Jagjit Singh Ji eLibrary NamdhariElibrary@gmail.com

ਉਸ ਪਰੇਮੀ ਨੇ ਕਿਹਾ —ਮਹਾਰਾਜ ਸ਼ਹੀਦ ਸਿੰਘ ਆਏ ਸਨ ਤੇ ਉਨ੍ਹਾਂ ਨੇ ਇਤਨਾ ਮਾਰਿਆ ਹੈ ਜੋ ਮੈਂ ਹਿਲ ਨਹੀਂ ਸਕਦਾ। ਉਹ ਤਾਕੀਦ ਕਰਕੇ ਗਏ ਹਨ ਕਿ ਹੁਣੇ ਹੀ ਸੁਖਣਾ ਲਾਹ ਕੇ ਆਓ, ਨਹੀਂ ਤਾਂ ਫੇਰ ਖਬਰ ਲਵਾਂਗੇ। ਇਹ ਸੁਣਕੇ ਸੰਤ ਜੀ ਮੁਸਕਰਾਏ ਤੇ ਫੁਰਮਾਇਆ—ਜਾਹ ਭਾਈ ਡੇਰੇ ਵਿਚ ਖਜਾਨਚੀ ਨੂੰ ਜਗਾ ਕੇ ਦੇ ਆ।

ਸੋ ਉਸ ਪਰੇਮੀ ਨੇ ਏਸੇ ਤਰ੍ਹਾਂ ਕੀਤਾ ਤੇ ਗੁਰੂ ਦੇ ਖਜ਼ਾਨੇ ਵਿਚ ਹਜ਼ਾਰ ਰੁਪੈ ਜਮਾਂ ਕਰਾ ਕੇ ਫੇਰ ਘਰ ਜਾ ਕੇ ਸੁਤਾ।

ਡਿਪਟੀ ਸਾਹਿਬ ਦਾ ਅਭਿਮਾਨ ਕਿਵੇਂ ਟੁਟਾ

ਪਵਿਤਰ ਸਰੋਵਰ ਦੀਆਂ ਪੂਕਰਮਾਂ ਵਲ ਇਕ ਡਿਪਟੀ ਸਾਹਿਬ ਦੇ ਮਕਾਨ ਦੀਆਂ ਬਾਰੀਆਂ ਖੁਲਦੀਆਂ ਸਨ। ਉਹ ਸਦਾ ਆਪਣੀ ਹੈਂਕੜ ਵਿਖਾਲਣ ਲਈ ਪੂਕਰਮਾਂ ਵਿਚ ਕੁਰਸੀਆਂ ਡਾਹ ਕੇ ਬੈਠਿਆ ਕਰਦਾ ਸੀ। ਸੰਤਾਂ ਨੇ ਨਿਰਮਾਣਤਾ ਨਾਲ ਉਸ ਨੂੰ ਬੜੀ ਵਾਰ ਕਿਹਾ, ਪਰੰਤੂ ਉਸ ਨੇ ਕੋਈ ਪ੍ਰਵਾਹ ਨਾ ਕੀਤੀ। ਇਕ ਦਿਨ ਸੰਤਾਂ ਨੂੰ ਉਸ ਦੇ ਹੰਕਾਰ ਪਰ ਗੁਸਾ ਆ ਗਿਆ ਆਖਣ ਲਗੇ—ਭਾਈ! ਦਸਮੇਸ਼ ਪਿਤਾ ਦੇ ਪਵਿਤਰ ਅਸਥਾਨ ਦਾ ਆਦਰ ਨਾ ਕਰਨ ਵਾਲੇ ਨੂੰ ਆਖਰ ਜ਼ਰੂਰ ਪਛਤਾਉਣਾ ਪਵੇਗਾ।

ਉਹ ਬੋਲਿਆ—'ਕੋਈ ਨਹੀਂ ਮਹਾਰਾਜ ਪਛਤਾ ਲਵਾਂਗਾ।'

'ਬਹੁਤ ਹੱਛਾ ਗੁਰਮੁਖਾ!' ਆਖ ਕੇ ਸੰਤ ਜੀ ਆਪਣੀ ਸੇਵਾ ਦੇ ਕਾਰਜ ਵਿਚ ਰੁਝ ਗਏ।

ਥੋੜੀ ਦੇਰ ਪਿਛੋਂ ਇਕ ਗੋਲੀ ਚਲਣ ਦੀ ਅਵਾਜ਼ ਸੁਣੀ ਗਈ। ਪਤਾ ਲਗਾ ਜੋ ਡਿਪਟੀ ਸਾਹਿਬ ਦਾ ਪੁਤਰ ਆਪਣੀ ਬੰਦੂਕ ਸਾਫ ਕਰ ਰਿਹਾ ਸੀ, ਜੋ ਅਚਾਨਕ ਗੋਲੀ ਚਲ ਗਈ, ਜਿਸ

Sri Satguru Jagjit Singh Ji eLibrary NamdhariElibrary@gmail.com

ਕਰਕੇ ਇਕ ਆਦਮੀ ਮਰ ਗਿਆ ਹੈ। ਪੁਲੀਸ ਅ ਪੁਜੀ ਅਤੇ ਉਸ ਨੇ ਡਿਪਟੀ ਸਾਹਿਬ ਦੇ ਪੁਤਰ ਨੂੰ ਹਥਕੜੀ ਲਾ ਕੇ ਅਗੇ ਲਾ ਲਿਆ। ਹੁਣ ਡਿਪਟੀ ਸਾਹਿਬ ਨੂੰ ਹੋਸ਼ ਆਈ ਜੋ ਸੰਤਾਂ ਨਾਲ ਟਾਕਰਾ ਲਾਉਣ ਦਾ ਨਤੀਜਾ ਕੀ ਨਿਕਲਦਾ ਹੈ।

ਮੁਕੱਦਮਾ ਛੋਟੀ ਅਦਾਲਤ ਵਿਚੋਂ ਹੋ ਕੇ ਸ਼ਿਸ਼ਨ ਵਿਚ ਪੁਜਿਆ ਤੇ ਉਥੋਂ ਉਸਦੇ ਪੁਤਰ ਨੂੰ ਫਾਂਸੀ ਦੀ ਸਜ਼ਾ ਹੋ ਗਈ, ਡਿਪਟੀ ਤੇ ਉਸ ਦਾ ਸਾਰਾ ਪ੍ਰਵਾਰ ਰੋਂਦਾ ਹੋਇਆ ਸੰਤਾਂ ਦੀ ਸੇਵਾ ਵਿਚ ਹਾਜ਼ਰ ਹੋਇਆ, ਉਸ ਨੇ ਲਿਲੜੀਆਂ ਲੈ ਕੇ ਖਿਮਾਂ ਮੰਗੀ ਅਤੇ ਕੰਨਾਂ ਨੂੰ ਹਥ ਲਾ ਕੇ ਪ੍ਰਣ ਕੀਤਾ ਕਿ ਹੁਣ ਮੁੜ ਕੇ ਉਹ ਕਦੇ ਵੀ ਦਸਮੇਸ਼ ਪਿਤਾ ਦੇ ਪਿਆਰੇ ਅਸਥਾਨ ਦੀ ਬੇਅਦਬੀ ਨਹੀਂ ਕਰੇਗਾ। ਉਸਦੀ ਘਰ ਵਾਲੀ ਤੇ ਬਚਿਆਂ ਨੇ ਸੰਤਾਂ ਦੇ ਚਰਨ ਫੜ ਕੇ ਬੇਨਤੀ ਕੀਤੀ ਕਿ ਮਹਾਰਾਜ ਤੁਸੀਂ ਸਭ ਕੁਝ ਕਰਨ ਕਾਰਨ ਸਮਰਥ ਹੋ, ਅਸਾਡੇ ਗ਼ੀਬਾਂ ਤੇ ਮੇਹਰ ਕਰੋ। ਸੰਤ ਜੀ ਮਿਹਰਾਂ ਦੇ ਘਰ ਵਿਚ ਆ ਗਏ। ਫੁਰਮਾਇਆ ਦਸਮ-ਪਿਤਾ ਅਗੇ ਨੱਕ ਰਗੜੋ ਹਾਈ ਕੋਰਟ ਵਿਚੋਂ ਅਪੀਲ ਦਾ ਫੈਸਲਾ ਸੁਣਨ ਲਈ ਜਾਂਦੇ ਹੋਏ ਇਹ ਤੁਕ ਪੜ੍ਹਦੇ ਜਾਓ :—

ਆਪ ਸਹਾਈ ਹੋਆ ਸਚੇ ਦਾ ਸਚਾ ਢੋਆ ॥

ਉਨ੍ਹਾਂ ਨੇ ਉਸੇ ਤਰ੍ਹਾਂ ਕੀਤਾ ਅਤੇ ਅਗਲੇਰੇ ਦਿਨ ਹੀ ਬਹੁਤ ਸਾਰੇ ਫਲ ਅਤੇ ਸੇਵਾ ਲਈ ਮਾਇਆ ਲੈਕੇ ਡਿਪਟੀ ਸਾਹਿਬ ਆਪਣੇ ਪੁਤਰ ਸਣੇ ਹਾਜ਼ਰ ਹੋ ਗਏ, ਕਿਉਂਕਿ ਹਾਈ ਕੋਰਟ ਨੇ ਉਸ ਨੂੰ ਸਾਫ ਬਰੀ ਕਰ ਦਿਤਾ ਸੀ।

ਸੰਤਨ ਕੇ ਦਰ ਆਏ ਜੋ,
ਤਜ ਦੇਵੇ ਅਭਿਮਾਨ।
ਬਖਸ਼ੇ ਜਾਂਦੇ ਪਾਪ ਨੇ,
ਸੁਖ ਹੈ ਮਿਲਦਾ ਆਨ।

Sri Satguru Jagjit Singh Ji eLibrary NamdhariElibrary@gmail.com

ਸ: ਤੇਜਾ ਸਿੰਘ ਪੋਲੀਸ ਅਫਸਰ ਨੂੰ ਆਪ ਜੀ ਨੇ ਨਾਮ ਦਾਨ ਬਖਸ਼ਿਆ ਉਹ ਅੱਧੀ ਤਨਖਾਹ ਸੇਵਾ ਵਿਚ ਦੇਣ ਲਗ ਪਿਆ ਉਸ ਨੇ ਕਾਫੀ ਚਿਰ ਫਿਰ ਫਿਰਕੇ ਆਪਣੇ ਰਸੂਖ ਨਾਲ ਬਹੁਤ ਉਦਮ ਕਰਕੇ ਪੰਜਾਹ ਹਜ਼ਾਰ ਰੁਪਏ ਸੇਵਾ ਲਈ ਇਕਠੇ ਕਰਕੇ ਲਿਆਂਦੇ ਖਜਾਨਚੀ ਪਾਸ ਜਮ੍ਹਾਂ ਕਰਾ ਕੇ ਸੰਤ ਜੀ ਦੇ ਚਰਨਾਂ ਵਿਚ ਹਾਜਰ ਹੋਇਆ। ਸੰਤ ਜੀ ਨੇ ਫਰਮਾਇਆ ਏਹ ਰਕਮ ਸੇਵਾ ਵਿਚ ਨਹੀਂ ਲਗਾਨੀ ਤੂੰ ਪੋਲੀਸ ਦੇ ਰੋਹਬ ਨਾਲ ਜ਼ਿਆਦਤੀ ਤੇ ਸਖਤੀ ਕਰਕੇ ਵਸੂਲੇ ਹਨ ਅਸੀਂ ਤਾਂ ਪ੍ਰੇਮ ਨਾਲ ਦਮੜਾ ਦਮੜਾ ਮੰਗ ਕੇ ਸੇਵਾ ਵਿਚ ਲਗਾਂਦੇ ਹਾਂ। ਉਸ ਨੇ ਸਾਰੇ ਹਾਲਾਤ ਪ੍ਰੇਮ ਨਾਲ ਪ੍ਰੇਰ ਪ੍ਰੇਰ ਕੇ ਬਹੁਤ ਉਦਮ ਕਰਕੇ ਹੱਥ ਪੈਰ ਸਫਲੇ ਕਰਨ ਲਈ ਆਪ ਜੀ ਦੀ ਮੇਹਰ ਭਰੀ ਬਖਸ਼ਿਸ਼ ਹੋਣ ਲਈ ਰੁਪਏ ਇਕਠੇ ਕੀਤੇ ਹਨ ਕੋਈ ਰੋਹਬ ਨਹੀਂ ਪਾਇਆ ਸਖਤੀ ਨਹੀਂ ਕੀਤੀ ਗੁਰੂ ਮਹਾਰਾਜ ਜ਼ਾਮਨ ਹਨ ਹਾਂ ਸੰਤ ਜੀ ਨੇ ਰਕਮ ਸੇਵਾ ਲਈ ਪ੍ਰਵਾਨ ਕਰ ਲਈ।

ਤਪਿਆਨਾ ਸਾਹਿਬ (ਖਡੂਰ ਸਾਹਿਬ) ਦੀ ਸੇਵਾ

ਅੰਮ੍ਰਿਤਸਰ ਤੋਂ ੨੩ ਅਤੇ ਤਰਨ ਤਾਰਨ ਤੋਂ ੧੦ ਮੀਲਾਂ ਪਰ ਖਡੂਰ ਸਾਹਿਬ ਦਾ ਇਤਿਹਾਸਕ ਅਸਥਾਨ ਹੈ। ਇਹ ਦੂਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਪਵਿਤਰ ਨਗਰੀ ਹੈ। ਇਸ ਨਗਰ ਦੇ ਬਾਹਰਵਾਰ ਤਪਿਆਨਾ ਸਾਹਿਬ ਦਾ ਸੁੰਦਰ ਗੁਰਦੁਆਰਾ ਹੈ। ਇਸ ਅਸਥਾਨ ਪਰ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ੧੨ ਸਾਲ ਤਪ ਕੀਤਾ ਸੀ। ਉਸ ਸਮੇਂ ਜਦ ਉਨ੍ਹਾਂ ਨੂੰ ਹਾਲਾਂ ਗੁਰਿਆਈ ਦੀ ਗੱਦੀ ਨਹੀਂ ਸੀ ਮਿਲੀ, ਉਹ ਵਧੇਰੇ ਕਰਕੇ ਏਸੇ ਅਸਥਾਨ ਤੇ ਤਪ ਕੀਤਾ ਕਰਦੇ ਸਨ ਅਤੇ

Sri Satguru Jagjit Singh Ji eLibrary NamdhariElibrary@gmail.com

ਇਕ ਵਾਰ ਮੇਹਰਾਂ ਦੇ ਦਾਤਾ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਭੀ ਏਸੇ ਪਵਿਤਰ ਅਸਥ ਨ ਪਰ ਆ ਕੇ ਆਪਣੇ ਪਿਆਰੇ ਸਿਖ ਭਾਈ ਲਹਿਣੇ ਨੂੰ ਮਿਲੇ ਸਨ।

ਜਦ ਸੰਤ ਜੀ ਮੁਕਤਸਰ ਵਿਚ ਸੇਵਾ ਕਰਵਾ ਰਹੇ ਸਨ ਤਾਂ ਮਾਝੇ ਦੀਆਂ ਸੰਗਤਾਂ ਦਾ ਇਕ ਡੈਪੂਟੇਸ਼ਨ ਉਨ੍ਹਾਂ ਦੇ ਚਰਨਾਂ ਵਿਚ ਪੁਜਿਆ ਤੇ ਬੇਨਤੀ ਕੀਤੀ—ਮਹਾਰਾਜ, ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਗੁਰਦੁਵਾਰੇ ਤਪਿਆਨਾ ਸਾਹਿਬ ਦੀ ਬੇਅਦਬੀ ਹੋ ਰਹੀ ਹੈ, ਤੁਸੀਂ ਪੁਜ ਕੇ ਸੇਵਾ ਕਰਾਓ।' ਸੰਤਾਂ ਨੇ ਸਤਿ ਬਚਨ ਆਖਿਆ ਅਤੇ ਮੁਕਤਸਰ ਦੀ ਸੇਵਾ ਸੰਪੂਰਨ ਕਰਕੇ ਖਡੂਰ ਸਾਹਿਬ ਆ ਡੇਰੇ ਲਾਏ।

ਪੱਕੀ ਸੜਕ

ਸੰਤ ਜੀ, ਸ੍ਰੀ ਮਾਨ ਸੰਤ ਸਾਧੂ ਸਿੰਘ ਜੀ, ਬਾਬਾ ਹਰਨਾਮ ਸਿੰਘ ਜੀ, ਭਾਈ ਮੋਹਨ ਸਿੰਘ ਜੀ ਵੈਦ ਤੇ ਹੋਰ ਗੁਰਮੁਖ ਪਿਆਰਿਆਂ ਸਮੇਤ ਖਡੂਰ ਸਾਹਿਬ ਗਏ ਤਾਂ ਇਸ ਤੀਰਥ ਨੂੰ ਜਾਣ ਲਈ ਕੋਈ ਚੰਗਾ ਰਾਹ ਨਾ ਵੇਖਕੇ ਆਪ ਜੀ ਨੂੰ ਬਹੁਤ ਦੁਖ ਹੋਇਆ ਅਤੇ ਰਸਤੇ ਵਿਚ ਹੀ ਉਨ੍ਹਾਂ ਨੇ ਗੋਇੰਦਵਾਲ ਤੋਂ ਲੈ ਕੇ ਸ੍ਰੀ ਖਡੂਰ ਸਾਹਿਬ ਤਕ ਪੱਕੀ ਸੜਕ ਬਣਾਉਣ ਦਾ ਫੈਸਲਾ ਕਰ ਲਿਆ। ਖਡੂਰ ਸਾਹਿਬ ਵਿਚ ਡੇਰੇ ਲਾ ਕੇ ਸਭ ਤੋਂ ਪਹਿਲਾਂ ਉਨ੍ਹਾਂ ਨੇ ਏਹੋ ਸ਼ੁਭ ਕਾਰਜ ਅਰੰਭ ਦਿਤਾ।

ਜ਼ਮੀਨ ਕਿਸਤਰ੍ਹਾਂ ਲਈ

ਸਭ ਤੋਂ ਪਹਿਲਾਂ ਜ਼ਰੂਰੀ ਸੀ, ਜੋ ਸੜਕ ਲਈ ਜ਼ਮੀਨ ਪ੍ਰਾਪਤ ਕੀਤੀ ਜਾਵੇ। ਸੰਤਾਂ ਨੇ ਲੋੜੀਂਦੀ ਜ਼ਮੀਨ ਖਰੀਦਣੀ ਸ਼ੁਰੂ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਕਰ ਦਿਤੀ। ਰਾਹ ਵਿਚ ਬਹੁਤੀ ਜ਼ਮੀਨ ਭਰੋਵਾਲ ਦੇ ਟਿਕ ਵਡੇ ਮੁਸਲਮਾਨ ਜ਼ਿਮੀਦਾਰ ਦੀ ਸੀ। ਸੰਤਾਂ ਨੇ ਸੰਤ ਬਾਬਾ ਝੰਡਾ ਸਿੰਘ, ਭਾਈ ਮੋਹਣ ਸਿੰਘ ਵੈਦ ਤੇ ਬਾਬਾ ਹਰਨਾਮ ਸਿੰਘ ਨੂੰ ਉਸਦੀ ਸੇਵਾ ਵਿਚ ਭੇਜਿਆ। ਇਨ੍ਹਾਂ ਸਾਥਿਆਂ ਨੇ ਉਸ ਦੀ ਸੇਵਾ ਵਿਚ ਬਹੁਤ ਅਰਜੋਈਆਂ ਕੀਤੀਆਂ, ਜੋ ਉਹ ਗੁਰੂ ਘਰ ਦੇ ਇਸ ਸ਼ੁਭ ਕੰਮ ਲਈ ਜ਼ਮੀਨ ਦੇ ਦੇਵੇ ਤੇ ਕੀਮਤ ਲੈ ਲਵੇ, ਪਰੰਤੂ ਉਸ ਪਰ ਕੋਈ ਭੀ ਅਸਰ ਨਾ ਹੋਇਆ ਅਤੇ ਉਸਨੇ ਕੋਰਾ ਜਵਾਬ ਦੇ ਦਿਤਾ ਕਿ ਮੈਂ ਕਿਸੇ ਹਾਲਤ ਵਿਚ ਵੀ ਜ਼ਮੀਨ ਨਹੀਂ ਦੇਵਾਂਗਾ।

ਉਸ ਤੋਂ ਸਾਫ ਨਾਂਹ ਲੈ ਕੇ ਇਹ ਸਜਣ ਬਹੁਤ ਹੀ ਨਿਰਾਸ ਹੋ ਕੇ ਮੁੜੇ ਅਤੇ ਬੇਨਤੀ ਕੀਤੀ—ਮਹਾਰਾਜ ਉਹ ਕਿਸੇ ਤਰ੍ਹਾਂ ਭੀ ਜ਼ਮੀਨ ਨਹੀਂ ਦਿੰਦਾ, ਹੁਣ ਕੀ ਹੋਵੇਗਾ ?'

ਸੰਤ ਜੀ ਹੱਸਕੇ ਬੋਲੇ-'ਗੁਰੂ ਆਪੇ ਲੈ ਲਵੇਗਾ।' ਅਤੇ ਗੁਰੂ ਨੇ ਉਹ ਜ਼ਮੀਨ ਲੈ ਲੀਤੀ।

ਸੰਤਾਂ ਦੇ ਇਸ ਬਚਨ ਦੀ ਹੀ ਦੇਰੀ ਸੀ, ਜੋ ਭਰੋਵਾਲ ਦੇ ਉਸ ਅਭਿਮਾਨੀ ਜ਼ਿਮੀਂਦਾਰ ਦਾ ਪਿਸ਼ਾਬ ਬੰਦ ਹੋ ਗਿਆ। ਬੜੇ ਇਲਾਜ ਕੀਤੇ ਪਰ ਕੋਈ ਫਾਇਦਾ ਨਾ ਹੋਵੇ। ਸਿਆਣੇ ਆਦਮੀਆਂ ਨੇ ਉਸਨੂੰ ਸਮਝਾਇਆ, ਭਲਿਆ ਲੋਕਾਂ ਇਹ ਤੈਨੂੰ ਸੰਤਾਂ ਦੇ ਹੁਕਮ ਦੀ ਅਵੱਗਿਆ ਦਾ ਕੌੜਾ ਫਲ ਮਿਲ ਰਿਹਾ ਹੈ। ਉਹ ਬੜੇ ਕਰਨੀ ਵਾਲੇ ਸੰਤ ਹਨ, ਜੀਉਣਾ ਲੋੜਦਾ ਏਂ ਤਾਂ ਉਨ੍ਹਾਂ ਦੇ ਚਰਨੀ ਲਗ।

ਇਹ ਗੱਲ ਉਸ ਭਾਗਾਂ ਵਾਲੇ ਦੀ ਸਮਝ ਵਿਚ ਆ ਗਈ। ਉਸੇ ਵੇਲੇ ਮੰਜੀ ਚੁਕਵਾਕੇ ਸੰਤਾਂ ਦੇ ਡੇਰੇ ਪੁਜਾ, ਚਰਨੀ ਲਗ ਕੇ ਮਾਫੀ ਮੰਗੀ ਅਤੇ ਮੁਲ ਲੈ ਕੇ ਜ਼ਮੀਨ ਦੇ ਦਿਤੀ ਜਿਸ ਪਰ ਸੰਤਾਂ ਦੀ ਮੇਹਰ ਦੀ ਨਿਗ੍ਹਾ ਹੋਈ ਅਤੇ ਉਹ ਨੌਂ ਬਰ ਨੌਂ ਹੋ ਕੇ ਘਰ ਮੁੜਿਆ।

ਇਹ ਜ਼ਮੀਨ ਮਿਲਦੇ ਹੀ ਸੜਕ ਬਨਣ ਦਾ ਕੰਮ ਜ਼ੋਰ ਸ਼ੋਰ

Sri Satguru Jagjit Singh Ji eLibrary NamdhariElibrary@gmail.com

ਨਾਲ ਸ਼ੁਰੂ ਹੋ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਇਕੱਠੀਆਂ ਹੋ ਕੇ ਆਉਂਦੀਆਂ ਅਤੇ 'ਸਤਿਨਾਮ ਵਾਹਿਗੁਰੂ' ਦੀ ਮਿਠੀ ਧੁਨੀ ਅਲਾਪ ਦੀਆਂ ਸੜਕ ਪਰ ਮਿਟੀ ਪਾਉਂਦੀਆਂ। ਲੰਗਰ ਗੁਰੂ ਦਾ ਅਤੁਟ ਵਰਤਦਾ। ਸੰਤਾਂ ਨੇ ਪਹਿਲਾਂ ਮਿਟੀ ਪੁਆਈ, ਫੇਰ ਉਪਰ ਰੋੜੀ ਕੁਟਵਾਈ ਅਤੇ ਫੇਰ ਲੁਕ ਪੁਆਕੇ ਇਸ ਬਾਰਾਂ ਮੀਲ ਲੰਮੀ ਸੜਕ ਮੁਕੰਮਲ ਕਰਕੇ ਡਿਸਟ੍ਰਿਕਟ ਬੋਰਡ ਅੰਮ੍ਰਿਤਸਰ ਦੇ ਹਵਾਲੇ ਕਰ ਦਿਤੀ।

ਇਸ ਤਰ੍ਹਾਂ ਸੰਤਾਂ ਨੇ ਗੁਰੂ ਦੀਆਂ ਦੋ ਨਗਰੀਆਂ ਨੂੰ ਸੜਕ ਦੁਆਰਾ ਮਿਲਾ ਦਿਤਾ। ਗੋਇੰਦਵਾਲ ਸ੍ਰੀ ਗੁਰੂ ਅਮਰਦਾਸ ਜੀ ਦੀ ਨਗਰੀ ਹੈ, ਇਹ ਸੜਕ ਉਸੇ ਰਸਤੇ ਤੇ ਹੀ ਬਣਾਈ ਗਈ ਹੈ ਕਿ ਜਿਥੋਂ ਦੀ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਗੁਰਿਆਈ ਮਿਲਣ ਤੋਂ ਪਹਿਲਾਂ ਆਪਣੇ ਗੁਰਦੇਵ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਇਸ਼ਨਾਨ ਲਈ ਤੜ ਕੇ ਗੋਇੰਦਵਾਲ ਦੇ ਘਾਟ ਤੋਂ ਦਰਯਾ ਬਿਆਸ ਵਿਚੋਂ ਜਲ ਲੈ ਕੇ ਪਹਿਰ ਦੇ ਤੜਕੇ ਸ੍ਰੀ ਖਡੂਰ ਸਾਹਿਬ ਜਾਇਆ ਕਰਦੇ ਸਨ।

ਸੜਕ ਦੀ ਸੰਪੂਰਨਤਾ ਤੋਂ ਪਿਛੋਂ ਸੰਤਾਂ ਨੇ ਇਕ ਵਡਾ ਖੁਲ੍ਹਾ ਸਰੋਵਰ ਤਿਆਰ ਕਰਵਾਇਆ ਤੇ ਪ੍ਰਕਰਮਾਂ ਬਣਵਾਈਆਂ। ਗੁਰ-ਦੁਵਾਰੇ ਦੇ ਹਾਲ ਦੀ ਹਾਲਤ ਬਹੁਤ ਖਰਾਬ ਹੋਈ ਹੋਈ ਸੀ। ਸੰਤਾਂ ਨੇ ਦੋ ਲਖ ਰੁਪੈ ਖਰਚਕੇ ਇਸ ਦੀ ਥਾਂ ਨਵੇਂ ਸਿਰੋਂ ਸੁੰਦਰ ਇਮਾਰਤ ਬਣਾਈ ਅਤੇ ਉਸਦਾ ਸੰਗ ਮਰ ਮਰ ਦਾ ਬਹੁ ਮੁਲਾ ਗੁੰਬਦ ਬਣਵਾ-ਇਆ। ਪ੍ਰਕ੍ਰਮਾਂ ਵਿਚ ਭੀ ਸੰਗ ਮਰ ਮਰ ਲਵਾਇਆ। ਇਸ ਤਰ੍ਹਾਂ ਇਹ ਮਹਾਨ ਸੇਵਾ ੪ ਸਾਲ ਵਿਚ ਸੰਪੂਰਨ ਕੀਤੀ ਅਤੇ ਪੰਦਰਾਂ ਲਖ ਰੁਪੈ ਦਾਨੀਆਂ ਤੋਂ ਖਰਚ ਕਰਵਾਏ। ਹਰ ਪਾਸੇ ਸੰਤਾਂ ਦੀ ਧੰਨ ਧੰਨ ਹੋਣ ਲਗੀ।

Sri Satguru Jagjit Singh Ji eLibrary NamdhariElibrary@gmail.com

ਜ਼ਾਹਰਾ ਕਰਾਮਾਤ

ਸਾਧੂ ਸੰਗੁ ਪਰਾਪਤੇ
ਨਾਨਕ ਰੰਗ ਮਾਣੰਨਿ

ਸੰਤਾਂ ਦੀ ਸੇਵਾ ਕਰਨ ਵਾਲੇ ਦੇ ਬੇੜੇ ਪਾਰ ਹਨ। ਬਾਬਾ ਗੁਰਮੁਖ ਸਿੰਘ ਜੀ ਵਾਹਿਗੁਰੂ ਦੇ ਸਚੇ ਸੰਤ ਸਨ, ਉਨ੍ਹਾਂ ਦੀਆਂ ਜ਼ਾਹਰਾ ਕਰਾਮਾਤਾਂ ਸੰਸਾਰ ਨੇ ਵੇਖੀਆਂ ਅਤੇ ਜਿਨ੍ਹਾਂ ਨੇ ਉਨ੍ਹਾਂ ਦੀ ਸੱਚੇ ਹਿਰਦੇ ਨਾਲ ਸੰਗਤ ਕੀਤੀ ਤਰ ਗਏ।

੧੯੧੯ ਈਸਵੀ ਦੀ ਵਸਾਖੀ ਵਾਲੇ ਦਿਨ ਸੰਤ ਜੀ ਅੰਮ੍ਰਿਤਸਰ ਵਿਚ ਸਨ। ਸਵੇਰੇ ਜਿਹੜੇ ਪਰੇਮੀ ਸੇਵਾ ਕਰਨ ਆਏ, ਉਨ੍ਹਾਂ ਨੇ ਸਾਰਿਆਂ ਨੂੰ ਪੱਕੀ ਕਰ ਦਿਤੀ ਕਿ ਅਜ ਕੋਈ ਭੀ ਪਰੇਮੀ ਘਰੋਂ ਬਾਹਰ ਨਾ ਨਿਕਲੇ, ਕਿਉਂਕਿ ਅਜ ਗੁਰੂ ਰਾਮਦਾਸ ਦੀ ਨਗਰੀ ਵਿਚ ਲਹੂ ਦੀ ਨਦੀ ਵਹਿ ਤੁਰਨੀ ਹੈ। ਇਹ ਬਚਨ ਠੀਕ ਨਿਕਲਿਆ, ਵੈਸਾਖੀ ਦਾ ਸੂਰਜ ਡੁਬਣ ਤੋਂ ਪਹਿਲਾਂ ਹੀ ਜ਼ਾਲਮ ਡਾਇਰ ਤੇ ਓਡਵਾਇਰ ਨੇ ਜਲਿਆਂ ਵਾਲੇ ਬਾਗ ਵਿਚ ਮਸ਼ੀਨ ਗੰਨਾ ਨਾਲ ਮੀਂਹ ਵਾਂਗ ਗੋਲੀਆਂ ਬਰਸਾ ਕੇ ਹਜ਼ਾਰਾਂ ਬੇ-ਗੁਨਾਹ ਇਨਸਾਨਾਂ ਨੂੰ ਮਾਰ ਮੁਕਾਇਆ।

ਇਸ ਮਹਾਨ ਖੂਨੀ ਸਾਕੇ ਦੇ ਪਿਛੋਂ ਮਾਰਸ਼ਲ ਲਾ ਲਗ ਗਈ। ਗੋਰੇ ਹਾਕਮਾਂ ਨੂੰ ਹਜ਼ਾਰਾਂ ਮਾਸੂਮਾਂ ਦਾ ਲਹੂ ਪੀਕੇ ਭੀ ਸਬਰ ਨਾ ਆਇਆ ਅਤੇ ਉਨ੍ਹਾਂ ਨੇ ਅੰਧਾ ਧੁੰਦ ਗ੍ਰਿਫਤਾਰੀਆਂ ਕਰਕੇ ਉਨ੍ਹਾਂ ਸਾਰੇ ਆਦਮੀਆਂ ਨੂੰ ਜੇਲ ਵਿਚ ਸੁਟ ਦਿਤਾ ਕਿ ਜੋ ਉਨ੍ਹਾਂ ਦੀਆਂ ਬਿਲੀਆਂ ਅਖਾਂ ਵਿਚ ਖਟਕਦੇ ਸਨ। ਵੀਹਾਂ ਆਦਮੀਆਂ ਪਰ ਬਗਾਵਤ ਦਾ ਮੁਕੱਦਮਾ ਚਲਾਇਆ ਗਿਆ, ਉਨ੍ਹਾਂ ਵਿਚ ਇਕ ਨੌਜਵਾਨ ਮਨੋਹਰ ਸਿੰਘ ਭੀ ਸੀ। ਇਨ੍ਹਾਂ ਨੂੰ ਜ਼ਿਲਨ ਨੇ ਫਾਂਸੀ ਦੀ

Sri Satguru Jagjit Singh Ji eLibrary NamdhariElibrary@gmail.com

ਸਜ਼ਾ ਦੇ ਦਿਤੀ।

ਮਨੋਹਰ ਸਿੰਘ ਦੀ ਮਾਤਾ ਪ੍ਰਮੇਸ਼ਵਰੀ ਦਾ ਗੁਰੂ ਘਰ ਤੇ ਸੰਤਾਂ ਪਰ ਅਤੁਟ ਵਿਸ਼ਵਾਸ਼ ਸੀ ਅਤੇ ਉਹ ਲੰਗਰ ਦੇ ਪ੍ਰਬੰਧ ਦੀ ਸੇਵਾ ਕੀਤਾ ਕਰਦੀ ਸੀ। ਜਦ ਉਸ ਦੇ ਬੱਚੇ ਨੂੰ ਫਾਂਸੀ ਦੀ ਸਜ਼ਾ ਹੋ ਗਈ ਤਾਂ ਉਹ ਨੈਣਾਂ ਤੋਂ ਨੀਰ ਬਹਾਉਂਦੀ ਹੋਈ ਸੰਤਾਂ ਦੇ ਚਰਨਾਂ ਪਰ ਆ ਡਿਗੀ। ਬੇਨਤੀ ਕੀਤੀ—'ਮਹਾਰਾਜ ਮੇਰੇ ਬਚੇ ਨੂੰ ਬਚਾਓ!' ਸੰਤ ਕੁਝ ਚਿਰ ਲਈ ਸਮਾਧੀ ਵਿਚ ਚਲੇ ਗਏ ਤੇ ਫੇਰ ਅੱਖਾਂ ਖੋਲਕੇ ਆਖਣ ਲਗੇ—'ਪੁਤਰੀ ਤੇਰਾ ਬੱਚਾ ਕਦੇ ਫਾਂਸੀ ਨਹੀਂ ਚੜ੍ਹੇਗਾ!' ਸੰਤਾਂ ਦੇ ਇਸ ਬਚਨ ਨਾਲ ਰੋਂਦੀ ਹੋਈ ਮਾਤਾ ਹੱਸਣ ਲਗ ਗਈ। ਸਾਰੇ ਕਹਿਣ ਲਗੇ—'ਸਾਧ ਬਚਨ ਅਟਲਾਧਾ ਭਾਗਾਂ ਵਾਲੀਏ ਸੰਤਾਂ ਦਾ ਬਚਨ ਹੋ ਗਿਆ ਹੈ, ਸਮਝ ਤੇਰਾ ਬੱਚਾ ਬਚ ਗਿਆ।

ਮਨੋਹਰ ਸਿੰਘ ਦੇ ਬਚਨ ਦੀ ਆਸ ਹੋ ਗਈ, ਪਰੰਤੂ ਪ੍ਰਗਟ ਤੌਰ ਪਰ ਹਾਲਾਤ ਇਸ ਦੇ ਉਲਟ ਜਾ ਰਹੇ ਸਨ। ਹਾਈ ਕੋਰਟ ਵਿਚੋਂ ਅਪੀਲ ਖਾਰਜ ਹੋ ਗਈ, ਰਹਿਮ ਦੀਆਂ ਦਰਖਾਸਤਾਂ ਰਦ ਹੋ ਗਈਆਂ, ਪ੍ਰੀਵੀ ਕੌਂਸਲ ਨੇ ਭੀ ਅਪੀਲ ਨਾ ਮਨਜ਼ੂਰ ਕਰ ਦਿਤੀ। ਫਾਂਸੀ ਦੀ ਤਾਰੀਖ ਮਿਥੀ ਗਈ ਅਤੇ ਮਾਤਾ ਪ੍ਰਮੇਸ਼ਵਰੀ ਆਪਣੇ ਪੁਤਰ ਨਾਲ ਅੰਤਮ ਮੁਲਾਕਾਤ ਭੀ ਕਰ ਆਈ। ਹੁਣ ਹਰ ਪਾਸੇ ਨਿਰਾਸਤਾ ਹੀ ਨਜ਼ਰ ਆ ਰਹੀ ਸੀ। ਉਹ ਰੋਂਦੀ ਹੋਈ ਸੰਤਾਂ ਦੇ ਪਾਸ ਆਈ ਤੇ ਆਖਣ ਲਗੀ—'ਮਹਾਰਾਜ ਮੇਰਾ ਮਨੋਹਰ ਸਿੰਘ ਕਲ ਨਹੀਂ ਹੋਣਾ' ਤੇ ਇਸ ਦੇ ਨਾਲ ਹੀ ਉਸ ਦੀਆਂ ਭੁਬਾਂ ਨਿਕਲ ਗਈਆਂ।

ਸੰਤਾਂ ਨੇ ਫੁਰਮਾਇਆ—'ਤੇਰਾ ਪੁਤਰ ਕਦੇ ਫਾਂਸੀ ਨਹੀਂ ਹੋਵੇਗਾ, ਗੁਰੂ ਮਹਾਰਾਜ ਉਸ ਨੂੰ ਫਾਂਸੀ ਦੇਣ ਵਾਲੀ ਰੱਸੀ ਤੋੜ ਦੇਵੇਗਾ।'

ਸਭ ਹੈਰਾਨ ਸਨ ਕਿ ਸੰਤ ਹੁਣ ਮਨੋਹਰ ਸਿੰਘ ਨੂੰ ਫਾਂਸੀ ਤੋਂ

Sri Satguru Jagjit Singh Ji eLibrary NamdhariElibrary@gmail.com

ਕਿਸ ਤਰ੍ਹਾਂ ਬਚਾ ਲੈਣਗੇ, ਪਰੰਤੂ ਸੰਤਾਂ ਦੀ ਰੂਹਾਨੀ ਸ਼ਕਤੀ ਸੱਤਾਂ ਸਾਗਰਾਂ ਤੋਂ ਪਾਰ ਬਰਤਾਨੀਆਂ ਦੀ ਰਾਜਧਾਨੀ ਲੰਡਨ ਦੇ ਰਾਜ ਅਧਿਕਾਰੀਆਂ ਦੀਆਂ ਹਿਕਾਂ ਵਿਚ ਕੰਮ ਰਹੀ ਸੀ ਅਤੇ ਉਹ ਇਹ ਫੈਸਲਾ ਕਰਨ ਲਈ ਮਜਬੂਰ ਹੋ ਰਹੇ ਸਨ ਕਿ ਇਨ੍ਹਾਂ ਆਦਮੀਆਂ ਨੂੰ ਫਾਂਸੀ ਨਾ ਦਿਤਾ ਜਾਵੇ, ਕਿਉਂਕਿ ਉਹ ਡਰ ਗਏ ਸਨ ਕਿ ਅਜਿਹਾ ਕਰਨ ਨਾਲ ਪੰਜਾਬ ਦੇ ਸੂਰਮੇ ਬਗਾਵਤ ਕਰ ਦੇਣਗੇ।

ਫਾਂਸੀ ਲਾਹੌਰ ਸੈਂਟਰਲ ਜੇਲ ਵਿਚ ਦਿਤੀ ਜਾਣੀ ਸੀ, ਤਿਆਰੀਆਂ ਮੁਕੰਮਲ ਹੋ ਚੁਕੀਆਂ ਸਨ ਅਤੇ ਮੁਲਜ਼ਮ ਤਖਤਿਆਂ ਦੇ ਪਾਸ ਲਿਆਂਦੇ ਜਾ ਚੁਕੇ ਸਨ। ਉਹਨਾਂ ਦੇ ਜੀਵਨ ਦੀ ਆਸ ਉਹ ਆਪ ਹੀ ਨਹੀਂ, ਸਗੋਂ ਸਾਰੇ ਹੀ ਲਾਹ ਚੁਕੇ ਸਨ। ਸਭ ਇਹੋ ਸਮਝ ਰਹੇ ਸਨ ਕਿ ਇਨ੍ਹਾਂ ਵੀਹਾਂ ਨੌਜਵਾਨਾਂ ਦੇ ਜੀਵਨ ਦੇ ਕੇਵਲ ਕੁਝ ਮਿੰਟ ਹੀ ਬਾਕੀ ਰਹਿ ਗਏ ਸਨ। ਜੇਲ ਵਾਲਿਆਂ ਨੇ ਜੇਲ ਦੇ ਅੰਦਰ ਹੀ ਉਨ੍ਹਾਂ ਦੇ ਸਸਕਾਰ ਕਰਨ ਲਈ ਲਕੜੀਆਂ ਭੀ ਸੁਟਵਾ ਲੀਤੀਆਂ ਸਨ।

ਨਿਰਾਸ਼ਤਾ ਦੇ ਇਸ ਘੁਪ ਹਨੇਰੇ ਵਿਚ ਸੰਤ ਆਤਮਾਂ ਦੀਆਂ ਰੂਹਾਨੀ ਕਿਰਨਾਂ ਚਮਕ ਉਠੀਆਂ। ਮਨੋਹਰ ਸਿੰਘ ਨੂੰ ਤਖਤੇ ਪਰ ਚੜ੍ਹਾਉਣ ਤੋਂ ਪਹਿਲਾਂ ਮਜਿਸਟਰੇਟ ਨੇ ਬਾਹਰ ਵਲ ਵੇਖਿਆ ਤਾਂ ਤਾਰ ਘਰ ਦਾ ਚਪੜਾਸੀ ਸਾਈਕਲ ਤੇ ਚੜ੍ਹਿਆ ਆ ਰਿਹਾ ਸੀ। ਉਹ ਕੁਝ ਝਿਜਕਿਆ। ਚਪੜਾਸੀ ਤੋਂ ਤਾਰ ਲੈ ਕੇ ਪੜ੍ਹੀ ਅਤੇ ਸਭ ਮੁਲਾਜ਼ਮਾਂ ਨੂੰ ਮੁਬਾਰਕਬਾਦ ਦਿੰਦਾ ਹੋਇਆ ਬੋਲਿਆ-'ਬਾਦਸ਼ਾਹ ਸਲਾਮਤ ਨੇ ਤੁਹਾਨੂੰ ਫਾਂਸੀ ਤੋਂ ਬਚਾ ਲਿਆ ਹੈ। ਇਹ ਵਾਇਰਲੈਸ ਟੈਲੀਗ੍ਰਾਫ ਲੰਡਨ ਤੋਂ ਆਇਆ ਹੈ, ਤੁਹਾਡੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿਤੀ ਗਈ ਹੈ।'

ਇਸ ਤਾਰ ਨਾਲ ਸਾਰੇ ਦੇਸ਼ ਵਿਚ ਖੁਸ਼ੀ ਦੀ ਲਹਿਰ ਚਲ ਪਈ। ਅੰਮ੍ਰਿਤਸਰ ਵਿਚ ਸੰਤਾਂ ਦੀ ਇਸ ਜ਼ਾਹਰੀ ਕਰਾਮਾਤ ਪਰ

Sri Satguru Jagjit Singh Ji eLibrary NamdhariElibrary@gmail.com

ਹਰ ਪਾਸੇ ਵਾਹ ਵਾਹ ਹੋ ਰਹੀ ਸੀ ਅਤੇ ਹਰ ਇਕ ਦੀ ਜ਼ਬਾਨ ਪਰ ਇਹੋ ਸੀ ਕਿ ਸੰਤਾਂ ਦੀ ਮੇਹਰ ਨਾਲ ਹੀ ਇਨ੍ਹਾਂ ੨੦ ਦੇਸ਼ ਭਗਤਾਂ ਦੀ ਜਾਨ ਬਚੀ ਹੈ ਤੇ ਹਿੰਦ ਦੀ ਮਿਲਟਰੀ ਟਰੀਬਿਉਨਲ ਦਾ ਫੈਸਲਾ ਵਲੈਤ ਦੀ ਸਰਕਾਰ ਨੇ ਬਦਲ ਦਿਤਾ ਹੈ।

ਮਨੋਹਰ ਸਿੰਘ ਦੇ ਨਾਲ ਦੋ ਪ੍ਰਸਿੱਧ ਚੌਧਰੀਆਂ ਬੱਗਾ ਤੇ ਰਤੋ ਨੂੰ ਕਾਲੇ ਪਾਣੀ ਭੇਜਿਆ ਗਿਆ ਸੀ, ਕੇਵਲ ਦੋ ਮੁਸਲਮਾਨਾਂ ਨੂੰ ਫਾਂਸੀ ਦਿਤੀ ਗਈ ਸੀ ਜੋ ਵਾਇਦਾ ਮੁਆਫ ਗਵਾਹ ਬਣ ਗਏ ਸਨ। ਬਾਕੀਆਂ ਦੀਆਂ ਸਜ਼ਾਵਾਂ ਘਟਾ ਦਿਤੀਆਂ ਗਈਆਂ ਸਨ ਤੇ ਉਨ੍ਹਾਂ ਨੇ ਦੇਸ਼ ਦੀਆਂ ਜੇਹਲਾਂ ਵਿਚ ਓਹ ਕੈਦਾਂ ਕੱਟੀਆਂ ਮਨੋਹਰ ਸਿੰਘ ਦਾ ਵਡਾ ਭਾਈ ਭੀ ਖਾਸ ਸੰਤ ਸਵਕ ਸੀ ਕਈ ਸਾਲ ਪਿਛੋਂ ਸੰਤ ਸਾਹਿਬ ਜੀ ਨੇ ਆਪ ਹੀ ਉਸ ਸੇਵਕ ਨੂੰ ਪੁਛਿਆ ਭਾਈ ਤੇਰਾ ਇਕ ਭਾਈ ਕੈਦ ਸੀ ਕੀ ਹੋਇਆ ? ਉਸ ਸੇਵਕ ਨੇ ਹੱਥ ਜੋੜ ਕੇ ਬੇਨਤੀ ਕੀਤੀ ਮਹਾਰਾਜ ਜੀ ਹਾਲੇ ਕੈਦ ਵਿਚ ਹੀ ਹੈ, ਹਛਾ ਭਾਈ ਜਲਦੀ ਆ ਜਾਵੇਗਾ। ਉਸ ਦਿਨ ਪਿਛੋਂ ਉਹ ਇਕ ਮਹੀਨੇ ਅੰਦਰ ਹੀ ਘਰ ਆ ਗਿਆ।

ਐਡੀਟਰ 'ਸਿਖ ਧਰਮ' ਟੈਟਨਸ ਦੀ ਬੀਮਾਰੀ ਤੋਂ ਰਾਜ਼ੀ ਹੋਏ

੨੧ ਫਰਵਰੀ ਸੰਨ ੧੯੩੯ ਨੂੰ ਹਰਭਜਨ ਸਿੰਘ ਜੋ ਅਜ ਕਲ ਐਡੀਟਰ ਮਾਸਿਕ ਪਤ੍ਰ ਸਿਖ ਧਰਮ ਹਨ ਨੂੰ ਟੈਟਨਸ ਦੀ ਬੀਮਾਰੀ ਹੋ ਗਈ। ਡਾਕਟਰਾਂ ਦੇ ਯਤਨਾਂ ਨਾਲ ਕੋਈ ਆਰਾਮ ਨਾ ਆਇਆ, ਹਰਭਜਨ ਸਿੰਘ ਦੇ ਰਿਸ਼ਤੇਦਾਰ ਭਾਈ ਪ੍ਰਤਾਪ ਸਿੰਘ ਜੀ ਪੁਸਤਕਾਂ ਵਾਲੇ ਜਿਹੜੇ ਕਿ ਸੰਤ ਗੁਰਮੁਖ ਜੀ ਦੇ ਬਹੁਤ ਨੇੜੇ ਸਨ ਸੰਤਾਂ ਕੋਲ ਗਏ। ਸੰਤ ਜੀ ਉਹਨਾਂ ਦਿਨਾਂ ਵਿਚ ਖਡੂਰ ਸਾਹਿਬ ਸੇਵਾ ਕਰਾ ਰਹੇ

Sri Satguru Jagjit Singh Ji eLibrary NamdhariElibrary@gmail.com

ਸਨ, ਬਾਰਸ਼ ਬਹੁਤ ਜ਼ਿਆਦਾ ਹੋਈ, ਪਹਿਲਾਂ ਭਾਈ ਪ੍ਰਤਾਪ ਸਿੰਘ ਜੀ ਗੋਇੰਦਵਾਲ ਸਾਹਿਬ ਗਏ ਫਿਰ ਉਥੋਂ ਸ੍ਰੀ ਖਡੂਰ ਸਾਹਿਬ ਗਏ ਰਾਹ ਵਿਚ ਪਾਣੀ ਆਦਮੀ ਦੀ ਛਾਤੀ ਦੇ ਕਰੀਬ ਵਗ ਰਿਹਾ ਸੀ ਮਾਨੋਂ ਦਰਿਆ ਹੀ ਚਲ ਰਿਹਾ ਸੀ ਏਨੇ ਪਾਣੀ ਵਿਚ ਆਉਂਦਿਆਂ ਭਾਈ ਪ੍ਰਤਾਪ ਸਿੰਘ ਜੀ ਨੂੰ ਵੇਖ ਕੇ ਸੰਤ ਜੀ ਮੁਸਕਰਾ ਪਏ ਤੇ ਕਹਿਣ ਲਗੇ—'ਅਜ ਕਿਸ ਤਰ੍ਹਾਂ ਆਉਣਾ ਹੋਇਆ ?' ਭਾਈ ਪ੍ਰਤਾਪ ਸਿੰਘ ਹੋਰਾਂ ਦਸਿਆ ਕਿ ਹਰਭਜਨ ਸਿੰਘ ਸਾਡਾ ਜਵਾਈ ਬਹੁਤ ਬੀਮਾਰ ਹੈ, ਤੇ ਡਾਕਟਰਾਂ ਪਾਸੋਂ ਕੋਈ ਆਰਾਮ ਨਹੀਂ ਆਇਆ ਤੇ ਘਰ ਵਿਚ ਬਹੁਤ ਹੀ ਚਿੰਤਾ ਫੈਲੀ ਹੋਈ ਹੈ, ਸੰਤ ਜੀ ਨੇ ਬਾਬਾ ਝੰਡਾ ਸਿੰਘ ਜੀ ਜਿਹੜੇ ਕਿ ਉਹਨਾਂ ਕੋਲ ਹੀ ਸੇਵਾ ਕਰ ਰਹੇ ਸਨ ਬਚਨ ਕੀਤਾ ਕਿ ਭਾਈ ਜਾਵੋ ਵਾਹਿਗੁਰੂ ਭਲੀ ਕਰੇਗਾ, ਮੋਹਲੇਧਾਰ ਮੀਂਹ ਵਿਚ ਬਾਬਾ ਝੰਡਾ ਸਿੰਘ ਜੀ ਭਾਈ ਪ੍ਰਤਾਪ ਸਿੰਘ ਜੀ ਦੇ ਨਾਲ ਹਰਭਜਨ ਸਿੰਘ ਦੇ ਘਰ ਪੁਜੇ। ਮਾਤਾ, ਪਿਤਾ ਤੇ ਹੋਰ ਸਬੰਧੀਆਂ ਨੂੰ ਧੀਰਜ ਦਿਤੀ ਕਿ ਫਿਕਰ ਨਾ ਕਰੋ, ਵਾਹਿਗੁਰੂ ਤੇ ਭਰੋਸਾ ਰਖੋ ਹੋਰ ਕਿਸੇ ਪਾਸੇ ਵਲ ਧਿਆਨ ਨਾ ਦਿਓ ਸਿਰਫ ਇਸ ਤੁਕ ਦਾ ਸਾਰੇ ਪਾਠ ਕਰੋ—

ਸਚੇ ਦਾ ਸਚਾ ਢੋਆ ਆਪ ਸਹਾਈ ਹੋਆ ॥

ਸੰਤ ਝੰਡਾ ਸਿੰਘ ਜੀ ਦੇ ਚਰਨ ਪਾਣ ਨਾਲ ਤੇ ਤੁਕ ਦਾ ਪਾਠ ਕਰਨ ਨਾਲ ਹਰਭਜਨ ਸਿੰਘ ਦੀ ਹਾਲਤ ਦਿਨੋਂ ਦਿਨ ਚੰਗੀ ਹੁੰਦੀ ਗਈ ਤੇ ਹੁਣ ਤਕ ਹਰਭਜਨ ਸਿੰਘ ਠੀਕ ਹਾਲਤ ਵਿਚ ਮਾਸਿਕ ਪਤਰ ਸਿਖ ਧਰਮ ਦੀ ਐਡੀਟਰੀ ਦੀ ਸੇਵਾ ਨਿਭਾ ਰਿਹਾ ਹੈ। ਜੋ ਚੰਗਾ ਸਿਖੀ ਪ੍ਰਚਾਰ ਕਰ ਰਿਹਾ ਹੈ। ਇਸ ਦੀਆਂ ਕਿਤਾਬਾਂ ਦੀਆਂ ਦੋ ਦੁਕਾਨਾਂ ਭੀ ਸੋਹਣੀਆਂ ਚਲ ਰਹੀਆਂ ਹਨ ਦੇ ਹਰ ਤਰ੍ਹਾਂ ਗੁਰੂ ਮਹਾਰਾਜ ਜੀ ਦੀ ਮੇਹਰ ਹੋ ਰਹੀ ਹੈ।

●

Sri Satguru Jagjit Singh Ji eLibrary NamdhariElibrary@gmail.com

ਭਾਗ ੮

ਬਾਬੇ ਬਕਾਲੇ ਦੇ ਸਰੋਵਰ ਦੀ ਸੇਵਾ

ਦੇਵ ਗੰਧਾਰੀ

ਮੇਰੇ ਮਨ ਮੁਖਿ ਹਰਿ ਹਰਿ ਹਰਿ ਬੋਲੀਐ ॥ ਗੁਰਮੁਖਿ ਰੰਗਿ ਚਲੂਲੇ ਰਾਤੀ ਹਰਿ ਪ੍ਰੇਮ ਭੀਨੀ ਚੋਲੀਐ॥੧॥ਰਹਾਉ॥ ਹਉ ਫਿਰਉ ਦਿਵਾਨੀ ਆਵਲ ਬਾਵਲ ਤਿਸੁ ਕਾਰਣਿ ਹਰਿ ਢੋਲੀਐ ॥ ਕੋਈ ਮੇਲੈ ਮੇਰਾ ਪ੍ਰੀਤਮੁ ਪਿਆਰਾ ਹਮ ਤਿਸੁ ਕੀ ਗੁਲ ਗੋਲੀਐ ॥੧॥ ਸਤਿਗੁਰੁ ਪੁਰਖੁ ਮਨਾਵਹੁ ਆਪੁਨਾ ਹਰਿ ਅੰਮ੍ਰਿਤ ਪੀ ਝੋਲੀਐ ॥ ਗੁਰ ਪ੍ਰਸਾਦਿ ਜਨ ਨਾਨਕ ਪਾਇਆ ਹਰਿ ਲਾਧਾ ਦੇਹ ਟੋਲੀਐ ॥

ਬਾਬਾ ਬਕਾਲਾ ਉਹ ਪਵਿਤਰ ਨਗਰ ਹੈ ਕਿ ਜਿਥੇ ਨਾਵੇਂ ਪਾਤਸ਼ਾਹ ਸ੍ਰੀਗੁਰੂ ਤੇਗ ਬਹਾਦੁਰ ਸਾਹਿਬ ਨੇ ੨੬ ਸਾਲ ੯ ਮਹੀਨੇ ੭ ਦਿਨ ਭਾਰੀ ਤੱਪ ਕੀਤਾ ਸੀ। ਭਾਈ ਮੱਖਣ ਸ਼ਾਹ ਲੁਬਾਣੇ ਦੀ ਸੁਖਣਾਂ ਕਾਰਨ ਏਥੇ ਹੀ ਗੁਰੂ ਮਹਾਰਾਜ ਪ੍ਰਗਟ ਹੋਏ ਸਨ ਅਤੇ ਇਥੇ ਹੀ ਗੁਰੂ ਗੱਦੀ ਦੀ ਰਸਮ ਹੋਈ ਸੀ। ਸਾਹਿਬਾਂ ਦੀ ਯਾਦ ਅੰਦਰ ਇਥ ਦਰਬਾਰ ਸਾਹਿਬ, ਮੰਜੀ ਸਾਹਿਬ ਤੇ ਭੋਰਾ ਸਾਹਿਬ ਆਦਿ ਗੁਰਦੁਵਾਰੇ ਹਨ।

Sri Satguru Jagjit Singh Ji eLibrary NamdhariElibrary@gmail.com

ਪਹਿਲਾਂ ਇਸ ਤੀਰਥ ਪਰ ਸਰੋਵਰ ਕੋਈ ਨਹੀਂ ਸੀ, ਪਰੰਤੂ ਤੀਹ ਕੁ ਸਾਲ ਪਹਿਲਾਂ ਨਿਹੰਗ ਸਿੰਘਾਂ ਦੇ ਉਦਮ ਨਾਲ ਇਕ ਸੁੰਦਰ ਸਰੋਵਰ ਬਣ ਗਿਆ, ਸਰੋਵਰ ਦਾ ਪ੍ਰਬੰਧ ਭੀ ਨਿਹੰਗ ਸਿੰਘਾਂ ਪਾਸ ਹੀ ਰਿਹਾ ਤੇ ਹੁਣ ਭੀ ਹੈ, ਪਰੰਤੂ ਇਸ ਲਈ ਨਾ ਜਲ ਦਾ ਚੰਗਾ ਪ੍ਰਬੰਧ ਹੋ ਸਕਿਆ ਅਤੇ ਨਾ ਹੀ ਲੋਕ ਇਸ ਦੀ ਬੇਅਦਬੀ ਕਰਨ ਤੋਂ ਹਟੇ, ਕਿਉਂਕਿ ਪ੍ਰਕਰਮਾਂ ਦੇ ਆਲੇ ਦੁਆਲੇ ਕੋਈ ਪੜਦਾ ਨਹੀਂ ਸੀ ! ਇਸ ਲਈ ਲੋਕ ਜੋੜਿਆਂ ਸਮੇਤ ਹੀ ਚਲੇ ਜਾਇਆ ਕਰਦੇ ਸਨ।

ਸੰਤਾਂ ਦੀ ਸਖਸ਼ੀਅਤ ਵਿਚ ਭਾਰੀ ਖਿਚ ਸੀ, ਉਨ੍ਹਾਂ ਦੇ ਪੁਜਦੇ ਹੀ ਆਲੇ ਦੁਆਲੇ ਦੇ ਨਗਰਾਂ ਦੀਆਂ ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਉਨ੍ਹਾਂ ਵਲ ਖਿਚੀਆਂ ਆਈਆਂ ਤੇ ਤਨ ਮਨ ਧਨ ਨਾਲ ਸੇਵਾ ਵਿਚ ਲਗ ਗਈਆਂ।

ਸੰਤਾਂ ਨੇ ਸਭ ਤੋਂ ਪਹਿਲਾਂ ਸਰੋਵਰ ਦੇ ਜਲ ਦੀ ਪਵਿਤਰਤਾਈ ਕਾਇਮ ਰਖਣ ਵਾਸਤੇ ਹੰਸਲੀ ਬਨਾਉਣ ਦਾ ਕੰਮ ਸ਼ੁਰੂ ਕੀਤਾ। ਸ਼ੁਏ ਤੋਂ ਲੈ ਕੇ ਸਰੋਵਰ ਤਕ ਪਹਿਲਾਂ ਖਾਲ ਖੁਦਵਾਇਆ ਕਿਸੇ ਵੀਰ ਦਾ ਦਿਲ ਨਹੀਂ ਦੁਖਾਇਆ ਜਿਹੜੀ ਜ਼ਮੀਨ ਇਸ ਸ਼ੁਭ ਕਾਰਜ ਲਈ ਲੀਤੀ, ਉਸਦੀ ਕੀਮਤ ਦਿਤੀ। ਸੰਗਤਾਂ ਵਡੇ ਉਤਸ਼ਾਹ ਤੇ ਪ੍ਰੇਮ ਨਾਲ ਵਾਹਿਗੁਰੂ ਨਾਮ ਦੀ ਧੁਨੀ ਅਲਾਪ ਦੀਆਂ ਹੋਈਆਂ ਸੇਵਾ ਵਿਚ ਲਗ ਗਈਆਂ। ਖਾਲ ਦੀ ਖੁਦਵਾਈ ਦੇ ਨਾਲ ਹੀ ਸੰਤਾਂ ਨੇ ਸੀਮਿੰਟ ਦ ਸੱਚੇ ਤੇ ਫਰਮੇ ਬਣਵਾ ਲਏ ਅਤੇ ਸ੍ਰੀ ਅੰਮ੍ਰਿਤਸਰ ਤੇ ਤਰਨ ਤਾਰਨ ਜਿਹੀ ਛੱਤੀ ਹੋਈ ਪੱਕੀ ਹੰਸਲੀ ਬਣਵਾ ਦਿਤੀ। ਇਸ ਪਰ ਕਈ ਹਜ਼ਾਰ ਰੁਪੈ ਖਰਚ ਆਏ ਅਤੇ ਦੋ ਸਾਲ ਇਸ ਸ਼ੁਭ ਕਾਰਜ ਦੇ ਨਿਰੇ ਚੜ੍ਹਨ ਵਿਚ ਲਗੇ।

ਸ਼ਹਿਰ ਅੰਮ੍ਰਿਤਸਰ ਦੀਆਂ ਸੰਗਤਾਂ ਦਾ ਸੰਤਾਂ ਨਾਲ ਅਥਾਹ ਪਰੇਮ ਸੀ, ਉਹ ਜਿਥ ਭੀ ਜਾਂਦੇ, ਸੰਗਤਾਂ ਨਾਲ ਹੀ ਜਾਂਦੀਆਂ।

Sri Satguru Jagjit Singh Ji eLibrary NamdhariElibrary@gmail.com

ਬਾਬੇ ਬਕਾਲੇ ਭੀ ਟਰੱਕਾਂ ਦੁਆਰਾ ਰੋਜ਼ ਅੰਮ੍ਰਿਤਸਰ ਦੀਆਂ ਸੰਗਤਾਂ ਪੁਜਦੀਆਂ ਰਹੀਆਂ।

ਹੰਸਲੀ ਦੀ ਸੇਵਾ ਦੇ ਪਿਛੋਂ ਸੰਤਾਂ ਨੇ ਸਰੋਵਰ ਦੀਆਂ ਪਵਿਤਰ ਪਰਕਰਮਾਂ ਵਿਚ ਨਵੇਂ ਫਰਸ਼ ਲਗਵਾਏ ਅਤੇ ਉਸ ਦੇ ਬਾਹਰ ਚਾਰੇ ਪਾਸੇ ਕੰਧ ਕਰਵਾ ਦਿਤੀ, ਤਾਂ ਜੋ ਕੋਈ ਜੋੜਾ ਲੈ ਕੇ ਪ੍ਰਕਰਮਾਂ ਵਿਚ ਨਾ ਜਾ ਸਕੇ ਅਤੇ ਗੁਰੂ ਤੇਗ ਬਹਾਦੁਰ ਮਹਾਰਾਜ ਦੇ ਸਰੋਵਰ ਦੀ ਬੇ ਅਦਬੀ ਨਾ ਹੋਵੇ, ਸੰਤਾਂ ਨੇ ਜਲ ਕਢਣ ਲਈ ਨਿਕਾਸ਼ ਭੀ ਬਣਾ ਦਿਤਾ ਇਸ ਕਾਰਜ ਵਿਚ ਇਕ ਸਾਲ ਹੋਰ ਲਗਿਆ ਅਤੇ ਕੋਈ ਇਕ ਲਖ ਰੁਪਿਆ ਖਰਚ ਆਇਆ। ਇਸ ਸੇਵਾ ਵਿਚ ਸੂਬੇਦਾਰ ਸੂਦਾਰ ਲਾਲ ਸਿੰਘ ਜੀ ਨੇ ਬੜਾ ਵਧ ਚੜ੍ਹਕੇ ਹਿਸਾ ਲਿਆ।

ਸਰੋਵਰ ਦੀ ਸੇਵਾ ਸੰਪੂਰਨ ਹੋਣ ਪਰ ਸੰਤਾਂ ਦਾ ਧਿਆਨ ਮਾਤਾ ਗੰਗਾ ਜੀ ਦੇ ਗੁਰਦੁਵਾਰੇ ਦੇ ਰਸਤੇ ਵਲ ਦਿਵਾਇਆ ਗਿਆ, ਸੰਤਾਂ ਨੇ ਬੇਨਤੀ ਪ੍ਰਵਾਨ ਕਰਕੇ ਇਸ ਗੁਰਦੁਵਾਰੇ ਨੂੰ ਜਾਣ ਲਈ ਇਕ ਪਕੀ ਸੜਕ ਬਣਵਾ ਦਿਤੀ। ਇਹ ਗੁਰਦੁਆਰਾ ਨਗਰ ਤੋਂ ਪਰਲੇ ਪਾਸੇ ਪੌਣੇ ਕੁ ਮੀਲ ਤੇ ਹੈ ਅਤੇ ਨਾਵੇਂ ਪਾਤਸ਼ਾਹ ਦੀ ਮਾਤਾ ਸ੍ਰੀ ਗੰਗਾ ਜੀ ਦੀ ਯਾਦ ਵਿਚ ਹੈ ਅਤੇ ਡੇਹਰਾ ਮਾਤਾ ਗੰਗਾ ਜੀ ਕਰਕੇ ਪ੍ਰਸਿਧ ਹੈ।

ਸੰਤ ਸੇਵਾ ਦੇ ਨਾਲ ਸੰਗਤਾਂ ਨੂੰ ਨਾਮ ਦਾਨ ਦੇ ਭੀ ਖੁਲੇ ਗਫੇ ਬਖਸ਼ਦੇ ਸਨ। ਉਹ ਸਦਾ ਨਾਮ ਸਿਮਰਨ ਦਾ ਉਪਦੇਸ਼ ਕਰਦੇ। ਜਿਹੜਾ ਨਾਮ ਨਾ ਜਪਦਾ, ਉਸ ਨਾਲ ਉਹ ਬਚਨ ਭੀ ਨਹੀਂ ਸਨ ਕਰਦੇ। ਪ੍ਰਸ਼ਾਦ ਕੇਵਲ ਉਸੇ ਦੇ ਹਥੋਂ ਛਕਦੇ ਸਨ ਕਿ ਜੋ ਸੁਖਮਨੀ ਸਾਹਿਬ ਦੇ ਦਸ ਪਾਠ ਰੋਜ਼ ਕਰਦਾ ਹੋਵੇ। ਆਪ ਅਜਿਹੇ ਵਿਰਕਤ ਰਹਿੰਦੇ ਸਨ ਕਿ ਕਿਸੇ ਭੀ ਚੀਜ਼ ਨੂੰ ਹਥ ਨਹੀਂ ਸਨ ਲਾਉਂਦੇ ਕੋਈ ਚੀਜ਼ ਆਪਣੇ ਨਿਜੀ ਕੰਮ ਲਈ ਨਹੀਂ ਸਨ ਵਰਤਦੇ, ਜੋ ਭੀ ਕੁਝ

Sri Satguru Jagjit Singh Ji eLibrary NamdhariElibrary@gmail.com

ਆਉਂਦਾ, ਉਸੇ ਵੇਲੇ ਸੇਵਾ ਵਿਚ ਲਾ ਦਿੰਦੇ। ਜਿਥੇ ਭੀ ਜਾਂਦੇ ਵਾਹਿਗੁਰੂ ਨਾਮ ਦੀ ਅੰਮ੍ਰਿਤ ਬਰਖਾ ਕਰ ਕੇ ਉਸੇ ਧਰਤੀ ਨੂੰ ਖੇੜੇ ਵਿਚ ਲੈ ਜਾਂਦੇ। ਇਸ ਲਈ ਉਹ ਇਲਾਕਾ ਆਪਣੇ ਵਡੇ ਭਾਗ ਸਮਝਦਾ ਸੀ ਕਿ ਜਿਥੇ ਸੰਤ ਜੀ ਚਰਨ ਪਾਉਂਦੇ।

ਡੇਹਰਾ ਸਾਹਿਬ ਦੀ ਸੇਵਾ

ਜਾਮਾ ਰਾਇ ਲਾਗੇ ਡੇਹਰਾ ਸਾਹਿਬ ਦਾ ਪ੍ਰਸਿਧ ਗੁਰਦੁਵਾਰਾ ਹੈ। ਇਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਯਾਦਗਾਰ ਹੈ। ਅਸਲ ਵਿਚ ਉਨ੍ਹਾਂ ਦਾ ਨਗਰ ਏਹੋ ਸੀ। ਰਾਇ ਭੂਇ ਦੀ ਤਲਵੰਡੀ (ਨਨਕਾਣਾ ਸਾਹਿਬ) ਤਾਂ ਪਿਤਾ ਕਾਲੂ ਜੀ ਆਪਣੇ ਪਟਵਾਰ ਦੇ ਸ੍ਰਕਾਰੀ ਫਰਜ਼ਾਂ ਦੀ ਪੂਰਤੀ ਲਈ ਗਏ ਹੋਏ ਸਨ। ਜਦ ਸ੍ਰੀ ਗੁਰੂ ਨਾਨਕ ਦੇਵ ਜੀ ਸੰਸਾਰ ਦੀ ਪਹਿਲੀ ਯਾਤਰਾ ਕਰਕੇ ਮੁੜੇ ਤੇ ਦੂਸਰੀ ਲਈ ਜਾਣ ਲਗੇ ਤਾਂ ਪਿਤਾ ਕਾਲੂ ਜੀ ਨੇ ਉਨ੍ਹਾਂ ਨੂੰ ਪੱਕੀ ਕੀਤੀ ਕਿ ਉਹ ਆਪਣੇ ਪਿੰਡ ਭੀ ਜਾਣ ਅਤੇ ਆਪਣੇ ਮਕਾਨਾਂ ਦੀ ਵੇਖ ਭਾਲ ਕਰ ਆਉਣ। ਗੁਰੂ ਮਹਾਰਾਜ ਪਿਤਾ ਦਾ ਇਹ ਹੁਕਮ ਮੰਨਕੇ ਉਥੇ ਗਏ ਤਾਂ ਪਿੰਡ ਦੇ ਲੋਕਾਂ ਨੇ ਉਨ੍ਹਾਂ ਨੂੰ ਵੜਨ ਨ ਦਿਤਾ, ਕਿਉਂਕਿ ਉਨ੍ਹਾਂ ਨੇ ਗੁਰੂ ਮਹਾਰਾਜ ਦੇ ਬਹੁਮੁਲੇ ਮਕਾਨਾਂ ਪਰ ਕਬਜ਼ਾ ਕੀਤਾ ਹੋਇਆ ਸੀ ਅਤੇ ਉਨ੍ਹਾਂ ਨੂੰ ਡਰ ਸੀ ਕਿ ਇਹ ਉਨ੍ਹਾਂ ਤੋਂ ਆਪਣੇ ਮਕਾਨ ਖੋਹ ਲੈਣਗੇ। ਭਾਈ ਮਰਦਾਨਾ ਤੇ ਬਾਲਾ ਭੀ ਇਸ ਸਮੇਂ ਗੁਰੂ ਮਹਾਰਾਜ ਦੇ ਨਾਲ ਸਨ। ਉਨ੍ਹਾਂ ਨੇ ਪਿੰਡ ਵਾਲਿਆਂ ਨੂੰ ਬੜਾ ਸਮਝਾਇਆ ਕਿ ਭਾਈ ਇਹਨਾਂ ਨੇ ਮਕਾਨ ਕੀ ਕਰਨੇ ਹਨ, ਇਨ੍ਹਾਂ ਨੂੰ ਤਾਂ ਸਾਰੀ ਸ੍ਰਿਸ਼ਟੀ ਪੂਜਦੀ ਹੈ ਤੇ ਕਿਸੇ ਗਲ ਦਾ ਘਾਟਾ ਨਹੀਂ, ਬਰੰਤੂ ਅਭਾਗੇ ਪਿੰਡ ਵਾਲਿਆਂ ਪਰ ਇਨ੍ਹਾਂ ਗੱਲਾਂ ਦਾ ਕੋਈ ਅਸਰ ਨਾ ਹੋਇਆ। ਇਸ ਮੌਕੇ ਪਰ

Sri Satguru Jagjit Singh Ji eLibrary NamdhariElibrary@gmail.com

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਫਰਮਾਇਆ—'ਭਾਈ ! ਇਸ ਥਾਂ ਕੇਵਲ ਇਕ ਨਿਰੰਕਾਰ ਦਾ ਦੀਵਾ ਹੀ ਆਖਰ ਨੂੰ ਜਗਣਾ ਹੈ।

ਸੰਤ ਗੁਰਮੁਖ ਸਿੰਘ ਜੀ ਬਾਬੇ ਬਕਾਲੇ ਦੀ ਸੇਵਾ ਕਰਾਕੇ ਸ੍ਰੀ ਅੰਮ੍ਰਿਤਸਰ ਜੀ ਪੁਜੇ ਹੀ ਸਨ, ਜੋ ਉਸ ਇਲਾਕੇ ਦੀਆਂ ਸੰਗਤਾਂ ਨੇ ਹਾਜ਼ਰ ਹੋ ਕੇ ਬੇਨਤੀ ਕੀਤੀ—ਮਹਾਰਾਜ ! ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਗੁਰਦੁਆਰਾ ਡੇਹਰਾ ਸਾਹਿਬ ਦੀ ਬੜੀ ਬੇਅਦਬੀ ਹੋ ਰਹੀ ਹੈ ਤੇ ਇਮਾਰਤ ਦੀ ਹਾਲਤ ਬੜੀ ਖਸਤਾ ਹੋ ਚੁਕੀ ਹੈ। ਇਸ ਲਈ ਉਥੇ ਦੀ ਸੇਵਾ ਜ਼ਰੂਰੀ ਹੋਣੀ ਚਾਹੀਦੀ ਹੈ। ਸੰਤ ਜੀ ਦਾ ਤਾਂ ਜੀਵਨ ਹੀ ਸੇਵਾ ਦੇ ਅਰਪਣ ਸੀ। ਉਨ੍ਹਾਂ ਨੇ ਆਪਣੇ ਸੁਭਾਅ ਅਨੁਸਾਰ ਸਤਿ ਬਚਨ ਆਖਿਆ ਅਤੇ ਸੇਵਕਾਂ ਸਮੇਤ ਉਸ ਪਵਿਤਰ ਧਰਤੀ ਤੇ ਜਾ ਡੇਰੇ ਲਾਏ।

ਸਭ ਤੋਂ ਪਹਿਲਾਂ ਸੰਤਾਂ ਨੇ ਉਥੇ ਪੁਜਦੇ ਹੀ ਸਰੋਵਰ ਦੀ ਪੁਟਾਈ ਸ਼ੁਰੂ ਕਰ ਦਿਤੀ ਅਤੇ ਨਾਲ ਹੀ ਇਟਾਂ ਦੇ ਭੱਠੇ ਚਾੜ੍ਹ ਦਿਤੇ। ਸੰਗਤਾਂ ਹੁਮ ਹੁਮਾ ਕੇ ਆਉਣੀਆਂ ਸ਼ੁਰੂ ਹੋਈਆਂ ਅਤੇ ਸੇਵਾ ਤੇ ਸਿਮਰਨ ਦਾ ਯੱਗ ਲਗ ਗਿਆ। ਆਪ ਗੁਰੂ ਨਾਨਕ ਜੀ ਦੀ ਰੱਬੀ ਬਾਣੀ ਦੀ ਅੰਮ੍ਰਿਤ ਵਰਖਾ ਕਰਦੇ ਹੋਏ ਸੰਗਤਾਂ ਦੀ ਸੇਵਾ ਵਿਚ ਅਗਵਾਈ ਕਰਦੇ। ਆਲੇ ਦੁਆਲੇ ਦੇ ਨਗਰਾਂ ਨੇ ਸੇਵਾ ਲਈ ਵਾਰੀਆਂ ਬੰਨ੍ਹ ਲਈਆਂ ਅਤੇ ਆਪਣਾ ਜੀਵਨ ਸਫਲਾ ਕਰਨ ਲਗੇ। ਵਾਹਿਗੁਰੂ ਨਾਮ ਦੇ ਖੁਲ੍ਹੇ ਗੱਫੇ ਵਰਤਾਉਣ ਦੇ ਨਾਲ ਸੰਤ ਜੀ ਆਪਣੇ ਪਰੇਮੀ ਭਗਤਾਂ ਨੂੰ ਦੁਨਿਆਵੀ ਦੌਲਤਾਂ ਦੇ ਵਰ ਭੀ ਖੁਲ੍ਹੇ ਦਿਲ ਨਾਲ ਬਖਸ਼ਦੇ।

Sri Satguru Jagjit Singh Ji eLibrary NamdhariElibrary@gmail.com

ਪੁਤਰ ਦੀ ਬਖਸ਼ਿਸ਼

ਇਕ ਦਿਨ ਸੰਤ ਜੀ ਖੁਸ਼ੀ ਵਿਚ ਬੈਠੇ ਸਨ ਕਿ ਪਿਸ਼ਾਵਰ ਦਾ ਇਕ ਪਰੇਮੀ ਭਗਤ ਭਾਈ ਮੋਹਨ ਸਿੰਘ ਨੇ ਉਨ੍ਹਾਂ ਦੇ ਚਰਨਾਂ ਪਰ ਜਾ ਮੱਥਾ ਟੇਕਿਆ ਅਤੇ ਬੇਨਤੀ ਕੀਤੀ—ਮਹਾਰਾਜ ! ਮੇਰੇ ਵਿਆਹ ਨੂੰ ਵੀਹ ਸਾਲ ਹੋਣ ਲਗੇ ਹਨ । ਬੇਗਿਣਤ ਦੌਲਤ ਦਵਾਈਆਂ ਪਰ ਖਰਚ ਕਰ ਬੈਠਾ ਹਾਂ, ਪਰੰਤੂ ਪੁਤਰ ਦੀ ਇਛਿਆ ਪੂਰੀ ਨਹੀਂ ਹੋਈ । ਕ੍ਰਿਪਾ ਨਿਧ ਜੀ ! ਮੇਹਰ ਕਰੋ ਅਤੇ ਪੁਤਰ ਦੀ ਦਾਤ ਬਖਸ਼ੋ ।'

ਸੰਤ ਜੀ ਮਹਾਰਾਜ ਸਮਾਧੀ ਵਿਚ ਚਲੇ ਗਏ । ਮੁੜ ਅਖਾਂ ਖੋਹਲੀਆਂ ਤਾਂ ਉਨ੍ਹਾਂ ਵਿਚ ਇਲਾਹੀ ਨੂਰ ਝਲਕਦਾ ਹੋਇਆ ਸਾਫ ਪ੍ਰਤੀਤ ਹੁੰਦਾ ਸੀ, ਬੇ ਹੱਦ ਮਸਤੀ ਸੀ ਉਨ੍ਹਾਂ ਵਿਚ । ਅਖਾਂ ਖੋਹਲਦਿਆਂ ਹੀ ਆਪ ਨੇ ਫੁਰਮਾਇਆ--ਗੁਰੂ ਦੇ ਘਰ ਕਿਸੇ ਗੱਲ ਦਾ ਘਾਟਾ ਨਹੀਂ ਭਾਈ—

ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥

ਇਹ ਫੁਰਮਾਕੇ ਸੰਤ ਜੀ ਕੁਝ ਚਿਰ ਚੁਪ ਰਹੇ । ਫੇਰ ਉਨ੍ਹਾਂ ਨੇ ਸ੍ਰੀ ਗੁਰੂ ਰਾਮਦਾਸ ਮਹਾਰਾਜ ਦੇ ਸਮੇਂ ਦੀ ਇਕ ਸਾਖੀ ਸੁਣਾਉਣੀ ਸ਼ੁਰੂ ਕਰ ਦਿਤੀ :—

ਇਕ ਪਰੇਮੀ ਬਾਬਾ ਆਦਮ ਸਿੰਘ ਸੰਧੂ ਜਟ ਬਿਜੂ ਪਿੰਡ ਜ਼ਿਲਾ ਫਿਰੋਜਪੁਰ ਦਾ ਤੇ ਉਸਦੀ ਘਰ ਵਾਲੀ ਪੁਤਰ ਦੀ ਕਾਮਨਾ ਲੈ ਕੇ ਗੁਰੂ ਘਰ ਆਇ ਤੇ ਸੇਵਾ ਕਰਨ ਲਗੇ । ਉਹ ਪਰੇਮੀ ਜੰਗਲ ਵਿਚੋਂ ਲੰਗਰ ਲਈ ਲਕੜਾਂ ਲਿਆਉਂਦਾ । ਅੱਧੀਆਂ ਰਖ ਲੈਂਦਾ ਤੇ ਅੱਧੀਆਂ ਲੰਗਰ ਵਿਚ ਪਾ ਦਿੰਦਾ । ਇਸ ਤਰ੍ਹਾਂ ਉਸਨੇ ਬਹੁਤ ਸਾਰੀਆਂ ਸੁਕੀਆਂ ਲਕੜਾਂ ਇਕੱਠੀਆਂ ਕਰ ਲਈਆਂ । ਸਿਆਲ ਦੇ

Sri Satguru Jagjit Singh Ji eLibrary NamdhariElibrary@gmail.com

ਦਿਨਾਂ ਵਿਚ ਇਕ ਰਾਤ ਮੋਹਲੇਧਾਰ ਮੀਂਹ ਪਿਆ । ਸੰਗਤਾਂ ਬਹੁਤੀਆਂ ਤੰਬੂਆਂ ਵਿਚ ਹੀ ਠਹਿਰੀਆਂ ਹੋਈਆਂ ਸਨ। ਇਸ ਲਈ ਉਨ੍ਹਾਂ ਦੇ ਸਾਰੇ ਕਪੜੇ ਭਿਜ ਗਏ ਅਤੇ ਉਹ ਪਾਲੇ ਨਾਲ ਠਰੂੰ ਠਰੂੰ ਕਰਨ ਲਗੀਆਂ। ਉਸ ਪਰੇਮੀ ਨੇ ਆਪਣੀਆਂ ਰਖੀਆਂ ਹੋਈਆਂ ਲੱਕੜਾਂ ਕੱਢੀਆਂ ਅਤੇ ਥਾਂ ਥਾਂ ਅੰਗੀਠੇ ਲਾ ਦਿਤੇ। ਸੰਗਤਾਂ ਅੱਗ ਸੇਕਣ ਤੇ ਕਪੜੇ ਸੁਕਾਉਣ ਲਗੀਆਂ । ਉਸ ਸਮੇਂ ਕਿਧਰੋਂ ਭੀ ਸੁਕਾ ਬਾਲਣ ਮਿਲਣ ਦੀ ਆਸ ਨਹੀਂ ਸੀ। ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਮਹੱਲਾਂ ਤੋਂ ਜਾਂ ਇਹ ਅੰਗੀਠੇ ਬਲਦੇ ਡਿਠੇ ਤਾਂ ਬੜੇ ਪ੍ਰਸੰਨ ਹੋਏ ਅਤੇ ਸੇਵਕਾਂ ਨੂੰ ਹੁਕਮ ਦਿਤਾ ਕਿ ਇਹ ਸੇਵਾ ਕਰਨ ਵਾਲੇ ਪਰੇਮੀ ਨੂੰ ਲੈ ਆਉਣ।

ਜਦ ਉਹ ਪਰੇਮੀ ਤੇ ਉਸਦੀ ਘਰ ਵਾਲੀ ਸਾਹਮਣੇ ਆਈ ਸਤਿਗੁਰਾਂ ਨੇ ਪ੍ਰਸੰਨ ਹੋ ਕੇ ਆਖਿਆ ਗੁਰੂ ਨਾਨਕ ਤੁਹਾਡੀ ਸੇਵਾ ਪਰ ਰੀਝ ਗਿਆ ਹੈ, ਜੋ ਮੰਗਣਾ ਹੈ ਮੰਗ ਲਓ !' ਗੁਰੂ ਨੂੰ ਤੁਠਾ ਵੇਖਕੇ ਇਹ ਦੰਪਤੀ ਬੜੀ ਖੁਸ਼ੀ ਹੋਈ। ਪਰੇਮੀ ਪੁਤਰ ਦੀ ਦਾਤ ਮੰਗਣ ਲਈ ਝਿਜਕ ਰਿਹਾ ਸੀ, ਪਰੰਤੂ ਉਸ ਦੀ ਘਰ ਵਾਲੀ ਨੇ ਹਥ ਜੋੜਕੇ ਆਖਿਆ—'ਸਚੇ ਪਾਤਸ਼ਾਹ ! ਅਸੀਂ ਪੁਤਰ ਦੀ ਇਛਿਆ ਲੈ ਕੇ ਗੁਰੂ ਘਰ ਦੀ ਸੇਵਾ ਕਰ ਰਹੇ ਹਾਂ।' ਗੁਰੂ ਜੀ ਨੇ ਫੁਰਮਾਇਆ—'ਤੁਹਾਡੀ ਕਿਸਮਤ ਵਿਚ ਪੁਤਰ ਦੀ ਦਾਤ ਨਹੀਂ ਲਿਖੀ ਹੋਈ !'

ਇਹ ਸੁਣਕੇ ਦੰਪਤੀ ਦੇ ਚੇਹਰਿਆਂ ਦੇ ਨਿਰਾਸਤਾ ਛਾ ਗਈ, ਪਰੰਤੂ ਮੇਹਰਾਂ ਦੇ ਦਾਤੇ ਨੇ ਝਟ ਉਸ ਨੂੰ ਆਸ ਹੀ ਨਹੀਂ, ਸਗੋਂ ਖੁਸ਼ੀ ਭਰੇ ਨਿਸਚੇ ਵਿਚ ਬਦਲ ਦਿਤਾ। ਫਰਮਾਉਣ ਲਗੇ—ਭਾਈ ਨਿਰਾਸ ਹੋਣ ਦੀ ਕੋਈ ਗੱਲ ਨਹੀਂ ਗੁਰੂ ਘਰ ਵਿਚ ਕੋਈ ਘਾਟਾ ਨਹੀਂ ਹੈ। ਜੇਕਰ ਤੁਹਾਡੀ ਕਿਸਮਤ ਵਿਚ ਨਹੀਂ ਤਾਂ ਅਸਾਡੀ ਕਿਸਮਤ ਵਿਚ ਤਾਂ ਲਿਖਿਆ ਹੈ ਨਾ। ਆਉ ਆਪਾ ਵੰਡ ਲੈਂਦੇ ਹਾਂ। ਅਸਾਡੀ ਕਿਸਮਤ ਵਿਚ ਚਾਰ ਪੁਤਰ ਹਨ, ਉਨ੍ਹਾਂ ਵਿਚੋਂ

Sri Satguru Jagjit Singh Ji eLibrary NamdhariElibrary@gmail.com

ਇਕ ਤੁਹਾਨੂੰ ਦਿੰਦੇ ਹਾਂ। ਹੁਣ ਤਿੰਨ ਪੁਤਰ ਅਸਾਡੇ ਘਰ ਹੋਣਗੇ ਅਤੇ ਇਕ ਤੁਹਾਡੇ। ਤੁਸਾਂ ਉਸਦਾ ਨਾਮ ਭਾਈ ਭਗਤੂ ਰਖਣਾ।

ਇਹ ਦੰਪਤੀ ਇਸ ਵਾਕ ਨੂੰ ਸੁਣਕੇ ਬੜੀ ਖੁਸ਼ੀ ਖੁਸ਼ੀ ਉਥੋਂ ਗਈ। ਠੀਕ ਦਸਾਂ ਮਹੀਨਿਆਂ ਪਿਛੋਂ ਉਨ੍ਹਾਂ ਦੇ ਗ੍ਰਿਹ ਵਿਖੇ ਇਕ ਸੁੰਦਰ ਪੁਤਰ ਨੇ ਜਨਮ ਲਿਆ ਅਤੇ ਸਤਿਗੁਰਾਂ ਦੇ ਹੁਕਮ ਅਨੁਸਾਰ ਉਸਦਾ ਨਾਮ ਭਗਤੂ ਰਖਿਆ ਗਿਆ। ਇਹ ਗੁਰੂ ਘਰ ਦਾ ਵੱਡਾਂ ਪਰੇਮੀ ਤੇ ਸੇਵਕ ਹੋਇਆ ਹੈ।'

ਇਹ ਸਾਖੀ ਸੁਣਾਕੇ ਸੰਤਾਂ ਨੇ ਭਾਈ ਮੋਹਨ ਸਿੰਘ ਨੂੰ ਸੰਬੋਧਨ ਕਰਕੇ ਆਖਿਆ - ਜਾਹ ਭਾਣੀ ਤੇਰੀ ਅਰਜੋਈ ਗੁਰੂ ਨਾਨਕ ਦੇ ਘਰੋਂ ਮਨਜ਼ੂਰ ਹੋ ਗਈ, ਪਰੰਤੂ ਵਾਹਿਗੁਰੂ ਦਾ ਸਿਮਰਨ ਤੇ ਗੁਰੂ ਘਰ ਦੀ ਸੇਵਾ ਨਾ ਵਿਸਾਰਨੀ।' ਉਹ ਉਥੋਂ ਗਦ ਗੱਦ ਹੋ ਕੇ ਉਠਕੇ ਗਿਆ। ਠੀਕ ਦਸਾਂ ਮਹੀਨਿਆਂ ਪਿਛੋਂ ਉਸਦੇ ਘਰ ਵਿਚ ਪੁਤਰ ਨੇ ਜਨਮ ਲਿਆ। ਸੰਤਾਂ ਦੀ ਇਸ ਜ਼ਾਹਰਾ ਕਰਾਮਾਤ ਨੂੰ ਵੇਖ ਕੇ ਸਭ ਪਾਸੇ ਧੰਨ ਧੰਨ ਹੋਣ ਲਗੀ। ਵੇਖੋ ਸੰਤ ਕੀ ਨਹੀਂ ਕਰ ਸਕਦੇ। ਮਹਾਂ ਵਾਕ ਹੈ ਕਿ—

'ਜੋ ਜੋ ਚਿਤਵੈ ਸਾਧ ਜਨ ਸੋ ਲੇਤਾ ਮਾਨ ॥'

ਹਾਂ, ਸੰਤਾਂ ਨੇ ਡੇਹਰਾ ਸਾਹਿਬ ਵਿਚ ਪਵਿਤਰ ਸਰੋਵਰ ਦੀ ਪੁਟਾਈ ਸ਼ੁਰੂ ਕਰਕੇ ਇਟਾਂ ਦੇ ਭੱਠੇ ਲਾ ਦਿਤੇ। ਓਧਰੋਂ ਸਰੋਵਰ ਦੀ ਪੁਟਾਈ ਸੰਪੂਰਨ ਹੋਈ ਤੇ ਏਧਰੋਂ ਇਟਾਂ ਪਕ ਗਈਆਂ। ਸੰਤਾਂ ਨੇ ਸਰੋਵਰ ਦਾ ਫਰਸ਼ ਤੇ ਪੌੜੀਆਂ ਸਭ ਪੱਕੀਆਂ ਬਣਵਾ ਦਿਤੀਆਂ। ਸਰੋਵਰ ਦੀ ਸੇਵਾ ਸੰਪੂਰਨ ਹੋਣ ਪਿਛੋਂ ਸੰਤ ਜੀ ਨੇ ਗੁਰਦੁਵਾਰੇ ਦੀ ਨਵੀਂ ਤੇ ਸੁੰਦਰ ਇਮਾਰਤ ਦੀ ਉਸਾਰੀ ਲਾ ਦਿਤੀ। ਇਸ ਤਰ੍ਹਾਂ ਡੇਹਰੇ ਸਾਹਿਬ ਦੇ ਤੀਰਥ ਦਾ ਸਰੋਵਰ ਅਤੇ ਸੁੰਦਰ ਗੁਰਦੁਵਾਰੇ ਦੀ ਸੇਵਾ ਦੋ ਸਾਲ ਵਿਚ ਸੰਪੂਰਨ ਹੋਈ ਅਤੇ ਉਸ ਪਰ ਕਾਫੀ ਰੁਪੈ ਖਰਚ ਹੋਏ।

●

Sri Satguru Jagjit Singh Ji eLibrary NamdhariElibrary@gmail.com

ਕਾਂਡ ੯

ਸ੍ਰੀ ਨਨਕਾਣਾ ਸਾਹਿਬ ਵਿਚ ਪੰਜ ਸਾਲ

ਮਾਰੂ ਵਾਰ ਮਹਲਾ ੫ ਡਖਣੇ ਪਉੜੀ ॥

ਜਾ ਤੂੰ ਮੇਰੇ ਵਲਿ ਤਾ ਕਿਆ ਮੁਹਿਛੰਦਾ ॥ ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥ ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ ॥ ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ ॥ ਏਹ ਵੈਰੀ ਮਿਤ੍ਰ ਸਭਿ ਕੀਤਿਆ ਨਾ ਮੰਗਹਿ ਮੰਦਾ ॥ ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ ॥ ਆਨੰਦੁ ਭਇਆ ਸੁਖ ਪਾਇਆ ਮਿਲਿ ਗੁਰ ਗੋਵਿੰਦਾ ॥ ਸਭੈ ਕਾਜ ਸਵਾਰਿਐ ਜਾ ਤੁਧ ਭਾਵੰਦਾ ॥੭॥

ਸਿਖ ਕੌਮ ਦਾ ਮੱਕਾ, ਗੁਰੂ ਨਾਨਕ ਦੀ ਜਨਮ ਭੂਮੀ ਸ੍ਰੀ ਨਨਕਾਣਾ ਸਾਹਿਬ ਦਾ ਪਵਿੱਤਰ ਨਾਮ ਹਰ ਸਿਖ ਹਿਰਦੇ ਲਈ ਭਾਰੀ ਖਿਚ ਰਖਦਾ ਹੈ। ਇਹ ਉਹ ਪਵਿਤਰ ਧਰਤੀ ਹੈ ਕਿ ਜਿਥੇਂ ਮਾਤਾ ਤ੍ਰਿਪਤਾ ਦੇ ਚੰਨ ਨੇ ਚੜ੍ਹਕੇ ਸਾਰੇ ਸੰਸਾਰ ਦੇ ਅਕਾਸ਼ ਨੂੰ ਉਜਾਗਰ ਕਰ ਦਿਤਾ ਸੀ। ਇਸ ਨਗਰ ਦਾ ਪਿਆਰਾ ਨਾਮ ਭੀ ਜਗਤ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਨਾਮ ਪਰ ਪਿਆ

Sri Satguru Jagjit Singh Ji eLibrary NamdhariElibrary@gmail.com

ਹੋਇਆ ਹੈ। ਇਸ ਨਗਰ ਦੀ ਪਵਿਤਰ ਭੂਮੀ ਵਿਚ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਯਾਦ ਵਿਚ ਜਨਮ ਅਸਥਾਨ, ਬਾਲ ਲੀਲਾ ਅਤੇ ਕਿਆਰਾ ਸਾਹਿਬ ਆਦਿ ਕਈ ਪਵਿਤਰ ਗੁਰਦੁਵਾਰੇ ਹਨ। ਸੰਤਾਂ ਨੂੰ ਗੁਰੂ ਨਾਨਕ ਦੇ ਇਨ੍ਹਾਂ ਗੁਰਦੁਵਾਰਿਆਂ ਦੀ ਉਚੀ ਸੇਵਾ ਕਰਨ ਦਾ ਸੁਭਾਗ ਪੂਰੇ ਪੰਜ ਸਾਲਾਂ ਲਈ ਪ੍ਰਾਪਤ ਹੋਇਆ।

ਸੰਤ ਜੀ ਹਾਲਾਂ ਗੁਰਦੁਵਾਰਾ ਡੇਹਰਾ ਸਾਹਿਬ ਜੀ ਦੀ ਸੇਵਾ ਕਰਵਾ ਰਹੇ ਸਨ ਕਿ ਬਾਹਰ ਦੀਆਂ ਸੰਗਤਾਂ ਨੇ ਪੁਜਕੇ ਬੇਨਤੀ ਕੀਤੀ ਜੋ ਮਹਾਰਾਜ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਤੀਰਥ ਨਨਕਾਣਾ ਸਾਹਿਬ ਦੇ ਪਵਿਤਰ ਗੁਰਦੁਵਾਰਿਆਂ ਅਤੇ ਸਰੋਵਰਾਂ ਦੀ ਹਾਲਤ ਬੜੀ ਖਸਤਾ ਹੋਈ ਹੋਈ ਹੈ ਅਤੇ ਲੋਕ ਬਹੁਤ ਬੇਅਦਬੀ ਕਰ ਰਹੇ ਹਨ।

ਸੰਤਾਂ ਨੇ ਫੁਰਮਾਇਆ—'ਭਾਈ ਅਜਿਹਾ ਨਹੀਂ ਹੋਣਾ ਚਾਹੀਦਾ!'

ਸੰਗਤਾਂ ਨੇ ਬੇਨਤੀ ਕੀਤੀ 'ਤਦ ਮਹਾਰਾਜ ਕਿਰਪਾ ਕਰਕੇ ਆਪ ਉਥੇ ਚਰਨ ਪਾਓ।'

ਸੰਤ ਬੋਲੇ - ਮੈਂ ਗੁਰੂ ਨਾਨਕ ਦੇ ਧਾਮ ਦੀ ਸੇਵਾ ਕਰਕੇ ਜਨਮ ਸਫਲ ਕਰਾਂਗਾ, ਅਤੇ ਉਨ੍ਹਾਂ ਨੇ ਨਨਕਾਣੇ ਸਾਹਿਬ ਜਾਣ ਲਈ ਕਮਰ ਕੱਸੇ ਕਰ ਲਏ।

ਸੰਤਾਂ ਨੇ ਨਨਕਾਣੇ ਸਾਹਿਬ ਪੁਜਕੇ ਜਦ ਇਹ ਵੇਖਿਆ ਕਿ ਗੁਰੂ ਨਾਨਕ ਦੇ ਪਵਿਤਰ ਸਰੋਵਰ ਵਿਚੋਂ ਲੋਕ ਕਪੜੇ ਤੇ ਜੰਗਲ ਵਾਲੇ ਹਥ ਧੋਂਦੇ ਹਨ ਤੇ ਜੁਤੀਆਂ ਲੈ ਕੇ ਚਲੇ ਜਾਂਦੇ ਹਨ ਤਾਂ ਉਹ ਬਹੁਤ ਦੁਖੀ ਹੋਏ। ਗੁਰੂ ਨਾਨਕ ਦੇਵ ਜੀ ਮਹਾਰਾਜ ਅਗੇ ਅਰਦਾਸ ਕੀਤੀ ਕਿ 'ਹੇ ਪਿਤਾ! ਤੂੰ ਇਨ੍ਹਾਂ ਭੁਲੜ ਲੋਕਾਂ ਨੂੰ ਸਮੱਤ ਬਖਸ਼!' ਅਤੇ ਆਪ ਸੇਵਾ ਦਾ ਯੱਗ ਸ਼ੁਰੂ ਕਰ ਦਿਤਾ।

ਇਟਾਂ ਰੋੜੇ ਇਕਠੇ ਕਰਕੇ ਸੰਤਾਂ ਨੇ ਸਭ ਤੋਂ ਪਹਿਲਾਂ ਆਪਣੇ ਪਵਿਤਰ ਹੱਥਾਂ ਨਾਲ ਰੋੜੀ ਕੁਟਣੀ ਸ਼ੁਰੂ ਕਰ ਦਿਤੀ। ਉਨ੍ਹਾਂ

Sri Satguru Jagjit Singh Ji eLibrary NamdhariElibrary@gmail.com

ਦੇ ਇਸ ਕਾਰਜ ਨੂੰ ਆਰੰਭ ਕਰਨ ਦੀ ਹੀ ਦੇਰ ਸੀ ਜੋ ਬਾਰ ਦੇ ਸਿੰਘ ਵਹੀਰਾਂ ਘੱਤਕੇ ਇਸ ਸੇਵਾ ਵਿਚ ਹਿਸਾ ਲੈਣ ਲਈ ਪੁਜਣੇ ਸ਼ੁਰੂ ਹੋ ਗਏ ਅਤੇ ਨਨਕਾਣਾ ਸਾਹਿਬ ਵਿਚ ਮੇਲਾ ਲਗ ਗਿਆ ਬੇਗਿਣਤ ਸੰਗਤਾਂ ਅਤੇ ਅਥਾਹ ਮਾਇਆ ਆਉਣ ਲਗੀ। ਸੰਤ ਸੰਗਤਾਂ ਨੂੰ ਵਾਹਿਗੁਰੂ ਨਾਮ ਬਖਸ਼ਕੇ ਨਿਹਾਲ ਕਰਨ ਲਗੇ।

ਰੋੜੀ ਕੁਟਵਾਉਣ ਪਿਛੋਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਸਰੋਵਰ ਬਾਲ ਲੀਲਾ ਦੀ ਕਾਰ ਸੇਵਾ ਬੜੀ ਧੂਮ ਧਾਮ ਨਾਲ ਸ਼ੁਰੂ ਕਰਵਾਈ। ਇਸ ਸੇਵਾ ਦੇ ਮੋਢੀ ਜਥੇਦਾਰ ਦਲੀਪ ਸਿੰਘ, ਭਾਈ ਜੀਵਨ ਜੀ, ਸੰਤ ਬਿਸ਼ਨ ਸਿੰਘ ਤੇ ਭਾਈ ਰਾਮ ਸਿੰਘ ਜੀ ਥਾਪੇ ਗਏ। ਗਾਰ ਕਢਾਉਣ ਪਿਛੋਂ ਸਰੋਵਰ ਦੀਆਂ ਪੌੜੀਆਂ ਨਵੇਂ ਸਿਰੋਂ ਬਣਵਾਈਆਂ, ਫੇਰ ਪ੍ਰਕਰਮਾਂ ਪੱਕੀਆਂ ਕੀਤੀਆਂ ਅਤੇ ਆਲੇ ਦੁਆਲੇ ਦਸ ਦਸ ਫੁਟ ਉਚੀ ਕੰਧ ਕਰਾ ਦਿਤੀ, ਤਾਂ ਜੋ ਕੋਈ ਭੁਲੜ ਆਦਮੀ ਜੋੜਿਆਂ ਸਮੇਤ ਆ ਕੇ ਬੇਅਦਬੀ ਨਾ ਕਰ ਸਕੇ।

ਸਰੋਵਰ ਤੋਂ ਉਪਰੰਤ ਸੰਤਾਂ ਨੇ ਗੁਰਦੁਵਾਰਾ ਬਾਲ-ਲੀਲਾ ਦੀ ਸੇਵਾ ਕਰਵਾਈ ਅਤੇ ਉਸ ਵਿਚ ਸੁੰਦਰ ਸੰਗ ਮਰ ਮਰ ਲਗਵਾਇਆ। ਸੰਗਤਾਂ ਜਦ ਸੰਤਾਂ ਨੂੰ ਹੇਠ ਲਿਖਿਆ ਮਹਾਂਵਾਕ ਉਚਾਰਨ ਕਰਦਿਆਂ ਸੁਣਦੀਆਂ ਤਾਂ ਸੇਵਾ ਲਈ ਉਨ੍ਹਾਂ ਦਾ ਉਤਸ਼ਾਹ ਕਈ ਗੁਣਾਂ ਵਧ ਜਾਂਦਾ।

ਬਿਨ ਸੇਵਾ ਧ੍ਰਿਗ ਹਥ ਪੈਰ॥
ਹੋਰ ਨਿਹਫਲ ਕਰਨੀ॥

ਸੰਤ ਵਾਹਿਗੁਰੂ ਨਾਮ ਦਾ ਉਪਦੇਸ਼ ਦਿੰਦੇ ਹੋਏ ਸੰਗਤਾਂ ਨੂੰ ਆਖਦੇ ਜਿਹੜਾ ਸਿਕਦੀ ਦਿਲ ਨਾਲ ਸੇਵਾ ਕਰੇਗਾ, ਗੁਰੂ ਘਰੋਂ ਮੁਕਤੀ ਪ੍ਰਾਪਤ ਕਰੇਗਾ।

ਬਾਲ ਲੀਲਾ ਗੁਰਦੁਵਾਰੇ ਦੀ ਸੁੰਦਰ ਇਮਾਰਤ ਬਣਾਉਨ ਉਪਰੰਤ ਸੰਤਾਂ ਨੇ ਏਸੇ ਗੁਰਦੁਵਾਰੇ ਦੀਆਂ ਸੁੰਦਰ ਪ੍ਰਕਰਮਾਂ ਭੀ

Sri Satguru Jagjit Singh Ji eLibrary NamdhariElibrary@gmail.com

ਬਣਵਾਈਆਂ ਅਤੇ ਉਨ੍ਹਾਂ ਵਿਚ ਚਿੱਟਾ ਤੇ ਕਾਲਾ ਸੰਗ ਮਰ ਮਰ ਲਗਵਾ ਦਿਤਾ ।

ਬਾਲ ਲੀਲਾ ਦੀ ਸੇਵਾ ਸਮਾਪਤ ਕਰਨ ਦੇ ਪਿਛੋਂ ਸੰਤ ਜੀ ਨੇ ਗੁਰਦੁਵਾਰਾ ਜਨਮ ਅਸਥਾਨ ਨਾਲ ਸਬੰਧਤ ਸਰੋਵਰ ਦੀ ਸੇਵਾ ਸ਼ੁਰੂ ਕਰਵਾਈ । ਸਰੋਵਰ ਦੇ ਪੌੜਾਂ ਦੀ ਮੁਰੰਮਤ ਕੀਤੀ ਅਤੇ ਸਾਰੀਆਂ ਪ੍ਰਕਰਮਾਂ ਨਵੀਆਂ ਬਣਵਾਈਆਂ ਅਤੇ ਬਾਹਰ ਲੋਹੇ ਦੇ ਦਰਵਾਜ਼ੇ ਲਗਵਾ ਦਿਤੇ, ਤਾਂ ਜੋ ਕੋਈ ਇਸ ਪਵਿਤਰ ਜਲ ਦੀ ਬੇਅਦਬੀ ਨਾ ਕਰੇ ।

ਜਨਮ ਅਸਥਾਨ ਦੇ ਸਰੋਵਰ ਦੇ ਪਿਛੋਂ ਸੰਤਾਂ ਨੇ ਗੁਰਦੁਵਾਰਾ ਕਿਆਰਾ ਸਾਹਿਬ ਦੀ ਸੇਵਾ ਬੜੇ ਪਰੇਮ ਨਾਲ ਕਰਵਾਈ, ਬਹੁਤ ਸੁੰਦਰ ਨਵੀਂ ਇਮਾਰਤ ਉਸਾਰੀ ਗਈ। ਇਮਾਰਤ ਦੀ ਤਿਆਰੀ ਉਪਰੰਤ ਛੋਟਾ ਜਿਹਾ ਇਕ ਨਵਾਂ ਸਰੋਵਰ ਬਣਵਾਇਆ, ਇਸ ਸਰੋਵਰ ਦੀਆਂ ਪੱਕੀਆਂ ਤੇ ਸੋਹਣੀਆਂ ਪ੍ਰਕਰਮਾਂ ਬਣਾਕੇ ਬਾਹਰ ਦਸ ਦਸ ਫੁਟ ਉਚੀ ਕੰਧ ਕਰਾ ਦਿਤੀ, ਤਾਂ ਜੋ ਕੋਈ ਇਸ ਪਵਿਤਰ ਸਰੋਵਰ ਦੀ ਬੇ-ਅਦਬੀ ਨਾ ਕਰ ਸਕੇ।

ਸਰੋਵਰਾਂ ਲਈ ਨਹਿਰ ਤੋਂ ਜਲ ਲਿਆਣ ਲਈ ਸੰਤਾਂ ਨੇ ਇਕ ਚਾਰ ਮੀਲ ਲੰਮੀ ਉਸੇ ਤਰ੍ਹਾਂ ਦੀ ਹੰਸਲੀ ਬਣਵਾਈ ਕਿ ਜਿਸ ਤਰ੍ਹਾਂ ਦੀਆਂ ਸ੍ਰੀ ਅੰਮ੍ਰਿਤਸਰ, ਤਰਨ ਤਾਰਨ ਅਤੇ ਹੋਰ ਤੀਰਥਾਂ ਪਰ ਬਣਾ ਚੁਕੇ ਸਨ ।

ਇਸ ਤਰ੍ਹਾਂ ਸੰਤਾਂ ਨੇ ਸ੍ਰੀ ਨਨਕਾਣੇ ਸਾਹਿਬ ਦੇ ਪਵਿਤਰ ਗੁਰਦੁਵਾਰਿਆਂ ਅਤੇ ਸਰੋਵਰਾਂ ਦੀ ਸੇਵ ਪੂਰੇ ਪੰਜ ਸਾਲ ਕਰਵਾਈ।

ਆਤਮਕ-ਸ਼ਕਤੀ ਦੇ ਚਮਤਕਾਰੇ

ਸ੍ਰੀ ਨਨਕਾਣਾ ਸਾਹਿਬ ਦੀ ਸੇਵਾ ਸਮੇਂ ਭੀ ਸੰਗਤ ਆਏ ਦਿਨ ਸੰਤਾਂ ਦੀ ਆਤਮਕ-ਸ਼ਕਤੀ ਦੇ ਇਲਾਹੀ ਚਮਤਕਾਰੇ ਵੇਖਕੇ

—੧੨੨—

Sri Satguru Jagjit Singh Ji eLibrary NamdhariElibrary@gmail.com

ਨਿਹਾਲ ਹੁੰਦੀਆਂ ਰਹੀਆਂ, ਜਿਨ੍ਹਾਂ ਵਿਚੋਂ ਕੁਝ ਕੁ ਅਸੀਂ ਹੇਠਾਂ ਦਿੰਦੇ ਹਾਂ—

ਜ਼ਹਿਰ ਵਾਲੀਆਂ ਰੋਟੀਆਂ

ਨਨਕਾਣਾ ਸਾਹਿਬ ਦੀ ਇਕ ਔਰਤ ਕਿਸੇ ਗੱਲੋਂ ਆਪਣੇ ਪਤੀ ਪਰ ਇਤਨੀ ਗੁਸੇ ਹੋ ਗਈ ਕਿ ਉਸ ਨੂੰ ਇਸ ਜਹਾਨ ਤੋਂ ਤੋਰਨ ਲਈ ਰੋਟੀਆਂ ਵਿਚ ਜ਼ਹਿਰ ਪਾ ਦਿਤਾ। ਉਸਦਾ ਪਤੀ ਸੰਤਾਂ ਦਾ ਚੰਗਾ ਪਰੇਮੀ ਤੇ ਨੇਕ ਆਦਮੀ ਸੀ। ਸੰਤਾਂ ਨੂੰ ਆਤਮਕ ਤੌਰ ਪਰ ਉਸ ਔਰਤ ਦੇ ਇਸ ਪਾਪ ਦਾ ਪਤਾ ਲਗ ਗਿਆ ਅਤੇ ਉਨ੍ਹਾਂ ਨੇ ਆਪਣੇ ਪਰੇਮੀ ਨੂੰ ਇਸ ਤਰ੍ਹਾਂ ਬਚਾਇਆ।

ਸੰਤਾਂ ਨੇ ਆਪਣੇ ਇਕ ਸੇਵਕ ਨੂੰ ਉਸ ਮਹੱਲੇ ਵਿਚੋਂ ਪ੍ਰਸ਼ਾਦੇ ਲੈਣ ਲਈ ਭੇਜ ਦਿਤਾ । ਸੇਵਕ ਜਦ ਉਸ ਤੀਵੀਂ ਦੇ ਘਰ ਪੁੱਜਿਆ ਤਾਂ ਉਹ ਕਿਸੇ ਹੋਰ ਘਰ ਗਈ ਹੋਈ ਸੀ। ਘਰ ਉਸਦਾ ਨੌਕਰ ਸੀ, ਉਸ ਨੇ ਉਹ ਦੋਵੇਂ ਰੋਟੀਆਂ, ਜਿਨ੍ਹਾਂ ਵਿਚ ਪਤੀ ਨੂੰ ਦੇਣ ਲਈ ਜ਼ਹਿਰ ਪਾਇਆ ਹੋਇਆ ਸੀ, ਸੰਤਾਂ ਦੇ ਸੇਵਕ ਨੂੰ ਦੇ ਦਿਤੀਆਂ ਜੋ ਲੈ ਕੇ ਸੰਤਾਂ ਪਾਸ ਪੁਜ ਗਿਆ। ਸੰਤ ਮਾਨੋ ਉਸਦੀ ਉਡੀਕ ਵਿਚ ਹੀ ਖੜੇ ਸਨ, ਉਸ ਦੇ ਪੁਜਦੇ ਹੀ ਉਨ੍ਹਾਂ ਨੇ ਉਹ ਦੋਵੇਂ ਰੋਟੀਆਂ ਟੋਕਰੇ ਵਿਚੋਂ ਚੁਕ ਲਈਆਂ ਤੇ ਇਕ ਕੁਤੇ ਅਗੇ ਸੁਟ ਪਾਈਆਂ। ਜੋ ਖਾਕੇ ਉਸੇ ਵੇਲੇ ਮਰ ਗਿਆ।

ਜਦ ਉਸ ਤੀਵੀਂ ਨੂੰ ਘਰ ਮੁੜਕੇ ਇਹ ਪਤਾ ਲਗਾ ਕਿ ਜ਼ਹਿਰ ਵਾਲੀਆਂ ਰੋਟੀਆਂ ਸੰਤਾਂ ਦਾ ਸੇਵਕ ਲੈ ਗਿਆ ਹੈ ਤਾਂ ਉਹ ਉਸੇ ਵੇਲੇ ਭੱਜੀ ਭੱਜੀ ਡੇਰੇ ਪੁਜੀ ਅਤੇ ਸੰਤਾਂ ਦੇ ਚਰਨਾਂ ਪਰ ਢਹਿ ਪਈ। ਸਤਾਂ ਨੇ ਜਲਾਲ ਵਿਚ ਆ ਕੇ ਉਸ ਵਲ ਵੇਖਿਆ ਤੇ ਕਿਹਾ—'ਤੂੰ ਵਡੀ ਪਾਪਣ ਏਂ, ਜੋ ਆਪਣੇ ਪਤੀ ਨੂੰ ਮਾਰਨ ਲਈ ਯਤਨ ਕਰ ਰਹੀ ਏਂ !' ਉਸ ਤੀਵੀਂ ਨੇ ਜਾਣੀ ਜਾਣ ਸੰਤਾਂ ਤੋਂ

Sri Satguru Jagjit Singh Ji eLibrary NamdhariElibrary@gmail.com

ਹਥ ਜੋੜਕੇ ਖਿਮਾਂ ਮੰਗੀ ਅਤੇ ਅਗੋਂ ਤੋਂ ਅਜੇਹੇ ਪਾਪ ਕਰਮ ਕਰਨ ਤੋਂ ਤੌਬਾ ਕੀਤੀ।

ਇਸ ਤਰ੍ਹਾਂ ਸੰਤਾਂ ਨੇ ਆਪਣੇ ਆਤਮਕ ਬਲ ਨਾਲ ਆਪਣੇ ਸੇਵਕ ਦੀ ਜਾਨ ਬਚਾਈ ਤੇ ਉਸਦੀ ਔਰਤ ਨੂੰ ਮਹਾਂ ਪਾਪ ਕਰਨ ਤੋਂ ਰੋਕ ਲਿਆ। ਏਹ ਭੀ ਸਤਿ ਸੰਗਨ ਬਣ ਗਈ ਤੇ ਪ੍ਰਸਪਰ ਪਿਆਰ ਨਾਲ ਪਤੀ ਪਤਨੀ ਵਸਦੇ ਸੇਵਾ ਕਰਦੇ ਰਹੇ।

ਸੀਮਿੰਟ ਦੀ ਮਨਜ਼ੂਰੀ

ਸ੍ਰੀ ਨਨਕਾਣਾ ਸਾਹਿਬ ਦੀ ਸੇਵਾ ਦੇ ਸਮੇਂ ਦੂਜੀ ਸੰਸਾਰ ਵਿਆਪੀ ਜੰਗ ਲਗੀ ਹੋਈ ਸੀ ਅਤੇ ਸਰਕਾਰ ਦੀਆਂ ਜ਼ਰੂਰੀ ਜੰਗੀ ਲੋੜਾਂ ਦੇ ਕਾਰਨ ਸੀਮਿੰਟ ਮਿਲਣਾ ਬੜਾ ਕਠਨ ਸੀ। ਏਧਰ ਹੰਸਲੀ, ਸਰੋਵਰਾਂ ਤੇ ਗੁਰਦੁਵਾਰਿਆਂ ਦੀ ਸੇਵਾ ਲਈ ਸੀਮਿੰਟ ਦੀ ਡਾਢੀ ਲੋੜ ਸੀ। ਸੇਵਕਾਂ ਨੇ ਬੜੇ ਯਤਨ ਕੀਤੇ, ਪਰੰਤੂ ਸੀਮਿੰਟ ਕਿਧਰੋਂ ਮਿਲਦਾ ਦਿਖਾਈ ਨਹੀਂ ਸੀ ਦਿੰਦਾ। ਸਭ ਪਾਸੇ ਤੋਂ ਨਿਰਾਸ ਹੋ ਕੇ ਸੇਵਕਾਂ ਨੇ ਸੰਤਾਂ ਦੀ ਸੇਵਾ ਵਿਚ ਹਾਜ਼ਰ ਹੋ ਕੇ ਬੇਨਤੀ ਕੀਤੀ—'ਮਹਾਰਾਜ ਸੀਮਿੰਟ ਕਿਧਰੇ ਨਹੀਂ ਮਿਲਦਾ।

ਸੰਤਾਂ ਨੇ ਹੱਸ ਕੇ ਉਤਰ ਦਿਤਾ—'ਭਾਈ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਘਰ ਲਈ ਸੀਮਿੰਟ ਨਾ ਮਿਲੇ, ਇਹ ਕਦੇ ਨਹੀਂ ਹੋ ਸਕਦਾ।'

ਸੰਤਾਂ ਦੇ ਇਸ ਬਚਨ ਨ ਲ ਸੇਵਕਾਂ ਨੂੰ ਨਿਸ਼ਚਾ ਹੋ ਗਿਆ ਕਿ ਸੀਮਿੰਟ ਹੁਣ ਜ਼ਰੂਰ ਮਿਲੇਗਾ ਪਰ ਮਿਲੇਗਾ ਕਿਸ ਤਰ੍ਹਾਂ ਇਹ ਗੱਲ ਉਨ੍ਹਾਂ ਦੀ ਸਮਝ ਵਿਚ ਨਾ ਆਈ। ਪੁਛਣ ਲਗੇ—'ਮਹਾਰਾਜ ਕਿਥੇ ਜਾਈਏ ?'

ਸੰਤਾਂ ਨੇ ਫੁਰਮਾਇਆ—ਗੁਰੂ ਨਾਨਕ ਦਾ ਪ੍ਰਸ਼ਾਦ ਲੈ ਕੇ

Sri Satguru Jagjit Singh Ji eLibrary NamdhariElibrary@gmail.com



ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਜੀ

Sri Satguru Jagjit Singh Ji eLibrary NamdhariElibrary@gmail.com

ਸ੍ਰੀ ਭੈਣੀ ਸਾਹਿਬ ਵਿਖੇ ਸਥਿਤ ਸਤਿਗੁਰੂ ਜਗਜੀਤ ਸਿੰਘ ਜੀ ਦੀ ਲਾਇਬ੍ਰੇਰੀ



NamdhariElibrary@gmail.com
Sri Satguru Jagjit Singh Ji eLibrary

ਲਾਹੌਰ ਦੇ ਹਾਕਮ ਪਾਸ ਚਲੇ ਜਾਓ।

ਸੇਵਕਾਂ ਨੇ ਹੁਕਮ ਬਜਾਇਆ ਅਤੇ ਸੰਤ ਬਿਸ਼ਨ ਸਿੰਘ ਜੀ ਸੰਤਾਂ ਦੇ ਹੱਥ ਦਾ ਪ੍ਰਸ਼ਾਦ ਅਤੇ ਚਾਰ ਗੱਡੀਆਂ ਸੀਮਿੰਟ ਲੈਣ ਦੀ ਅਰਜ਼ੀ ਲਿਖਕੇ ਲਾਹੌਰ ਦੇ ਸਬੰਧਤ ਹਾਕਮ ਦੀ ਕੋਠੀ ਜਾ ਪੁਜੇ। ਉਹੋ ਹਾਕਮ ਪਹਿਲਾਂ ਸੇਵਕਾਂ ਨੂੰ ਕਹਿ ਚੁਕਿਆ ਸੀ ਕਿ ਸੀਮਿੰਟ ਨਹੀਂ ਮਿਲ ਸਕਦਾ, ਪਰੰਤੂ ਜਦ ਉਸ ਨੇ ਸੰਤਾਂ ਦਾ ਪ੍ਰਸ਼ਾਦ ਤੱਕਿਆ ਤਾਂ ਉਸਦੇ ਦਿਲ ਵਿਚ ਇਕ ਇਨਕਲਾਬੀ ਜਿਹੀ ਤਬਦੀਲੀ ਦਾ ਅਨੁਭਵ ਹੋਇਆ ਜੋ ਸੇਵਕਾਂ ਨੇ ਉਸਦੇ ਚਿਹਰੇ ਤੋਂ ਸਾਫ ਪੜ੍ਹ ਲਿਆ।

ਉਹ ਸੇਵਕਾਂ ਨਾਲ ਬਹੁਤ ਹੀ ਪਰੇਮ ਨਾਲ ਮਿਲਿਆ, ਗੱਦ ਗੱਦ ਹੋ ਕੇ ਸੰਤਾਂ ਦਾ ਪ੍ਰਸ਼ਾਦ ਲਿਆ ਅਤੇ ਅਰਜ਼ੀ ਵੇਖਦੇ ਸਾਰ ਹੀ ਚਾਰ ਗੱਡੀਆਂ ਸੀਮਿੰਟ ਦੀ ਮਨਜ਼ੂਰੀ ਦੇ ਦਿਤੀ। ਸੇਵਕ ਸੰਤਾਂ ਦੀ ਇਹ ਜਾਹਰਾ ਕਰਾਮਾਤ ਵੇਖ ਕੇ ਹੈਰਾਨ ਰਹਿ ਗਏ।

੨੫ ਹਜ਼ਾਰ ਰੁਪੈ

ਸੀਮਿੰਟ ਦੀ ਮਨਜ਼ੂਰੀ ਮਿਲ ਗਈ ਤੇ ਮਾਲ ਆ ਗਿਆ। ਬਿਲਟੀ ਬੈਂਕ ਵਿਚ ਆ ਗਈ, ਰੁਪੈ ਦੇ ਕੇ, ਬਿਲਟੀ ਲੈਣੀ ਸੀ, ਪਰੰਤੂ ਸੰਤਾਂ ਦਾ ਖਜ਼ਾਨਾ ਮਸਤਾਨਾ ਸੀ। ਸੇਵਕਾਂ ਨੇ ਬੇਨਤੀ ਕੀਤੀ ਤਾਂ ਸੰਤਾਂ ਨੇ ਫੁਰਮਾਇਆ, ਵੇਖੋ ਗੁਰੂ ਨਾਨਕ ਦੇ ਦਿੰਦਾ ਹੈ।

ਓਸੇ ਦਿਨ ਲਾਇਲਪੁਰ ਦੀ ਸੰਗਤ ਸੰਤਾਂ ਨੂੰ ਪ੍ਰੇਰਕੇ ਲਾਇਲਪੁਰ ਲੈ ਗਈ, ਜਿਥੇ ਇਕ ਭਾਰੀ ਦੀਵਾਨ ਲਗ ਗਿਆ। ਸੰਤ ਕਦੇ ਮਾਇਆ ਲਈ ਅਪੀਲ ਨਹੀਂ ਸਨ ਕਰਦੇ ਅਤੇ ਨਾ ਹੀ ਉਨ੍ਹਾਂ ਨੇ ਉਸ ਦੀਵਾਨ ਵਿਚ ਕੀਤੀ, ਪਰੰਤੂ ਸੀਮਿੰਟ ਲਈ ਰੁਪੈ ਆ ਗਏ। ਸੰਗਤਾਂ ਨੇ ਆਪਣੇ ਆਪ ਮਾਇਆ ਦੇਣੀ ਸ਼ੁਰੂ ਕਰ ਦਿਤੀ। ਇਕ ਘੰਟੇ ਪਿਛੋਂ ਦੀਵਾਨ ਸਮਾਪਤ ਹੋਇਆ ਤਾਂ ਪੂਰੇ ਰੁਪੈ ਜਮਾਂ

Sri Satguru Jagjit Singh Ji eLibrary NamdhariElibrary@gmail.com

ਹੋ ਚੁਕੇ ਸਨ, ਠੀਕ ਉਤਨੀ ਰਕਮ ਕਿ ਜਿਤਨੀ ਦੀ ਸੀਮਿੰਟ ਦਾ ਮੁਲ ਤਾਰਨ ਲਈ ਲੋੜ ਸੀ। ਸੰਤਾਂ ਦੀ ਕਰਾਮਾਤ ਦਾ ਇਹ ਕ੍ਰਿਸ਼ਮਾ ਵੇਖ ਕੇ ਹਰ ਪਾਸੇ ਧੰਨ ਧੰਨ ਹੋਣ ਲਗੀ। ਸਾਰੇ ਆਖਣ ਲਗੇ ਕਿ ਇਨ੍ਹਾਂ ਸੰਤਾਂ ਦੀ ਮਹਿਮਾ ਨਿਰਾਲੀ ਹੈ ਅਤੇ ਇਹ ਵਾਹਿਗੁਰੂ ਨਾਲ ਅਭੇਦ ਹੋਏ ਹੋਏ ਹਨ, ਇਨ੍ਹਾਂ ਦਾ ਕੋਈ ਬਚਨ ਬਿਰਥਾ ਨਹੀਂ ਜਾ ਸਕਦਾ, ਗਲਾਂ ਭੀ ਸੱਚੀਆਂ ਸਨ।

ਅੰਮ੍ਰਿਤ ਵੇਲਾ

ਸ਼ਬਦ "ਅੰਮ੍ਰਿਤ ਵੇਲਾ" ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਪਣੇ ਰਚੇ ਹੋਏ ਹਨ। ਪਹਿਲੇ ਭਾਰਤ ਦੇ ਸਾਹਿਤ ਵਿਚ ਇਨ੍ਹਾਂ ਸ਼ਬਦਾਂ ਦੀ ਵਰਤੋਂ ਇਨ੍ਹਾਂ ਅਰਥਾਂ ਵਿਚ ਨਹੀਂ ਆਈ ਜਾਪਦੀ। ਅੰਮ੍ਰਿਤ ਵੇਲਾ ਸੂਚਕ ਹੈ ਉਸ ਵਕਤ ਦਾ ਜੋ ਅਮਰ ਹੋਣ ਵਿਚ, ਅਥਵਾ ਅੰਮ੍ਰਿਤ ਦੀ ਦਾਤ ਵਾਹਿਗੁਰੂ ਜੀ ਤੋਂ ਪ੍ਰਾਪਤ ਕਰਨ ਵਿਚ ਸਹਾਇਕ ਹੋਵੇ। ਨਾਮ ਵਿਚ ਧਿਆਨ ਜੋੜਨ ਲਈ, ਸਮਾਧੀ ਲਾਉਣ ਲਈ, ਭਗਤੀ ਕਰਨ ਲਈ, ਸੁਰਤ ਵਿਚ ਇਕਾਗਰਤਾ ਲਿਆਉਣ ਲਈ, ਮਨ ਦੀ ਚੰਚਲਤਾ ਹਰਣ ਲਈ, ਲਿਵ ਵਿਚ ਪਰਵੇਸ਼ ਕਰਨ ਲਈ, ਜਪ ਤੋਂ ਸਿਮਰਨ ਵਿਚ ਅੱਪੜਨ ਲਈ ਤੇ ਸਤਿ ਪੁਰਖ ਵਿਚ ਸਮਾਉਣ ਲਈ, ਅੰਮ੍ਰਿਤ ਵੇਲਾ, ਨਾ ਸਿਰਫ ਸਹਾਇਕ ਹੀ ਹੈ ਸਗਵਾਂ ਅਵੱਸ਼ਕ ਹੈ।

ਇਹ ਵੇਲਾ ਹੈ, ਵਕਤ ਨਹੀਂ। ਵਕਤ ਘੜੀ ਦਾ ਹੁੰਦਾ ਹੈ ਜੋ ਘੰਟੇ ਮਿੰਟ ਤੇ ਸਕਿੰਟਾਂ ਵਿਚ ਦੱਸਿਆ ਜਾਂਦਾ ਹੈ। ਵੇਲਾ ਉਸ ਕਾਲ ਜਾਂ ਸਮੇਂ ਨੂੰ ਆਖੀਦਾ ਹੈ ਜੋ ਸੂਰਜ ਡੁੱਬਣ ਦੇ ਚੜ੍ਹਨ (ਜਾਂ ਕਿਸੇ ਕਰਮ ਅਥਵਾ ਚੀਜ਼ ਆਦਿ) ਨਾਲ ਸਬੰਧ ਰਖਦਾ ਹੈ। ਸ਼ਬਦ : ਪ੍ਰਭਾਤ, ਪ੍ਰਾਤਾ ਕਾਲ, ਭਲਕ, ਤੜਕਾ, ਸੁਬਹ, ਸਵੇਰਾ ਸਭ ਅੰਮ੍ਰਿਤ ਵੇਲੇ ਦੇ ਹੀ ਸੂਚਕ ਹਨ। ਇਸੇਤਰ੍ਹਾਂ ਸੰਝ, ਤ੍ਰਕਾਲਾਂ, ਲੌਂਹਾ

Sri Satguru Jagjit Singh Ji eLibrary NamdhariElibrary@gmail.com

ਵੇਲਾ, ਸੰਧਯਾ ਤੇ ਆਸ਼ਣ, ਸ਼ਾਮਾਂ ਦੇ ਸੂਚਕ ਹਨ, ਜਦ ਦੋ ਵਕਤ ਮਿਲਦੇ ਹਨ, ਦਿਨ ਤੇ ਰਾਤ ਦੇ। ਇਸੇਤਰ੍ਹਾਂ ਕਈ ਹੋਰ ਸ਼ਬਦ ਵੇਲੇ ਅਨੁਸਾਰ ਬਣ ਗਏ ਹਨ, ਜਿਵੇਂ ਛਾਹ ਵੇਲਾ (ਚਾਹ ਵੇਲਾ) ਰੋਟੀ ਵਲਾ ਆਦਿ।

ਅੰਮ੍ਰਿਤ ਵਲਾ ਕਿਉਂਕਿ ਰਾਤ ਦੇ ਪਿਛਲੇ ਹਿੱਸੇ ਨੂੰ ਆਖਦੇ ਹਨ, ਇਸ ਨੂੰ "ਪਿਛਲ ਰਾਤ" ਵੀ ਆਖਦੇ ਹਨ ਜਿਵੇਂ—

ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ ॥

[ਮਾਰੂ ਮਹਲਾ ੧-੧

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੇ ਮੁਇਓਹਿ ॥

(ਸਲੋਕ ਫਰੀਦ ੧੦੭

ਪਰ ਕਿਉਂਕਿ ਇਹ ਦਿਨ ਦੇ ਨਾਲ ਲਗਦੇ ਸਮੇਂ ਦਾ ਸੂਚਕ ਹੈ ਇਸ ਲਈ ਇਸ ਨੂੰ ਸਵੇਰਾ, ਸੁਬਾਹ, ਭਲਕ, ਪ੍ਰਭਾਤ ਆਦਿ ਸ਼ਬਦਾਂ ਵਿਚ ਭੀ ਵਰਣਨ ਕੀਤਾ ਗਿਆ ਹੈ। ਸੋ ਇਹ ਵੇਲਾ ਦੋਵੇਂ ਰਾਤ ਤੇ ਦਿਨ ਦੇ ਅਰਥਾਂ ਵਿਚ (in terms of) ਵਰਤਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਵੇਲੇ ਨੂੰ ਰਾਤ ਤੇ ਦਿਨ ਦੇ ਅਰਥਾਂ ਤੋਂ ਇਲਾਵਾ, "ਅੰਮ੍ਰਿਤ" ਦੇ ਅਰਥਾਂ ਵਿਚ ਵਰਤਿਆ ਹੈ ਤੇ ਇਸ ਦਾ ਨਾਮ "ਅੰਮ੍ਰਿਤ ਵੇਲਾ" ਰਖਿਆ ਹੈ।

ਅੰਮ੍ਰਿਤ ਵੇਲਾ ਪੂਰੇ ਤਿੰਨ ਘੰਟੇ, ਅਥਵਾ ਇਕ ਪਹਿਰ, ਦਾ ਹੁੰਦਾ ਹੈ। ਸਮੇਂ ਦੇ ਹਿੱਸਿਆਂ ਦਾ ਵੇਰਵਾ ਇਸ ਪ੍ਰਕਾਰ ਹੈ :—

ਇਕ ਵੇਰ ਅੱਖ ਖੋਹਲਣ ਮੀਟਣ ਦਾ ਸਮਾਂ—

—ਇਕ ਨਿਮਖ।

੧੫ ਨਿਮਖ—ਇਕ ਵਿਸਾ।

੧੫ ਵਿਸੇ—ਇਕ ਚਸਾ।

੩੦ ਚਸੇ—੧ ਪਲ।

੬੦ ਪਲ—ਇਕ ਘੜੀ।

Sri Satguru Jagjit Singh Ji eLibrary NamdhariElibrary@gmail.com

ਸਾਢੇ ੭ ਘੜੀ ਯਾ ੩ ਘੰਟੇ—ਇਕ ਪਹਿਰ।
੮ ਪਹਿਰ—ਇਕ ਦਿਨ ਰਾਤ ੨੪ ਘੰਟੇ।

ਸੋ ਦਿਨ ਦੇ ਅਰਥਾਂ ਵਿਚ ਸੂਰਜ ਚੜ੍ਹਨ ਤੋਂ ਤਿੰਨ ਘੰਟੇ ਪਹਿਲੇ ਦੇ ਸਮੇਂ ਨੂੰ, ਤੇ ਰਾਤ ਦੇ ਅਰਥਾਂ ਵਿਚ, ਰਾਤ ਦੇ ਪਿਛਲੇ ਤਿੰਨ ਘੰਟੇ ਦੇ ਸਮੇਂ ਨੂੰ ਅੰਮ੍ਰਿਤ ਵੇਲਾ ਆਖੀਦਾ ਹੈ, ਇਸ ਦਾ ਵਕਤ ਕੁਦਰਤੀ ਤੌਰ ਤੇ ਮੌਸਮ ਤੇ ਦੇਸ਼ ਨਾਲ ਬਦਲਦਾ ਹੀ ਰਹੇਗਾ। ਪਰ ਵੇਲਾ ਹਰ ਹਾਲਤ ਵਿਚ ਅੰਮ੍ਰਿਤ ਹੀ ਹੋਵੇਗਾ।

ਗੁਰਬਾਣੀ ਵਿਚ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਨਾਮ ਜਪਣ ਦੀ ਬੜੀ ਮਹਾਨਤਾ ਦਸੀ ਗਈ ਹੈ:—

ਸਤਿਗੁਰ ਕਾ ਜੋ ਸਿਖ ਅਖਾਏ,
ਸੁ ਭਲਕੇ ਉਠ ਹਰਿ ਨਾਮੁ ਧਿਆਵੈ,
ਉਦਮ ਕਰੇ ਭਲਕੇ ਪਰਭਾਤੀ,
ਇਸ਼ਨਾਨ ਕਰੇ ਅੰਮ੍ਰਿਤਸਰ ਨਾਵੈ॥

ਨਾਮ ਜਪਣ ਨਾਲ ਦੁਨੀਆਂ ਦੇ ਸਾਰੇ ਸੁਖ ਪ੍ਰਾਪਤ ਹੁੰਦੇ ਹਨ।

ਸਿਮਰੋ ਸਿਮਰ ਸਿਮਰ ਸੁਖ ਪਾਵਹੁ॥
ਕਲ ਕਲੇਸ ਤਨ ਮਾਹਿ ਮਿਟਾਵਹੁ॥

ਜੀਵ ਦਾ ਪਹਿਲਾ ਫਰਜ਼ ਦਸਦਿਆਂ ਇਹੋ ਉਪਦੇਸ਼ ਕੀਤਾ ਗਿਆ ਹੈ। "ਰਾਮ ਸਿਮਰ, ਰਾਮ ਸਿਮਰ, ਇਹ ਤੇਰੇ ਕਾਜ ਹੈ।"

ਆਪ ਅਗੇ ਪੜ੍ਹ ਚੁਕੇ ਹੋ ਕਿ ਸੰਤ ਸਾਹਿਬ ਜੀ ਨੇ ਆਪਣੇ ਸਰੀਰ ਪਰ ਜੋ ਕੁਛ ਕਮਾ ਕੇ ਇਤਨੇ ਮਹਾਨ ਪਰਉਪਕਾਰ ਦੇ ਕੰਮ ਕੀਤੇ ਹਨ। ਉਨ੍ਹਾਂ ਹੀ ਚੀਜ਼ਾਂ ਲਈ ਸਾਰੀ ਸੰਗਤ ਨੂੰ ਪ੍ਰੇਰਦੇ ਰਹੇ 'ਸ੍ਰੀ ਸੁਖਮਨੀ ਸਾਹਿਬ' ਤੇ 'ਅਰਦਾਸ ਦੀਆਂ ਬਰਕਤਾਂ' ਬਾਰੇ ਅਗੇ ਰੋਸ਼ਨੀ ਪਾਈ ਹੈ ਤੇ ਉਪਰਲੇ ਲੇਖ ਵਿਚ ਅੰਮ੍ਰਿਤ ਵੇਲੇ ਦੀ ਮਹਾਨਤਾ ਦਰਸਾਈ ਗਈ ਹੈ!

Sri Satguru Jagjit Singh Ji eLibrary NamdhariElibrary@gmail.com

ਕਾਂਡ ੧੦

ਸ੍ਰੀ ਅੰਮ੍ਰਿਤਸਰ ਨਾਲ ਅਤੁਟ ਪਿਆਰ

ਧਨਾਸਰੀ ਮਹਲਾ ੫

ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥ ਨਿਮਖ ਨਿਮਖ ਤੁਮਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ ॥੧॥ ਜਿਹਵਾ ਏਕ ਕਵਨ ਗੁਨ ਕਹੀਐ ॥ ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤ ਨ ਕਿਨਹੀ ਲਹੀਐ ॥ ੧॥ ਰਹਾਉ ॥ ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ ॥ ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ ॥੨॥ ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ ॥ ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ॥੩॥੧੨॥

ਸੰਤ ਗੁਰਮੁਖ ਸਿੰਘ ਜੀ ਇਕ ਵਾਰ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਨਗਰੀ ਅੰਮ੍ਰਿਤਸਰ ਵਿਚ ਪਧਾਰੇ ਤਾਂ ਇਸ ਨਾਲ ਉਨ੍ਹਾਂ ਦੀ ਅਜਿਹੀ ਆਤਮਕ ਸਾਂਝ ਪੈ ਗਈ, ਜੋ ਅਖੀਰ ਦੇ ਦਮਾਂ ਤਕ ਨਿਭਾਉਂਦੇ ਚਲੇ ਗਏ। ਤੁਸੀਂ ਪਿਛੇ ਪੜ੍ਹ ਆਏ ਹੋ ਕਿ ਸੰਤ

Sri Satguru Jagjit Singh Ji eLibrary NamdhariElibrary@gmail.com

ਜੀ ਨੇ ਕੇਵਲ ਅੰਮ੍ਰਿਤਸਰ ਵਿਚ ਹੀ ਗੁਰੂ ਘਰ ਦੀ ਸੇਵਾ ਨਹੀਂ ਕੀਤੀ, ਸਗੋਂ ਮਾਲਵੇ, ਮਾਝੇ ਅਤੇ ਬਾਹਰ ਦੇ ਹੋਰ ਤੀਰਥਾਂ ਪਰ ਜਾ ਕੇ ਭੀ ਸਾਲਾਂ—ਬੱਧੀ ਸੇਵਾ ਕਰਦੇ ਰਹੇ, ਪਰੰਤੂ ਆਪ ਜਿਥੇ ਭੀ ਗਏ ਸ੍ਰੀ ਅੰਮ੍ਰਿਤਸਰ ਅਤੇ ਇਥੋਂ ਦੀਆਂ ਸੰਗਤਾਂ ਨੂੰ ਨਹੀਂ ਭੁਲਾਇਆ। ਮਹੀਨੇ ਵਿਚ ਇਕ ਦੋ ਵਾਰ ਉਹ ਜ਼ਰੂਰ ਸ੍ਰੀ ਅੰਮ੍ਰਿਤਸਰ ਆਉਂਦੇ ਅਤੇ ਆਪਣੇ ਆਪ ਨੂੰ ਧੰਨ ਸਮਝਦੇ।

ਸੰਤ ਜੀ ਅੰਮ੍ਰਿਤਸਰ ਵਿਚ ਚਾਟੀ ਵਿੰਡ ਦਰਵਾਜ਼ੇ ਤੋਂ ਬਾਹਰ ਨਹਿਰ ਪਰ ਟਿਕਿਆ ਕਰਦੇ ਸਨ। ਨਹਿਰ ਪਰ ਸੰਤਾਂ ਦਾ ਆਸ਼ਰਮ ੪੫ ਸਾਲ ਤਕ ਅੰਮ੍ਰਿਤਸਰ ਹੀ ਦੇ ਨਹੀਂ, ਸਗੋਂ ਸਾਰੇ ਦੇਸ਼ ਦੇ ਸੰਤ ਪਰੇਮੀਆਂ ਦਾ ਤੀਰਥ ਬਣਿਆ ਰਿਹਾ ਹੈ। ਉਹ ਭਾਰੀ ਗਿਣਤੀ ਵਿਚ ਸੰਤਾਂ ਦੇ ਦਰਸ਼ਨਾਂ ਲਈ ਆਉਂਦੇ ਅਤੇ ਵਾਹਿਗੁਰੂ ਨਾਮ ਦੀ ਉਚੀ ਸੁਚੀ ਦਾਤ ਪ੍ਰਾਪਤ ਕਰਕੇ ਆਪਣਾ ਲੋਕ ਪ੍ਰਲੋਕ ਸੁਧਾਰਦੇ।

ਸੰਗਤਾਂ ਨੂੰ ਇਸ ਗਲ ਦਾ ਨਿਸਚਾ ਹੋ ਗਿਆ ਸੀ ਕਿ ਸੰਤਾਂ ਦੇ ਮੁੰਹੋਂ ਮਹੀਨਾ ਸੁਣਨ ਨਾਲ ਸਾਰਾ ਮਹੀਨਾ ਸੁਖ ਤੇ ਖੁਸ਼ੀ ਦਾ ਬੀਤਦਾ ਹੈ ਅਤੇ ਕੋਈ ਦੁਖ ਕਲੇਸ਼ ਨੇੜੇ ਨਹੀਂ ਆਉਂਦਾ, ਏਹੋ ਕਾਰਨ ਸੀ ਕਿ ਹਰ ਸੰਗ੍ਰਾਂਦ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਮਾਈ ਭਾਈ ਸੰਤਾਂ ਦੇ ਪਵਿਤਰ ਮੁਖਾਰਬਿੰਦ ਤੋਂ ਮਹੀਨਾ ਸੁਣਨ ਲਈ ਇਕੱਤਰ ਹੁੰਦੇ ਸਨ। ਸੰਤ ਜੀ ਮਹੀਨੇ ਦੀ ਹਰ ਸੰਗਰਾਂਦ ਨੂੰ ਨਹਿਰ ਪਰ ਆਪਣੇ ਆਸ਼ਰਮ ਵਿਚ ਹੀ ਸੁਣਾਇਆ ਕਰਦੇ ਸਨ, ਜਿਥੇ ਇਕ ਤਕੜਾ ਮੇਲਾ ਲਗ ਜਾਇਆ ਕਰਦਾ ਸੀ।

ਕਈ ਪਰੇਮੀ ਸਾਰੇ ਪ੍ਰਵਾਰ ਸਮੇਤ ਮਹੀਨਾ ਸੁਣਨ ਲਈ ਆਇਆ ਕਰਦੇ ਸਨ ਅਤੇ ਨਾਲ ਹੀ ਆਪਣੇ ਮਹੀਨੇ ਦੀ ਕਮਾਈ ਦਾ ਦਸਵੰਧ ਭੀ ਗੁਰੂ ਘਰ ਦੀ ਸੇਵਾ ਲਈ ਸੰਤਾਂ ਦੇ ਖਜ਼ਾਨੇ ਵਿਚ ਦਿੰਦੇ ਸਨ। ਇਸ ਤਰ੍ਹਾਂ ਹਰ ਸੰਗਰਾਂਦ ਨੂੰ ਕਈ ਹਜ਼ਾਰ ਰੁਪੈ ਇਕੱਠੇ ਹੋ ਜਾਇਆ ਕਰਦੇ ਸਨ। ਜਿਸ ਨੂ ਇਸ ਤੋਂ ਪਹਿਲਾਂ

Sri Satguru Jagjit Singh Ji eLibrary NamdhariElibrary@gmail.com

ਕਈ ਵਾਰ ਦਸ ਆਏ ਹਾਂ ਸੰਤ ਜੀ ਕਦੇ ਮਾਇਆ ਵਾਸਤੇ ਅਪੀਲ ਨਹੀਂ ਸਨ ਕਰਦੇ, ਸਗੋਂ ਪਰੇਮੀ ਆਪਣੇ ਆਪ ਮਾਇਆ ਦਿਤਾ ਕਰਦੇ ਸਨ। ਸੰਗਰਾਂਦ ਵਾਲੇ ਦਿਨ ਤਾਂ ਪਰੇਮੀ ਬੜੇ ਹੀ ਉਤਸ਼ਾਹ ਤੇ ਪਰੇਮ ਨਾਲ ਸੇਵਾ ਦੇ ਸ਼ੁਭ ਕਾਰਜ ਲਈ ਦਾਨ ਕਰਦੇ ਸਨ। ਉਸ ਤਰ੍ਹਾਂ ਦੇਸ਼ ਤੇ ਪ੍ਰਦੇਸ ਤੋਂ ਪਰੇਮੀ ਰੋਜ਼ ਹੀ ਹਜ਼ਾਰਾਂ ਰੁਪੈ ਭੇਜਦੇ ਰਹਿੰਦੇ ਸਨ ਕਿਉਂਕਿ ਸਭ ਨੂੰ ਨਿਸ਼ਚਾ ਹੋ ਗਿਆ ਸੀ ਕਿ ਸੰਤਾਂ ਦੀ ਰਾਹੀਂ ਗੁਰੂ ਦੀ ਸੇਵਾ ਲਈ ਭੇਜੀ ਹੋਈ ਪਾਈ ਪਾਈ ਸ਼ੁਭ ਕਾਰਜ ਤੇ ਹੀ ਖਰਚ ਹੋਵੇਗੀ ਤੇ ਉਸਦੀ ਇਕ ਪਾਈ ਭੀ ਅਕਾਰਥ ਨਹੀਂ ਜਾਵੇਗੀ।

ਸੰਤਾਂ ਨੂੰ ਅੰਮ੍ਰਿਤਸਰ ਨਾਲ ਕਿਤਨਾ ਪਿਆਰ ਸੀ! ਇਸਦਾ ਪਤਾ ਉਸ ਸਮੇਂ ਲਗਾ ਕਿ ਜਦ ਸੰਤਾਂ ਦਾ ਸਰੀਰ ਸ੍ਰੀ ਨਨਕਾਣਾ ਸਾਹਿਬ ਵਿਚ ਕੁਝ ਢਿਲਾ ਹੋ ਗਿਆ। ਸੇਵਕਾਂ ਨੇ ਤੌਖਲਾ ਪ੍ਰਗਟ ਕੀਤਾ ਤਾਂ ਸੰਤਾਂ ਨੇ ਹੱਸਕੇ ਆਖਿਆ-ਭਾਈ ਅਸਾਂ ਨੇ ਇਹ ਸਵਾਸ ਸ੍ਰੀ ਗੁਰੂ ਰਾਮਦਾਸ ਮਹਾਰਾਜ ਦੀ ਪਿਆਰੀ ਨਗਰੀ ਸ੍ਰੀ ਅੰਮ੍ਰਿਤਸਰ ਵਿਚ ਹੀ ਤਿਆਗਣੇ ਹਨ, ਇਸ ਲਈ ਹਾਲਾਂ ਤੁਸੀਂ ਕੋਈ ਤੌਖਲਾ ਨਾ ਕਰੋ। ਸੰਤਾਂ ਨੇ ਨਾਲ ਹੀ ਇਹ ਭੀ ਫੁਰਮਾਇਆ ਜੋ ਇਸ ਸਰੀਰ ਤੋਂ ਹਾਲਾਂ ਗੁਰੂ ਮਹਾਰਾਜ ਨੇ ਆਪਣੇ ਪਵਿਤ੍ਰ ਗੁਰ-ਦੁਵਾਰਿਆਂ ਦੀ ਹੋਰ ਸੇਵਾ ਲੈਣੀ ਹੈ।

ਜਦ ਬਾਬਾ ਜੀ ਸੰਗਰਾਂਦ ਨੂੰ ਆਉਂਦੇ ਤਾਂ ਇਹ ਪ੍ਰੇਮੀ ਭਗਤ ਭਗਵਾਨ ਦਾਸ, ਸੰਤ ਹੀਰਾ ਸਿੰਘ, ਚੌਧਰੀ ਜੀਵਨ ਸਿੰਘ, ਤੇ ਮਾਈ ਮਾਲਾਂ ਸੰਤਾਂ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ।

ਫੇਰ ਖਡੂਰ ਸਾਹਿਬ ਵਿਚ

ਸ੍ਰੀ ਨਨਕਾਣਾ ਸਾਹਿਬ ਦੀ ਸੇਵਾ ਤੋਂ ਵੇਹਲੇ ਹੋ ਕੇ ਸੰਤ ਜੀ ਅੰਮ੍ਰਿਤਸਰ ਪੁਜੇ ਅਤੇ ਕੁਝ ਦਿਨ ਠਹਿਰਕੇ ਫੇਰ ਸ੍ਰੀ ਖਡੂਰ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਵਿਚ ਜਾ ਡੇਰੇ ਲਾਏ। ਤੁਸੀਂ ਪਹਿਲੋਂ ਪੜ੍ਹ ਆਏ ਹੋ ਕਿ ਸੰਤ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਗੁਰਦੁਵਾਰੇ ਤਪਿਆਨਾ ਸਾਹਿਬ ਅਤੇ ਪਵਿਤਰ ਸਰੋਵਰ ਦੀ ਸੇਵਾ ਕੁਝ ਸਾਲ ਪਹਿਲਾਂ ਕਰਵਾ ਚੁਕੇ ਸਨ। ਉਸ ਸਮੇਂ ਸ੍ਰੀ ਬਾਬਾ ਬਕਾਲਾ ਸਾਹਿਬ ਦੀ ਸੇਵਾ ਦਾ ਆਰੰਭ ਹੋ ਜਾਣ ਕਰਕੇ ਆਪ ਹੰਸਲੀ ਨਹੀਂ ਸਨ ਬਣਵਾ ਸਕੇ। ਸੋ ਇਹ ਸ਼ੁਭ ਕਾਰਜ ਨੂੰ ਸਿਰੇ ਚਾੜ੍ਹਨ ਦਾ ਸੰਕਲਪ ਉਨ੍ਹਾਂ ਨੇ ਹੁਣ ਪੂਰਾ ਕਰਨਾ ਸ਼ੁਰੂ ਕਰ ਦਿਤਾ।

ਫੇਰ ਖਡੂਰ ਸਾਹਿਬ ਵਿਚ ਸੇਵਾ ਦਾ ਯੱਗ ਲਗ ਗਿਆ। ਸੰਗਤਾਂ ਭਾਰੀ ਗਿਣਤੀ ਵਿਚ ਇਕੱਤਰ ਹੁੰਦੀਆਂ, ਲੰਗਰ ਗੁਰੂ ਦਾ ਅਤੁਟ ਵਰਤਦਾ, ਵਾਹਿਗੁਰੂ ਨਾਮ ਦੇ ਸਿਮਰਨ ਦੀ ਅੰਮ੍ਰਿਤ ਬਰਖਾ ਹੁੰਦੀ ਅਤੇ ਸੰਗਤਾਂ ਆਪਣੇ ਤਨ ਮਨ ਤੇ ਧੰਨ ਨੂੰ ਗੁਰੂ ਘਰ ਦੀ ਸੇਵਾ ਨਾਲ ਪਵਿਤਰ ਕਰਦੀਆਂ।

ਸੰਤਾਂ ਨੇ ਇਕ ਪਾਸੇ ਰੋੜ੍ਹੀ ਕੁਟਵਾਣੀ ਸ਼ੁਰੂ ਕਰ ਦਿਤੀ ਅਤੇ ਦੂਜੇ ਪਾਸੇ ਚੂਨਾ ਬਣਾਉਣ ਲਈ ਰੋੜ ਇਕੱਠੇ ਕਰਕੇ ਭੱਠੀਆਂ ਲਵਾ ਦਿਤੀਆਂ। ਸੰਤ ਜੀ ਦਰਯਾ ਦੇ ਕੰਢੇ ਜਾ ਕੇ ਆਪਣੇ ਪਵਿਤ੍ਰ ਹੱਥਾਂ ਨਾਲ ਰੋੜੇ ਇਕੱਤਰ ਕਰਦੇ।

ਜਦ ਹੰਸਲੀ ਦਾ ਕੰਮ ਆਰੰਭ ਹੋਇਆ ਤਾਂ ਸੰਤ ਜੀ ਬੜੇ ਚਾਅ ਨਾਲ ਉਸ ਨੂੰ ਵੇਖਦੇ ਅਤੇ ਸੇਵਾ ਕਰਨ ਵਾਲੀਆਂ ਸੰਗਤਾਂ ਤੇ ਕਾਰੀਗਰਾਂ ਨਾਲ ਦਿਲ ਖੋਹਲਕੇ ਗੱਲਾਂ ਕਰਦੇ। ਕਾਰੀਗਰਾਂ ਨੂੰ ਆਪ ਹੱਸਕੇ ਕਹਿੰਦੇ—'ਵੇਖਣਾ ਭਾਈ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਕੰਮ ਕੱਚਾ ਨਹੀਂ ਕਰਨਾ!' ਕਾਰੀਗਰ ਸ਼ਰਧਾ ਨਾਲ ਸਿਰ ਝੁਕਾ ਕੇ ਆਖਦੇ 'ਸਤਿ ਬਚਨ ਮਹਾਰਾਜ!'

ਸੰਤ ਜੀ ਉਨ੍ਹਾਂ ਨੂੰ ਵਾਹਿਗੁਰੂ ਨਾਮ ਦਾ ਅੰਮ੍ਰਿਤ ਬਖਸ਼ਕੇ ਨਿਹਾਲ ਕਰਦੇ ਇਸ ਤਰ੍ਹਾਂ ਕੁਝ ਮਹੀਨਿਆਂ ਵਿਚ ਕਈ ਹਜ਼ਾਰ ਰੁਪੈ ਦੀ ਲਾਗਤ ਨਾਲ ਇਹ ਢਾਈ ਮੀਲ ਲੰਮੀ ਹੰਸਲੀ ਦੀ ਸੇਵਾ ਸੰਪੂਰਨ ਹੋ ਗਈ। ਜਿਸ ਨੂੰ ਵੇਖਕੇ ਸੰਤ ਬਹੁਤ ਖੁਸ਼ ਹੋਏ। ਜਦ

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਨੂੰ ਨਿਸ਼ਚਾ ਹੋ ਗਿਆ ਕਿ ਹੰਸਲੀ ਬੜੀ ਪੱਕੀ ਤੇ ਚੰਗੀ ਬਣ ਗਈ ਹੈ ਅਤੇ ਹੁਣ ਪਵਿਤਰ ਸਰੋਵਰ ਦੇ ਜਲ ਦੀ ਬੇਅਦਬੀ ਨਹੀਂ ਹੋਵੇਗੀ ਤਾਂ ਵਾਹਿਗੁਰੂ ਦਾ ਧੰਨਵਾਦ ਕਰਦੇ ਹੋਏ ਆਪਣੇ ਪਿਆਰੇ ਅੰਮ੍ਰਿਤਸਰ ਨੂੰ ਮੁੜ ਆਏ।

੧੯੪੭ ਦਾ ਸਾਲ ਹਿੰਦੁਸ਼ਤਾਨ ਦੇ ਇਤਹਾਸ ਵਿਚ ਹਮੇਸ਼ਾਂ ਕਾਲੇ ਅੱਖਰਾਂ ਨਾਲ ਲਿਖਿਆ ਰਹੇਗਾ। ਉਸ ਤਰ੍ਹਾਂ ਇਸ ਦੇਸ਼ ਦੀ ਗੁਲਾਮੀ ਦਾ ਖ਼ਾਤਮਾ ਭੀ ਏਸੇ ਸਾਲ ਹੀ ਹੋਇਆ ਪਰੰਤੂ ਉਤਰ ਪਛਮੀ ਹਿੰਦੁਸਤਾਨ ਦੇ ਸੂਬਿਆਂ ਵਿਚ ਜੋ ਕੁਝ ਹੋਇਆ, ਉਸ ਨੂੰ ਵੇਖ ਕੇ ਇਸ ਸਾਲ ਨੂੰ ਨਿਰਦਯਤਾ ਦਾ ਰੂਪ ਹੀ ਆਖਣਾ ਪਵੇਗਾ।

ਦੇਸ਼ ਦੇ ਲੀਡਰਾਂ ਨੇ ਕੁਰਸੀਆਂ ਦੀ ਖਾਤਰ ਕਾਹਲ ਕੀਤੀ ਖਾਸ ਕਰਕੇ ਗਾਂਧੀ ਜੀ ਨੇ ਤਾਂ ਦੇਸ਼ ਨਾਲ ਧਰੋਹ ਕੀਤਾ ਕਿ ਪਾਕਿਸਤਾਨ ਮੇਰੀ ਲਾਸ਼ ਤੇ ਬਣੇਗਾ ਪਰ ਝੱਟ ਮੰਨ ਲਿਆ ਜਿਸ ਨਾਲ ਦੇਸ਼ ਦੇ ਤਕ੍ਰੀਬਨ ਦਸ ਲਖ ਬੇਗੁਨਾਹ ਇਨਸਾਨ ਕਤਲ ਹੋਏ।

ਇਨ੍ਹਾਂ ਮਾੜੇ ਦਿਨਾਂ ਵਿਚ ਜਦ ਮਨੁਖਤਾ ਤੇ ਮਜ਼ੂਬ ਦੇ ਨਾਮ ਪਰ ਮਾਸੂਮਾ ਦਾ ਲਹੂ ਡੋਹਲਿਆਂ ਜਾ ਰਿਹਾ ਸੀ, ਜਦ ਬੇਗੁਨਾਹਾਂ ਦੀਆਂ ਜਾਇਦਾਦਾਂ ਲੁਟੀਆਂ ਜਾ ਰਹੀਆਂ ਸਨ ਅਤੇ ਜਦ ਦੇਸ ਦੀ ਅਣਮੁਲੀ ਇਜ਼ਤ ਆਬਰੂ ਲੁਟੀ ਜਾ ਰਹੀ ਸੀ, ਉਸ ਸਮੇਂ ਸਰਕਾਰੀ ਮਸ਼ੀਨਰੀ ਉਸ ਦੀ ਰਖਿਆ ਕਰਨ ਲਈ ਉਕੀ ਹੀ ਨਾਕਾਰੀ ਸਾਬਤ ਹੋਈ ਸੀ। ਉਸ ਸਮੇਂ ਜੇਕਰ ਕੁਝ ਠੱਲ ਪਾਈ ਤਾਂ ਉਹ ਵਾਹਿਗੁਰੂ ਦੇ ਪਿਆਰੇ ਸੰਤ ਹੀ ਸਨ, ਜਿਨ੍ਹਾਂ ਨੇ ਆਪਣੇ ਰੂਹਾਨੀ-ਬਲ ਨਾਲ ਆਪਣੇ ਪ੍ਰੇਮੀਆਂ ਦੀ ਰਖਿਆ ਕੀਤੀ ਅਤੇ ਭੁਖੇ ਤੇ ਤਿਹਾਏ ਸ਼ਰਨਾਰਥੀਆਂ ਨੂੰ ਅੰਨ-ਪਾਣੀ ਦੇ ਕੇ ਉਨ੍ਹਾਂ ਦੇ ਆੱਲੇ ਫੱਟਾਂ ਪਰ ਮਲ੍ਹਮ ਦੇ ਫਾਹੇ ਰਖੇ।

ਉਸ ਸਮੇਂ ਸੇਵਕਾਂ ਤੇ ਸੰਗਤਾਂ ਨੇ ਸੰਤ ਗੁਰਮੁਖ ਸਿੰਘ ਜੀ ਦੀਆਂ ਭੀ ਕਈ ਜ਼ਾਹਰੀ ਕਰਾਮਾਤਾਂ ਵੇਖੀਆਂ, ਜਿਨ੍ਹਾਂ ਦਾ ਕੁਝ ਕੁ ਵੇਰਵਾ ਅਸੀਂ ਹੇਠਾਂ ਦਿੰਦੇ ਹਾਂ :-

Sri Satguru Jagjit Singh Ji eLibrary NamdhariElibrary@gmail.com

ਪਿਸ਼ਾਵਰ ਦੇ ਸੇਵਕਾਂ ਨੂੰ ਕਿਵੇਂ ਬਚਾਇਆ

ਸਭ ਤੋਂ ਪਹਿਲਾਂ ਪੂਰਬੀ ਬੰਗਾਲ, ਫੇਰ ਬਿਹਾਰ ਤੇ ਫੇਰ ਉਤਰ ਪਛਮੀ ਸਰਹੱਦੀ ਸੂਬ ਤੇ ਪਛਮੀ ਪੰਜਾਬ ਵਿਚ ਫਸਾਦਾਂ ਦੇ ਭਾਂਬੜ ਉਠੇ। ਮੁਸਲਮ ਲੀਗੀ ਛੁਰੇ ਦੇ ਜ਼ੋਰ ਨਾਲ ਪਾਕਸਤਾਨ ਬਨਾਉਣ ਲਈ ਤੁਲੇ ਹੋਏ ਸਨ। ਸਰਹੱਦੀ ਸੂਬੇ ਵਿਚ ਲੀਗੀਆਂ ਦੀਆਂ ਛੁਰੀਆਂ ਚਲਣ ਲਗੀਆਂ ਤਾਂ ਪਸ਼ਾਵਰ ਵਿਚ ਬੈਠੇ ਸੰਤਾਂ ਦੇ ਕੁਝ ਪਰੇਮੀ ਸੋਚਣ ਲਗੇ ਕਿ ਉਹ ਕੀ ਕਰਨ। ਕੁਝ ਕਹਿਣ ਕਿ ਸਾਰਾ ਸਾਮਾਨ ਲੈ ਕੇ ਅੰਮ੍ਰਿਤਸਰ ਪੁਜ ਜਾਣਾ ਚਾਹੀਦਾ ਹੈ ਤੇ ਕੁਝ ਕਹਿਣ ਨਹੀਂ ਕੋਈ ਖਤਰਾ ਨਹੀਂ ਘਰ ਬਾਹਰ ਨਹੀਂ ਛਡਣੇ ਚਾਹੀਦੇ।

ਇਸ ਤਰ੍ਹਾਂ ਉਹ ਕਈ ਦਿਨ ਸੋਚਦੇ ਰਹੇ, ਪਰੰਤੂ ਕਿਸੇ ਨਿਰਣੇ ਪਰ ਨਾ ਪੁਜ ਸਕੇ। ਉਸ ਸਮੇਂ ਹਾਲਾਤ ਹਾਲਾ ਬਹੁਤ ਵਧੇਰੇ ਵਿਗੜੇ ਨਹੀਂ ਸਨ ਏਸੇ ਕਰਕੇ ਫੈਸਲਾ ਕਰਨਾ ਸੌਖਾ ਨਹੀਂ ਸੀ। ਜਦ ਉਨ੍ਹਾਂ ਨੂੰ ਕੋਈ ਰਾਹ ਨਜ਼ਰ ਨਾ ਆਵੇ ਤਾਂ ਉਨ੍ਹਾਂ ਨੇ ਸੰਤ ਜੀ ਮਹਾਰਾਜ ਨੂੰ ਯਾਦ ਕੀਤਾ ਅਤੇ ਆਪਣੇ ਜਾਨ ਮਾਲ ਤੇ ਇਜ਼ਤ ਆਬਰੂ ਨੂੰ ਸੰਤਾਂ ਦੀ ਆਤਮਕ-ਸ਼ਕਤੀ ਦੇ ਰਹਿਮ ਪਰ ਛਡ ਦਿਤਾ।

ਇਸ ਫੈਸਲੇ ਦੇ ਨਾਲ ਹੀ ਪਸ਼ੌਰੀ ਪਰੇਮੀਆਂ ਦੇ ਆਗੂ ਭਾਈ ਅਮੀਰ ਸਿੰਘ ਜੀ ਨੂੰ ਸੰਤਾਂ ਨੇ ਪ੍ਰਤੱਖ ਦਰਸ਼ਨ ਦਿਤੇ ਅਤੇ ਪਕੀ ਕੀਤੀ ਕਿ ਕਲ ਹੀ ਸਾਰੇ ਗੁਰਮੁਖ ਪਿਆਰੇ ਇਥੋਂ ਸਭ ਕੁਝ ਲੈ ਕੇ ਅੰਮ੍ਰਿਤਸਰ ਪੁਜ ਜਾਵੋ। ਉਨ੍ਹਾਂ ਨੇ ਹੁਕਮ ਦੀ ਪਾਲਣਾ ਕੀਤੀ ਅਤੇ ਜੋ ਕੁਝ ਉਨ੍ਹਾਂ ਦੇ ਪਾਸ ਸੀ ਲੈ ਕੇ ਰਾਜ਼ੀ ਖੁਸ਼ੀ ਅੰਮ੍ਰਿਤਸਰ ਪੁਜ ਗਏ। ਉਨ੍ਹਾਂ ਦੇ ਅੰਮ੍ਰਿਤਸਰ ਪੁਜਣ ਦੀ ਹੀ ਦੇਰ ਸੀ ਕਿ ਜੋ ਪਿਸ਼ਾਵਰ, ਸਰਹੱਦੀ ਸੂਬੇ ਦੀਆਂ ਹੋਰ ਥਾਵਾਂ ਅਤੇ ਪਛਮੀ ਪੰਜਾਬ ਵਿਚ ਪੂਰੇ ਜ਼ੋਰ ਨਾਲ ਲੁਟ ਮਾਰ ਸ਼ੁਰੂ ਹੋ ਗਈ ਅਤੇ ਜਿਹੜੇ ਹਿੰਦੂ

Sri Satguru Jagjit Singh Ji eLibrary NamdhariElibrary@gmail.com

ਸਿਖ ਹਾਲਾਂ ਤਕ ਉਥੋਂ ਨਿਕਲਕੇ ਨਹੀਂ ਆਏ ਸਨ ਉਹ ਭਾਰੀ ਬਿਪਤਾ ਵਿਚ ਫਸ ਗਏ। ਸੰਤਾਂ ਦੀ ਇਸ ਜ਼ਾਹਰਾ ਕਰਾਮਾਤ ਨਾਲ ਬਹੁਤ ਸਾਰੇ ਪ੍ਰਵਾਰਾਂ ਦਾ ਜਾਨ ਮਾਲ ਤੇ ਇਜ਼ਤ ਆਬਰੂ ਬਚ ਗਈ।

ਲਾਇਲਪੁਰ ਦੀ ਰਖਿਆ

ਜਦ ਜੜਾਂਵਾਲੇ ਤੇ ਸ਼ੇਖੂ ਪੁਰਾ ਵਿਚ ਕਤਲਾਮ ਤੇ ਲੁਟ ਮਾਰ ਦੀਆਂ ਭਿਆਨਕ ਖਬਰਾਂ ਸ੍ਰੀ ਅੰਮ੍ਰਿਤਸਰ ਪੁਜੀਆਂ ਤਾਂ ਇਹ ਖਤਰਾ ਪ੍ਰਤੱਖ ਸੀ ਕਿ ਲਾਇਲਪੁਰ ਭੀ ਏਸੇ ਜ਼ੁਲਮ ਦਾ ਸ਼ਿਕਾਰ ਹੋਵੇਗਾ। ਲਾਇਲਪੁਰ ਵਿਚੋਂ ਕੁਝ ਪਰੇਮੀ ਸਜਣ ਆਏ ਹੋਏ ਸਨ ਤੇ ਕੁਝ ਉਹ ਸਜਣ ਇਥੇ ਸਨ ਕਿ ਜਿਨ੍ਹਾਂ ਦੇ ਪਿਆਰੇ ਮਿਤਰ ਤੇ ਰਿਸ਼ਤੇਦਾਰ ਲਾਇਲਪੁਰ ਵਿਚ ਸਨ। ਉਹ ਇਕਠੇ ਹੋ ਕੇ ਸੰਤਾਂ ਦੀ ਸੇਵਾ ਵਿਚ ਹਾਜ਼ਰ ਹੋਏ ਅਤੇ ਬੇਨਤੀ ਕੀਤੀ 'ਮਹਾਰਾਜ ! ਤੁਸੀਂ ਇਸ ਯੁਗ ਦੇ ਅਵਤਾਰ ਹੋ ਇਸ ਭਿਆਨਕ ਤਬਾਹੀ ਤੋਂ ਲਾਇਲਪੁਰ ਦੀ ਰਖਿਆ ਕਰੋ।'

ਸੰਤ ਜੀ ਨੂੰ ਉਨ੍ਹਾਂ ਦੀ ਦੀਨ ਦਸ਼ਾ ਪਰ ਰਹਿਮ ਆ ਗਿਆ ਫੁਰਮਾਇਆ— ਤੁਸੀਂ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਦਰਬਾਰ ਵਿਚ ਕੜਾਹ ਪ੍ਰਸ਼ਾਦ ਲੈ ਕੇ ਜਾਵੋ ਅਤੇ ਲਾਇਲਪੁਰ ਵਾਸੀਆਂ ਦੀ ਰਖਿਆ ਲਈ ਅਰਦਾਸ ਕਰੋ !' ਉਨ੍ਹਾਂ ਪਰੇਮੀਆਂ ਨੇ ਹੁਕਮ ਦੀ ਪਾਲਣਾ ਕੀਤੀ।

ਅਗਲੇ ਦਿਨ ਹੋਰ ਭੀ ਭਿਆਨਕ ਖਬਰਾਂ ਬਾਰ ਵਿਚੋਂ ਪੁਜੀਆਂ। ਉਹੋ ਪਰੇਮੀ ਫੇਰ ਸੰਤਾਂ ਦੀ ਸੇਵਾ ਵਿਚ ਹਾਜ਼ਰ ਹੋਏ ਰੋਕੇ ਬੇਨਤੀ ਕੀਤੀ—ਮਹਾਰਾਜ ! ਅਸਾਨੂੰ ਧੀਰਜ ਨਹੀਂ ਆਉਂਦੀ। ਤੁਸੀਂ ਸਚੇ ਸੰਤ ਹੋ, ਕਿਰਪਾ ਕਰਕੇ ਸ੍ਰੀ ਗੁਰੂ ਰਾਮਦਾਸ ਜੀ ਦੇ

Sri Satguru Jagjit Singh Ji eLibrary NamdhariElibrary@gmail.com

ਚਰਨਾਂ ਵਿਚ ਅਰਦਾਸ ਕਰੋ ਜੋ ਲਾਇਲਪੁਰ ਤੋਂ ਸਾਰੇ ਹਿੰਦੂ ਸਿਖ ਸਹੀ ਸਲਾਮਤ ਇਜ਼ਤ ਆਬਰੋ ਲੈ ਕੇ ਆ ਜਾਣ। ਸੰਤਾਂ ਨੇ ਮੇਹਰ ਦੇ ਘਰ ਵਿਚ ਆ ਕੇ ਅਰਦਾਸ ਕੀਤੀ। ਫੇਰ ਸਮਾਧੀ ਵਿਚ ਚਲੇ ਗਏ ਅਤੇ ਮੁੜ ਅਖਾਂ ਖੋਹਲਕੇ ਫਰਮਾਇਆ—ਜਾਓ ਗੁਰੂ ਰਾਮਦਾਸ ਨੇ ਤੁਹਾਡੇ ਤੇ ਕਿਰਪਾ ਕੀਤੀ ਹੈ। ਲਾਇਲਪੁਰ ਦਾ ਇਕ ਹਿੰਦੂ ਸਿਖ ਭੀ ਨਹੀਂ ਮਰੇਗਾ ਤੇ ਸਾਰੇ ਸਹੀ ਸਲਾਮਤ ਜਾਨ ਮਾਲ ਤੇ ਪੱਤ ਲੈ ਕੇ ਆ ਜਾਣਗੇ।'

ਸੰਤਾਂ ਤੋਂ ਇਹ ਵਰ ਪ੍ਰਾਪਤ ਕਰਕੇ ਉਨ੍ਹਾਂ ਪ੍ਰੇਮੀਆਂ ਨੂੰ ਧੀਰਜ ਆਈ ਅਤੇ ਜਦ ਲਾਇਲਪੁਰ ਤੋਂ ਉਨ੍ਹਾਂ ਦੇ ਸਬੰਧੀ ਤੇ ਮਿਤ੍ਰ ਸਹੀ ਸਲਾਮਤ ਆ ਗਏ ਤਾਂ ਉਹ ਸੰਤਾਂ ਦੀ ਆਤਮਕ-ਸ਼ਕਤੀ ਨੂੰ ਧੰਨ ਧੰਨ ਆਖਣ ਲਗੇ। ਸਭ ਨੂੰ ਨਿਸਚਾ ਹੋ ਗਿਆ ਕਿ ਸੰਤ ਜੀ ਸਚ ਮੁਚ ਹੀ ਭਗਵਾਨ ਦੇ ਉਹ ਭਗਤ ਹਨ ਕਿ ਜੋ ਆਪਣੇ ਭਗਵਾਨ ਨਾਲ ਅਭੇਦ ਹੋਏ ਹੋਏ ਹਨ। ਦੂਜੇ ਸ਼ਬਦਾਂ ਵਿਚ ਉਹ ਇਸ ਯੁਗ ਦੇ ਅਵਤਾਰ ਹਨ—ਇਸ ਅਟੱਲ ਸਚਾਈ ਨੂੰ ਮੰਨਕੇ ਸਭ ਨੂੰ ਉਨ੍ਹਾਂ ਦੀ ਬਜ਼ੁਰਗੀ ਅਗੇ ਸਿਰ ਝੁਕਾਉਣਾ ਪਿਆ।

ਅੰਨ ਤੇ ਬਸਤਰ ਦੀ ਸੇਵਾ

ਸੰਤ ਜੀ ਸਾਵਨ ਦੀ ਸੰਗ੍ਰਾਂਦ ੨੦੦੪ ਨੂੰ ਸ੍ਰੀ ਦਰਬਾਰ ਸਾਹਿਬ ਕਮੇਟੀ ਦੀ ਨਵੀਂ ਸਕੀਮ ਅਨੁਸਾਰ ਪ੍ਰਕਰਮਾਂ ਚੌੜੀਆਂ ਕਰਨ ਅਤੇ ਨਵੇਂ ਬੁੰਗੇ ਤੇ ਡਿਉੜੀਆਂ ਬਨਾਉਣ ਦੀ ਮਹਾਨ ਸੇਵਾ ਸ਼ੁਰੂ ਕਰ ਚੁਕੇ ਸਨ। ਜਦ ਪਛਮੀ ਪੰਜਾਬ ਵਿਚੋਂ ਹਿੰਦੂ ਸਿਖ ਕਾਫਲਿਆਂ ਦੀ ਸ਼ਕਲ ਵਿਚ ਆਉਣੇ ਸ਼ੁਰੂ ਹੋਏ ਅਤੇ ਕੁਝ ਕਾਫਲੇ ਦਰਯਾ ਰਾਵੀ ਤੋਂ ਪਾਰ ਹੋਕੇ ਗਏ ਅਤੇ ਉਨ੍ਹਾਂ ਨੂੰ ਅੰਨ ਪਾਣੀ ਦੀ ਭਾਰੀ ਤੋਟ ਪ੍ਰਤੀਤ ਹੋਈ ਤਾਂ ਸਿਖ ਲੀਡਰ ਸੰਤਾਂ ਦੀ ਸੇਵਾ ਵਿਚ

Sri Satguru Jagjit Singh Ji eLibrary NamdhariElibrary@gmail.com

ਹਾਜ਼ਰ ਹੋਏ ਅਤੇ ਬੇਨਤੀ ਕੀਤੀ—ਮਹਾਰਾਜ ! ਕੁਝ ਸਮੇਂ ਲਈ ਇਸ ਇਮਾਰਤ ਦੀ ਸੇਵਾ ਨੂੰ ਰੋਕ ਕੇ ਉਨ੍ਹਾਂ ਅਭਾਗਿਆ ਦੀ ਸਾਰ ਲਓ ਜੋ ਤਬਾਹ ਹੋਕੇ ਭੁਖਣ ਭਾਣੇ ਵੈਰੀ ਨੇ ਰੋਕੇ ਹੋਏ ਨੇ ਅਥਵਾ ਇਥ ਜਾਂ ਜੋ ਭੁਖੇ ਨੰਗੇ ਫਿਰ ਰਹੇ ਸਨ।

ਸੰਤਾਂ ਨੇ ਸਤ ਬਚਨ ਆਖਿਆ ਅਤੇ ਇਸ ਸੇਵਾ ਵਿਚ ਜੁਟ ਗਏ। ਮਨੁਖਤਾ ਦੀ ਰਖਿਆ ਲਈ ਉਨ੍ਹਾਂ ਨੇ ਰਾਜ ਅਧਿਕਾਰੀਆਂ ਅਤੇ ਸਿਖ ਤੇ ਹਿੰਦੂ ਲੀਡਰਾਂ ਨਾਲ ਪੂਰਾ ਪੂਰਾ ਮਿਲਵਰਤਨ ਕਰਨਾ ਸ਼ੁਰੂ ਕਰ ਦਿਤਾ ਅਤੇ ਅਜਿਹਾ ਠੋਸ ਕੰਮ ਕਰ ਵਿਖਾਇਆ ਜੋ ਇਨ੍ਹਾਂ ਦੀ ਸਹਾਇਤਾ ਦਾ ਸਦਕਾ ਇਕ ਭੀ ਹਿੰਦੂ ਸਿਖ ਨਾ ਰਸਤੇ ਵਿਚ ਭੁਖਾ ਮਰਿਆ ਤੇ ਨਾਹੀ ਅੰਮ੍ਰਿਤਸਰ ਆ ਕੇ ਭੁਖਾ ਰਿਹਾ।

ਸਭ ਤੋਂ ਪਹਿਲਾਂ ਉਨ੍ਹਾਂ ਨੇ ਉਨ੍ਹਾਂ ਕਾਫ਼ਲਿਆਂ ਨੂੰ ਖੁਰਾਕ ਪੁਚਾਉਣ ਦਾ ਪ੍ਰਬੰਧ ਕੀਤਾ ਕਿ ਜੋ ਰਾਵੀ ਦਰਿਆ ਦੇ ਪਾਰ ਦੋ ਤਿੰਨ ਥਾਵਾਂ ਤੇ ਰੁਕੇ ਹੋਏ ਸਨ। ਉਹ ਹਰ ਰੋਜ਼ ਛੋਲਿਆਂ ਤੇ ਫੁਲੀਆਂ ਭੁਨਵਾਕੇ ਅਤੇ ਬੋਰੀਆਂ ਆਟੇ ਦੇ ਪ੍ਰਸ਼ਾਦੇ ਤਿਆਰ ਕਰਵਾਕੇ ਉਨ੍ਹਾਂ ਅਭਾਗਿਆਂ ਲਈ ਭੇਜਦੇ। ਇਹ ਖੁਰਾਕ ਉਹ ਕਈ ਵਾਰ ਖੁਸ਼ਕੀ ਦੇ ਰਸਤੇ ਟਰੱਕਾਂ ਰਾਹੀਂ ਭੇਜਦੇ, ਪਰੰਤੂ ਜਦ ਗੜ ਬੜ ਦੇ ਕਾਰਨ ਟਰੱਕਾਂ ਦੁਵਾਰਾ ਇਹ ਚੀਜ਼ਾਂ ਨਾ ਅਪੜ ਸਕਦੀਆਂ ਤਾਂ ਸਰਕਾਰ ਦੀ ਮਿਲਵਰਤਨ ਪ੍ਰਾਪਤ ਕਰਦੇ ਅਤੇ ਫੌਜੀ ਵਿਭਾਗਾਂ ਤੋਂ ਹਵਾਈ ਜਹਾਜ਼ ਪ੍ਰਾਪਤ ਕਰਕੇ ਇਹ ਰਾਸ਼ਨ ਉਨ੍ਹਾਂ ਦੁਵਾਰਾ ਰੁਕੇ ਹੋਏ ਹਿੰਦੂ ਸ਼ਰਨਾਰਥੀਆਂ ਤਕ ਅਪੜਾਉਂਦੇ।

ਸੰਤਾਂ ਦੇ ਇਸ ਮਹਾਨ ਯਤਨਾਂ ਦਾ ਸਦਕਾ ਹਜ਼ਾਰਾਂ ਉਹ ਇਸਤਰੀ ਪੁਰਸ਼ ਤੇ ਬਚੇ ਸਹੀ ਸਲਾਮਤ ਹਿੰਦੁਸਤਾਨ ਦੀ ਧਰਤੀ ਪਰ ਆਣ ਪੁਜੇ ਕਿ ਰਾਸ਼ਨ ਨਾ ਪੁਜਣ ਕਰਕੇ ਜਿਨ੍ਹਾਂ ਨੇ ਭੁਖ ਦੀ ਬੀਮਾਰੀ ਨਾਲ ਅਗਲੀ ਦੁਨੀਆਂ ਵਿਚ ਤੁਰ ਜਾਣਾ ਸੀ।

ਨਾ ਕੇਵਲ ਸੰਤਾਂ ਨੇ ਉਨ੍ਹਾਂ ਰੁਕੇ ਹੋਏ ਸ਼ਰਨਾਰਥੀਆਂ ਲਈ ਹੀ ਹਜ਼ਾਰਾਂ ਲਖਾਂ ਰੁਪਿਆਂ ਦਾ ਰਾਸ਼ਨ ਅਪੜਾਇਆ, ਸਗੋਂ ਇਥੇ

Sri Satguru Jagjit Singh Ji eLibrary NamdhariElibrary@gmail.com

ਪੁਜ ਰਹੇ ਹਿੰਦੂ ਸਿਖ ਸ਼ਰਨਾਰਥੀਆਂ ਲਈ ਭੀ ਗੁਰੂ ਦਾ ਖੁਲ੍ਹਾ ਲੰਗਰ ਲਾ ਦਿਤਾ, ਜਿਥੋਂ ਹਜ਼ਾਰਾਂ ਇਸਤਰੀ ਪੁਰਸ਼ ਰੋਜ਼ ਕਈ ਮਹੀਨੇ ਪ੍ਰਸ਼ਾਦ ਛਕਦੇ ਰਹੇ। ਇਹ ਲੰਗਰ ਹਰ ਪ੍ਰਾਣੀ ਮਾਤਰ ਲਈ ਖੁਲ੍ਹਾ ਸੀ।

ਸੰਤਾਂ ਨੇ ਜਿਥੇ ਭੁਖਿਆਂ ਨੂੰ ਰੋਟੀ ਦਿਤੀ ਉਥੇ ਨੰਗਿਆਂ ਨੂੰ ਕਪੜੇ ਭੀ ਬੜੇ ਖੁਲ੍ਹੇ ਦਿਲ ਨਾਲ ਵੰਡੇ। ਹਜ਼ਾਰਾਂ ਦੀ ਗਿਣਤੀ ਵਿਚ ਰਜ਼ਾਈਆਂ ਅਤੇ ਪਹਿਨਣ ਦੇ ਕਪੜੇ ਲੁਟੇ ਫੁਟੇ ਆਏ ਸ਼ਰਨਾਰਥੀਆਂ ਵਿਚ ਵੰਡੇ ਗਏ, ਜਿਸਦਾ ਨਤੀਜਾ ਹਜ਼ਾਰਾਂ ਪ੍ਰਵਾਰ ਕੜਕਦੀ ਹੋਈ ਸੀਤ ਦੀ ਮਾਰ ਤੋਂ ਬਚ ਗਏ।

ਇਸ ਤਰ੍ਹਾਂ ਸੰਤ ਜੀ ਮਹਾਰਾਜ ਨੇ ਦੁਖੀ ਸ਼ਰਨਾਰਥੀਆਂ ਦੀ ਉਹ ਮਹਾਨ ਸੇਵਾ ਤੇ ਸਹਾਇਤਾ ਕੀਤੀ ਕਿ ਜੋ ਕੋਈ ਵਡੇ ਤੋਂ ਵਡਾ ਰਾਜਾ ਮਹਾਰਾਜਾ ਭੀ ਨਾ ਕਰ ਸਕਦਾ। ਰਾਸ਼ਨ ਪੁਚਾਉਣ ਦਾ ਕੰਮ ਜਿਸ ਸਫਲਤਾ ਨਾਲ ਸੰਤਾਂ ਨੇ ਕੀਤਾ। ਉਸ ਹਾਲਤ ਵਿਚ ਅਸਾਡੀ ਸਰਕਾਰ ਲਈ ਭੀ ਉਤਨਾ ਕਰ ਸਕਣਾ ਸੰਭਵ ਨਾ ਹੁੰਦਾ। ਸੰਤਾਂ ਦੇ ਇਸ ਮਹਾਨ ਕਾਰਜ ਵਿਚ ਸ਼ਹਿਰ ਦੇ ਸੇਵਕਾਂ ਨੇ ਭੀ ਵਧ ਚੜ੍ਹਕੇ ਹਿਸਾ ਲਿਆ। ਉਨ੍ਹਾਂ ਨੇ ਇਨ੍ਹਾਂ ਕਾਲੇ ਦਿਨਾਂ ਵਿਚ ਮਨੁਖਤਾ ਦੀ ਜਿਹੜੀ ਸ਼ਾਨਦਾਰ ਸੇਵਾ ਕੀਤੀ। ਕੋਈ ਇਨਸਾਫ ਪਸੰਦ ਇਤਿਹਾਸਕਾਰ ਉਸ ਨੂੰ ਅਖਾਂ ਤੋਂ ਓਹਲੇ ਨਹੀਂ ਕਰ ਸਕੇਗਾ, ਅਤੇ ਇਨਸਾਫ ਇਹ ਹੈ ਕਿ ਉਸ ਦਾ ਵਰਨਣ ਇਤਿਹਾਸ ਦੇ ਵਰਕਿਆਂ ਪਰ ਸੁਨੈਹਰੀ ਅਖਰਾਂ ਵਿਚ ਲਿਖਿਆ ਰਹੇ।

Sri Satguru Jagjit Singh Ji eLibrary NamdhariElibrary@gmail.com

ਅੰਙ ੧੧

ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਤੇ ਬੁੰਗਿਆਂ ਦੀ ਮਹਾਨ ਸੇਵਾ

ਸੂਹੀ ਮਹਲਾ ੪ ॥

ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ ॥ ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ ॥੧॥ ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥ ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ ॥੧॥ ਰਹਾਉ ॥ ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ ॥ ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ ॥੨॥ ਪੰਚ ਤਤੁ ਕਰਿ ਤੁਧੁ ਸ੍ਰਿਸ਼ਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥ ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ ॥੩॥ ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ ॥ ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ ॥੪॥ ੪ ॥

Sri Satguru Jagjit Singh Ji eLibrary NamdhariElibrary@gmail.com

ਜਿਹਾ ਕੁ ਅਸੀਂ ਪਿਛੇ ਦੱਸ ਆਏ ਹਾਂ ਸੰਤ ਗੁਰਮੁਖ ਸਿੰਘ ਜੀ ਨੇ ਸਾਵਨ ਦੀ ਸੰਗ੍ਰਾਂਦ ਸੰਮਤ ੨੦੦੪ ਬਿਕਰਮੀ ਨੂੰ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਹਰੀ ਮੰਦਰ ਅਤੇ ਅੰਮ੍ਰਿਤਸਰ ਸਰੋਵਰ ਦੇ ਆਲੇ ਦੁਆਲੇ ਪ੍ਰਕਰਮਾਂ ਨੂੰ ਖੁਲ੍ਹਾ ਕਰਨ ਅਤੇ ਉਸਦੇ ਇਰਦ ਗਿਰਦ ਨਵੀਂ ਸਕੀਮ ਅਨੁਸਾਰ ਸੁੰਦਰ ਬੁੰਗੇ ਤੇ ਡੇਉਢੀਆਂ ਉਸਾਰਨ ਦੀ ਸੇਵਾ ਦਾ ਮਹਾਨ ਕੁੰਭ ਸ਼ੁਰੂ ਕੀਤਾ। ਇਹ ਕੋਈ ਮਾਮੂਲੀ ਕੰਮ ਨਹੀਂ ਸੀ, ਸਗੋਂ ਇਸ ਪਰ ਕਰੋੜਾਂ ਰੁਪੈ ਖਰਚ ਹੋਣੇ ਸਨ, ਪਰੰਤੂ ਸੰਤਾਂ ਨੇ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਦਰ ਤੇ ਅਰਦਾਸ ਕਰਕੇ ਇਹ ਕੰਮ ਹਥ ਵਿਚ ਲੈ ਲਿਆ ਅਤੇ ਘੰਟਾ ਘਰ ਵਾਲੀ ਬਾਹੀ ਤੋਂ ਸੇਵਾ ਆਰੰਭ ਦਿਤੀ। ਕੁਝ ਬੁੰਗੇ ਦਾਨੀਆਂ ਨੇ ਇਸ ਸ਼ੁਭ ਕਾਰਜ ਲਈ ਅਰਦਾਸ ਕਰਾ ਦਿਤੇ ਤੇ ਬਾਕੀ ਸੰਤਾਂ ਨੇ ਮੁਲ ਦੇ ਕੇ ਖਰੀਦ ਲਏ ਅਤੇ ਕਾਰਜ ਅਰੰਭ ਦਿਤਾ ਗਿਆ।

ਇਹ ਮਹਾਨ ਕਾਰਜ ਉਸ ਸਮੇਂ ਸ਼ੁਰੂ ਹੋਇਆ ਜਦ ਪੰਜਾਬ ਫਸਾਦਾਂ ਦੀ ਅਗ ਵਿਚ ਸੜ ਰਿਹਾ ਸੀ। ਸੰਤਾਂ ਨੇ ਸੇਵਾ ਦੇ ਨਾਲ ਹੀ ਇਥੇ ਵਾਹਿਗੁਰੂ ਨਾਮ ਦੀ ਅੰਮ੍ਰਿਤ-ਬਰਖਾ ਭੀ ਸ਼ੁਰੂ ਕਰ ਦਿਤੀ। ਜਿਹੜੇ ਹਿਰਦੇ ਤਅੱਸਬ ਦੀ ਮਨੁਖਤਾ-ਹੀਣ ਅਗਨੀ ਨਾਲ ਝੁਲਸੇ ਹੋਏ ਇਥੇ ਪੁਜਦੇ ਇਸ ਰੂਹਾਨੀ ਅੰਮ੍ਰਿਤ ਨਾਲ ਉਨ੍ਹਾਂ ਨੂੰ ਸ਼ਾਂਤੀ ਮਿਲਦੀ ਅਤੇ ਉਹਨਾਂ ਦੇ ਜ਼ਖਮਾਂ ਤੇ ਇਸ ਥਾਂ ਤੋਂ ਠੰਢ ਪਾਉਣ ਵਾਲੀ ਮਲ੍ਹਮ ਲਗਦੀ। ਇਥੇ ਆ ਕੇ ਕਿਸੇ ਨੂੰ ਉਹ ਅੱਗ ਨਹੀਂ ਪੌਂਹਦੀ ਸੀ। ਬਾਹਰ ਜੋ ਤੇਜ਼ੀ ਨਾਲ ਮਨੁਖਤਾ ਨੂੰ ਦਗਧ ਕਰਦੀ ਜਾ ਰਹੀ ਸੀ। ਜਦ ਸਾਰੇ ਦੇਸ ਵਿਚ ਖਿਜ਼ਾ ਨੇ ਸੋਕਾ ਲਿਆਂਦਾ ਹੋਇਆ ਸੀ, ਇਸ ਰੂਹਾਨੀ ਬਗੀਚੇ ਦੇ ਬੂਟਿਆਂ ਤੇ ਪ੍ਰਫੁਲਤਾ ਤੇ ਖੇੜਾ ਪ੍ਰਤੱਖ ਨਜ਼ਰ ਆ ਰਿਹਾ ਸੀ।

ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਰੋੜੀ ਕੁਟਦੀਆਂ ਅਤੇ ਵਾਹਿਗੁਰੂ ਨਾਮ ਦਾ ਸਿਮਰਨ ਕਰਦੀਆਂ ਹੋਈਆਂ ਸ਼ਾਂਤੀ ਪ੍ਰਾਪਤ ਕਰਦੀਆਂ।

Sri Satguru Jagjit Singh Ji eLibrary NamdhariElibrary@gmail.com

ਹਾਲਾਂ ਇਹ ਕਾਰਜ ਸ਼ੁਰੂ ਹੀ ਹੋਇਆ ਸੀ, ਜੋ ਦੇਸ਼ ਦੀ ਵੰਡ ਹੋ ਗਈ ਅਤੇ ਗੜ ਬੜ ਨੇ ਭਿਆਨਕ ਰੂਪ ਧਾਰ ਲਿਆ ਜਿਹਾ ਕੁ ਅਸੀਂ ਪਿਛੇ ਦਸ ਆਏ ਹਾਂ ਉਸ ਗੜ ਬੜ ਦੇ ਸ਼ਿਕਾਰ ਹੋਏ ਦੁਖਿਆਰਿਆਂ ਦੀ ਸਹਾਇਤਾ ਵਾਸਤੇ ਸਿਖ ਆਗੂਆਂ ਨ ਸੰਤਾਂ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਬੇਨਤੀ ਕੀਤੀ ਅਤੇ ਸੰਤ ਮਨੁਖਤਾ ਦੀ ਮਹਾਨ ਸੇਵਾ ਵਿਚ ਰੁਝ ਗਏ।

ਸ਼ਰਨਾਰਥੀਆਂ ਦੀ ਸੇਵਾ ਅਤੇ ਮੁਸਲਮਾਨਾਂ ਦੀ ਰਖਿਆ

ਦੇਸ਼ ਦੀ ਵੰਡ ਹੋਈ ਤਾਂ ਇਸਦੇ ਸਾਹਮਣੇ ਇਕ ਮਹਾਨ ਸਮੱਸਿਆ ਆਣ ਖੜੀ ਹੋਈ। ਇਹ ਸਮਸਿਆ ਪਾਕਿਸਤਾਨ ਤੋਂ ਹਿੰਦੂ ਸਿਖਾਂ ਦੇ ਭਜਕੇ ਆਉਣ ਅਤੇ ਏਧਰੋਂ ਮੁਸਲਮਾਨਾਂ ਦੇ ਭਜਕੇ ਓਧਰ ਜਾਣ ਨਾਲ ਪੈਦਾ ਹੋਈ। ਇਸ ਤੋਂ ਭੀ ਗੰਭੀਰ ਹਾਲਤ ਇਸ ਕਰਕੇ ਪੈਦਾ ਹੋ ਗਈ ਕਿ ਓਧਰੋਂ ਹਿੰਦੂ ਸਿਖਾਂ ਨੂੰ ਲੁਟ ਮਾਰਕੇ ਕਢਿਆ ਜਾਣ ਲਗਾ ਅਤੇ ਏਹੋ ਗਲ ਏਧਰ ਭੀ ਹੋਣ ਲਗੀ। ਅਜ਼ਾਦੀ ਕੀ ਆਈ, ਖੂਨ ਖਰਾਬਾ ਤੇ ਤਬਾਹੀ ਆ ਗਈ। ਸੰਤ ਬਾਬਾ ਗੁਰਮੁਖ ਸਿੰਘ ਜੀ ਬੜੇ ਪਰੇਸ਼ਾਨ ਹੋਏ। ਇਕ ਦਿਨ ਉਹਨਾਂ ਨੂੰ ਜਦੋਂ ਇਸ ਗਲ ਦਾ ਪਤਾ ਲਗਾ ਕਿ ਮੁਸਲਮਾਨਾਂ ਦਾ ਇਕ ਕਾਫਲਾ ਹਰੀ ਕੇ ਪਤਣ ਤੋਂ ਦਰਿਆ ਬਿਆਸਾ ਨੂੰ ਪਾਰ ਕਰਕੇ ਏਧਰ ਆਇਆ ਹੈ ਅਤੇ ਤਰਨ ਤਾਰਨ ਦੇ ਲਾਗੇ ਉਸਤੇ ਹਮਲਾ ਹੋਣਾ ਹੈ ਤਾਂ ਆਪਣੇ ਕੁਝ ਸਾਥੀਆਂ ਨੂੰ ਲੈ ਕੇ ਉਸੇ ਵੇਲੇ ਤਰਨ ਤਾਰਨ ਵਲ ਚਲ ਪਏ। ਉਹਨਾਂ ਨੇ ਆਪਣੀ ਸਟੇਸ਼ਨ ਵੈਗਨ ਮੋਟਰ ਗੱਡੀ ਵਿਚ ਲਗ ਪਗ ਇਕ ਹਜ਼ਾਰ ਬੰਦਿਆਂ ਲਈ ਰੋਟੀਆਂ ਦਾਲ ਤੇ ਸਬਜ਼ੀਆਂ ਤਿਆਰ ਕਰਵਾਕੇ ਭੀ ਰਖ ਲਈਆਂ ਹਾਲਾਂ

Sri Satguru Jagjit Singh Ji eLibrary NamdhariElibrary@gmail.com

ਕਾਫਲਾ ਨੌਸ਼ਹਿਰਾ ਪਨੂੰਆਂ ਪਾਸ ਹੀ ਸੀ ਕਿ ਸੰਤ ਬਾਬਾ ਗੁਰਮੁਖ ਸਿੰਘ ਜੀ ਉਸਨੂੰ ਜਾ ਮਿਲੇ। ਉਹਨਾਂ ਵੇਖਿਆ ਕਾਫ਼ਲੇ ਤੇ ਸਹਿਮ ਜਿਹਾ ਛਾਇਆ ਹੋਇਆ ਸੀ, ਔਰਤਾਂ ਤੇ ਬੱਚੇ ਵਿਲਕ ਰਹੇ ਸਨ ਅਤੇ ਮਰਦਾਂ ਦੇ ਚੇਹਰੇ ਤੇ ਹਵਾਈਆਂ ਉਡ ਰਹੀਆਂ ਸਨ। ਸੰਤਾਂ ਦੀ ਮੋਟਰ ਜਦੋਂ ਕਾਫਲੇ ਦੇ ਪਾਸ ਜਾ ਕੇ ਰੁਕੀ ਅਤੇ ਉਸ ਵਿਚ ਬੈਠੇ ਹੋਏ ਅਠ ਦਸ ਸਿੰਘਾਂ ਨੇ 'ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ' ਦਾ ਜੈਕਾਰਾ ਛਡਿਆ ਤਾਂ ਕਾਫਲੇ ਵਿਚ ਖਲ-ਬਲੀ ਜਿਹੀ ਮਚ ਗਈ ਅਤੇ ਔਰਤਾਂ ਤੇ ਬਚਿਆਂ ਦੀ ਕੁਰਲਾਹਟ ਹੋਰ ਤਿਖੀ ਹੋ ਉਠੀ। ਕਾਫਲੇ ਦਾ ਆਗੂ ਮੁਹੰਮਦ ਬਖਸ਼ ਘਾਬਰਕੇ ਏਧਰ ਓਧਰ ਭਜਕੇ ਆਪਣੇ ਸਾਥੀਆਂ ਨੂੰ ਹਦਾਇਤਾਂ ਦੇਣ ਲਗਾ। ਦਰਿਆ ਦੇ ਉਸ ਪਾਰ ਭੀ ਕਾਫਲੇ ਤੇ ਹਮਲਾ ਹੋਇਆ ਸੀ ਪਰ ਫੌਜ ਦੇ ਇਕ ਸਿਖ ਦਸਤੇ ਦੇ ਸਮੇਂ ਸਿਰ ਪੁਜ ਜਾਣ ਤੇ ਇਸਦਾ ਬਚਾਅ ਹੋ ਗਿਆ ਸੀ, ਪਰੰਤੂ ਉਸ ਨਾਲ ਘਬਰਾਹਟ ਵਧ ਗਈ ਸੀ ਤੇ ਇਸ ਵਿਚ ਜਾ ਰਹੇ ਸਾਰੇ ਮੁਸਲਮਾਨਾਂ ਨੇ ਇਹ ਸਮਝ ਲਿਆ ਸੀ ਕਿ ਉਹ ਬਚਕੇ ਕਦੇ ਭੀ ਵਾਹਗੇ ਦੀ ਸਰਹਦ ਤੋਂ ਉਹ ਪਾਰ ਨਹੀਂ ਜਾ ਸਕਦੇ।

ਸੰਤ ਬਾਬਾ ਗੁਰਮੁਖ ਸਿੰਘ ਆਪਣੀ ਮੋਟਰ ਗਡੀ ਵਿਚੋਂ ਬਾਹਰ ਨਿਕਲੇ ਉਹਨਾਂ ਦੇ ਨਾਲ ਉਹਨਾਂ ਦੇ ਦੋ ਤਿੰਨ ਸਾਥੀ ਸਨ। ਕਾਫਲੇ ਦੇ ਲੋਕ ਸੜਕ ਤੇ ਬੈਠ ਗਏ ਸਨ ਅਤੇ ਕੁਝ ਨੌਜਵਾਨਾਂ ਨੇ ਔਰਤਾਂ ਤੇ ਬਚਿਆਂ ਨੂੰ ਘੇਰੇ ਵਿਚ ਲੈ ਕੇ ਲੜਨ ਮਰਨ ਦੀ ਤਿਆਰੀ ਕਰ ਲਈ ਸੀ।

'ਕੀ ਗਲ ਏ ਗੁਰਮੁਖੋ ?' ਬਾਬਾ ਗੁਰਮੁਖ ਸਿੰਘ ਜੀ ਨੇ ਕਾਫਲੇ ਦੇ ਪਾਸ ਜਾ ਕੇ ਬੜੇ ਹੀ ਮਿਠੇ ਲਹਿਜੇ ਵਿਚ ਪੁਛਿਆ।

ਕਾਫਲਾ ਦੇ ਆਗੂ ਮੁਹੰਮਦ ਬਖਸ਼ ਨੇ ਉਹਨਾਂ ਦੀ ਗਲ ਤਾਂ ਚੰਗੀ ਤਰ੍ਹਾਂ ਸੁਣੀ ਪਰ ਉਹਨਾਂ ਦੇ ਕੋਲ ਆ ਕੇ ਆਖਣ ਲਗਾ— ਮੈਨੂੰ ਪਤਾ ਹੈ ਤੁਸੀਂ ਅਸਾਨੂੰ ਮਾਰਨ ਲਈ ਆਏ ਹੋ, ਪਰੰਤੂ ਮੇਰੀ

Sri Satguru Jagjit Singh Ji eLibrary NamdhariElibrary@gmail.com

ਬੇਨਤੀ ਹੈ ਕਿ ਸਾਨੂੰ ਬੇਸ਼ਕ ਮਾਰ ਦਿਓ ਪਰ ਅਸਾਡੀਆਂ ਔਰਤਾਂ ਤੇ ਬਚਿਆਂ ਨੂੰ ਕੁਝ ਨਹੀਂ ਆਖਣਾ, ਇਹਨਾਂ ਨੂੰ ਮਾਰਨਾ ਨਹੀਂ, ਚਾਹੇ ਏਥੇ ਰਖ ਲਓ ਤੇ ਚਾਹੇ ਪਾਕਿਸਤਾਨ ਭੇਜ ਦਿਓ।'

'ਕਿਉਂ ਗੁਰਮੁਖਾ ਤੁਸੀਂ ਕੀ ਗੁਨਾਹ ਕੀਤਾ ਹੈ, ਜੋ ਤੁਹਾਨੂੰ ਮਾਰੀਏ। ਅਸਾਨੂੰ ਤਾਂ ਅਸਾਡੇ ਸਤਿਗੁਰਾਂ ਨੇ ਤੁਹਾਡੀ ਸੇਵਾ ਲਈ ਪਰੇਰਕੇ ਭੇਜਿਆ ਹੈ।' ਬਾਬਾ ਗੁਰਮੁਖ ਸਿੰਘ ਜੀ ਨੇ ਉਸਦਾ ਹਥ ਆਪਣੇ ਹੱਥ ਵਿਚ ਲੈ ਕੇ ਡਾਢੇ ਹੀ ਸਨੇਹ ਭਰੇ ਲਹਿਜੇ ਵਿਚ ਆਖਿਆ।

'ਅਸੀਂ ਮੁਸਲਮਾਨ ਜੂ ਹੋਏ, ਇਹ ਦੇਸ਼ ਵਿਚ ਅਜ਼ਾਦੀ ਕੀ ਆਈ। ਇਸ ਵਿਚ ਇਹ ਪਾਕਿਸਤਾਨ ਕੀ ਬਣਿਆ, ਅਸਾਡੀ ਤਬਾਹੀ ਆ ਗਈ। ਨਿਜ ਇਹ ਆਜ਼ਾਦੀ ਆਉਂਦੀ, ਨਿਜ ਇਹ ਪਾਕਿਸਤਾਨ ਬਣਦਾ।' ਇਹ ਕਹਿੰਦੇ ਹੋਏ ਮੁਹੰਮਦ ਬਖਸ਼ ਨੇ ਧਾਹਾਂ ਮਾਰ ਮਾਰ ਕੇ ਰੋਣਾ ਸ਼ੁਰੂ ਕਰ ਦਿਤਾ।

'ਕਮਲਾ ਨਾ ਹੋਵੇ ਤਾਂ ਇਸ ਤਰ੍ਹਾਂ ਭਲਾ ਕਿਉਂ ਸੋਚਦਾ ਏਂ, ਇਹ ਹਿੰਦੂ ਮੁਸਲਮਾਨ ਤੇ ਸਿਖ ਸਾਰੇ ਹੀ ਇਕੋ ਵਾਹਿਗੁਰੂ ਦੇ ਬੰਦੇ ਹਨ ਅਤੇ ਇਹਨਾਂ ਵਿਚ ਭਿੰਨ ਭੇਦ ਗੁਨਾਹ ਹੈ। ਸਾਡੇ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਰਬਤ ਦਾ ਭਲਾ ਮੰਗਿਆ ਹੈ ਅਤੇ ਅਸੀਂ ਤਾਂ ਰੋਜ਼ ਅਰਦਾਸ ਵਿਚ ਸਰਬਤ ਦਾ ਹੀ ਭਲਾ ਮੰਗਦੇ ਹਾਂ। ਤੁਸੀਂ ਭੈ ਭੀਤ ਨਾ ਹੋਵੋ, ਅਸੀਂ ਤੁਹਾਡੇ ਸੇਵਾਦਾਰ ਬਣਕੇ ਆਏ ਹਾਂ, ਤੁਹਾਡੀ ਰਖਿਆ ਕਰਨੀ ਆਪਣਾ ਧਰਮ ਸਮਝਕੇ ਆਏ ਹਾਂ।' ਇਹ ਸ਼ਬਦ ਬਾਬਾ ਗੁਰਮੁਖ ਸਿੰਘ ਜੀ ਨੇ ਰਤਾ ਉਚੇ ਅਜੇਹੇ ਲਹਿਜੇ ਵਿਚ ਕਹੇ ਕਿ ਕਾਫਲੇ ਵਿਚ ਸ਼ਾਮਲ ਕੋਈ ਇਕ ਹਜ਼ਾਰ ਦੇ ਲਗ ਪਗ ਸਾਰੇ ਬੰਦਿਆਂ ਨੇ ਸੁਣ ਲਏ। ਕਾਫਲੇ ਵਿਚੋਂ ਇਕ ਮੁਚਿਆਰ ਕੁੜੀ ਉਠਕੇ ਬਾਬਾ ਜੀ ਦੇ ਪਾਸ ਆ ਗਈ। ਉਸ਼ ਨੇ ਕਿਹਾ - 'ਬਾਬਾ ਜੀ ਇਹਨਾਂ ਗਲਾਂ ਦਾ ਕੀ ਲਾਭ, ਜਦ ਕਿ ਤੁਹਾਡੀ ਗੱਡੀ ਵਿਚ ਅਸਾਨੂੰ ਮਾਰਨ ਲਈ ਹਥਿਆਰ ਬੰਦ ਬੰਦੇ ਬੈਠੇ ਹਨ।'

Sri Satguru Jagjit Singh Ji eLibrary NamdhariElibrary@gmail.com

'ਭੈਣ ਜ਼ੀਨਤ, ਇਹ ਗਲ ਨਹੀਂ, ਇਹ ਮਹਾਂ ਪੁਰਖ ਬਾਬਾ ਗੁਰਮੁਖ ਸਿੰਘ ਜੀ ਹਨ, ਮੈਂ ਇਹਨਾਂ ਦੇ ਦਰਸ਼ਨ ਕਈ ਵਾਰ ਅੰਮ੍ਰਿਤਸਰ ਤੇ ਤਰਨ ਤਾਰਨ ਵਿਚ ਕੀਤੇ ਹਨ, ਇਹ ਅਸਾਡੇ ਰਾਖੇ ਹਨ।' ਇਕ ਨੌਜਵਾਨ ਨੇ ਕਾਫਲੇ ਵਿਚੋਂ ਨਿਕਲ ਕੇ ਉਹਨਾਂ ਦੇ ਕੋਲ ਆ ਕੇ ਕਿਹਾ, ਇਹ ਉਸ ਮੁਟਿਆਰ ਕੁੜੀ ਜ਼ੀਨਤ ਦਾ ਭਰਾ ਲਤੀਫ ਸੀ।

ਬਾਬਾ ਗੁਰਮੁਖ ਸਿੰਘ ਨੇ ਕੁੜੀ ਦੇ ਸਿਰ ਤੇ ਪਿਆਰ ਭਰਿਆ ਹਥ ਫੇਰਿਆ, ਉਹਨਾਂ ਦੀਆਂ ਅੱਖਾਂ ਵਿਚੋਂ ਅਥਰੂ ਉਮੰਡ ਆਏ। ਉਹਨਾਂ ਕਿਹਾ—'ਬੇਟੀ ਜ਼ੀਨਤ ਇਹ ਅੰਗਰੇਜ਼ ਦੀ ਕੁਟਲ ਨੀਤੀ ਅਤੇ ਦੇਸ਼ ਦੇ ਲੀਡਰਾਂ ਦੀ ਜਲਦ ਬਾਜ਼ੀ ਤੇ ਸਵਾਰਥ ਦਾ ਸਦਕਾ ਹੈ ਕਿ ਜੋ ਇਹ ਖ਼ੂਨ ਖਰਾਬਾ ਹੋ ਰਿਹਾ ਹੈ ਅਤੇ ਅਸੀਂ ਇਕ ਦੂਜੇ ਨੂੰ ਸ਼ੱਕ ਦੀਆਂ ਨਿਗਾਹਾਂ ਨਾਲ ਵੇਖਣ ਲਗ ਪਏ ਹਾਂ ਪਰ ਮੇਰੀ ਪੁਤਰੀ, ਕਲਗੀਆਂ ਵਾਲੇ ਸਤਿਗੁਰੂ ਨੇ ਅਸਾਨੂੰ ਤੁਹਾਡੀ ਸੇਵਾ ਲਈ ਹੀ ਭੇਜਿਆ ਹੈ, ਨਾ ਡਰ ਮੇਰੀ ਪੁਤਰੀ, ਬਿਲਕੁਲ ਨਾ ਡਰ ਮੇਰੀ ਗੱਡੀ ਵਿਚ ਤੁਹਾਡੇ ਲਈ ਰੋਟੀ ਟੁਕ ਹੈ, ਹਥਿਆਰ ਨਹੀਂ।'

ਇਹ ਕਹਿਣ ਪਿਛੋਂ ਬਾਬਾ ਗੁਰਮੁਖ ਸਿੰਘ ਜੀ ਨੇ ਆਪਣੇ ਸਾਥੀਆਂ ਨੂੰ ਕਿਹਾ - 'ਲੰਗਰ ਵਰਤਾਓ।'

ਅਤੇ ਜਦੋਂ ਬਾਬਾ ਜੀ ਦੇ ਸਾਥੀਆਂ ਨੇ ਲੰਗਰ ਵਰਤਾਉਣਾ ਸ਼ੁਰੂ ਕੀਤਾ, ਜਦੋਂ ਦੋ ਦਿਨਾਂ ਦੇ ਭੁਖੇ ਕਾਫਲੇ ਨੇ ਇਹ ਵੇਖਿਆ ਕਿ ਇਹ ਮਾਰਨ ਵਾਲੇ ਨਹੀਂ ਹਨ, ਸਗੋਂ ਜੀਵਨ ਦਾਨ ਦੇਣ ਵਾਲੇ ਹਨ ਤਾਂ ਉਨ੍ਹਾਂ ਦਾ ਭੈ ਜਾਂਦਾ ਰਿਹਾ ਅਤੇ ਉਸ ਵਿਚੋਂ ਨਿਕਲਕੇ ਕੁਝ ਨੌਜਵਾਨਾਂ ਨੇ ਲੰਗਰ ਵਰਤਾਉਣ ਵਿਚ ਬਾਬਾ ਜੀ ਦਾ ਸਾਥ ਦੇਣਾ ਸ਼ੁਰੂ ਕਰ ਦਿਤਾ।

'ਬਾਬਾ ਜੀ ਤੁਸੀਂ ਇਨਸਾਨ ਨਹੀਂ ਫਰਿਸ਼ਤੇ ਹੋ।' ਜਦੋਂ ਲੰਗਰ ਵਰਤ ਚੁਕਿਆ ਤਾਂ ਮੁਹੰਮਦ ਬਖਸ਼ ਨੇ ਉਹਨਾਂ ਦੇ ਪੈਰ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਛੋਂਹਦੇ ਹੋਏ ਕਿਹਾ।

ਭਾਈ ਇਹਦੇ ਵਿਚ ਫਰਿਸ਼ਤਗੀ ਕਾਹਦੀ ਹੈ, ਇਨਸਾਨ ਜੇਕਰ ਇਨਸਾਨ ਦੇ ਕੰਮ ਨਹੀਂ ਆਵੇਗਾ ਤਾਂ ਹੋਰ ਕੌਣ ਆਵੇਗਾ।' ਬਾਬਾ ਜੀ ਨੇ ਉਸਨੂੰ ਛਾਤੀ ਨਾਲ ਲਾਉਂਦੇ ਹੋਏ ਕਿਹਾ।

'ਬਾਬਾ ਜੀ ਮੈਂ ਗਲਤ ਸਮਝਿਆ ਸੀ। ਮੈਂ ਤੁਹਾਥੋਂ ਮਾਫੀ ਮੰਗਦੀ ਹਾਂ।' ਜ਼ੀਨਤ ਨੇ ਦੋਵੇਂ ਹਥ ਜੋੜਕੇ ਕਿਹਾ। ਉਹ ਇਕ ਚੰਗੀ ਪੜ੍ਹੀ ਲਿਖੀ ਕੁੜੀ ਜਾਪਦੀ ਸੀ।

'ਪੁਤਰੀ, ਜਦੋਂ ਹਾਲਾਤ ਇਸ ਤਰ੍ਹਾਂ ਦੇ ਹੋ ਗਏ ਹਨ ਤਾਂ ਤੇਰਾ ਸ਼ਕ ਕਰਨਾ ਸੁਭਾਵਕ ਹੀ ਸੀ। ਇਨਸਾਨ ਇਨਸਾਨ ਨਹੀਂ ਰਹਿ ਗਿਆ ਤੇ ਹੈਵਾਨ ਹੋ ਗਿਆ ਹੈ।' ਕਹਿੰਦੇ ਹੋਏ ਬਾਬਾ ਜੀ ਦੀਆਂ ਅਖਾਂ ਵਿਚੋਂ ਅਥਰੂ ਵਹਿ ਰਹੇ ਸਨ।

'ਬਾਬਾ ਜੀ, ਤੁਸੀਂ ਧੰਨ ਹੋ ਪਰ ਅਸਾਨੂੰ ਪਤਾ ਲਗਾ ਹੈ ਕਿ ਤਰਨ ਤਾਰਨ ਤੇ ਅੰਮ੍ਰਿਤਸਰ ਦੇ ਰਾਹ ਵਿਚ ਅਸਾਨੂੰ ਮਾਰਨ ਲਈ ਲੋਕ ਇਕਠੇ ਹੋਏ ਬੈਠੇ ਹਨ।' ਇਕ ਅਧ-ਖੜ ਉਮਰ ਦੀ ਔਰਤ ਨੇ ਉਹਨਾਂ ਦੇ ਕੋਲ ਆ ਕੇ ਕਿਹਾ। ਉਸ ਦਾ ਨਾਮ ਹੁਸੈਨੀ ਸੀ ਅਤ ਉਹ ਮੁਹੰਮਦ ਬਖਸ਼ ਦੇ ਘਰੋਂ ਸੀ।

'ਬੇਟੀ ਇਹ ਗਲ ਠੀਕ ਹੋ ਸਕਦੀ ਹੈ ਪਰ ਸਤਿਗੁਰਾਂ ਨੇ ਇਹ ਸਾਡੀ ਡੀਊਟੀ ਲਾ ਦਿਤੀ ਹੈ ਕਿ ਤੁਹਾਨੂੰ ਬਚਾਕੇ ਤੁਹਾਡੇ ਨਵੇਂ ਦੇਸ ਪੁਚਾ ਦਈਏ।' ਬਾਬਾ ਜੀ ਨੇ ਕਿਹਾ।

ਇਸ ਨਾਲ ਹੁਸੈਨੀ ਫੁਟ ਫੁਟ ਕੇ ਰੋਣ ਲਗ ਪਈ, ਬੋਲੀ– 'ਬਾਬਾ ਜੀ ਅਸਾਡਾ ਦੇਸ ਤਾਂ ਇਹੀ ਸੀ। ਕਿ ਜਿਥੋਂ ਅਸੀਂ ਸਭ ਕੁਝ ਛਡ ਕੇ ਨਿਕਲ ਰਹੇ ਹਾਂ।

ਬਾਬ ਜੀ ਇਸ ਗਲ ਦਾ ਕੀ ਜਵਾਬ ਦਿੰਦੇ, ਇਹ ਇਕ ਸਚਾਈ ਸੀ। ਉਹਨਾਂ ਮੁਹੰਮਦ ਬਖਸ਼ ਵਲ ਵੇਖਿਆ ਤੇ ਕਿਹਾ – ਰਾਤ ਪੈ ਗਈ ਹੈ, ਕਾਫਲਾ ਰਾਤ ਏਥੇ ਹੀ ਕਿਆਮ ਕਰੇ ਤਾਂ ਚੰਗਾ ਰਹੇਗਾ।'

Sri Satguru Jagjit Singh Ji eLibrary NamdhariElibrary@gmail.com

ਜਿਵੇਂ ਤੁਹਾਡਾ ਹੁਕਮ।' ਮੁਹੰਮਦ ਬਖਸ਼ ਬੋਲਿਆ।

'ਮੀਂਹ ਦਾ ਰੰਗ ਭੀ ਹੈ, ਚਲੋ ਰਾਤ ਤੁਹਾਨੂੰ ਤਰਨ ਤਾਰਨ ਰਖਾਂਗੇ ਅਤੇ ਸਵੇਰੇ ਲੰਗਰ ਛਕਾ ਕੇ ਅਗੇ ਤੋਰਾਂਗੇ।' ਬਾਬਾ ਜੀ ਨੇ ਕਿਹਾ।

ਕਾਫਲਾ ਚਲ ਪਿਆ ਰਾਤ ਬਾਬਾ ਜੀ ਨੇ ਉਸਨੂੰ ਤਰਨ ਤਾਰਨ ਠਹਿਰਾਇਆ। ਉਸ ਲਈ ਸਵੇਰੇ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੇ ਲੰਗਰ ਵਿਚੋਂ ਚਾਹ ਬਣਕੇ ਆਈ ਅਤੇ ਲੰਗਰ ਤੇ ਦਾਲਾਂ ਉਹਨਾਂ ਵਿਚ ਵੰਡ ਕੇ ਬਾਬਾ ਜੀ ਨੇ ਆਪਣੀ ਅਗਵਾਈ ਹੇਠਾਂ ਕਾਫਲਾ ਅੰਮ੍ਰਿਤਸਰ ਵਲ ਤੋਰ ਲਿਆ। ਦੁਬੁਰਜੀ ਦੇ ਲਾਗੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਸ ਕਾਫਲੇ ਤੇ ਹਮਲੇ ਲਈ ਇਕਠੇ ਹੋਏ ਹੋਏ ਸਨ, ਇਹ ਵੇਖਕੇ ਬਾਬਾ ਜੀ ਆਪਣੀ ਮੋਟਰ ਗਡੀ ਵਿਚੋਂ ਨਿਕਲੇ ਅਤੇ ਗਜ ਕੇ ਕਿਹਾ-'ਵਾਹਿਗੁਰੂ ਦੇ ਇਹਨਾਂ ਬੰਦਿਆਂ ਤੇ ਹਮਲਾ ਕਰਨ ਤੋਂ ਪਹਿਲਾਂ ਮੈਨੂੰ ਗੋਲੀ ਨਾਲ ਉਡਾ ਦਿਓ।'

ਇਹ ਸ਼ਬਦ ਨਹੀਂ, ਜਾਦੂ ਸੀ ਇਕੱਠੀ ਹੋਈ ਭੀੜ ਠੰਠਬਰ ਗਈ, ਬੰਦੂਕਾਂ ਦੀਆਂ ਨਾਲੀਆਂ ਨੀਵੀਆਂ ਹੋ ਗਈਆਂ ਤੇ ਤਾਣੇ ਹੋਏ ਬਰਛੇ ਧਰਤੀ ਤੇ ਲਹਿ ਗਏ। ਬਾਬਾ ਜੀ ਕਾਫਲੇ ਨੂੰ ਆਪਣੀ ਹਿਫਾਜ਼ਤ ਵਿਚ ਅੰਮ੍ਰਿਤਸਰ ਲੈ ਆਏ ਤੇ ਫੇਰ ਏਥੋਂ ਫੌਜ ਦੀ ਹਿਫਾਜ਼ਤ ਵਿਚ ਪਾਕਸਤਾਨ ਭੇਜ ਦਿਤਾ।

ਉਹਨਾਂ ਨੇ ਇਸ ਦਿਨ ਤੋਂ ਮੁਸਲਮਾਨਾਂ ਨੂੰ ਬਚਾਉਣ ਦਾ ਬੀੜਾ ਚੁਕ ਲਿਆ। ਸ਼ਹਿਰ ਦੇ ਜਿਸ ਹਿਸੇ ਵਿਚ ਭੀ ਮੁਸਲਮਾਨਾਂ ਤੇ ਕੋਈ ਭੀੜ ਬਣੀ ਹੋਈ ਸੁਣਦੇ ਤਾਂ ਤਤਕਾਲ ਆਪਣੇ ਸਾਥੀਆਂ ਸਮੇਤ ਉਥੇ ਜਾ ਪੁਜਦੇ ਤੇ ਉਹਨਾਂ ਨੂੰ ਕਢ ਕੇ ਕੈਂਪਾਂ ਵਿਚ ਪੁਚਾ ਦਿੰਦੇ।

ਪਾਕਸਤਾਨ ਵਿਚੋਂ ਆਉਣ ਵਾਲੇ ਹਿੰਦੂ ਸਿਖਾਂ ਲਈ ਉਹਨਾਂ ਲੰਗਰ ਲਾ ਦਿਤਾ, ਜਿਸ ਵਿਚੋਂ ਹਜ਼ਾਰਾਂ ਦੀ ਗਿਣਤੀ

Sri Satguru Jagjit Singh Ji eLibrary NamdhariElibrary@gmail.com

ਵਿਚ ਸ਼ਰਨਾਰਥੀ ਰੋਜ਼ ਲੰਗਰ ਛਕਦੇ, ਬਾਬਾ ਜੀ ਲੋੜਵੰਦ ਸ਼ਰਨਾਰਥੀ ਦੀ ਮਾਇਕ ਸਹਾਇਤਾ ਭੀ ਕਰਦੇ ਤਾਂ ਜੋ ਉਹ ਜੇਕਰ ਆਪਣੇ ਕਿਸੇ ਰਿਸ਼ਤੇਦਾਰ ਪਾਸ ਅਪੜਣਾ ਚਾਉਣ ਤਾਂ ਅਪੜ ਜਾਣ।

ਇਸਦੇ ਨਾਲ ਹੀ ਬੁੰਗਿਆਂ ਦੀ ਸੇਵਾ ਭੀ ਜ਼ੋਰ ਸ਼ੋਰ ਨਾਲ ਸੁਰੂ ਰਖੀ। ਉਹਨਾਂ ਦੇ ਡੇਰੇ ਅਤੇ ਸੇਵਾ ਅਸਥਾਨ ਤੇ ਹਰ ਸਮੇਂ ਇਕ ਮੇਲਾ ਜਿਹਾ ਲਗਿਆ ਰਹਿੰਦਾ।

ਇਕ ਮੁਟਿਆਰ ਬੀਬੀ ਰਾਜਿੰਦਰ ਕੌਰ ਆਪਣੇ ਦੋ ਸਾਲਾਂ ਦੇ ਮਾਸੂਮ ਬਚੇ ਸਮੇਤ ਪਾਕਸਤਾਨੋਂ ਆਈ ਸੀ। ਉਸਦਾ ਪਤੀ ਉਥੇ ਮੁਸਲਮਾਨਾਂ ਹਥੋਂ ਕਤਲ ਹੋ ਗਿਆ ਸੀ। ਉਸ ਏਥੇ ਬਾਬਾ ਜੀ ਦੇ ਡੇਰੇ ਆਸਰਾ ਲਿਆ ਸੀ। ਅਚਾਨਕ ਉਹਦਾ ਬਚਾ ਸਖਤ ਬੀਮਾਰ ਹੋ ਗਿਆ ਅਤੇ ਉਸ ਦੀ ਨਬਜ਼ ਹੌਲੀ ਹੋ ਗਈ। ਬੀਬੀ ਰਾਜਿੰਦਰ ਕੌਰ ਢਾਹਾਂ ਮਾਰ ਮਾਰ ਕੇ ਰੋਣ ਲਗੀ। ਉਹ ਪਾਗਲ ਹੋ ਉਠੀ ਤੇ ਖੂਹ ਵਲ ਦੌੜ ਆਈ। ਬਾਬਾ ਜੀ ਨੇ ਉਸ ਨੂੰ ਰੋਕ ਕੇ ਪੁਛਿਆ 'ਕੀ ਗਲ ਹੈ ਪੁਤਰੀ ?'

'ਬਾਬਾ ਜੀ ਇਕ ਬੱਚਾ ਹੀ ਮੇਰੀ ਜ਼ਿੰਦਗੀ ਦਾ ਸਹਾਰਾ ਸੀ ਉਹ ਨਹੀਂ ਰਿਹਾ ਤਾਂ ਮੈਂ ਕੀ ਕਰਨਾ ਜੀਉਕੇ।' ਉਹ ਡੁਬਾਂ ਮਾਰਦੀ ਹੋਈ ਬੋਲੀ।

'ਕਮਲੀ ਨਾ ਹੋਵੇ ਤਾਂ, ਤੇਰਾ ਲਾਲ ਤਾਂ ਰਾਜੀ ਬਾਜ਼ੀ ਹੈ।' ਬਾਬਾ ਜੀ ਨੇ ਹਸ ਕੇ ਕਿਹਾ। ਬੀਬੀ ਰਾਜਿੰਦਰ ਕੌਰ ਨੇ ਪਿਛੇ ਮੁੜ ਕੇ ਵੇਖਿਆ ਤਾਂ ਸਚਮੁਚ ਹੀ ਉਹਦਾ ਪੁਤਰ ਹਸਦਾ ਹੋਇਆ ਉਹਦੇ ਵਲ ਹੀ ਆ ਰਿਹਾ ਸੀ।

Sri Satguru Jagjit Singh Ji eLibrary NamdhariElibrary@gmail.com

ਕਾਂਡ ੧੨

ਸੰਤ ਸੇਵਕਾਂ ਵਲੋਂ ਵਿਸਥਾਰ ਤੇ ਸ਼ਰਧਾਜਲੀਆਂ

ਸਾਧ ਕੀ ਮਹਿਮਾ ਬੇਦ ਨ ਜਾਨਹਿ ॥ ਜੇਤਾ ਸੁਨਹਿ ਤੇਤਾ ਬਖਿਆਨਹਿ ॥ ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥ ਸਾਧ ਕੀ ਉਪਮਾ ਰਹੀ ਭਰਪੂਰਿ ॥ ਸਾਧ ਕੀ ਸੋਭਾ ਕਾ ਨਾਹੀ ਅੰਤ ॥ ਸਾਧ ਕੀ ਸੋਭਾ ਸਦਾ ਬੇਅੰਤ ॥ ਸਾਧ ਕੀ ਸੋਭਾ ਉਚ ਤੇ ਊਚੀ ॥ ਸਾਧ ਕੀ ਸੋਭਾ ਮੂਚ ਤੇ ਮੂਚੀ ॥ ਸਾਧ ਕੀ ਸੋਭਾ ਸਾਧ ਬਨਿ ਆਈ ॥ ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ ੮ ॥ ੭ ॥

(ਸ੍ਰੀ ਸੁਖਮਨੀ ਸਾਹਿਬ)

ਭਾਈ ਕੇਸਰ ਸਿੰਘ ਜੀ ਬਜ਼ਾਜ਼ ਤਰਨ ਤਾਰਨ

(ਉਮਰ ੬੦ ਸਾਲ)

ਮੈਂ ਸੰਤ ਬਾਬਾ ਗੁਰਮੁਖ ਸਿੰਘ ਜੀ ਦੇ ਦਰਸ਼ਨ ਕਰਨ ਨਹਿਰ ਪਰ ਹਰ ਮਹੀਨਾ ਸੁਨਣ ਚਲਾ ਜਾਂਦਾ, ਹੋਰ ਪਾਠ ਪੂਜਾ ਜਾਂ ਗੁਰਦਵਾਰਿਆਂ ਦੇ ਦਰਸ਼ਨ ਸੇਵਾ ਵਲ ਕੋਈ ਧਿਆਨ ਨਹੀਂ

Sri Satguru Jagjit Singh Ji eLibrary NamdhariElibrary@gmail.com

ਸੀ ਪਰ ਮੇਰੀ ਸਪਤਨੀ ਸੁਰਿੰਦਰ ਕੌਰ ਜਾਂਦੀ ਤੇ ਸੇਵਾ ਭੀ ਕਰਦੀ ਰਹਿੰਦੀ। ਇਕ ਦਿਨ ਉਹ ਆਪਣੀ ਚਾਲੀਸ ਦਿਨ ਦੀ ਕਾਕੀ ਗੋਦੀ ਵਿਚ ਲੈਕੇ ਗਈ, ਸੰਤ ਜੀ—ਸੁਰਿੰਦਰ ਕੌਰ ਇਹ ਕਾਕਾ ਹੈ ਉਸ ਨੇ ਉੜ੍ਹ ਦਿਤਾ—ਨਹੀਂ ਮਹਾਰਾਜ ਏਹ ਕਾਕੀ ਹੈ। ਸੰਤ ਜੀ ਨਹੀਂ ਏਹ ਕਾਕਾ ਹੈ।

ਸੋ ਆਪ ਜੀ ਦਾ ਬਚਨ ਇਸ ਤਰ੍ਹਾਂ ਪੂਰਾ ਹੋ ਗਿਆ ਹੈ ਕਿ ਏਹ ਮੇਰੀ ਲੜਕੀ ਨੇ ਐਮ. ਬੀ.ਬੀ. ਐਸ. ਪਾਸ ਕਰਕੇ ਐਮ. ਡੀ. ਡਾਕਟਰੀ ਦੀ ਵਡੀ ਡਿਗਰੀ ਹਾਸਲ ਕੀਤੀ ਹੈ ਤੇ ਉਹ ਹੁਣ ਗਵਰਨਮੈਂਟ ਮੈਡੀਕਲ ਕਾਲਜ ਵਿਚ ਬਹੁਤ ਚੰਗੀ ਤਨਖਾਹ ਪਰ ਪ੍ਰੋਫੈਸਰ ਲਗੀ ਹੋਈ ਹੈ। ਪ੍ਰਾਈਵੇਟ ਪ੍ਰੈਕਟਿਸ ਕਰਕੇ ਆਮਦਨ ਬਹੁਤ ਹੱਛੀ ਹੈ ਮੇਰੇ ਕਿਸੇ ਲੜਕੇ ਨੂੰ ਭੀ ਇਤਨੀ ਆਮਦਨੀ ਨਹੀਂ ਹੈ।

ਇਕ ਵਾਰੀ ਆਪ ਨੇ ਮੇਰੀ ਸਪਤਨੀ ਨੂੰ ਕਿਹਾ ਪਤੀ ਨੂੰ ਭੀ ਸੇਵਾ ਭਜਨ ਵਿਚ ਲਾ ਸੇਵਾ ਕਰ ਲਵੇ ਤੇ ਬੇੜਾ ਬਚਾ ਲਵੇ ਪਰ ਅਭਾਗਾ ਮੈਂ ਸੇਵਾ ਵਿਚ ਨਾ ਲਗਾ, ਮੇਰਾ ਵਿਪਾਰ ਕਪੜੇ ਦਾ ਬਹੁਤ ਸੀ। ਉਹ ਘਟਦਾ ਘਟਦਾ ਖਤਮ ਹੋ ਗਿਆ। ਸਪਤਨੀ ਦੀ ਸੇਵਾ ਦਾ ਫਲ ਇਹ ਹੈ ਕਿ ਮੇਰੇ ਨੌ ਬਚੇ, ਛੇ ਲੜਕੇ ਤਿੰਨ ਲੜਕੀਆਂ ਸਨ ਚੰਗੇ ਘਰਾਂ ਵਿਚ ਵਿਆਹੇ ਗਏ ਹਨ। ਉਹ ਸਭ ਚੰਗੇ ਕੰਮਾ ਖਾ ਹੰਡਾ ਰਹੇ ਹਨ ਤੇ ਉਸ ਦਾ ਗੁਰੂ ਜੀ ਮੋਹ ਤੋੜਨ ਲਈ ਸਾਡੀ ਬਚਿਆਂ ਨਾਲ ਵਰਤਨ ਹੀ ਸਮਝੋ ਨਹੀਂ ਹੈ। ਨਿਰਭਾਹ ਸਾਡਾ ਦੋਹਾਂ ਦਾ ਸੋਹਣਾ ਹੋ ਹੀ ਰਿਹਾ ਹੈ।

Sri Satguru Jagjit Singh Ji eLibrary NamdhariElibrary@gmail.com

ਭਾਈ ਕਿਰਪਾ ਸਿੰਘ ਜੀ ਸਪੁਤ੍ਰ ਬਾਬਾ ਹਰਨਾਮ ਸਿੰਘ ਜੀ ਚਾਵਲ ਮੰਡੀ ਅੰਮ੍ਰਿਤਸਰ

ਕਦੀ ਕਦਾਈਂ ਦਰਸ਼ਨ ਕਰਦਾ ਰਹਿੰਦਾ ਸੀ ਪਰ ਪਿਤਾ ਜੀ ਦੇ ਹੁਕਮ ਨਾਲ ਮੈਂ ਲਗਾਤਾਰ ਪੂਰੇ ਛੇ ਮਹੀਨੇ ਦੋਨੋਂ ਵਕਤ ਮਲਵਈ ਬੁੰਗੇ ਜਾ ਕੇ ਸੰਤ ਮਹਾਰਾਜ ਜੀ ਦੀ ਆਗਿਆ ਵਿਚ ਸੇਵਾ ਕਰਦਾ ਇਕੱਲੇ ਹੀ ਉਥ ਰਹਿੰਦੇ ਸਨ ਤੇ ਸਦਾ ਭਜਨ ਵਿਚ ਮਗਨ ਰਹਿੰਦੇ। ਚਾਰ ਦਿਨ ਬੀਮਾਰ ਹੋ ਜਾਨ ਕਰਕੇ ਨਾ ਗਿਆ। ਪੰਜਵੇਂ ਦਿਨ ਜਦੋਂ ਦਰਸ਼ਨ ਕੀਤੇ ਆਪ ਨੇ ਪੁਛਿਆ ਭਾਈ ਇਤਨੇ ਦਿਨ ਨਹੀਂ ਆਇਆ ਹੱਥ ਜੋੜਕੇ ਬੇਨਤੀ ਕੀਤੀ ਮਹਾਰਾਜ ਜੀ ਬੀਮਾਰ ਹੋ ਗਿਆ ਤਾਂ ਆਪ ਜੀ ਨੇ ਫਰਮਾਇਆ—

'ਪੇਵਕੜੇ ਸ਼ੋਹ ਸੇਵ ਤੂੰ ਸਾਹੋਰੜੇ ਸੁਖ ਵੱਸ,
ਗੁਰਮਿਲ ਚੰਜ ਆਚਾਰ ਸਿਖ ਤੁਦ ਕਦੇ ਨ ਲਾਗੇ ਦੁਖ॥

ਜੋ ਸੇਵਾ ਕਰਦਾ ਹੈ ਓਸ ਨੂੰ ਕਦੇ ਦੁਖ ਨਹੀਂ ਲਗਦਾ।

ਟੋਕਰੀ ਨਾਲ ਕੁਛ ਸੇਵਕ ਮਲਬਾ ਬਾਹਰ ਸੁਟ ਰਹੇ ਸਨ ਦਾਸ ਨੂੰ ਭੀ ਹੁਕਮ ਕੀਤਾ ਜਾ ਟੋਕਰੀ ਫੜੋ। ਟੋਕਰੀ ਦਾਸ ਨੇ ਫੜ ਲਈ ਉਹ ਮਲਬੇ ਨਾਲ ਜ਼ਿਆਦਾ ਭਰੀ ਗਈ ਮੈਥੋਂ ਚੁਕੀ ਨ ਜਾਵੇ ਆਪ ਜੀ ਨੇ ਉਹ ਕਿਸੇ ਹੋਰ ਨੂੰ ਚੁਕਾ ਦਿਤੀ ਤੇ ਹੁਕਮ ਕੀਤਾ ਭਾਈ ਤੂੰ ਏਥੇ ਬੈਠ ਜਾ ਤੇ ਇਸ ਤੁਕ ਦਾ ਪਾਠ ਕਰਦਾ ਜਾ—

ਆਪ ਸਹਾਈ ਹੋਇਆ, ਸਚੇ ਦਾ ਸਚਾ ਢੋਇਆ॥

ਤੇ ਪ੍ਰਸ਼ਾਦ ਭੀ ਦਰਸ਼ਨ ਕਰਨ ਆਂਦੇ ਨੂੰ ਵੰਡ ਦਿਆ ਕਰਨਾ।

Sri Satguru Jagjit Singh Ji eLibrary NamdhariElibrary@gmail.com

ਇਕ ਦਿਨ ਪੁਛਿਆ ਭਾਈ ਮਾਲਵਾ ਦੇਸ਼ ਵੇਖਿਆ ਹੀ, ਹਾਂ ਜੀ ਵੇਖਿਆ ਹੈ। ਬੜਾ ਕਠੋਰ ਹੈ, ਅਸੀਂ ਖੂਹਾਂ ਤੇ ਦੋ ਦੋ ਘੜੇ ਰੱਖ ਔਂਦੇ ਤਾਂਕੇ ਲੋਕਾਂ ਨੂੰ ਗਰਮੀ ਵਿਚ ਪਾਣੀ ਦਾ ਸੁਖ ਹੋਵੇ। ਲੁੱਕੀ ਔਂਦੇ ਜਾਂਦੇ ਪਾਣੀ ਪੀਂਦੇ ਪਾਣੀ ਪੀ ਕੇ ਜਿਸਦਾ ਹਿਰਦਾ ਠੰਡਾ ਹੋਵੇਗਾ ਉਹ ਅਸੀਸਾਂ ਦੇਵੇਗਾ ਭਾਈ ਪਿਆਸੇ ਨੂੰ ਜਲ ਛਕਾਨਾ ਬੜੀ ਚੰਗੀ ਸੇਵਾ ਹੈ ਕਰਦੇ ਰਹਿਣਾ।

ਇਕ ਦਿਨ ਫਰਮਾਇਆ ਅਜ ਕਿਸੇ ਨੂੰ ਸਾਡੇ ਕਮਰੇ ਅੰਦਰ ਔਣ ਨਹੀਂ ਦੇਣਾ ਤੇ ਏਹ ਬਰਛਾ ਫੜਕੇ ਪਹਿਰੇਦਾਰ ਬਣ ਜਾ। ਮੈਂ ਬਰਛਾ ਫੜਕੇ ਬੈਠ ਗਿਆ ਥੋੜੀ ਦੇਰ ਪਿਛੋਂ ਹੀ ਇਕ ਪ੍ਰੇਮੀ ਆਇਆ ਜੋ ਅੰਦਰ ਔਣ ਲਈ ਬਹੁਤ ਜ਼ੋਰ ਦੇਵੇ ਤੇ ਜ਼ਿਦ ਕਰੇ। ਆਪ ਅੰਦਰੋਂ ਚਲੇ ਆਏ ਭਾਈ ਇਸ ਨੂੰ ਔਣ ਦਿਉ।

ਇਕ ਦਿਨ ਧੋਬੀ ਦੇ ਧੋਤੇ ਹੋਏ ਬਹੁਤ ਚਿਟੇ ਕਪੜ ਪਾਕੇ ਮੈਂ ਗਿਆ ਤਾਂ ਆਪ ਨੇ ਫਰਮਾਇਆ ਭਾਈ ਸਾਦਾ ਪਹਿਨੋਂ ਤੇ ਸਾਦਾ ਹੀ ਖਾਉ। ਨਾਮ ਜਪੋ ਤੇ ਸੇਵਾ ਕਰੋ, ਸ੍ਰੀ ਨਨਕਾਣਾ ਸਾਹਿਬ ਜਦੋਂ ਸੇਵਾ ਹੋ ਰਹੀ ਸੀ ਬਹੁਤ ਸਾਰੇ ਵਿਦਵਾਨ ਸੰਤ ਮਹੰਤ ਸਮੇਤ ਬਾਬਾ ਪ੍ਰਤਾਪ ਸਿੰਘ ਨਾਮਧਾਰੀ ਆਪ ਦੇ ਦਰਸ਼ਨ ਕਰਨ ਆਏ ਚੰਗੇ ਚੰਗੇ ਬਸਤਰ ਸਭ ਨੇ ਪਹਿਨੇ ਹੋਏ ਤੇ ਆਪਣੇ ਆਪਣੇ ਥਾਂ ਵਿਦਿਆ ਤੇ ਡੇਰਿਆਂ ਦੀ ਸੰਤੀ ਮਹੰਤੀ ਦਾ ਮਾਣ ਭੀ ਸੀ। ਸਭ ਨੂੰ ਸਤਿਕਾਰ ਦਿਤਾ ਤੇ ਬਿਠਾਇਆ ਸੁਖ ਸਾਂਦ ਪੁਛੀ। ਇਕ ਮੁਖੀ ਨੇ ਬੇਨਤੀ ਕੀਤੀ ਸੰਤ ਮਹਾਰਾਜ ਜੀ ਕੋਈ ਉਪਦੇਸ਼ ਦਿਉ ਆਪ ਜੀ ਨੇ ਝੱਟ ਫਰਮਾਇਆ।

'ਗੁਰ ਸੇਵੋ ਹਰਿਨਾਮ ਧਿਆਵੋ, ਤਿਆਗੋ ਮਨੋ ਗੁਮਾਨੀ॥'

ਸਭ ਹੈਰਾਨ ਹੋ ਗਏ ਤੇ ਖੁਸ਼ੀਆਂ ਲੈ ਕੇ ਚਲੇ ਆਏ।

●

Sri Satguru Jagjit Singh Ji eLibrary NamdhariElibrary@gmail.com

ਭਾਈ ਸੁੰਦਰ ਸਿੰਘ ਜੀ ਮੁਨਿਆਰ
ਬਾਜ਼ਾਰ ਕਾਠੀਆਂ ਅੰ ਮ੍ਰਿਤਸਰ

ਉਮਰ ੭੭ ਸਾਲ

ਸੰਤ ਸਾਹਿਬਾਨ ਬਾਬਾ ਗੁਰਮੁਖ ਸਿੰਘ ਜੀ ਅਵਤਾਰ ਸਨ ਤੇ ਇਨ੍ਹਾਂ ਦੇ ਨਾਲ ਦੇ ਸੰਤ ਸਾਹਿਬਾਨ ਸੰਤ ਸਾਧੂ ਸਿੰਘ ਜੀ ਬਾਬਾ ਝੰਡਾ ਸਿੰਘ ਜੀ ਭੀ ਪੂਰਨ ਸੰਤ ਸਨ - ਮੈਂ ਉਨ੍ਹਾਂ ਬਾਰੇ ਕੀ ਲਿਖਾ ਸਕਦਾ ਹਾਂ ਮੈਨੂੰ ਉਨ੍ਹਾਂ ਨੇ ਜੀਵਨ ਧਨ ਮਾਲ ਹਰ ਤਰ੍ਹਾਂ ਦਾ ਸੁਖ ਬਖਸ਼ਿਆ ਤੇ ਬਖਸ਼ਦੇ ਰਹੇ—ਫਿਰ ਇਕ ਦਿਨ ਥੋੜੇ ਹੇਠ ਲਿਖੇ ਹਾਲਾਤ ਲਿਖਾਏ।

ਦੇਸ਼ ਦੀ ਵੰਡ ਸਮੇਂ ਅਗਾਂ ਲਗ ਰਹੀਆਂ ਸਨ ਮੇਰੀ ਦੁਕਾਨ ਦੇ ਸਾਹਮਨੇ ਨਜ਼ਦੀਕ ਹੀ ਇਕ ਮੁਸਲਮਾਨ ਦੀ ਦੁਕਾਨ ਸੀ ਉਸ ਨੇ ਅਗ ਲਗਾ ਦਿਤੀ ਬਾਜ਼ਾਰ ਦੀਆਂ ੫੫ ਹਟੀਆਂ ਮਾਲ ਦੀਆਂ ਭਰੀਆਂ ਹੋਈਆਂ ਸੜ ਗਈਆਂ। ਕਮੇਟੀ ਵਲੋਂ ਪਾਣੀ ਦਾ ਪ੍ਰਬੰਧ ਨ ਹੋ ਸਕਿਆ ਫਿਰ ਗੁਰੂ ਰਾਮਦਾਸ ਸਰੋਵਰ ਵਿਚੋਂ ਵਡੀ ਨਾਲ ਲਾਕੇ ਪਾਣੀ ਵਰਤਿਆ ਗਿਆ ੧੨ ਇੰਜਨ ਲਗੇ ਰਹੇ। ਅੱਗ ਇਧਰ ਲਗੀ ਹੋਈ ਸੀ ਉਧਰ ਬਾਬਾ ਗੁਰਮੁਖ ਸਿੰਘ ਜੀ ਆਪਣੇ ਡੇਰੇ ਆਪਣੀਆਂ ਕੰਧਾਂ ਤੇ ਫਰਸ਼ ਤੇ ਪਾਣੀ ਪਵਾਂਦੇ ਗਏ ਆਪ ਭੀ ਪਾਂਦੇ ਰਹੇ ਆਪਣੇ ਸਰੀਰ ਤੇ ਭੀ ਪਾਣੀ ਪਵਾਂਦੇ ਰਹੇ ਸੇਵਕ ਪੁਛਣ ਕਿ ਅਜ ਕੀ ਗਲ ਹੈ ਉਤਰ ਦੇਂਦੇ ਭਾਈ ਅੱਜ ਗਰਮੀ ਬਹੁਤ ਹੈ ਪਰ ਅੱਸਲ ਵਿਚ ਮੇਰੀ ਹੱਟੀ ਉਨ੍ਹਾਂ ਨ ਬਚਾਈ ਅਗੇ ਪਿਛੇ ਸਾਹਮਨੇ ਦੁਕਾਨਾਂ ਸੜ ਗਈਆਂ ਪਰ ਮਰਾਂ ਇਮਾਰਤ ਜੂੰ ਦੀ ਤੂੰ ਖੜੀ ਰਹੀ।

ਮੇਰੀ ਵਡੀ ਨੂੰਹ ਹਰਬੰਸ ਕੌਰ ਜੋ ਭਾਈ ਸੁਰਜਨ ਸਿੰਘ

Sri Satguru Jagjit Singh Ji eLibrary NamdhariElibrary@gmail.com

ਧੂਪੀਏ ਦੀ ਲੜਕੀ ਸੀ ਸਖਤ ਬੀਮਾਰ ਹੋ ਗਈ ਹਸਪਤਾਲ ਲੈ ਗਏ ਪਰ ਮੈਂ ਆਪ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ ਦਰਸ਼ਨ ਕੀਤੇ ਹੁਕਮ ਹੋਇਆ ਗੁਰੂ ਰਾਮਦਾਸ ਜੀ ਮਹਾਰਾਜ ਰਾਜ਼ੀ ਕਰਨਗੇ।

ਮਹੀਨਾ ਸੁਣਾਨ ਵਾਸਤੇ ਨਹਿਰ ਤੇ ਆਪ ਆਏ ਹੋਏ ਸਨ ਮੈਂ ਦਰਸ਼ਨ ਲਈ ਹਾਜ਼ਰ ਹੋਇਆ ਤਾਂ ਫਰਮਾਇਆ ਆ ਗਿਆ ਸੋਨੇ ਦੇ ਮੰਦਰ ਵਾਲਾ। ਆਟੇ ਦੀ ਉਗਰਾਹੀ ਕਰ ਰਹੇ ਸੀ ਜੋ ਸ੍ਰੀ ਨਨਕਾਣਾ ਸਾਹਿਬ ਜਾਣਾ ਸੀ ਜਿਥੇ ਸੇਵਾ ਹੋ ਰਹੀ ਸੀ,ਹੁਕਮ ਕੀਤਾ ਆਟਾ ਲਿਖਾਓ,ਦਾਸ ਆਪ ਜੀ ਹੁਕਮ ਕਰ ਦਿਉ ਹੁਕਮ ਕੀਤਾ,ਨਹੀਂ ਆਪ ਹੀ ਲਿਖਾਉ—ਦਾਸ ਪੰਜ ਬੋਰੀ ਨਹੀਂ ਏਹ ਥੋੜਾ ਹੈ ਸੋ ਆਪ ਹੀ ਹੁਕਮ ਕਰ ਦਿਉ। ਹਛਾ ਬੀਸ ਬੋਰੀ ਉਸ ਸਮੇਂ ਬੀਸ ਰੁਪਏ ਨੂੰ ਇਕ ਆਟੇ ਦੀ ਬੋਰੀ ਔਂਦੀ ਸੀ ਸੋ ਦਾਸ ਨੇ ਮਾਇਆ ਹਾਜ਼ਰ ਕਰ ਦਿਤੀ। ਆਪ ਨੇ ਫਰਮਾਇਆ ਇਸ ਕਾਮ ਮੇ ਘਾਟਾ ਨਹੀਂ ਹੈ ਵਾਧਾ ਹੀ ਵਾਧਾ ਹੈ।

ਇਕ ਵਾਰੀ ਆਪ ਜੀ ਦੀ ਸੇਵਾ ਦੇ ਖਜ਼ਾਨਚੀ ਭਾਈ ਹਰਨਾਮ ਸਿੰਘ ਜੀ ਕੰਧਾਰੀ ਨੇ ਦਾਸ ਨੂੰ ਪੁਛਿਆ ਕੋਈ ਇਕ ਸੌ ਸੌ ਰੁਪਏ ਦੇ ਨੋਟ ਹਨ ਦਾਸ ਨੇ ਕਿਹਾ ਇਕੋ ਹੀ ਹੈ ਤੇ ਉਹ ਉਨ੍ਹਾਂ ਨੂੰ ਮੈਂਨੇ ਪਕੜਾਇਆ ਉਹ ਲਗੇ ਛੋਟੇ ਨੋਟ ਆਦਿਕ ਉਸ ਦੇ ਬਦਲੇ ਦੇਣ ਸੰਤ ਮਹਾਰਾਜ ਪਾਸ ਆ ਗਏ ਤੇ ਫਰਮਾਇਆ।

'ਪੀਸਤ ਪੀਸਤ ਚਾਬਿਆ ਸੋਈ ਨਿਭਿਆ ਸਾਥ॥
ਕੀਚੜ ਆਟਾ ਗਿਰ ਪੜਿਆ ਕਛੂ ਨ ਆਇਓ ਹਾਥ॥'

ਭਾਈ ਹਰਨਾਮ ਸਿੰਘ ਜੀ ਰਹਿਨੇ ਦੋ ਇਨਕੀ ਯੇਹ ਸੇਵਾ ਪ੍ਰਵਾਨ ਹੈ। ਮੈਂ ਨੇ ਧੰਨ ਭਾਗ ਸਮਝੇ ਤੇ ਛੋਟੇ ਨੋਟ ਆਦਿਕ ਨ ਲਏ।

ਭਾਈ ਉਤਮ ਸਿੰਘ ਜ਼ਿਆਦਾ ਬੀਮਾਰ ਸੀ ਸਰੀਰ ਠੰਡਾ ਹੋ ਗਿਆ ਘਰਦਿਆਂ ਦੀਵਾ ਬਤੀ ਭੀ ਕਰਾ ਦਿਤੀ ਪਰ ਉਸਦਾ

Sri Satguru Jagjit Singh Ji eLibrary NamdhariElibrary@gmail.com

ਸਰੀਰ ਫਿਰ ਹਿਲ ਪਿਆ ਘਰ ਦੇ ਮੇਰੇ ਪਾਸ ਆਏ ਅਸੀਂ ਕੁਛ ਸਜਨ ਸੰਤ ਬਾਬਾ ਝੰਡਾ ਸਿੰਘ ਜੀ ਪਾਸ ਆਏ ਬੇਨਤੀ ਕੀਤੀ ਆਪ ਨੇ ਫਰਮਾਇਆ ਘਬਰਾਓ ਨਹੀਂ। ਇਕ ਪਰੇਮੀ ਅਸ਼ਨਾਨ ਕਰਕੇ ਕੜਾਹ ਪ੍ਰਸਾਦ ਤਿਆਰ ਕਰਕੇ ਸ੍ਰੀ ਹਰਿਮੰਦਰ ਸਾਹਿਬ ਲੈ ਜਾਵੇ ਜਦੋਂ ਪਹਿਲਾ ਦਰਵਾਜ਼ਾ ਖੁਲ੍ਹਦਾ ਹੈ ਠੀਕ ਹੋ ਜਾਵੇਗਾ।

ਪ੍ਰੇਮੀਆਂ ਨੂੰ ਵਿਸ਼ਵਾਸ ਨ ਆਇਆ ਫਿਰ ਸਲਾਹ ਕੀਤੀ ਤੇ ਸ੍ਰੀ ਮਾਨ ਸੰਤ ਸਾਧੂ ਸਿੰਘ ਜੀ ਪਾਸ ਪੁਜੇ ਸਾਰੀ ਵਿਥਿਆ ਸੁਣਾਈ ਆਪ ਜੀ ਨੇ ਧੀਰਜ ਦਿਤਾ ਹੁਕਮ ਕੀਤਾ ਭਾਈ ਕੋਈ ਪਰੇਮੀ ਗੁਰਬਾਣੀ ਪੜ੍ਹਦਾ ਪੜ੍ਹਦਾ ਇਸ਼ਨਾਨ ਕਰੇ-ਗੁਰਬਾਣੀ ਪੜ੍ਹਦਾ ਕੜਾਹ ਪ੍ਰਸ਼ਾਦ ਤਿਆਰ ਕਰੇ ਗੁਰਬਾਣੀ ਪੜ੍ਹਦਾ ਕੜਾਹ ਪ੍ਰਸ਼ਾਦ ਦਰਵਾਜ਼ਾ ਖੁਲ੍ਹਨ ਤੋਂ ਪਹਿਲੇਂ ਲਿਜਾ ਕੇ ਹਾਜ਼ਰ ਹੋਵੇ। ਸਾਰੇ ਹੈਰਾਨ ਹੋ ਗਏ ਹੁਕਮ ਤਾਂ ਤਕਰੀਬਨ ਉਹੀ ਹੈ ਪਰ ਭਰੋਸਾ ਬਾਬਾ ਝੰਡਾ ਸਿੰਘ ਜੀ ਪਰ ਨ ਕਰਨ ਕਰਕੇ ਇਨ੍ਹਾਂ ਵਲੋਂ ਗੁਰਬਾਣੀ ਪੜ੍ਹਦੇ ਰਹਿਣ ਦੀ ਹਰ ਕੰਮ ਵਿਚ ਤਾਕੀਦ ਹੋ ਗਈ ਹੈ।

ਮੈਂ ਨੇ ਜ਼ੋਰ ਦਿਤਾ ਕਿ ਹੁਕਮ ਮੰਨੋ ਤਾਂ ਇਸ ਤਰ੍ਹਾਂ ਕਰ ਲਵੋ ਪਰ ਫਿਰ ਵਡੇ ਸੰਤ ਬਾਬਾ ਗੁਰਮੁਖ ਸਿੰਘ ਜੀ ਪਾਸ ਸਭ ਆਏ ਤੇ ਸਾਰੀ ਵਿਥਿਆ ਸੁਣਾਈ।

ਆਪ ਜੀ ਨੇ ਸਾਰਾ ਓਹੀ ਹੁਕਮ ਜੋ ਸੰਤ ਸਾਧੂ ਸਿੰਘ ਜੀ ਨੇ ਕੀਤਾ ਸ਼ੀ ਹਰਫ ਹਰਫ ਕਹਿ ਦਿਤਾ ਪਰ ਨਾਲ ਏਹ ਭੀ ਹੁਕਮ ਕੀਤਾ ਕਿ ਕੋਈ ਪ੍ਰਵਾਰ ਵਿਚੋਂ ਜ਼ੁਮੇਵਾਰ ਦੋ ਘੰਟੇ ਰੋਜ਼ਾਨਾ ਸ੍ਰੀ ਸੰਤੋਖ ਸਰ ਸੇਵਾ ਕਰਨੀ ਮੰਨੇ ਚਾਹੇ ਇਕ ਦੋ ਘੰਟੇ ਲਾ ਜਾਵੇ। ਚਾਹੇ ਦੋ ਇਕ ਇਕ ਘੰਟਾ ਲਾ ਜਾਨ ਚਾਹੇ ਚਾਰ ਰਿਸ਼ਤੇਦਾਰ ਅੱਧਾ ਅੱਧਾ ਘੰਟਾ ਲਾ ਜਾਣ।

ਏਹ ਸਭ ਕੁਛ ਮੰਨ ਲਿਆ ਗਿਆ ਤੇ ਹੁਕਮ ਦੀ ਪਾਲਨਾ ਹੋ ਗਈ ਉਤਮ ਸਿੰਘ ਠੀਕ ਹੋ ਗਿਆ ਪਰ ਤਿੰਨ ਮਹੀਨੇ ਪਿਛੋਂ ਟੱਬਰ ਨੇ ਸੇਵਾ ਛੱਡ ਦਿਤੀ। ਕੁਛ ਚਿਰ ਮਗਰੋਂ ਉਹ ਫਿਰ ਢਿਲਾ

Sri Satguru Jagjit Singh Ji eLibrary NamdhariElibrary@gmail.com

ਹੋ ਗਿਆ ਤੇ ਚਾਰਪਾਈ ਤੇ ਪੈ ਗਿਆ। ਮੇਰੇ ਪਾਸ ਪ੍ਰੇਮੀ ਆਏ ਮੈਂ ਫਿਰ ਬਾਬਾ ਜੀ ਪਾਸ ਜਾਣ ਤੋਂ ਨਾਹ ਕਰ ਦਿਤੀ। ਅਗਲੇ ਦਿਨ ਹੀ ਮੈਂ ਨੇ ਵੇਖਿਆ ਬਾਬਾ ਜੀ ਕੌਲਸਰ ਸਰੋਵਰ ਦੇ ਕੰਢੇ ਖੜੇ ਸੇਵਾ ਕਰ ਰਹੇ ਹਨ। ਫੁਲ ਆਦਿਕ ਚੁੱਕ ਚੁੱਕ ਕੇ ਬਾਹਰ ਸੁਟ ਰਹੇ ਹਨ। ਲਕੜੀ ਲੰਬੀ ਨਾਲ ਜਾਲੀ ਬੱਧੀ ਹੋਈ ਸੀ, ਦਾਸ ਨੇ ਦਰਸ਼ਨ ਕੀਤੇ ਤੇ ਪਾਸ ਬੈਠ ਗਿਆ। ਫੁਰਮਾਇਆ ਰੋਟੀ ਖਾਨ ਜਾ ਰਿਹਾ ਸਾਏਂ, ਜਾਓ ਰੋਟੀ ਖਾਓ।

ਮੈਂ ਨੇ ਤਰਲਾ ਮਾਰਿਆ ਮਹਾਰਾਜ ਜੀ ਉਤਮ ਸਿੰਘ ਫਿਰ ਢਿਲਾ ਹੋ ਗਿਆ ਹੈ, ਚਾਰਪਾਈ ਪਰ ਹੈ ਮੇਹਰ ਕਰੋ। ਓਸ ਨੇ ਸੇਵਾ ਛੋੜ ਦੀ ਹੈ, ਅਬ ਨਹੀਂ ਬਚੇਗਾ। ਮੈਂ ਬਹੁਤ ਘਬਰਾਇਆ। ਬੇਨਤੀ ਕੀਤੀ ਥੋੜਾ ਸਮਾਂ ਦਿਓ। ਮੈਂ ਉਸਦੇ ਪ੍ਰਵਾਰ ਵਾਲਿਆਂ ਨੂੰ ਬੁਲਾ ਲਿਔਂਦਾ ਹਾਂ, ਉਹ ਮੇਰਾ ਖੈਹੜਾ ਨਹੀਂ ਛੋੜਦੇ ਆਖਰ ਮੰਨ ਗਏ, ਮੈਂ ਉਹਨਾਂ ਦੇ ਘਰ ਜਾ ਕੇ ਰੌਲਾ ਪਾ ਦਿਤਾ। ਉਸ ਦੀ ਸਪਤਨੀ ਦੋਨੋਂ ਬਚਿਆਂ ਸਮੇਤ ਹੋਰ ਰਿਸ਼ਤੇਦਾਰ ਸਭ ਆ ਹਾਜ਼ਰ ਹੋਏ। ਆਪ ਸੇਵਾ ਵਿਚ ਲਗੇ ਰਹੇ ਆਖਰ ਫਰਮਾਇਆ 'ਸਾਧੂ ਬੋਲੇ ਸਹਿਜ ਸੁਭਾ, ਸਾਧੂ ਕਾ ਬੋਲਿਆ ਬਿਰਥਾ ਨਾ ਜਾ।' ਹਮ ਸਾਧੂ ਤੋਂ ਨਹੀਂ ਹੈ, ਪਰ ਲੋਕ ਸਾਧੂ ਕਹਿਨੇ ਔਰ ਮਾਨ ਨੇ ਲਗ ਗਏ ਹੈਂ ਸੇਵਾ ਛੋੜ ਦੀ ਬਚਨ ਨਹੀਂ ਮਾਨਾ ਤਬ ਯੇਹ ਹਾਲਤ ਹੋ ਗਈ ਹੈ, ਕੱਚਾ ਬਚਨ ਕਰਨੇ ਦਾ ਕੁਛ ਲਾਭ ਨਹੀਂ ਸਭ ਰੋਣ ਲਗ ਪਏ। ਹਾੜੇ ਕਢੇ ਆਖਰ ਹੁਕਮ ਕੀਤਾ ਸਾਰਾ ਪ੍ਰਵਾਰ ਅਬ ਛੇ ਘੰਟੇ ਨੇਮ ਸੇ ਰੋਜ਼ਾਨਾ ਸੇਵਾ ਕਰੋ ਤੋਂ ਠੀਕ ਹੋ ਜਾਵੇਗਾ ਔਰ ਠੀਕ ਰਹੇਗਾ। ਸੋ ਉਹ ਹੁਣ ਤਕ ਠੀਕ ਹੈ ਛੇ ਲੜਕੇ ਉਸ ਦੇ ਘਰ ਹੋਰ ਜਨਮੇ, ਦੋ ਪਹਿਲੇ ਸਨ ਪਰ ਸੇਵਾ ਭੀ ਸਾਰੇ ਮਿਲਕੇ ਨੇਮ ਨਾਲ ਛੇ ਘੰਟੇ ਕਰਦੇ ਹੀ ਹਨ।

Sri Satguru Jagjit Singh Ji eLibrary NamdhariElibrary@gmail.com

ਸ੍ਰੀ ਮਾਨ ਭਾਈ ਦੇਸਾ ਸਿੰਘ ਜੀ ਮੁਰੱਬੇ ਵਾਲੇ
ਮਿਸ਼ਰੀ ਬਾਜ਼ਾਰ ਅੰਮ੍ਰਿਤਸਰ

(ਉਮਰ ੬੦ ਸਾਲ)

੧੯੪੭ ਦੇ ਰੌਲੇ ਗੌਲੇ ਵਿਚ ਮੁਸਲਮਾਨਾਂ ਦੀ ਸ਼ਿਕਾਇਤ ਪਰ ਬਹੁਤ ਸਾਰੇ ਹਿੰਦੂ ਸਿਖ ਫੜ ਲਏ ਗਏ ਤੇ ਚਾਟੀ ਵਿੰਡ ਦੇ ਅੰਦਰ ਇਕ ਫਲੋਰ ਮਿਲ ਵਿਚ ਮੁਸਲਮਾਨ ਥਾਨੇਦਾਰ ਨੇ ਡੱਕ ਦਿਤੇ ਮੈਂ ਨਹਿਰ ਪਰ ਬਾਬਾ ਜੀ ਦੇ ਦਰਸ਼ਨ ਲਈ ਗਿਆ ਦੋਪਹਿਰ ਦਾ ਸਮਾਂ ਸੀ ਆਪ ਜੀ ਦੀ ਭੇਟਾ ੧੦੧ ਰੁਪਏ ਮਥਾ ਟੇਕਿਆ। ਵਾਪਸ ਔਣ ਲਗਾ ਤਾਂ ਆਵਾਜ਼ ਮਾਰਕੇ ਬੁਲਾ ਲਿਆ ਤੇ ਫਰਮਾਇਆ ਜਲਦੀ ਜਾਉ ਚਾਟੀ ਵਿੰਡ ਦੇ ਅੰਦਰ ਫਲੋਰ ਮਿਲ ਵਿਚ ਹਜ਼ਾਰਾਂ ਹਿੰਦੂ ਸਿੱਖ ਬਿਠਾਏ ਹੋਏ ਹਨ ਮੁਸਲਮਾਨਾਂ ਦੀ ਸ਼ਿਕਾਇਤ ਪਰ। ਆਪ ਸਿੱਧੇ ਅੰਦਰ ਚਲੇ ਜਾਣਾ ਤੇ ਮੇਰਾ ਸੁਨੇਹਾ ਸਭ ਨੂੰ ਦੇਣਾ ਕਿ ਉਹ ਵਾਹਿਗੁਰੂ ਨੂੰ ਯਾਦ ਰਖਨ ਤੇ ਏਹ ਤੁਕ ਪੜ੍ਹਦੇ ਰਹਿਣ।

'ਆਪ ਸਹਾਈ ਹੋਇਆ, ਸਚੇ ਦਾ ਸਚਾ ਢੋਇਆ।'
ਯੇਹ ਤੁਕ ਪੜ੍ਹਦੇ ਰਹਿਨ ਪਰ ਸਭ ਛੂਟ ਜਾਵੇਂਗੇ।

ਹੁਕਮ ਮੰਨਕੇ ਮੈਂ ਉਥੇ ਪੁਜਾ ਥਾਨੇਦਾਰ ਮੁਸਲਮਾਨ ਮੇਰਾ ਬਹੁਤ ਚੰਗਾ ਵਾਕਫ ਸੀ ਉਸ ਨੇ ਮੈਨੂੰ ਕਿਹਾ ਕਿ ਆਪ ਅੰਦਰ ਚਲੇ ਜਾਉ ਤੇ ਕੋਈ ਆਪ ਦੇ ਆਦਮੀ ਹੋਣ ਤਾਂ ਵੇਖ ਲਉ ਮੈਂ ਅੰਦਰ ਚਲਾ ਗਿਆ ਤੇ ਸਭ ਨੂੰ ਤੁਕ ਪੜ੍ਹਦੇ ਰਹਿਣ ਲਈ ਬਾਬਾ ਜੀ ਦਾ ਹੁਕਮ ਸੁਣਾ ਕਿ ਰਿਹਾ ਹੋ ਜਾਨ ਦਾ ਭਰੋਸਾ ਦਵਾ ਦਿਤਾ। ਜਦੋਂ

Sri Satguru Jagjit Singh Ji eLibrary NamdhariElibrary@gmail.com

ਸ੍ਰੀ ਮਾਨ ਸੰਤ ਬਾਬਾ ਝੰਡਾ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com

ਬ੍ਰਹਮ ਗਿਆਨੀ ਸ੍ਰੀ ਮਾਨ ਸੰਤ ਬਾਬਾ ਸਾਧੂ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com

ਬਾਹਰ ਆਇਆ ਤੇ ਕਿਹਾ ਆਦਮੀ ਤਾਂ ਸਭ ਹੀ ਆਪਣੇ ਹਨ। ਉਸੇ ਸਮੇਂ ਵੱਡਾ ਪੋਲੀਸ ਅਫਸਰ ਜੋ ਅੰਗਰੇਜ਼ ਸੀ ਗਸ਼ਤ ਕਰਦਾ ਆ ਗਿਆ ਤੇ ਮੈਨੂੰ ਪਛਾਨ ਕੇ ਕਿਹਾ ਹੈਲੋ ਮੁਰਬੇ ਵਾਲੋ ਕਿਆ ਹਾਲ ਹੈ ਯੇਹ ਆਦਮੀ ਜੋ ਪਕੜੇ ਹੂਏ ਹੈਂ ਦੇਖੋ ਗੁਨਾਹਗਾਰ ਹੈਂ ਜਾਂ ਬੇਗੁਨਾਹ। ਮੈਂ ਨੇ ਕਿਹਾ ਥਾਨੇਦਾਰ ਸਾਹਿਬ ਬਤਾਏਂਗੇ ਮੈਂ ਪਹਿਲੇ ਹੀ ਥਾਨੇਦਾਰ ਸਾਹਿਬ ਕੋ ਬਤਾ ਚੁਕਾ ਹੂੰ।

ਮੇਰੀ ਬਾਂਹ ਫੜਕੇ ਸਾਹਿਬ ਅੰਦਰ ਲੈ ਗਿਆ ਤੇ ਕਹਿੰਦਾ ਗਿਆ ਸਭ ਚਲੇ ਜਾਓ ਸਭ ਚਲੇ ਜਾਓ ਆਪ ਸਭ ਛੂਟ ਗਏ। ਉਹ ਸਭ ਉਹੀ ਤੁਕ ਪੜ੍ਹਦੇ ਪੜ੍ਹਦੇ ਬਾਹਰ ਨਿਕਲ ਆਏ ਤੇ ਫਿਰ ਸਾਰੇ ਹੀ ਸਿਧੇ ਨਹਿਰ ਪਰ ਬਾਬਾ ਜੀ ਦੇ ਦਰਸ਼ਨ ਕਰਨ ਪੁਜੇ ਤੇ ਏਹੀ ਤੁਕ ਪੜ੍ਹਦੇ ਚਲੇ ਗਏ।

ਦੇਸ਼ ਦੀ ਵੰਡ ਸਮੇਂ ਜਦੋਂ ਸ਼ਹਿਰ ਪਤ ਭਿਆਨਕ ਸਮਾਂ ਆਇਆ ਤਾਂ ਆਪ ਨੇ ਫਰਮਾਇਆ ਸਾਡਾ ਮੰਜਾ ਪ੍ਰਕਰਮਾ ਵਿਚ ਲੈ ਚਲੋ ਤਾਂਕੇ ਸ੍ਰੀ ਅੰਮ੍ਰਿਤਸਰ ਨੂੰ ਤਤੀ ਵਾ ਨ ਲਗੇ। ਆਪ ਜੀ ਨੂੰ ਲੈ ਆਏ ਆਪ ਨੇ ਸ਼ਹਿਰ ਦੇ ਕਈ ਥਾਵਾਂ ਪਰ ਅਖੰਡ ਪਾਠ ਰਖਵਾ ਦਿਤੇ ਅਰਦਾਸ ਭਗਤੀ ਦਾ ਏਹ ਫਲ ਹੋਇਆ ਅੰਗਰੇਜ਼ ਵਡੇ ਪੋਲੀਸ ਅਫਸਰ ਨੇ ਸਭ ਮੁਸਲਮਾਨਾਂ ਦੀ ਪੋਲੀਸ ਪਾਸੋਂ ਹਥਿਆਰ ਰਖਵਾ ਲਏ ਨਿਹਥੇ ਹੋ ਜਾਨ ਪਰ ਉਹ ਨੁਕਸਾਨ ਨ ਕਰ ਸਕੇ।

ਮੁਕਤਸਰ ਸਾਹਿਬ ਦੀ ਸੇਵਾ ਹੋ ਰਹੀ ਸੀ ਇਕ ਕਾਰ ਵਿਚ ਸ੍ਰੀ ਅੰਮ੍ਰਿਤਸਰ ਸੰਗਰਾਂਦ ਦਾ ਮਹੀਨਾ ਸੁਣਾਨ ਲਈ ਆ ਰਹੇ ਸੀ ਮੈਂ ਭੀ ਵਿਚ ਸੀ ਕਾਰ ਦੀ ਟੱਕਰ ਇਕ ਮੱਝ ਨਾਲ ਹੋਈ ਕਾਰ ਕੁਛ ਅਗੇਂ ਟੇਹੜੀ ਹੋ ਗਈ ਅੰਦਰ ਸਭ ਨੂੰ ਥੋੜਾ ਝਟਕਾ ਲਗਾ ਆਪ ਨੇ ਫਰਮਾਇਆ ਸਭ ਸਤਿਨਾਮ ਵਾਹਿਗੁਰੂ ਕਹੋ ਯੇਹ ਮੋਟਰ ਸਤਿਨਾਮ ਵਾਹਿਗੁਰੂ ਦੇ ਨਾਮ ਸੇ ਚਲਤੀ ਜਾਵੇਗੀ। ਇਕ ਮੋਟਰ ਅੱਡਾ ਆਇਆ ਮੋਟਰ ਰਸਤੇ ਵਿਚ ਕਿਤੇ ਖਰਾਬ ਨ ਹੋ ਜਾਵੇ ਸੰਤ

Sri Satguru Jagjit Singh Ji eLibrary NamdhariElibrary@gmail.com

ਹੀਰਾ ਸਿੰਘ ਜੀ ਨੇ ਖਾਲੀ ਟਰੱਕ ਵਾਲੇ ਨੂੰ ਕਰਾਇਆ ਦੇਣਾ ਕਰਕੇ ਕਾਰ ਦੇ ਪੀਛੇ ਪੀਛੇ ਆਵਨੇ ਲਈ ਮਨਾ ਲਿਆ। ਕਾਰ ਸਹੀ ਸਲਾਮਤ ਪਹੁੰਚ ਗਈ ਟਰੱਕ ਵਾਲੇ ਨੇ ਕਿਹਾ ਯੇਹ ਤਾਂ ਸੰਤ ਜੀ ਪ੍ਰਮੇਸ਼ਵਰ ਹੈ ਕਰਾਇਆ ਭੀ ਨ ਲਿਆ ਬਲਕੇ ਕੁਛ ਮਥਾ ਟੇਕ ਗਿਆ।

ਸੰਤ ਸਿੰਘ ਵਲਦ ਦੀਵਾਨ ਚੰਦ ਦੀ ਘਰ ਵਾਲੀ ਮੋਹਨ ਕੌਰ ਨਹਿਰ ਦੇ ਡੇਰੇ ਲੰਗਰ ਦੀ ਸੇਵਾ ਬਹੁਤ ਪ੍ਰੇਮ ਨਾਲ ਕਰਦੀ ਸੀ ਉਸਦਾ ਪਤੀ ਭੀ ਦਰਸ਼ਨ ਕਰਨ ਆਂਦਾ ਰਹਿੰਦਾ। ਇਕ ਦਿਨ ਉਸਨੇ ਕਿਸੇ ਦਰਸ਼ਕ ਦਾ ਨਵਾਂ ਸਾਈਕਲ ਚੁਰਾ ਲਿਆ ਤੇ ਅਗੋਂ ਵੇਚ ਦਿਤਾ ਖਰੀਦਾਰ ਨੇ ਅਸ਼ਟਾਮ ਪਰ ਰਸੀਦ ਲਿਖਵਾ ਲਈ ਵਿਚ ਸਾਈਕਲ ਦਾ ਨੰਬਰ ਆਦਿਕ ਭੀ ਦਰਜ ਸੀ। ਉਹ ਪਕੜਿਆ ਗਿਆ ਤੇ ਜਦੋਂ ਥਾਨੇਦਾਰ ਗੁਰਚਰਨ ਸਿੰਘ ਨੇ ਜੁਤੀਆਂ ਮਰਵਾਈਆਂ ਤਾਂ ਸਭ ਕੁਛ ਮੰਨ ਗਿਆ ਉਸ ਨੇ ਕੈਦ ਹੋ ਜਾਣਾ ਸੀ।

ਸੰਤ ਸਾਹਿਬ ਨੇ ਦਾਸ ਨੂੰ ਬੁਲਾਇਆ ਤੇ ਹੁਕਮ ਕੀਤਾ ਉਹ ਤਾਂ ਚੋਰ ਹੈ ਪਰ ਉਸਦੀ ਪਤਨੀ ਸੇਵਾ ਕਰਦੀ ਹੈ ਉਹ ਰੋ ਰਹੀ ਹੈ ਹੋਰ ਉਸ ਦੇ ਨਾਲ ਸਵਾ ਕਰਨ ਵਾਲੀਆਂ ਭੀ ਦੁਖੀ ਹਨ ਜਾਉ ਉਸਨੂੰ ਛੁੜਾ ਦਿਓ। ਮੇਰੇ ਕਹਿਨ ਪਰ ਥਾਨੇਦਾਰ ਨ ਮੁਕਦਮਾ ਪੇਸ਼ ਕਰਕੇ ਗਵਾਹ ਨ ਭੁਗਤਾਕੇ ਛੁੜਾ ਦੇਣ ਦਾ ਬਚਨ ਦਿਤਾ ਪਰ ਮੈਨੂੰ ਉਸਦੀ ਕਥਨੀ ਪਰ ਸ਼ੱਕ ਰਿਹਾ ਮੈਂ ਉਸ ਨੂੰ ਡੀ. ਐਸ ਪੀ. ਪਾਸੋਂ ਭੀ ਅਖਵਾਇਆ ਪਰ ਉਸ ਦੀ ਨੀਯਤ ਠੀਕ ਨ ਜਾਪੀ ਉਸ ਨੂੰ ਸੰਤ ਸਾਹਿਬ ਪਾਸ ਲੈ ਗਿਆ ਆਪ ਨੇ ਫਰਮਾਇਆ— "ਚੋਰ ਕੀ ਹਾਮਾ ਭਰੇ ਨ ਕੋਇ॥" ਤਾਂ ਠੀਕ ਹੈ ਪਰ ਉਸਦੀ ਪਤਨੀ ਚੰਗੀ ਸੇਵਕ ਹੈ ਸੋ ਛੁੜਵਾ ਦੇਣਾ ਉਸ ਨੇ ਛੋਟੇ ਥਾਨੇਦਾਰ ਨੂੰ ਸਾਡੇ ਸਾਹਮਣੇ ਕਹਿ ਦਿਤਾ ਗਵਾਹ ਨ ਭੁਗਤਾਨੇ ਤੇ ਇਸ ਸਾਈਕਲ ਚੋਰ ਨੂੰ ਛੁੜਵਾ ਦੇਣਾ ਪਰ ਅੰਦਰੋਂ ਉਸਦੀ ਨੀਯਤ ਜੇਹਲ ਕਰਾਨ

Sri Satguru Jagjit Singh Ji eLibrary NamdhariElibrary@gmail.com

ਦੀ ਬਣੀ ਰਹੀ। ਕਰਤਾਰ ਸਿੰਘ ਉਹ ਛੋਟੇ ਥਾਨੇਦਾਰ ਨੂੰ ਫਿਰ ਨ ਮਿਲ ਸਕਿਆ ਕਿ ਕਹਿ ਦੇਵੇ ਗਵਾਹ ਭੁਗਤਾ ਦੇਵੀਂ, ਫਿਰ ਉਸ ਨੂੰ ਖਿਆਲ ਹੋਇਆ ਕਿ ਚੋਰੀ ਦ ਮੁਕਦਮੇ ਜੱਜ ਦੋਪਹਿਰ ਪਿਛੋਂ ਲੈਂਦਾ ਹੈ ਮੈਂ ਸਮਝਾ ਦਿਆਂਗਾ ਪਰ ਏਹ ਮੁਕਦਮਾ ਕਚਹਿਰੀ ਖੁਲ੍ਹਦਿਆਂ ਹੀ ਲਗ ਗਿਆ ਤਾਂ ਛੋਟੇ ਥਾਨੇਦਾਰ ਗਵਾਹ ਕੋਈ ਨ ਭੁਗਤਾਏ ਤੇ ਬਰੀ ਹੋ ਗਿਆ ਵਡ ਥਾਨੇਦਾਰ ਨੂੰ ਸਮਝ ਆ ਗਈ ਕਿ ਜੋ ਸਾਧੂ ਚਾਹੇ ਉਹੀ ਹੋ ਜਾਂਦਾ ਹੈ ਆਦਮੀ ਦੀ ਚਤੁਰਾਈ ਕੰਮ ਨਹੀਂ ਦੇਂਦੀ ਫਿਰ ਉਹ ਆਪ ਸੰਤ ਜੀ ਸਾਹਿਬ ਪਾਸ ਆਇਆ ਤਾਂ ਆਪਣੀ ਚਾਲਾਕੀ ਦੀ ਮੁਆਫੀ ਮੰਗੀ।

ਮੁਕਤਸਰ ਸਾਹਿਬ ਤੋਂ ਚਿਠੀ ਬਾਬਾ ਗੁਰਮੁਖ ਸਿੰਘ ਜੀ ਦੀ ਬਾਬਾ ਝੰਡਾ ਸਿੰਘ ਜੀ ਵਲ ਆਈ ਕਿ ਰਾਤੋ ਰਾਤ ਯਤਨ ਕਰਕੇ ਏਹ ਸਾਮਾਨ ਸੇਵਾ ਲਈ ਸੇਵਕਾਂ ਪਾਸੋਂ ਇਕੱਠਾ ਕਰਵਾਕੇ ਆਉ। ਰਾਤੋ ਰਾਤ ਉਦਮ ਹੋਇਆ ਸਵੇਰੇ ਚਾਰ ਵਜੇ ਟਰੱਕ ਭਰਕੇ ਚਲ ਪਏ ਸੰਗਤ ਬਹੁਤ ਸਾਰੀ ਨਾਲ ਸੀ, ਜਦੋਂ ਮੁਕਤਸਰ ਸਾਹਿਬ ਪੁਜੇ ਤਾਂ ਸੰਤ ਬਾਬਾ ਗੁਰਮੁਖ ਸਿੰਘ ਜੀ ਤੇ ਸੰਤ ਬਾਬਾ ਬਘੇਲ ਸਿੰਘ ਜੀ ਟਹਿਲ ਰਹੇ ਸਨ। ਸੰਗਤ ਦੇ ਸਾਹਮਣੇ ਸੰਤ ਗੁਰਮੁਖ ਸਿੰਘ ਜੀ ਨੇ ਫਰਮਾਇਆ—ਕਿਸ ਦੇ ਹੁਕਮ ਸੇ ਇਤਨਾ ਸਾਮਾਨ ਲੈ ਕੇ ਆਏ ਹੋ ਅਭੀ ਵਾਪਸ ਚਲੇ ਜਾਉ। ਸੰਤ ਬਘੇਲ ਸਿੰਘ ਨੇ ਇਸ਼ਾਰਾ ਭੀ ਦਿਤਾ ਬਾਬਾ ਝੰਡਾ ਸਿੰਘ ਜੀ ਨੂੰ ਕਿ ਆਪ ਚਿਠੀ ਵਿਖਾ ਦਿਉ ਕਿ ਆਪ ਦੇ ਹੁਕਮ ਨਾਲ ਆਇਆ ਹਾਂ ਪਰ ਆਪ ਜੀ ਨੇ ਨਿਮਰਤਾ ਨਾਲ ਹੱਥ ਜੋੜ ਲਏ ਅਖਾਂ ਵਿਚੋਂ ਜਲ ਵੱਗ ਤੁਰਿਆ ਤੇ ਕਿਹਾ ਭੁਲ ਹੋ ਗਈ ਹੈ, ਹੱਛਾ ਅਭੀ ਮੁੜ ਵਾਪਸ ਲੈ ਜਾਉ, ਸਤਿ ਬਚਨ ਕਰਕੇ ਜਦੋਂ ਮੁੜ ਪਏ ਤਾਂ ਬਾਬਾ ਜੀ ਨੇ ਆਵਾਜ਼ ਮਾਰਕੇ ਬੁਲਾਇਆ ਤੇ ਪਿਆਰ ਨਾਲ ਆਪ ਨੂੰ ਜਫੀ ਪਾ ਲਈ ਤਾਂ ਫਰਮਾਇਆ ਏਹ ਹੈ ਸੇਵਕ ਦਾ ਹੁਕਮ ਮੰਨਣਾ ਭਾਈ ਬਘੇਲ ਸਿੰਘ ਵਲ ਇਸ਼ਾਰਾ ਕਰਕੇ ਕਿ ਤੁਸੀਂ ਤਾਂ ਚਿਠੀ ਇਨ੍ਹਾਂ ਨੂੰ

Sri Satguru Jagjit Singh Ji eLibrary NamdhariElibrary@gmail.com

ਯਾਦ ਕਰਾਂਦੇ ਹੀ ਰਹੇ ਬਹੁਤ ਵਰ ਦਿਤੇ ਬਾਬਾ ਝੰਡਾ ਸਿੰਘ ਜੀ ਨੂੰ ਤਾਂ ਏਹ ਫਰਮਾਇਆ ਜੋ ਬਾਬਾ ਝੰਡਾ ਸਿੰਘ ਦੀ ਖੁਸ਼ੀ ਲਵੇਗਾ ਉਸ ਨੂੰ ਗੁਰੂ ਰਾਮਦਾਸ ਜੀ ਮਹਾਰਾਜ ਦੀ ਖੁਸ਼ੀ ਮਿਲੇਗੀ।

ਬਾਬਾ ਝੰਡਾ ਸਿੰਘ ਜੀ ਵਲੋਂ ਮੇਰੇ ਪਰ ਕਿਰਪਾ ਹੋਣੀ

ਮੈਨੂੰ ਬੁਖਾਰ ਜ਼ਿਆਦਾ ਹੋ ਗਿਆ ਉਤਰੇ ਨਾ ਡਾਕਟਰ ਹੈਰਾਨ ਸਨ ਬਲਕੇ ਜਵਾਬ ਦੇ ਗਏ। ਬਾਬਾ ਜੀ ਆਪ ਮੇਰੇ ਘਰ ਆ ਗਏ ਤੇ ਆਕੇ ਪਾਸ ਬੈਠ ਗਏ। ਕਿਹਾ ਬੁਖਾਰ ਕਿਤਨ ਹੈ ਥਰਮਾ ਮੀਟਰ ਲਗਾਉ ਜਦੋਂ ਕਢਕੇ ਵੇਖਿਆ ਤਾਂ ਬੁਖਾਰ ਨਹੀਂ ਸੀ ਟਮਪਰੇਚਰ ੯੮ ਸੀ ਤੇ ਉਸ ਤੋਂ ਅੱਧਾ ਘੰਟਾ ਪਹਿਲੋਂ ਬੁਖਾਰ ੧੦੫ ਸੀ। ਫਰਮਾਇਆ ਜਾਉ ਦੁਕਾਨ ਪਰ ਜਾਕੇ ਕੰਮ ਕਰੋ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਹਾਜ਼ਰੀ ਰੋਜ਼ਾਨਾ ਭਰਿਆ ਕਰਨਾ। ਬੁਖਾਰ ਉਤਰ ਗਿਆ ਸਾਰਾ ਪ੍ਰਵਾਰ ਹੈਰਾਨ ਪਰ ਖੁਸ਼ ਸੀ। ਸੋਚ ਰਹੇ ਸੀ ਕਿ ਮਹਾਂ ਪੁਰਸ਼ ਘਰ ਆਏ ਹਨ ਚਰਨ ਪਾਏ ਨੇ ਕੀ ਸੇਵਾ ਕੀਤੀ ਜਾਵੇ ਤਾਂ ਆਪ ਨੇ ਹੀ ਫਰਮਾਇਆ-ਸੇਵਾ ਹਾਜ਼ਰ ਕਰ ਦਿਉ ਮੈਂਨੇ ਪੰਜ ਸੌ ਰੁਪਏ ਹਾਜ਼ਰ ਕੀਤੇ ਤਾਂ ਫਰਮਾਇਆ ਇਕ ਹਜ਼ਾਰ ਮੇਰੇ ਚੰਗੇ ਭਾਗ ਮੈਂਨੇ ੧੧੦੦ ਹਾਜ਼ਰ ਕਰ ਦਿਤੇ।

Sri Satguru Jagjit Singh Ji eLibrary NamdhariElibrary@gmail.com

ਭਾਈ ਬਸੰਤ ਸਿੰਘ ਜੀ 'ਸਿੰਧੂ ਬਸ ਟਰਾਂਸਪੋਰਟ'
ਕੂਚਾ ਬਸੰਤ ਸਿੰਘ ਚਾਟੀ ਵਿੰਡ ਰੋਟ ਅੰਮ੍ਰਿਤਸਰ

ਉਮਰ ੬੫ ਸਾਲ

ਸੰਤ ਬਾਬਾ ਗੁਰਮੁਖ ਸਿੰਘ ਜੀ ਤੇ ਸੰਤ ਸਾਧੂ ਸਿੰਘ ਜੀ ਇਕੱਠੇ ਬੈਠੇ ਸਨ ਸੰਗਤ ਭੀ ਪਾਸ ਕਾਫੀ ਸੀ ਦਾਸ ਜਾਕੇ ਬੈਠਾ ਹੀ ਤਾਂ ਆਪ ਨੇ ਫਰਮਾਇਆ ਸੰਗਤ ਪਹਿਲਾਂ ਪੁਤ੍ਰ ਵਲ ਜਾਂਦੀ ਹੈ ਪਿਉ ਵਲ ਨਹੀਂ ਜਾਂਦੀ। ਆਪ ਜੀ ਦਾ ਭਾਵ ਸੀ ਗੋਇੰਦਵਾਲ ਸਾਹਿਬ ਜਾਂਦੀ ਹੈ ਖਡੂਰ ਸਾਹਿਬ ਨਹੀਂ ਜਾਂਦੀ। ਭਾਈ ਬਸੰਤ ਸਿੰਘ ਆਪ ਆਪਣੀਆਂ ਸਭ ਮੋਟਰਾਂ ਸੇਵਾ ਵਿਚ ਦਿਉ ਸੜਕ ਪਕੀ ਖਡੂਰ ਸਾਹਿਬ ਦੀ ਬਣਾਈਏ।

ਦਾਸ –ਮਹਾਰਾਜ ਜੀ ਸਾਰੀਆਂ ਮੋਟਰਾਂ ਦੇਕੇ ਰੋਟੀ ਕਿਥੋਂ ਖਾਈਏ ਅਗੇ ਹੀ ਕੰਮ ਨਰਮ ਹੈ ਤਾਂ ਆਪ ਜੀ ਨੇ ਸੱਜਾ ਹੱਥ ਮੀਟ ਲਿਆ ਕੁਛ ਹੌਲੀ ਹੌਲੀ ਪੜ੍ਹਦੇ ਰਹੇ, ਮੁਠੀ ਖੋਹਲਕੇ ਫੁਰਮਾਇਆ।

ਖਾਵਹੁ ਖਰਚਹੁ ਰਲਿ ਮਿਲਿ ਭਾਈ ॥
ਤੋਟਿ ਨ ਆਵੈ ਵਧਦੋ ਜਾਈ ॥

ਆਪ ਰੁਪਏ ਦੀ ਤੰਗੀ ਦਸਦੇ ਹੋ ਭਾਈ ਮਾਇਆ ਆਪ ਕੇ ਪੀਛੇ ਪੀਛੇ ਫਿਰੇਗੀ ਸੇਵਾ ਕਰੋ। ਬਚਨ ਮੰਨਕੇ ਮੋਟਰਾਂ ਲਗਾ ਦਿਤੀਆਂ ਅੱਠ ਦਸ ਦਿਨ ਪਿਛੋਂ ਮਾਇਆ ਖੁਲ੍ਹੀ ਅੰਣ ਲਗ ਪਈ।

ਸਾਧੂ ਬੋਲੇ ਸਹਿਜ ਸੁਭਾਇ ॥
ਸਾਧੂ ਕਾ ਬੋਲਿਆ ਬਿਰਥਾ ਨ ਜਾਇ ॥

Sri Satguru Jagjit Singh Ji eLibrary NamdhariElibrary@gmail.com

ਤਾਂ ਸੁਣਿਆ ਹੋਇਆ ਸੀ ਪਰ ਪ੍ਰਤੱਖ ਦਿਸ ਪਿਆ। ਹਰ ਸੇਵਾ ਵਿਚ ਮੋਟਰਾਂ ਦਾਸ ਹਾਜ਼ਰ ਕਰਦਾ ਸਦਾ ਖੁਸ਼ੀ ਪ੍ਰਾਪਤ ਹੁੰਦੀ ਸੇਵਾ ਦਾ ਫਲ ਹੈ ਸੌ ਸੌ ਮੋਟਰਾਂ ਵਾਲਿਆਂ ਦੀ ਕੰਪਨੀ ਨਹੀਂ ਬੱਝੀ ਪਰ ਆਪ ਜੀ ਦੇ ਵਰ ਨਾਲ ਸਾਡੀਆਂ ਦਸ ਮੋਟਰਾਂ ਕਰਕੇ 'ਸੰਧੂ ਬਸ ਕੰਪਨੀ ਬਣੀ ਹੋਈ ਹੈ।

ਸ੍ਰੀ ਤਰਨ ਤਾਰਨ ਸਾਹਿਬ ਸਰੋਵਰ ਹੰਸਲੀ ਦੀ ਸੇਵਾ ਹੋ ਰਹੀ ਸੀ ਮੋਟਰਾਂ ਵਾਲੇ ਕਰਾਇਆ ਇਕ ਤਰਫ ਅੰਮ੍ਰਿਤਸਰੋਂ ਤਰਨ ਤਾਰਨ ਦਾ ਇਕ ਰੁਪਏ ਲੈ ਰਹੇ ਸਨ ਆਪ ਜੀ ਨੇ ਸਭ ਮੋਟਰਾਂ ਵਾਲਿਆਂ ਨੂੰ ਬੁਲਾਕੇ ਹੁਕਮ ਕੀਤਾ ਕਿ ਸਵਾ ਹੋ ਰਹੀ ਹੈ ਕਰਾਇਆ ਬਹੁਤ ਜ਼ਿਆਦਾ ਹੈ ਅਗੇ ਤੋਂ ਕਰਾਇਆ ਕੇਵਲ ਚਾਰ ਆਨੇ ਲਵੋ ਸਵਾਰੀ ਜਿਤਨੀ ਮਰਜੀ ਜੇ ਬਿਠਾ ਲਵੋ ਕੋਈ ਕਮੀ ਨਹੀਂ ਰਹੇਗੀ ਸੋ ਐਸਾ ਹੀ ਹੋਇਆ ਸਭ ਨੇ ਮੰਨ ਲਿਆ ਸਵਾਰੀ ਜ਼ਿਆਦਾ ਸੇਵਾ ਪਰ ਜਾਨ ਲਗ ਪਈ ਮੋਟਰਾਂ ਵਾਲਿਆਂ ਦੀ ਆਮਦਨ ਵਿਚ ਸਗੋਂ ਵਾਧਾ ਹੀ ਹੋਇਆ।

ਅਸੀਂ ਚਾਰ ਭਾਈ ਹਾਂ ਇਕ ਦਿਨ ਸਭ ਨੂੰ ਇਕਠਿਆਂ ਬਿਠਾਕੇ ਫਰਮਾਇਆ ਇਤਫਾਕ ਵਿਚ ਬਰਕਤ ਹੈ ਇਕਠੇ ਰਹੋਗੇ ਤਰੱਕੀ ਕਰੋਗੇ ਜੇਹੜਾ ਅੱਡ ਹੋ ਜਾਵੇਗਾ ਉਹ ਕਮਜ਼ੋਰ ਹੋ ਜਾਵੇਗਾ ਕੁਕੜੀ ਦਾ ਬੱਚਾ ਜੇਹੜਾ ਕੁਕੜੀ ਹੇਠੋਂ ਨਿਕਲ ਜਾਂਦਾ ਹੈ ਉਸ ਨੂੰ ਇੱਲ ਲੈ ਜਾਂਦੀ ਹੈ। ਦੋ ਭਰਾ ਵਖਰੇ ਹੋ ਗਏ ਪਰ ਦੋਨੋਂ ਹੀ ਬਹੁਤ ਤੰਗ ਹੋ ਗਏ, ਮੈਂ ਦੋਹਾਂ ਪਾਸੋਂ ਸੱਤ ਸੱਤ ਵਾਰੀ ਕਾਗਜ਼ ਪਰ ਲਿਖਵਾ ਲਿਆ ਮੈਂ ਅੱਡ ਹੁੰਦਾ ਹਾਂ, ਮੈਂ ਅੱਡ ਹੁੰਦਾ ਹਾਂ। ਆਖਰ ਵਡਾ ਭਰਾ ਹਜਾਰਾ ਸਿੰਘ ਭੀ ਅੱਡ ਹੋ ਗਿਆ ਉਹ ਅੱਜ ਤੰਗ ਹੈ।

ਗੁਰੂ ਮੇਹਰ ਨਾਲ ਮੇਰੇ ਲੜਕੇ ੫ ਹਨ ਤੇ ਦੋ ਲੜਕੀਆਂ ਹਨ ਇਕ ਲੜਕਾ ਅਮ੍ਰੀਕਾ ਵਿਚ ਇੰਨਜੀਨਰੀ ਪੜ੍ਹ ਰਿਹਾ ਹੈ ਇਕ ਲਫਟੈਨ ਹੋ ਗਿਆ ਹੈ ਜਾਇਦਾਦ ਬਹੁਤ ਹੈ ਹਰ ਤਰ੍ਹਾਂ ਦਾ ਸੁਖ

Sri Satguru Jagjit Singh Ji eLibrary NamdhariElibrary@gmail.com

ਇਜ਼ਤ ਹੈ। ਏਹ ਸਭ ਬਾਬਾ ਗੁਰਮੁਖ ਸਿੰਘ ਜੀ ਦੀ ਬਖਸ਼ਿਸ਼ ਹੈ।

੧੯੪੭ ਦੇਸ਼ ਦੀ ਵੰਡ ਸਮੇਂ ਸ਼ਹਿਰ ਵਿਚ ਹਿੰਦੂ ਮੁਸਲਿਮ ਫਸਾਦ ਹੋ ਰਹੇ ਸਨ ਸਭ ਸ਼ਹਿਰ ਦੇ ਦਰਵਾਜ਼ੇ ਬੰਦ ਸਨ ਸਾਡਾ ਚਾਟੀ ਵਿੰਡ ਵਾਲਾ ਖੁਲ੍ਹਾ ਸੀ ਮੈਂ ਨੇ ਆਪਣੀਆਂ ਬਸਾਂ ਪਿੰਡਾਂ ਵਿਚ ਭੇਜਕੇ ਪਿੰਡਾਂ ਵਿਚੋਂ ਸੈਂਕੜੇ ਜਵਾਨ ਮੰਗਵਾਏ ਪੋਲੀਸ ਵਿਚ ਬਹੁਤ ਭਾਰੀ ਗਿਣਤੀ ਮੁਸਲਮਾਨਾਂ ਦੀ ਹੋਣ ਕਰਕੇ ਉਹ ਭੂਤਰੇ ਹੋਏ ਸਨ ਤੇ ਅਫਵਾਹ ਸੀ ਕਿ ਸ੍ਰੀ ਦਰਬਾਰ ਸਾਹਿਬ ਪਰ ਕਬਜਾ ਕਰਨਗੇ। ਮੁਸਲਮਾਨੀ ਪੋਲੀਸ ਅਫਸਰਾਂ ਨੇ ਸਾਡੇ ਦੋਹਾਂ ਭਰਾਵਾਂ ਤੇ ਹੋਰ ਕੁਛ ਸਿਖਾਂ ਪਰ ਮੁਕਦਮਾ ਕਾਇਮ ਕਰ ਦਿਤਾ ਕਿ ਇਨ੍ਹਾਂ ਨੇ ੧੨ ਮੁਸਲਮਾਨ ਮਾਰਕੇ ਲਾਸ਼ਾਂ ਗੁਮ ਕਰ ਦਿਤੀਆਂ ਹਨ ਤੇ ੪੦ ਜਖਮੀ ਬੁਰੀ ਤਰ੍ਹਾਂ ਕੀਤੇ ਹਨ, ਫੜੋ ਫੜੀ ਸ਼ੁਰੂ ਹੋ ਗਈ।

ਅਸੀਂ ਦੋਨੋਂ ਭਾਈ ਪ੍ਰਵਾਰਾਂ ਸਮੇਤ ਹਰਿਮੰਦਰ ਸਾਹਿਬ ਦੇ ਦਰਸ਼ਨ ਲਈ ਗਏ ਹੋਏ ਸੀ, ਓਥੇ ਹੀ ਕਿਸੇ ਪਾਸੋਂ ਸੁਣ ਕੇ ਅਸੀਂ ਘਰ ਨਹੀਂ ਆਏ ਸੰਗਰਾਨਾ ਸਾਹਿਬ ਦੇ ਰਸਤੇ ਅਸੀਂ ਸਿਰਾਂ ਤੇ ਮੁੰਡਾਸੇ ਬੰਨ੍ਹ ਕੇ ਸ੍ਰੀ ਮੁਕਤਸਰ ਜਾ ਪੁਜੇ, ਰਾਤ ੯ ਵਜੇ ਦਾ ਸਮਾਂ ਸੀ, ਸੰਤ ਜੀ ਪਾਸ ਬੇਨਤੀ ਕੀਤੀ ਅਸੀਂ ਭਲਾ ਕਰਦੇ ਰਹੇ ਹਾਂ ਪਰ ਸਾਡੇ ਨਾਲ ਬੁਰਾ ਹੋਣ ਲਗਾ ਹੈ, ਆਪ ਨੇ ਹੁਕਮ ਕੀਤਾ ਲੰਗਰ ਛਕ ਕੇ ਆਰਾਮ ਕਰੋ ਤੇ ਸਵੇਰੇ ਆਓ। ਅਸੀਂ ਦੋਨੋਂ ਭਾਈ ਨਿਮੋ ਝੂਨੀ ਹਾਲਤ ਵਿਚ ਹਾਜ਼ਰ ਹੋਏ ਤਾਂ ਆਪ ਨੇ ਫਰਮਾਇਆ ਤੁਹਾਡੇ ਕੀਤੇ ਹੋਏ ਪਾਪ ਬਹੁਤ ਹਨ -ਮੈਂ ਕੰਬ ਗਿਆ ਅਤੇ ਧਿਆਨ ਮੇਰਾ ਪਹਿਲੀ ਲੜਾਈ ਵਿਚ ਫੌਜੀ ਨੌਕਰੀ ਸਮੇਂ ਬਸਰੇ ਸ਼ਹਿਰ ਵਿਚ ਕੀਤੀਆਂ ਐਸ਼ਾਂ ਵਲ ਖਿਆਲ ਗਿਆ ਪਰ ਝੱਟ ਬੇਨਤੀ ਕੀਤੀ ਕਿ ਪਾਪ ਬਹੁਤ ਹਨ ਤਾਂ ਭੀ ਆਪ ਜੀ ਬਖਸ਼ਿੰਦ ਹੋ ਜ਼ਰੂਰ ਬਖਸ਼ਨ ਦੀ ਕਿਰਪਾ ਕਰੋ।

ਆਪ ਨੇ ਫਰਮਾਇਆ ਲਾਇਲਪੁਰ ਬੱਸ ਵਾਲਿਆਂ ਪਾਸੋਂ ਕਤਲ ਹੋ ਗਿਆ ਸੀ, ਉਨ੍ਹਾਂ ਨੇ ਦਸ ਹਜ਼ਾਰ ਰੁਪਏ ਸੇਵਾ ਵਿਚ

Sri Satguru Jagjit Singh Ji eLibrary NamdhariElibrary@gmail.com

ਦਿਤੇ ਸਨ ਉਨ੍ਹਾਂ ਦਾ ਭਲਾ ਹੋ ਗਿਆ ਸੀ, ਤੁਸੀਂ ਭੀ ਦਸ ਹਜ਼ਾਰ ਦਿਉ ਭਲਾ ਹੋ ਜਾਵੇਗਾ। ਮੇਰਾ ਭਾਈ ਬੋਲਨ ਲਗਾ ਕੁਛ ਘਟ ਕਰੋ ਪਰ ਮੈਂ ਨੇ ਓਸ ਦੇ ਮੂੰਹ ਪਰ ਹੱਥ ਦੇ ਲਿਆ। ਬਚਨ ਮੰਨ ਕੇ ਅਸੀਂ ਦੋਨੋਂ ਘਰ ਆਏ ਰੁਪਏ ਫੜ ਫੜਾ ਕੇ ਤੀਜੇ ਦਿਨ ਜਾ ਪੁਜੇ ਮਥਾ ਟੇਕਿਆ ਰੁਪਿਆ ਹਾਜ਼ਰ ਕੀਤਾ ਆਪ ਪ੍ਰਸੰਨ ਹੋ ਕੇ ਫਰਮਾਂਦੇ ਹਨ :—

ਕਿਆ ਲੀਜੈ ਕਿਆ ਤਜੀਐ ਬਉਰੇ
ਜੋ ਦੀਸੈ ਸੋ ਛਾਰੁ ॥

ਜਾਓ ਤੁਹਾਨੂੰ ਕੋਈ ਨਹੀਂ ਫੜਦਾ ਭਲਾ ਹੋਵੇਗਾ, ਅਸੀਂ ਵਾਪਸ ਪੁਜ ਕੇ ਵਕੀਲ ਕੀਤਾ ਪੋਲੀਸ ਦਾ ਚਾਲਾਨ ਅਦਾਲਤ ਵਿਚ ਪੇਸ਼ ਹੋਇਆ। ਸਾਡੇ ਵਕੀਲ ਨੇ ਕਿਹਾ ਜ਼ਮਾਨਤ ਪੰਜ ਦੀ ਲੈ ਲਓ-ਪੋਲੀਸ ਅਫਸਰ ਏਹ ਕਾਤਲ ਹਨ। ਸਾਡਾ ਵਕੀਲ ਕਾਤਲ ਏਹ ਬਿਲਕੁਲ ਨਹੀਂ ਹਨ, ਫਸਾਦ ਦੇ ਦਿਨਾਂ ਵਿਚ ਬੇਗੁਨਾਹ ਭੀ ਫੜ ਲੈ ਜਾਂਦੇ ਹਨ, ਹਜ਼ਾਰ ਦੀ ਜ਼ਮਾਨਤ ਲੈ ਲਓ। ਜੱਜ ਨੇ ਹਜ਼ਾਰ ਹਜ਼ਾਰ ਦੀ ਜ਼ਮਾਨਤ ਪਰ ਮੈਨੂੰ ਤੇ ਹਜ਼ਾਰਾ ਸਿੰਘ ਮੇਰੇ ਵਡੀ ਭਾਈ ਨੂੰ ਛੋੜ ਦਿਤਾ। ਮੁਕਦਮੇ ਦੀ ਪਹਿਲੀ ਪੇਸ਼ੀ ਪਰ ਹਾ ਅਸੀਂ ਬਰੀ ਹੋ ਗਏ। ਐਸੀ ਕਿਰਪਾ ਹੋ ਗਈ ਗਵਾਹ ਮੈਨੂੰ ਕਹਿਣ ਏਹ ਹਜ਼ਾਰਾ ਸਿੰਘ ਹੈ ਤੇ ਹਜ਼ਾਰਾ ਸਿੰਘ ਨੂੰ ਕਹਿਣ ਏਹ ਬਸੰਤ ਸਿੰਘ ਹੈ। ਹੋਰ ਬਹੁਤ ਸਾਰੇ ਛੇ ਛੇ ਮਹੀਨੇ ਸਾਲ ਸਾਲ ਜੇਹਲਾਂ ਵਿਚ ਰੁਬੜਦੇ ਰਹੇ ਸਨ।

ਗੁਰੂ ਮੇਹਰ ਨਾਲ ਮੇਰੇ ਸਭ ਬੱਸ ਡਰਾਈਵਰਾਂ ਨੂੰ ਹਿਦਾਇਤ ਹੈ ਕਿ ਜਿਤਨੇ ਭੀ ਸੰਤ ਸੇਵਕ ਨਗਰਾਂ ਵਿਚ ਡੇਰਿਆਂ ਲਈ ਪ੍ਰਸ਼ਾਦੇ ਦੁਧ ਆਦਿਕ ਲੈਣ ਜਾਂਦੇ ਹਨ ਉਹਨਾਂ ਸਭ ਨੂੰ ਬਿਨਾਂ ਕਰਾਏ ਲਿਜਾਨਾ ਤੇ ਲਿਅੌਣਾ ਫਰੀ ਹੁੰਦਾ ਹੈ ਜੋ ਡਰਾਈਵਰ ਉਲੰਘਨਾ ਕਰੇ ਉਸ ਨੂੰ ਜੁਰਮਾਨਾ ਹੁੰਦਾ ਹੈ, ਦਰਜਨਾਂ ਹੀ ਗਾਜੀ (ਗਜ਼ਾ

Sri Satguru Jagjit Singh Ji eLibrary NamdhariElibrary@gmail.com

ਕਰਨ ਵਾਲਿਆ ਨੂੰ ਕਿਹਾ ਜਾਂਦਾ ਹੈ) ਰੋਜ਼ਾਨਾ ਫਰੀ ਆਂਦੇ ਜਾਂਦੇ ਹਨ ।

●

ਭਾਈ ਜੋਗਾ ਸਿੰਘ ਦਾ ਬਿਆਨ

ਮੇਰਾ ਨਾਮ ਸੰਤ ਸਿੰਘ ਸੀ ਤੇ ਕੰਨ ਪਾਟਾ ਹੋਇਆ, ਜਦੋਂ ਸੇਵਾ ਵਿਚ ਔਣ ਲਗ ਪਿਆ । ਸੰਤ ਮਹਾਰਾਜ ਜੀ ਮੈਨੂੰ ਜੋਗੀ ਕਹਿ ਕੇ ਪੁਕਾਰਦੇ ਫਿਰ ਨਾਮ ਜੋਗਾ ਸਿੰਘ ਅੰਮ੍ਰਿਤ ਛਕਨ ਪਿਛੋਂ ਰਖ ਦਿਤਾ, ਮੈਂ ਓਸ ਸਮੇਂ ਦਸ ਸਾਲ ਦਾ ਸੀ, ਮੈਨੂੰ ਵੀਹ ਸਾਲ ਆਪ ਜੀ ਦੀ ਸੇਵਾ ਸੰਭਾਲ ਦਾ ਸੁਭਾਗ ਪ੍ਰਾਪਤ ਹੋਇਆ ਹੈ। ਖਡੂਰ ਸਾਹਿਬ ਦੀ ਜਦੋਂ ਸੜਕ ਬਣ ਰਹੀ ਸੀ ਸੜਕ ਦੇ ਕੰਢੇ ਤੰਬੂ ਲਗਾ ਹੋਇਆ ਸੀ। ਸੰਤ ਸਾਧੂ ਸਿੰਘ ਜੀ ਭੀ ਉਥੇ ਹੀ ਸਨ ਤੇ ਆਪ ਦੇ ਪਾਸ ਸੰਤ ਹੀਰਾ ਸਿੰਘ ਜੀ ਸਭ ਕਿਸਮ ਦੀ ਕਾਰ ਦੇ ਮੁਖਤਾਰ ਸਨ।

ਆਪ ਜੀ ਦੇ ਬੇਅੰਤ ਹੀ ਕੌਤਕ ਵੇਖਣ ਵਿਚ ਆਏ ਜੇਕਰ ਮੈਂ ਲਿਖਦਾ ਰਹਿੰਦਾ ਤਾਂ ਕਾਪੀਆਂ ਭਰ ਜਾਂਦੀਆਂ। ਬਿਆਸ ਪੂਜਾ ਦਾ ਦਿਨ ਸੀ ਸੰਗਤ ਬਹੁਤ ਆਈ ਸਤ ਹੀਰਾ ਸਿੰਘ ਛੇ ਮੋਟਰਾਂ ਭਰ ਕੇ ਲਿਆਏ। ਮੈਨੂੰ ਸੰਤ ਜੀ ਨੇ ਰਾਤ ਨੂੰ ਹੁਕਮ ਕੀਤਾ ਕਿ ਪਾਣੀ ਮੱਟਾਂ ਵਿਚ ਭਰ ਰਖਨਾ, ਮੈਨੂੰ ਚੇਤਾ ਭੁਲ ਗਿਆ, ਆਪ ਜੀ ਬਹੁਤ ਨਰਾਜ਼ ਹੋਏ ਵੇਖ ਭਾਈ ਹੀਰਾ ਸਿੰਘ ਉਦਮ ਕਰਕੇ ਇਤਨੀ ਸੰਗਤ ਲੈ ਆਇਆ ਹੈ ਤੂੰ ਨੇ ਪਾਣੀ ਨਹੀਂ ਭਰਾ ਰਖਿਆ, ਦਾਸ-ਭੁਲ ਹੋ ਗਈ, ਕਿਉਂ ਭੁਲ ਹੋ ਗਈ-ਬਾਰਾਂ ਵਜੇ ਤਕ ਦਾਸ ਨਾਲ ਮਹਾਰਾਜ ਜੀ ਨਹੀਂ ਬੋਲੇ ਮੈਂ ਅੰਦਰੋਂ ਖਿਮਾਂ ਮੰਗਦਾ ਰਿਹਾ ਤੇ ਆਈ ਸੰਗਤ ਦੀ ਸੇਵਾ ਕਰਦਾ ਰਿਹਾ ਆਪ ਹੀ ਫਿਰ ਦਿਆਲਤਾ

Sri Satguru Jagjit Singh Ji eLibrary NamdhariElibrary@gmail.com

ਵਿਚ ਆ ਗਏ ਤੇ ਬੁਲਾ ਲਿਆ ਤੇ ਫਰਮਾਇਆ ਅਗੋਂ ਭਾਈ ਖਿਆਲ ਰਖਨਾ—

ਸੰਤ ਜੀ ਦੇ ਦੋ ਲੜਕੇ ਸਨ ਵਡਾ ਬਾਬਾ ਆਤਮਾ ਸਿੰਘ ਇਸ ਨੂੰ ਬਾਬਾ ਜੀ ਪਾਸ ਬਿਠਾਂਦੇ ਇਸ ਦਾ ਜੀਵਨ ਭੀ ਬਹੁਤ ਚੰਗਾ ਹੈ ਉਸ ਦੇ ਅਗੋਂ ਲੜਕਾ ਕੋਈ ਨਹੀਂ ਲੜਕੀਆਂ ਹੀ ਹਨ। ਛੋਟਾ ਲੜਕਾ ਸੰਤ ਜੀ ਦਾ ਭਾਈ ਨੰਦ ਸਿੰਘ ਹੈ ਇਸ ਨੂੰ ਬਾਬਾ ਜੀ ਮੱਥੇ ਨਹੀਂ ਸਨ ਲਾਉਂਦੇ। ਏਸੇ ਨੇ ਬਾਬਾ ਜੀ ਦੇ ਸੱਚਖੰਡ ਜਾਣ ਪਿਛੋਂ ਏਹ ਡੇਰਾ ਸੰਭਾਲਨ ਲਈ ਦਾਹਵਾ ਕੀਤਾ ਸੀ ਜੋ ਹਾਈ ਕੋਰਟ ਤਕ ਹਾਰ ਗਿਆ ਹੈ ਹੁਣ ਡੇਰੇ ਵਿਚੋਂ ਇਸ ਨੂੰ ਕਢਾਣ ਲਈ ਇਨਚਾਰਜ ਡੇਰਾ ਬਾਬਾ ਖੜਕ ਸਿੰਘ ਜੀ ਨੇ ਦਾਹਵਾ ਕੀਤਾ ਹੋਇਆ ਹੈ।

ਮਹਾਰਾਜ ਜੀ ਨੂੰ ਹਰ ਇਕ ਦਾ ਖਿਆਲ ਰਹਿੰਦਾ ਸੀ ਤੇ ਜਿਸ ਪਰ ਮੇਹਰ ਕਰਨੀ ਹੁੰਦੀ ਉਸ ਨੂੰ ਖਾਸ ਸੇਵਾ ਬਖਸ਼ਦੇ। ਕਾਕਾ ਮਹਿੰਦਰ ਸਿੰਘ ਸਪੁਤ੍ਰ ਸੰਤ ਹੀਰਾ ਸਿੰਘ ਰੋਜ਼ਾਨਾ ਇਕ ਵਜੇ ਰਾਤ ਨੂੰ ਆਪ ਜੀ ਨੂੰ ਅਸ਼ਨਾਨ ਕਰਾਉਂਦਾ ਕਈ ਵਾਰੀ ਘਰੋਂ ਬੁਲਾਵਾ ਭੇਜਦੇ ਉਸ ਨੇ ਸਾਰੇ ਪਿੰਡੇ ਤੇ ਦਹੀਂ ਮਲਨੀ ਤੇ ਪਿਆਰ ਨਾਲ ਅਸ਼ਨਾਨ ਕਰਾਨਾ। ਅਜ ਉਹ ਲੜਕਾ ਵਕੀਲ ਹੈ ਤੇ ਹਰ ਤਰ੍ਹਾਂ ਗ੍ਰਿਸਤ ਵਿਚ ਸਫਲ ਤੇ ਸੁਖੀ ਹੈ।

ਸ੍ਰੀ ਨਨਕਾਣਾ ਸਾਹਿਬ ਜਦੋਂ ਸੇਵਾ ਹੋ ਰਹੀ ਸੀ ਸੰਗਤ ਵਿਚੋਂ ਪ੍ਰੇਮੀ ਨੇ ਪੁਛਿਆ ਬਾਬਾ ਜੀ ਗੁਰੂ ਮਹਾਰਾਜ ਜੀ ਨੇ ਤਿਲ ਕਿਸ ਤਰ੍ਹਾਂ ਸਾਰੀ ਸੰਗਤ ਵਿਚ ਵਰਤਾਇਆ ਸੀ ਤਾਂ ਆਪ ਜੀ ਨੇ ਵਡੇ ਪਤੀਲੇ ਵਿਚ ਚਾਵਲ ਪਕਨੇ ਰਖਵਾਏ ਵਿਚ ਥੋੜੇ ਕਾਲੇ ਚਣੇ ਪਾ ਦਿਤੇ ਆਪ ਜੀ ਨੇ ਕੜਛਾ ਇਕ ਵਾਰੀ ਵਿਚ ਫੇਰ ਦਿਤਾ। ਡੇਰੇ ਦੇ ੨੫੦ ਤੇ ਬਾਹਰਉਂ ਆਈ ਸੰਗਤ ਦੇ ਪੰਜ ਸੌ ਸਰੀਰ ਛੱਕ ਗਏ, ਆਪ ਜੀ ਨੇ ਪੁਛਿਆ ਭਾਈ ਸਭ ਪ੍ਰਸੰਨ ਹੋ ਚੁਕੇ ਹੋ। ਵੇਖਿਆ ਤਾਂ ਪਤੀਲਾ ਹਾਲੇ ਭਰਿਆ ਹੋਇਆ ਸੀ ਪਕੇ ਹੋਏ

Sri Satguru Jagjit Singh Ji eLibrary NamdhariElibrary@gmail.com

ਚਾਵਲਾਂ ਪਰ ਆਪ ਜੀ ਨੇ ਸੁਫੈਦ ਚਾਦਰ ਪਵਾ ਦਿਤੀ ਸੀ, ਤੇ ਹੁਕਮ ਸੀ ਏਹ ਉਪਰ ਹੀ ਪਈ ਰਹੇ ਤੇ ਇਕ ਪਾਸਿਉਂ ਕਢ ਕਢ ਕੇ ਵਰਤਾਈ ਜਾਉ।

ਸ੍ਰੀ ਨਨਕਾਣਾ ਸਾਹਿਬ ਆਪ ਜੀ ਜ਼ਿਆਦਾ ਬੀਮਾਰ ਹੋ ਗਏ ਅੰਮ੍ਰਿਤਸਰ ਤੇ ਹੋਰ ਥਾਈਂ ਰੌਲਾ ਪੈ ਗਿਆ ਸੰਤ ਜੀਵਾ ਸਿੰਘ ਜੀ ਚੰਗੇ ਮਹਾਂ ਪੁਰਸ਼ ਸ੍ਰੀ ਨਨਕਾਣਾ ਸਾਹਿਬ ਹੀ ਰਹਿੰਦੇ ਸਨ ਉਨ੍ਹਾਂ ਨੂੰ ਲੋਕੀਂ ਬੁਲਾ ਲਿਆਏ ਜਿਨ੍ਹਾਂ ਦਾ ਬਾਬਾ ਜੀ ਨਾਲ ਬਹੁਤ ਪ੍ਰੇਮ ਸੀ ਤੇ ਆਪ ਭੀ ਆਤਮ ਦਰਸੀ ਮਹਾਤਮਾਂ ਸਨ ਉਨ੍ਹਾਂ ਨੇ ਫੁਰਮਾਇਆ ਸੰਗਤ ਫਿਕਰ ਨ ਕਰੋ ਇਨ੍ਹਾਂ ਨੇ ਸਰੀਰ ਹੋਰ ਕਈ ਕੰਮ ਕਰਵਾਕੇ ਸ੍ਰੀ ਅੰਮ੍ਰਿਤਸਰ ਵਿਚ ਛਡਨਾ ਹੈ ਜਾਉ ਸਭ ਆਪਣੇ ਆਪਣੇ ਘਰਾਂ ਨੂੰ।

ਇਸ ਸੰਤ ਜੀ ਨੂੰ ਪਾਕਿਸਤਾਨ ਦੇ ਰੌਲੇ ਵਿਚ ਕਾਤਲ ਨੇ ੧੧ ਕਤਕ ਸੰਮਤ ੨੦੦੪ ਨੂੰ ਸਖਤ ਫਟੜ ਕਰ ਦਿਤਾ ਆਪ ਨੂੰ ਖਰਾਬ ਹਾਲਤ ਵਿਚ ਲੋਕੀ ਏਥੇ ਨਹਿਰ ਪਰ ਬਾਬਾ ਜੀ ਦੇ ਡੇਰੇ ਲੈ ਆਏ ਇਲਾਜ ਦਾ ਯਤਨ ਕੀਤਾ ਪਰ ਚੜ੍ਹਾਈ ਕਰ ਗਏ ਸੋ ਆਪ ਜੀ ਦਾ ਇਕ ਪਲੰਘ ਬਾਬਾ ਜੀ ਦੇ ਪਲੰਘ ਦੇ ਨਾਲ ਇਸ ਗੁਰਦਵਾਰੇ ਵਿਚ ਰਖਿਆ ਹੋਇਆ ਹੈ।

ਬਾਬਾ ਜੀ ਦੀ ਯਾਦਗਾਰ ਇਸ ਗੁਰਦਵਾਰੇ ਵਿਚ ਸ਼ਾਨਦਾਰ ਬਿਲਡਿੰਗ ਹੈ ਅੰਦਰ ਸਸਕਾਰ ਵਾਲੇ ਅਸਥਾਨ ਪਰ ਥੜਾ ਸਾਹਿਬ ਹੈ ਜਿਸ ਪਰ ਏਹ ਤੁਕ ਲਿਖੀ ਹੋਈ ਹੈ।

ਜੇਹਾ ਮਨੋਰਥ ਕਰ ਆਰਾਧੇ
ਸੋ ਸੰਤਨ ਤੇ ਪਾਏ

ਆਪ ਜੀ ਦੇ ਵਰਤਨ ਵਾਲਾ ਏਹ ਸਾਮਾਨ ਭੀ ਸੰਭਾਲ ਕੇ ਰਖਿਆ ਹੋਇਆ ਹੈ ਇਕ ਸਰਮਚੂ, ਇਕ ਥਾਲ, ਦੋ ਕੌਲੇ (ਆਪ ਇਕ ਵਿਚ ਦਹੀਂ ਤੇ ਇਕ ਵਿਚ ਦਾਲ ਭਾਜੀ ਇਕਠੀ ਮਿਲਾਕੇ

Sri Satguru Jagjit Singh Ji eLibrary NamdhariElibrary@gmail.com

ਹੀ ਛਕਦੇ ਸੀ) ਦੋ ਮੁੰਗਲੀਆਂ ਜੋ ਆਪ ਰੋਜ਼ਾਨਾ ਪੂਰਾ ਸਾਲ ਫੇਰਦੇ ਰਹਿੰਦੇ ਸਨ, ਇਕ ਟੱਲ ਪਿਆ ਹੋਇਆ ਹੈ ਆਪ ਜੀ ਉਸ ਨੂੰ ਖੜਕਾਂਦੇ ਤਾਂਕੇ ਸੰਗਤ ਸੇਵਾ ਕਰਦਿਆਂ ਢਿਲੀ ਨ ਪਵੇ, ਅੰਤ ਸਮੇਂ ਦੇ ਆਪ ਜੀ ਦੇ ਪਹਿਨਨ ਵਾਲੇ ਬਸਤਰ, ਲਤਾਂ ਤੇ ਬੰਨ੍ਹਣ ਵਾਲੀਆਂ ਪਟੀਆਂ, ਬੂਟ ਦਾ ਪੁਰਾਣਾ ਜੋੜਾ ਇਕ ਰਜ਼ਾਈ। ਸੰਤ ਬਾਬਾ ਝੰਡਾ ਸਿੰਘ ਜੀ ਨੇ ਚੜ੍ਹਾਈ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਕੀਤੀ ਸੀ ਪਰ ਸਸਕਾਰ ਏਥੇ ਹੀ ਕੀਤਾ ਗਿਆ ਸੀ ਉਨ੍ਹਾਂ ਦੀ ਥਾਂ ਭੀ ਚੰਗਾ ਥੜਾ ਤੇ ਉਪਰ ਕਮਰਾ ਵਡਾ ਬਣਵਾਇਆ ਗਿਆ ਹੈ।

ਇਸ ਡੇਰੇ ਵਿਚ ਸਵੇਰੇ ਸੁਖਮਨੀ ਸਾਹਿਬ ਦਾ ਪਾਠ ਤੇ ਸ਼ਾਮ ਨੂੰ ਰਹਿਰਾਸ ਜੀ ਦਾ ਪਾਠ ਹੁੰਦਾ ਹੈ ਚੌਦਸ ਵਾਲੀ ਰਾਤ ਏਥੇ ਲੰਗਰ ਤਿਆਰ ਹੁੰਦਾ ਹੈ ਕੀਰਤਨ ਰਾਤ ਇਕ ਵਜੇ ਤਕ ਹੁੰਦਾ ਰਹਿੰਦਾ ਹੈ ਸ੍ਰੀ ਅੰਮ੍ਰਿਤਸਰੋਂ ਆਂਦੀ ਹੋਈ ਚੌਂਕੀ ਏਥੇ ਰੁਕਦੀ ਹੈ ਇਥੋਂ ਵਾਕ ਸੁਣਕੇ ਕੜਾਹ ਪ੍ਰਸ਼ਾਦ ਲੈਕੇ ਲੰਗਰ ਛਕਕੇ ਅਗੇ ਸ੍ਰੀ ਤਰਨ ਤਾਰਨ ਸਾਹਿਬ ਜਾਂਦੀ ਹੈ ਅਗਲੇ ਦਿਨ ਮਸਿਆ ਦਾ ਅਸ਼ਨਾਨ ਹੁੰਦਾ ਹੈ ਓਥੇ ਭੀ ਬਾਬਾ ਜੀ ਦੇ ਪਰੇਮੀ ਭਾਈ ਕਿਰਪਾ ਸਿੰਘ ਤੇ ਸੰਗਤ ਲੰਗਰ ਹਰ ਮਸਿਆ ਪਰ ਚਲਾਂਦੀ ਹੈ।

ਏਥੇ ਵਡੀਆਂ ਫੋਟੋ ਸੰਤ ਬਾਬਾ ਗੁਰਮੁਖ ਸਿੰਘ ਜੀ ਤੇ ਸੰਤ ਬਾਬਾ ਝੰਡਾ ਸਿੰਘ ਜੀ ਦੀਆਂ ਪ੍ਰੇਮੀਆਂ ਨੇ ਬਣਵਾਕੇ ਰਖੀਆਂ ਹੋਈਆਂ ਹਨ ਤੇ ਇਕ ਛੋਟੀ ਫੋਟੋ ਸੰਤ ਬਾਬਾ ਜੀਵਾ ਸਿੰਘ ਜੀ ਦੀ ਭੀ ਹੈ। ਬਾਬਾ ਜੀ ਇਸ ਅਸਥਾਨ ਪਰ ੨੬ ਸਾਲ ਇਕ ਮਹੀਨਾ ਤੇ ੨੬ ਦਿਨ ਰਹੇ ਤੇ ਇਥੇ ਹਰ ਮਹੀਨੇ ਸੰਗਰਾਂਦ ਵਾਲੇ ਦਿਨ ਆਂਦੇ ਭਾਵੇਂ ਸੇਵਾ ਕਿਸ ਥਾਂ ਭੀ ਹੁੰਦੀ ਰਹਿੰਦੀ ਸੀ।

ਮੈਂ ਮਹਾਰਾਜ ਜੀ ਦੇ ਚਰਨ ਤੇਲ ਨਾਲ ਝੱਸ ਰਿਹਾ ਸੀ ਮੈਨੂੰ ਸੰਤ ਹੀਰਾ ਸਿੰਘ ਨੇ ਤਾਕੀਦ ਕੀਤੀ ਸੀ ਕਿ ਮਹਾਰਾਜ ਜੀ ਦੇ ਚਰਨ ਪਰ ਪਦਮ ਹੈ ਤੂੰ ਵੇਖੀਂ ਆਪ ਨੇ ਫਰਮਾਇਆ ਤੈਨੂੰ

Sri Satguru Jagjit Singh Ji eLibrary NamdhariElibrary@gmail.com

ਭਾਈ ਹੀਰਾ ਸਿੰਘ ਇਸ ਰਾਹ ਪਾ ਗਿਆ ਹੋਣਾ ਹੈ ਭਾਈ ਕਮਾਈ ਕਰ ਤੈਨੂੰ ਦਿਸ ਪਵੇਗਾ ਭਾਈ ਹੀਰਾ ਸਿੰਘ ਕਮਾਈ ਕਰਦਾ ਹੈ ਉਸ ਨੂੰ ਦਿਸਦਾ ਹੈ ਉਸ ਦਾ ਸਾਡਾ ਇਸ ਜਨਮ ਦਾ ਹੀ ਨਹੀਂ ਪਿਛਲੇ ਜਨਮ ਦਾ ਮੇਲ ਹੈ। ਮੈਂ ਉਸ ਸਮੇਂ ਇਹ ਸ਼ਬਦ ਪੜ੍ਹੀ ਜਾਂਦਾ ਸੀ।

ਜਾਮੈ ਸਭ ਨਿਧਾਨ ਸੋ ਜਪੁ ਮਨ ਮੇਰੇ, ਗੁਰਮੁਖ ਖੋਜ ਲਹੋ ਹਰਿ ਰਤਨਾ ॥ ਜਿਨ ਹਰਿ ਧਿਆਇਆ ਤਿਨ ਹਰਿ ਪਾਇਆ ਮੇਰਾ ਸਵਾਮੀ, ਤਿਨ ਕੇ ਚਰਨ ਮਲੋ ਹਰਿ ਦਸਨਾ ॥

ਇਕ ਵਾਰੀ ਰਾਜ ਕਰੇਗਾ ਖਾਲਸਾ ਬਾਰੇ ਮੈਂ ਨੇ ਬਚਨ ਚਲਾਇਆ ਤਾਂ ਆਪ ਨੇ ਫਰਮਾਇਆ ੨੦-੨੫ ਸਾਲ ਪਿਛੋਂ ਪਾਕਿਸਤਾਨ ਨਾਲ ਵਡੀ ਲੜਾਈ ਹੋਵੇਗੀ ਉਹ ਦਿਲੀ ਦੇ ਨੇੜੇ ਤਕ ਪੁਜੇਗਾ ਪਰ ਖਾਲਸੇ ਦੀ ਅਤੁਟ ਕੁਰਬਾਨੀ ਕਰਕੇ ਦਿਲੀ ਫਤਹ ਨਹੀਂ ਹੋਵੇਗੀ ਉਸ ਦਾ ਤਪ ਖਤਮ ਹੋ ਜਾਵੇਗਾ ਪਾਸ ਭਾਈ ਹੀਰਾ ਸਿੰਘ ਭੀ ਆ ਗਏ ਫਿਰ ਆਪ ਨੇ ਫਰਮਾਇਆ ਖਾਲਸਾ ਰਾਜ ਸਮੇਂ ਸਿਖਾਂ ਦੀ ਗਿਣਤੀ ੯੬ ਕਰੋੜ ਤਕ ਹੋ ਜਾਵੇਗੀ। ਭਾਈ ਹੀਰਾ ਸਿੰਘ ਨੇ ਸਵਾਲ ਕੀਤਾ ਮਹਾਰਾਜ ਜੀ ਏਹ ਕਿਸ ਤਰ੍ਹਾਂ ਹੋਵੇਗਾ ਤਾਂ ਆਪ ਨੇ ਫਰਮਾਇਆ ਭਾਈ ਗੁਰੂ ਪ੍ਰਤਾਪ ਨਾਲ ਮਤ ਹੀ ਸਭ ਦੀ ਫਿਰ ਜਾਵੇਗੀ ਤੇ ਐਸੀ ਲਹਿਰ ਚਲੇਗੀ ਲੋਕੀਂ ਅੰਮ੍ਰਿਤ ਛਕਦੇ ਜਾਣਗੇ।

ਆਪ ਜੀ ਨੇ ਇਕ ਦਿਨ ਪ੍ਰੇਮ ਲਹਿਰ ਵਿਚ ਆਏ ਹੋਏ ਦਸਿਆ ਪਟਿਆਲੇ ਜਦੋਂ ਅਸੀਂ ਤਪ ਕਰਦੇ ਸੀ ਦੋ ਬੀਬੀਆਂ ਨੇ ਸਾਡਾ ਜੋੜਾ ਧੋਕੇ ਪੀ ਲਿਆ ਐਸੀ ਕਿਰਪਾ ਹੋਈ ਉਨ੍ਹਾਂ ਨੂੰ ਅੰਦਰ ਚਾਨਣ ਹੋ ਗਿਆ ਤੇ ਉਹ ਕਈ ਵਲੈਤਾਂ ਦੀਆਂ ਗਲਾਂ ਦਸਨ ਆਖਰ ਸਾਡੇ ਪਾਸ ਕਿਸੇ ਆਕੇ ਦਸਿਆ। ਪੁਛਨ ਪਰ ਉਨ੍ਹਾਂ ਨੇ ਦਸਿਆ ਕਿ

Sri Satguru Jagjit Singh Ji eLibrary NamdhariElibrary@gmail.com

ਅਸਾਂ ਨੇ ਭਾਟੀਆਂ ਦੇ ਮੁੰਡੇ (ਏਹ ਇਨ੍ਹਾਂ ਦੀ ਅਲ ਪਈ ਹੋਈ ਸੀ) ਦਾ ਜੋੜਾ ਧੋ ਕੇ ਪੀ ਲਿਆ ਹੈ ਉਨ੍ਹਾਂ ਨੂੰ ਬੁਲਾਕੇ ਸਤਿਆ ਖਿਚ ਲਈ ਜੇਕਰ ਉਹ ਰੌਲਾ ਨ ਪਾਂਦੀਆਂ ਤਾਂ ਉਹ ਤਾਕਤ ਸਦਾ ਲਈ ਬਣੀ ਰਹਿਣੀ ਸੀ ਭਾਈ ਭਜਨ ਕਰਕੇ ਤਾਕਤ ਪਾਕੇ ਜਰਨਾ ਹੈ ਇਕ ਚੁਪ ਸੌ ਸੁਖ।

ਟਰਕਾਂ ਵਾਲਿਆਂ ਨੇ ਕਿਸੇ ਕਾਰਨ ਸੇਵਾ ਵਿਚ ਔਣਾ ਬੰਦ ਕਰ ਦਿਤਾ ਸਮਝਾਨ ਪਰ ਭੀ ਨ ਮੰਨੇ ਭਾਣਾ ਏਹ ਵਰਤਿਆ।

ਇਕ ਅੰਗਰੇਜ਼ ਕਿਸੇ ਨੇ ਮਾਰਕੇ ਟੋਟੇ ਕਰਕੇ ਨਹਿਰ ਵਿਚ ਸੁਟ ਦਿਤਾ ਸਰਕਾਰ ਨੂੰ ਸ਼ਕ ਡਰਾਈਵਰਾਂ ਪਰ ਸੀ ਸੋ ਪੰਜਾਬ ਦੀ ਸਾਰੀ ਟਰਾਂਸਪੋਰਟ ਵਿਚ ਫੜੋ ਫੜੀ ਹੋ ਗਈ ਕੁਛ ਡਰਾਈਵਰ ਦੂਰ ਭਜ ਗਏ ਸੈਂਕੜੇ ਹੀ ਅੰਦਰ ਬੰਦ ਕੀਤੇ ਗਏ ਟਰਕਾਂ ਦੇ ਮਾਲਕ ਆਦਿਕ ਸੰਤ ਜੀ ਪਾਸ ਆਏ ਮਹਾਰਾਜ ਸੇਵਾ ਬੰਦ ਕਰਨ ਦੀ ਸਜ਼ਾ ਬਹੁਤ ਜ਼ਿਆਦਾ ਮਿਲ ਰਹੀ ਹੈ ਬਖਸ਼ੋ ਆਪ ਨੇ ਫਰਮਾਇਆ ਭਾਈ ਹੀਰਾ ਸਿੰਘ ਜੀ ਇਕ ਟੀਨ ਘਿਓ ਦਾ ਕੜਾਹ ਪ੍ਰਸ਼ਾਦ ਕਰਕੇ ਸਭ ਨੂੰ ਨਾਲ ਸ੍ਰੀ ਦਰਬਾਰ ਸਾਹਿਬ ਲਿਜਾਕੇ ਅਰਦਾਸ ਕਰਾਉ ਭਲਾ ਹੋਵੇਗਾ ਐਸਾ ਹੀ ਕੀਤਾ ਗਿਆ ਸਭ ਡਰਾਈਵਰਾਂ ਦੀਆਂ ਜ਼ਮਾਨਤਾਂ ਹੋ ਗਈਆਂ ਕੇਵਲ ਚਾਰ ਪਰ ਮੁਕਦਮਾ ਰਿਹਾ ਤੇ ਫਾਂਸੀ ਦੀ ਸਜ਼ਾ ਸੁਣਾਈ ਗਈ ਫਿਰ ਆਪ ਪਾਸ ਏਹ ਲੋਕ ਆਏ ਆਪ ਜੀ ਨੇ ਫਰਮਾਇਆ। ਪ੍ਰਸ਼ਾਦ ਕਰਾਕੇ ਅਪੀਲ ਸੁਣਨ ਵਾਲੇ ਦਿਨ ਜਾਉ ਤੇ ਤੁਕ ਪੜ੍ਹਦੇ ਰਹੋ।

ਆਪ ਸਹਾਈ ਹੋਇਆ, ਸਚੇ ਦਾ ਸਚਾ ਢੋਇਆ ॥

ਸੋ ਅਪੀਲ ਵਿਚ ਚਾਰੇ ਬਰੀ ਹੋ ਗਏ।

ਅਕਾਲ ਤਖਤ ਸਾਹਿਬ ਲੋਕੀਂ ਹੋਲੀ ਖੇਡਦੇ ਰੰਗ ਪਾਂਦੇ ਖਰਮਸਤੀਆਂ ਕਰਦੇ ਬੀਬੀਆਂ ਕੋਠਿਆਂ ਪਰ ਬੈਠਕੇ ਵੇਖਦੀਆਂ। ਮਰਦ ਉਨ੍ਹਾਂ ਵਲ ਇਸ਼ਾਰੇ ਕਰਦੇ ਆਪ ਜੀ ਦੇ ਸਮਝਾਨ ਦਾ

Sri Satguru Jagjit Singh Ji eLibrary NamdhariElibrary@gmail.com

ਅਸਰ ਨ ਹੋਇਆ ਏਹ ਬੇਅਦਬੀ ਸੀ। ਅਗਲੇ ਸਾਲ ਹੋਲੇ ਵਾਲੇ ਦਿਨ ਆਪਣੇ ਸੰਗਤਾਂ ਨੂੰ ਸੁਣਾ ਦਿਤਾ ਕਿ ਗੁਰੂ ਪਿਆਰੇ ਹੋਲੀ ਨ ਖੇਡਨ ਵੇਖਨ ਜਾਨ ਪਰ ਜੋ ਗਏ ਉਥੇ ਤਿੰਨ ਛਤਾ ਬੁੰਗਾ ਡਿਗ ਪਿਆ ਜਿਸ ਨਾਲ ਸੈਂਕੜੇ ਪ੍ਰੇਮੀ ਥਲੇ ਆਕੇ ਮਰ ਗਏ ਤਦ ਲੋਕਾਂ ਨੂੰ ਆਪ ਜੀ ਦੇ ਬਚਨ ਦੀ ਕਦਰ ਪਈ—

ਪੰਜ ਸਰੋਵਰਾਂ ਦੀਆਂ ਸ੍ਰੀ ਅੰਮ੍ਰਿਤਸਰ ਵਿਚ ਹੀ ਹੰਸਲੀਆਂ ਸੰਤੋਖਸਰ, ਦਰਬਾਰ ਸਾਹਿਬ, ਬਬੇਕਸਰ, ਕੌਲਸਰ, ਰਾਮਸਰ ਬਣੀਆਂ ਹਨ ਸੀਮੈਂਟ ਸਭ ਪਰ ਬਹੁਤ ਜ਼ਿਆਦਾ ਖਰਚ ਹੋਇਆ ਹੈ ਚਾਲੀਸ ਗਡੀ ਸੀਮੈਂਟ ਮਨਜ਼ੂਰ ਕਰਾਨ ਲਈ ਕੁਛ ਸੇਵਕਾਂ ਸਮੇਤ ਸੰਤ ਸਾਧੂ ਸਿੰਘ ਜੀ ਦਿਲੀ ਗਏ ਵਡਾ ਅੰਗਰੇਜ ਅਫਸਰ ਹੈਰਾਨ ਕਿ ਇਤਨਾ ਸੀਮੈਂਟ ਕਹਾਂ ਲਗਾਨਾ ਹੈ ਆਪ ਕਹਿ ਆਏ ਕਿਸੇ ਦਿਨ ਹੀ ਬਿਨਾਂ ਤਾਰੀਖ ਦਿਤੇ ਤੇ ਆਪ ਆਕੇ ਅਖੀਂ ਵੇਖ ਲਵੋ ਉਹ ਇਕ ਦਿਨ ਆਕੇ ਵੇਖਕੇ ਹੈਰਾਨ ਹੋ ਗਿਆ ਸੇਵਾ ਉਸ ਸਮੇਂ ਰਾਮ ਤਲਾਈ ਪਾਸ ਹੋ ਰਹੀ ਸੀ ਦਸ ਹਜਾਰ ਸੰਗਤ ਲਗੀ ਹੋਈ ਅਮੀਰ ਘਰਾਂ ਦੀਆਂ ਔਰਤਾਂ ਜ਼ੇਵਰ ਤੇ ਚੰਗੇ ਚੰਗੇ ਕਪੜੇ ਪਾਏ ਹੋਏ ਟੋਕਰੀ ਢੋ ਰਹੀਆਂ ਹਨ ਤੇ ਸਤਿਨਾਮ ਵਾਹਿਗੁਰੂ ਅਕਾਲ ਪੁਰਖ ਤੂੰ ਹੀ ਹੈ -ਸਤਿਨਾਮ ਵਾਹਿਗੁਰੂ ਅਕਾਲ ਪੁਰਖ ਤੂੰ ਹੀ ਹੈਂ, ਪੁਕਾਰ ਰਹੀਆਂ ਹਨ ਸੰਤ ਬਾਬਾ ਗੁਰਮੁਖ ਸਿੰਘ ਜੀ ਦੇ ਦਰਸ਼ਨ ਕਰਨ ਆਇਆ ਤੇ ਬਹੁਤ ਪ੍ਰਸੰਨ ਹੋ ਕੇ ਆਖਿਆ— 'ਏਹ ਖ਼ਦਾ ਹੈ' ਤੇ ਚਾਲੀਸ ਗਡੀ ਦੀ ਹੀ ਮਨਜ਼ੂਰੀ ਮਿਲ ਗਈ।

ਸੇਵਾ ਸਮੇਂ ਇਕ ਪਰੇਮੀ ਨੇ ਕਿਹਾ ਮਹਾਰਾਜ ਜੀ ਆਪ ਬੁਢੇ ਹੋ ਗਏ ਹੋ ਪਰ ਮਾਈਆਂ ਬੀਬੀਆਂ ਨੂੰ ਹਾਲੇ ਭੀ ਨੇੜੇ ਨਹੀਂ ਔਣ ਦੇਂਦੇ ਸਖਤ ਪਹਿਰਾ ਰਖਦੇ ਹੋ ਫਰਮਾਇਆ ਭਾਈ ਸ਼ੇਰਨੀ ਬੁਢੀ ਹੋ ਜਾਵੇ ਤਾਂ ਭੀ ਮਾਸ ਹੀ ਖਾਂਦੀ ਹੈ ਘਾਸ ਨਹੀਂ ਖਾਂਦੀ ਇਨ੍ਹਾਂ ਔਰਤਾਂ ਤੋਂ ਜਾਂ ਕਹੋ ਮਾਇਆ ਤੋਂ ਬਚਕੇ ਹੀ ਰਹਿਣਾ ਠੀਕ ਹੈ।

Sri Satguru Jagjit Singh Ji eLibrary NamdhariElibrary@gmail.com

ਭਾਈ ਨਿੱਕਾ ਸਿੰਘ ਸਬਜੀ ਵਾਲੇ ਦੇ ਘਰ ੧੧ ਲੜਕੀਆਂ ਸਨ ਲੜਕਾ ਕੋਈ ਨਹੀਂ ਸੀ ਉਸ ਨੇ ਬਨਤੀ ਕੀਤੀ ਮਹਾਰਾਜ ਪੁਤ੍ ਦੀ ਦਾਤ ਬਖਸ਼ੋ ਮੈਂ ਸੇਵਾ ਕਰਾਂਗਾ ਆਪ ਨੈ ਫਰਮਾਇਆ ਗੁਰੂ ਰਾਮਦਾਸ ਜੀ ਮਹਾਰਾਜ ਇਕ ਨਹੀਂ ਦੋ ਪੁਤ੍ ਬਖਸ਼ੇਗਾ ਸੇਵਾ ਪੰਜ ਹਜਾਰ ਹਾਜ਼ਰ ਕਰਨੀ ਤੇ ਆਪ ਭੀ ਸੇਵਾ ਹਥੀਂ ਆਕੇ ਕਰਦੇ ਰਹਿਣਾ ਮੰਨ ਗਿਆ ਗੁਰੂ ਮੇਹਰ ਨਾਲ ਉਸ ਦੇ ਦੋ ਪੁਤ੍ ਹੋਏ ਸੇਵਾ ਦੇਣ ਲਈ ਬਹਾਨੇ ਕਰ ਛਡੇ ਕਿ ਮੈਂਨੇ ਪੰਜ ਹਜ਼ਾਰ ਨਹੀਂ ਪੰਜ ਸੌ ਮੰਨਿਆ ਸੀ ਤੇ ਹਥੀਂ ਸੇਵਾ ਭੀ ਕਰਨ ਜਦੋਂ ਔਨੋਂ ਹੱਟ ਗਿਆ, ਭਾਣਾ ਐਸਾ ਵਰਤਿਆ ਕਿ ਦੋਨੋਂ ਹੀ ਪੁਤ੍ ਮਰ ਗਏ ਫਿਰ ਰੋਇਆ ਕੁਰਲਾਇਆ ਮੈਨੂੰ ਬਖਸ਼ੋ ਆਪ ਨੇ ਫਰਮਾਇਆ ਸੁਖਨਾ ਸੁਖਕੇ ਪੂਰੀ ਕਰਨੀ ਚਾਹੀਦੀ ਹੈ ਸੁਖਨਾ ਸੁਖਨ ਵਾਲਾ ਬੰਦੇ ਦਾ ਨਹੀਂ ਗੁਰੂ ਦਾ ਦੇਣ ਦਾਰ ਹੋ ਜਾਂਦਾ ਹੈ।

ਬਾਬਾ ਸੁੰਦਰ ਸਿੰਘ ਚਾਵਲਾਂ ਵਾਲੇ ਦੇ ਘਰੋਂ ਤਪਦਿਕ ਨਾਲ ਜ਼ਿਆਦਾ ਬੀਮਾਰ ਹੋ ਗਈ ਡਾਕਟਰ ਹਕੀਮ ਜਵਾਬ ਦੇ ਗਏ ਆਪ ਜੀ ਦੇ ਚਰਨਾਂ ਵਿਚ ਹਾਜਰ ਹੋਕੇ ਤਰਲਾ ਮਾਰਿਆ ਆਪ ਦਿਆਲ ਹੋ ਗਏ ਫਰਮਾਇਆ ਪੰਜ ਹਜ਼ਾਰ ਸੀਮੈਂਟ ਲਈ ਹਾਜਰ ਕਰ ਜਾਨਾ ਤੇ ਉਹ ਸੇਵਾ ਭੀ ਕਰਿਆ ਕਰੇ ਮੇਹਰ ਹੋ ਜਾਵੇਗੀ ਐਸਾ ਹੀ ਹੋਇਆ ਉਹ ਠੀਕ ਹੋ ਗਈ ਤੇ ਆਕੇ ਸੇਵਾ ਭੀ ਕਰਦੀ ਰਹੀ ਸੰਤ ਮਹਾਰਾਜ ਜੀ ਜਿਨ੍ਹਾਂ ਦੇ ਆਪਣੇ ਬਾਰੇ ਨਹੀਂ ਪਰ ਦਿਆਲੂ ਬਹੁਤ ਸਨ ਆਪ ਨੇ ਫਰਮਾਇਆ।

ਸਚ ਹਿਰਦੈ ਸਤਿ ਮੁਖ ਰਹਿਤ ॥

ਉਸ ਨੂੰ ਅਨਭਵ ਦੀ ਪ੍ਰਾਪਤੀ ਹੋ ਸਕਦੀ ਹੈ ਜਿਸ ਦੇ ਅੰਦਰ ਵੀ ਸਚ ਹੋਵੇ ਮੁਖੋਂ ਵੀ ਸਚ ਬੋਲੇ ਉਸ ਦੀ ਰਹਿੰਦੀ ਕੈਂਹਦੀ ਵੀ ਸਚ ਦੀ ਹੋਵੇ। ਇਕ ਦਿਨ ਦੀ ਬਾਤ ਹੈ ਕਿ ਸੰਤ ਬਾਬਾ ਗੁਰਮੁਖ ਸਿੰਘ ਜੀ ਆਪ ਸ੍ਰੀ ਮਾਨ ਸੰਤ ਬਾਬਾ ਸ਼ਾਮ ਸਿੰਘ ਜੀ ਨੂੰ

Sri Satguru Jagjit Singh Ji eLibrary NamdhariElibrary@gmail.com

ਮਿਲਕੇ ਆਏ ਤਾਂ ਪਤਾ ਲਗਨ ਤੇ ਕਿ ਆਪ ਬੀਮਾਰ ਸਨ ਤਾਂ ਵੀ ਉਠਕੇ ਧਰਮਸਾਲਾ ਤੋਂ ਬਾਹਰ ਲੈਣ ਆਏ ਤਾਂ ਅੰਦਰ ਆ ਕੇ ਬੈਠਕੇ ਐਸੇ ਪਰੇਮ ਪਿਆਰ ਨਾਲ ਮਿਲੇ ਤਾਂ ਆਪ ਦੀਆਂ ਅਤੇ ਸੰਤ ਬਾਬਾ ਸ਼ਾਮ ਸਿੰਘ ਜੀ ਦੀ ਅਖੀਆਂ ਤੋਂ ਨੀਰ ਚਲ ਪਿਆ ਆਪਸ ਵਿਚ ਬੈਠਕੇ ਬ੍ਰਹਮ ਗਿਆਨ ਦੀਆਂ ਗਲਾਂ ਕਰਨ ਲਗ ਪਏ।

ਇਕ ਪਰੇਮੀ ਨੇ ਸੇਵਾ ਵਿਚ ਦਸ ਹਜ਼ਾਰ ਰੁਪੈ ਅਰਦਾਸ ਕਰਾਏ ਤਾਂ ਆਪਨੇ ਫੁਰਮਾਇਆ —

ਕਿਆ ਲੀਜੈ ਕਿਆ ਤਜੀਐ ਬਉਰੈ॥
ਜੋ ਦੀਸੈ ਸੋ ਛਾਰ॥

ਤਾਂ ਕੋਲ ਰੈਹਨ ਵਾਲੇ ਪਰੇਮੀ ਪੁਛਨ ਲਗੇ ਕਿ ਮਹਾਰਾਜ ਆਪ ਨੇ ਉਸ ਪਰੇਮੀ ਨੂੰ ਜਿਸ ਨੇ ਸੇਵਾ ਵਿਚ ਇਤਨੇ ਰੁਪੈ ਅਰਦਾਸ ਕਰਾਏ ਹੈਨ ਉਸ ਨੂੰ ਕੋਈ ਸਿਰੋਪਾ ਜਾਂ ਧੰਨਵਾਦ ਨਹੀਂ ਕੀਤਾ ਸਗੋਂ ਉਪਰ ਵਾਲੀ ਤੁਕ ਪੜ੍ਹਕੇ ਸੁਣਾ ਦਿਤੀ ਤਾਂ ਕੈਹਣ ਲਗੇ ਭਾਈ ਆਪਣੇ ਪਾਪ ਲਾ ਕੇ ਜੋ ਸਾਡੇ ਗਲ ਪਾ ਗਿਆ ਹੈ ਉਸਨੂੰ ਹੰਕਾਰ ਹੋ ਜਾਣਾ ਸੀ ਸੋ ਉਸ ਦੀ ਸੇਵਾ ਥਾਂ ਪੈ ਗਈ ਹੈ।

ਆਪ ਜੀ ਦੇ ਸੱਚਖੰਡ ਚਲੇ ਜਾਨ ਪਿਛੋਂ ਜਿਥੇ ਪ੍ਰਕਰਮਾ ਚੌੜੀ ਕਰਨ ਦੀ ਸੇਵਾ ਕਾਫੀ ਸਾਲ ਆਪ ਦੇ ਸੇਵਕ ਕਰਾਂਦੇ ਰਹੇ ਹਨ ਇਸ ਤੋਂ ਇਲਾਵਾ ਕੱਛਿਆਂ ਦਾ ਪਾਣੀ ਵਾਪਸ ਨ ਚਲਾ ਜਾਵੇ ਸਪੈਸ਼ਲ ਨਾਲੀ ਨਾਲ ਹੀ ਚਰੀ ਬਣਾਈ ਗਈ ਹੈ ਉਥੇ ਆਪ ਦੇ ਸੇਵਕ ਬਾਬਾ ਖੜਕ ਸਿੰਘ ਜੀ ਨੇ ਬਾਬਾ ਬੁੱਢਾ ਜੀ ਦੀ ਬੀੜ ਜਿਥੇ ਮਾਤਾ ਗੁਜਰੀ ਜੀ ਪੁਤ੍ਰ ਦੀ ਦਾਤ ਲੈਣ ਗਏ ਸਨ ਦੇ ਗੁਰਦਵਾਰਾ ਸਾਹਿਬ ਸਰੋਵਰ ਤੇ ਹੰਸਲੀ ਦੀ ਮਹਾਨ ਸੇਵਾ ਲਖਾਂ ਰੁਪਏ ਲਾਕੇ ਕਰਵਾਈ ਹੈ ਨਾਲ ਹੀ ੧੨ ਮੀਲ ਲੰਮੀ ਸੜਕ ਬਣਵਾਈ ਹੈ।

ਆਪ ਜੀ ਨੇ ਹੀ ਗੁਰਦਵਾਰਾ ਵਡਾਲੀ ਸਾਹਿਬ ਜੋ ਗੁਰੂ

Sri Satguru Jagjit Singh Ji eLibrary NamdhariElibrary@gmail.com

ਹਰਿ ਗੋਬਿੰਦ ਸਾਹਿਬ ਜੀ ਦਾ ਜਨਮ ਅਸਥਾਨ ਹੈ ਉਥੇ ਪੰਜ ਲਖ ਰੁਪਏ ਲਗਵਾਕੇ ਸੇਵਾ ਕਰਵਾਈ ਹੈ ਆਪ ਜੀ ਨੇ ਗੁਰਦਵਾਰਾ ਸੱਨ ਸਾਹਿਬ ਜਿਥੇ ਗੁਰੂ ਅਮਰਦਾਸ ਜੀ ਨੇ ਫਰਮਾਇਆ ਸੀ ਜੇਹੜਾ ਸੱਨ ਵਿਚੋਂ ਲੰਘੇਗਾ ਉਸ ਦੀ ਚੌਰਾਸੀ ਕਟੀ ਜਾਵੇਗੀ ਅੰਦਾਜ਼ਨ ਚਾਰ ਲੱਖ ਰੁਪਏ ਲਗਾਕੇ ਸੇਵਾ ਕਰਵਾਈ ਹੈ।

ਸ੍ਰੀ ਮਾਨ ਸੰਤ ਬਾਬਾ ਗੁਰਮੁਖ ਸਿੰਘ ਜੀ ਦੇ ਸੇਵਕ ਦੋ ਮਹਾਂ ਪੁਰਸ਼ ਜਥੇਦਾਰ ਦਲੀਪ ਸਿੰਘ ਜੀ ਤੇ ਸੰਤ ਜੀਵਨ ਸਿੰਘ ਜੀ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਚ ਸੇਵਾ ਕਰਵਾ ਰਹੇ ਹਨ। ੧੨ ਮੀਲ ਲੰਬੀ ਪੱਕੀ ਸੜਕ ਨਾਲ ਸਾਰੇ ਗੁਰਦਵਾਰਿਆਂ ਨੂੰ ਮਿਲਾ ਦਿਤਾ ਹੈ ਪੰਚੀਸ ਤੀਸ ਲਖ ਰੁਪਏ ਲਾਕੇ ਆਪ ਦੋਹਾਂ ਜੀ ਨੇ ਗੋਦਾਵਰੀ ਉਪਰ ਪੁਲ ਬਣਾਇਆ ਹੈ ਇਤਨਾ ਵਡਾ ਕੰਮ ਸਰਕਾਰ ਹੀ ਕਰ ਸਕਦੀ ਹੈ ਪਰ ਏਹ ਦੋਨੋਂ ਸੰਤ ਸੱਚੀ ਸਰਕਾਰ ਬਾਬਾ ਗੁਰਮੁਖ ਸਿੰਘ ਜੀ ਦੇ ਸਚੇ ਸੇਵਕ ਹਨ। ਇਸ ਵਿਚ ਜ਼ਿਆਦਾ ਤਾਂ ਹਿੱਸਾ ਬੰਬਈ ਦੀ ਸੰਗਤਾਂ ਦਾ ਪਵਾ ਰਹੇ ਹਨ ਰਕਮਾਂ ਰਾਜਿਸਥਾਨ ਤੋਂ ਗੰਗਾ ਨਗਰ ਭੀ ਜਾ ਰਹੀਆਂ ਹਨ ੧੯੬੮ ਦੀ ਵਿਸਾਖੀ ਸਮੇਂ ਦਾਸ ਨੇ ਆਪ ਜਾਕੇ ਵੇਖਿਆ ਹੈ।

ਆਪ ਜੀ ਦੇ ਹੀ ਸੇਵਕ ਜਥੇਦਾਰ ਬਘੇਲ ਸਿੰਘ ਜੀ ਤੇ ਭਾਈ ਮਾਨ ਸਿੰਘ ਜੀ ਨੇ ਸਰਸਾ ਵਿਖ ਜੋ ਦਸਮ ਪਾਤਸ਼ਾਹ ਜੀ ਦਾ ਗੁਰਦਵਾਰਾ ਹੈ ਲਖਾਂ ਰੁਪਏ ਲਾਕੇ ਬਣਵਾਇਆ ਹੈ।

ਗੁਰਦਵਾਰਾ ਭੇਵਾ ਸਾਹਿਬ ਕੁਰਸ਼ੇਤਰ ਵਿਚ ਆਪ ਜੀ ਦੇ ਸੇਵਕਾਂ ਨੇ ਹੀ ਲਖਾਂ ਰੁਪਏ ਲਾਕੇ ਸੇਵਾ ਕਰਵਾਈ ਹੈ ਗੁਰਦਵਾਰਾ ਬਹੁਤ ਖਸਤਾ ਹਾਲਤ ਵਿਚ ਸੀ।

ਸੰਤ ਜੀ ਬਚਨ ਬਿਲਾਸ ਸਮੇਂ ਇਕ ਵਾਰੀ ਦਸਿਆ ਅਸੀਂ ਦਸ ਸਾਲ ਰਿਖੀ ਕੇਸ਼ ਬ੍ਰਹਮ ਗਿਆਨੀ ਸੰਤ ਈਸ਼ਰ ਸਿੰਘ ਜੀ ਜੋ ਵਿਰਕਤ ਸਨ ਪਾਸ ਰਹੇ ਉਸ ਸਮੇਂ ਇਥੇ ਪੰਜ ਸੌ ਸਾਧੂ ਰਹਿੰਦੇ

Sri Satguru Jagjit Singh Ji eLibrary NamdhariElibrary@gmail.com

ਸਨ ਅਸੀਂ ਸਾਰੀ ਸਾਰੀ ਰਾਤ ਭਜਨ ਕਰਦੇ ਕਈ ਵਾਰੀ ਕੇਸ ਦਰਖਤ ਨਾਲ ਬੰਨ੍ਹਕੇ ਖੜੇ ਰਹਿੰਦੇ ਤਾਕੇ ਨੀਂਦ ਨ ਸਤਾਏ।

ਇਕ ਦਿਨ ਸੰਤ ਬਾਬਾ ਨੰਦ ਸਿੰਘ ਜੀ ਜਗਰਾਵਾਂ ਵਾਲੇ ਜੋ ਕਲੇਰਾਂ ਵਾਲੇ ਕਰਕੇ ਪ੍ਰਸਿੱਧ ਸਨ ਆਏ ਤੇ ਆਪ ਜੀ ਸੰਤ ਬਾਬਾ ਗੁਰਮੁਖ ਸਿੰਘ ਜੀ ਨੂੰ ਮਿਲਕੇ ਬਹੁਤ ਪ੍ਰਸੰਨ ਹੋਏ ਆਪਸ ਵਿਚ ਪ੍ਰਸਪਰ ਪਿਆਰ ਗੁਰੂ ਘਰ ਦੇ ਬਚਨ ਕਰਦੇ ਰਹੇ ਆਪ ਨੇ ਹਾਜ਼ਰ ਸੰਗਤ ਨੂੰ ਫਰਮਾਇਆ ਸਾਧ ਸੰਗਤ ਜੀ ਆਪ ਸਭ ਨੇ ਸੰਤ ਬਾਬਾ ਗੁਰਮੁਖ ਸਿੰਘ ਜੀ ਦੀ ਮਨੁਖ ਜਾਣਕੇ ਨਹੀਂ ਬਲਕੇ ਪੂਰਨ ਸੰਤ ਜਾਣਕੇ ਸੇਵਾ ਕਰਨੀ ਬ੍ਰਹਮ ਗਿਆਨੀ ਆਪ ਪ੍ਰਮੇਸ਼ਰ ਸੋ ਏਹੀ ਹੀ ਇਨ੍ਹਾਂ ਨੂੰ ਜਾਨਣਾ।

ਏਹੀ ਬਚਨ ਸ੍ਰੀ ਮਾਨ ਸੰਤ ਜੀਵਾ ਸਿੰਘ ਜੀ ਨਨਕਾਣਾ ਸਾਹਿਬ ਵਾਲੇ ਕਹੇ ਸਨ ਕਿ ਇਹ ਅਵਤਾਰੀ ਪੂਰਨ ਸੰਤ ਹਨ ਇਨ੍ਹਾਂ ਦੇ ਦਰਸ਼ਨ ਨਾਲ ਹੀ ਬਹੁਤ ਪਾਪ ਕਟੇ ਜਾਂਦੇ ਹਨ ਪਰ ਸੇਵਾ ਕਰਕੇ ਬਚਨ ਕਮਾਕੇ ਜੀਵ ਮੁਕਤ ਹੋ ਸਕਦਾ ਹੈ ਏਹ ਮੁਕਤ ਜੁਗਤ ਭੁਗਤ ਦੇ ਕੀਤੇ ਗੁਰੂ ਨਾਨਕ ਸਾਹਿਬ ਜੀ ਦੇ ਭੇਜੇ ਹੋਏ ਹਨ।

ਜਦੋਂ ਮਾਸਟਰ ਤਾਰਾ ਸਿੰਘ ਨੇ ਪ੍ਰਕਰਮਾ ਦੀ ਸੇਵਾ ਰੋਕ ਦਿਤੀ ਬਾਬਾ ਝੰਡਾ ਸਿੰਘ ਜੀ ਮਾਸਟਰ ਜੀ ਦੀ ਕੋਠੀ ਗਏ ਜ਼ਮੀਨ ਤੇ ਬੈਠ ਗਏ ਮਾਸਟਰ ਜੀ ਦੀ ਮਿੰਨਤ ਭੀ ਕੀਤੀ ਪਰ ਉਹ ਨ ਮੰਨੇ ਸੰਤ ਜੀ ਉਦਾਸ ਹੋਕੇ ਚਲੇ ਆਏ ਮਨ ਭਰ ਗਿਆ ਤਾਂ ਏਹ ਜ਼ਰੂਰ ਕਿਹਾ ਸੀ ਸੇਵਾ ਚਾਲੂ ਰਹਿਨ ਦਿਉ ਤੁਹਾਡਾ ਪ੍ਰਤਾਪ ਹੋਰ ਵਧੇਗਾ।

ਜਦੋਂ ਮਾਸਟਰ ਜੀ ਨੇ ਮਰਨ ਵਰਤ ਰਖਿਆ ਉਸ ਸਮੇਂ ਬਹੁਤ ਔਣ ਵਾਲੀਆਂ ਸੰਗਤਾਂ ਲਈ ਰਸਦ ਪਾਣੀ ਬਿਸਤਰੇ ਰਜ਼ਾਈਆਂ ਦੀ ਜਿਤਨੀ ਲੋੜ ਪੈਂਦੀ ਮਾਸਟਰ ਜੀ ਦੇ ਆਦਮੀ ਆਕੇ ਡੇਰੇ ਤੋਂ ਲੈ ਜਾਂਦੇ, ਬਾਬਾ ਝੰਡਾ ਸਿੰਘ ਜੀ ਆਪਣੀ ਹੋਈ ਨਿਰਾਦਰੀ ਜਾਂ ਬੇਨਤੀ ਨ ਮੰਨੀ ਜਾਨ ਦਾ ਕੋਈ ਦਿਖਲਾਵਾ ਨਹੀਂ

Sri Satguru Jagjit Singh Ji eLibrary NamdhariElibrary@gmail.com

ਕੀਤਾ ਪਰ ਕੁਦਰਤ ਵਲੋਂ ਮਾਸਟਰ ਜੀ ਦਾ ਪ੍ਰਤਾਪ ਹੀਨ ਹੋਣਾ ਸ਼ੁਰੂ ਹੋ ਗਿਆ ਸੀ ਤੇ ਵਰਤ ਤੋੜ ਕੇ ਆਪਣੇ ਸਿਖ ਇਤਿਹਾਸ ਨੂੰ ਕਲੰਕਤ ਕੀਤਾ। ਸਾਧ ਬਚਨ ਅਟਲਾਧਾ।

ਇਕ ਪਿਸ਼ਾਵਰ ਦੀ ਬੀਬੀ ਦੇ ਘਰ ਨੂੰ ਅੱਗ ਲਗ ਗਈ ਉਸ ਨੇ ਸੰਤ ਜੀ ਦਾ ਧਿਆਨ ਧਰਕੇ ਸੁਖਨਾ ਸੁਖੀ ਬਾਬਾ ਜੀ ਸਹਾਇਤਾ ਕਰੋ ਸੋ ਐਸਾ ਹੀ ਹੋਇਆ ਬਾਬਾ ਜੀ ਆਪਨੇ ਉਪਰ ਪਾਣੀ ਪਵਾਈ ਗਏ ਬੀਬੀ ਦੇ ਮਕਾਨ ਦੀ ਅੱਗ ਬੁਝ ਗਈ ਉਹ ਸੁਖਨਾ ਲੈ ਕੇ ਆਈ ਦਸਦੀ ਸੀ ਕਿ ਮੈਨੂੰ ਆਪਣੇ ਮਕਾਨ ਵਿਚ ਬਾਬਾ ਜੀ ਅੱਗ ਬੁਝਾਂਦੇ ਨਜ਼ਰੀਂ ਪਏ ਸਨ।

ਆਉ ਕਹੇ ਸੌ ਔਲੀਆ,
ਬੈਠ ਕਹੇ ਸੋ ਪੀਰ॥
ਜਿਸ ਕਿ ਆਉ ਨ ਬੈਠ ਹੈ,
ਬੇ ਮੁਰਸਿਦ ਬੇ ਪੀਰ॥

ਡੇਰਿਆਂ ਵਿਚ ਕੰਮ ਕਰਨ ਵਾਲਿਆਂ ਲਈ ਉਪਰਲੇ ਉਪਦੇਸ਼ ਪਰ ਅਮਲ ਹੋਣਾ ਜ਼ਰੂਰੀ ਹੈ।

ਉਪਰਲੇ ਸਾਰੇ ਹਾਲਾਤ ਭਾਈ ਜੋਗਾ ਸਿੰਘ ਜੀ ਨੇ ਸੰਤ ਹੀਰਾ ਸਿੰਘ ਜੀ ਦੇ ਸਾਹਮਣੇ ਬੜੇ ਪ੍ਰੇਮ ਤੇ ਉਤਸ਼ਾਹ ਨਾਲ ਲਿਖਵਾਏ ਤੇ ਖੁਸ਼ੀ ਪ੍ਰਗਟ ਕੀਤੀ ਜੋ ਪੂਰਨ ਸੰਤ ਮਹਾਰਾਜ ਦਾ ਜੀਵਨ ਛਪਣ ਲਗਾ ਹੈ।

Sri Satguru Jagjit Singh Ji eLibrary NamdhariElibrary@gmail.com

ਇਕ ਗੁਰਮੁਖ ਸਜਨ ਦਾ ਬਿਆਨ ਜਿਨ੍ਹਾਂ ਨਾਮ ਲਿਖਾਣਾ ਨ ਚਾਹਿਆ

ਸੰਤ ਸ਼ਾਮ ਸਿੰਘ ਜੀ ਦਾ ਸਿਰੰਦੇ ਨਾਲ ਕੀਰਤਨ ਸੰਗਤਾਂ ਦੇ ਹਿਰਦਿਆਂ ਵਿਚ ਵੱਸ ਜਾਂਦਾ–ਸੰਤ ਗੁਰਮੁਖ ਸਿੰਘ ਜੀ ਕੀਰਤਨ ਸੁਣਕੇ ਸੰਤ ਸ਼ਾਮ ਸਿੰਘ ਜੀ ਦੇ ਡੇਰੇ ਸੰਗਤਾਂ ਨਾਲ ਆ ਜਾਂਦੇ ਤੇ ਏਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਦੇ ਜਿਸ ਦਾ ਭੀ ਸੰਗਤਾਂ ਤੇ ਬਹੁਤ ਪਰੇਮ ਰਸ ਨਾਮ ਰਸ ਵਧਾਨ ਵਾਲਾ ਅਸਰ ਹੁੰਦਾ ।

ਸ਼ਾਮ ਨੂੰ ਆਪ ਸ੍ਰੀ ਅਕਾਲ ਤਖਤ ਸਾਹਿਬ ਆ ਬੈਠਦੇ ਹੋਰ ਸੰਤ ਮਹਾਤਮਾ ਭੀ ਔਂਦੇ ਖਾਸ ਕਰਕੇ ਸੰਤ ਬਾਬਾ ਸ਼ਾਮ ਸਿੰਘ ਜੀ, ਸੰਤ ਸਾਧੂ ਸਿੰਘ ਜੀ,ਸੰਤ ਸਵਾਇਆ ਸਿੰਘ ਜੀ ਛਬੀਲ ਵਾਲੇ, ਸੰਤ ਹਰਨਾਮ ਸਿੰਘ ਜੀ ਲਾਇਲਪੁਰ ਵਾਲੇ ਸੰਤ ਤਾਰਾ ਸਿੰਘ ਜੀ ਸਭ ਹਰੀ ਜਸ ਦੀ ਵਿਚਾਰ ਕਰਦੇ । ਇਸ ਸਮੇਂ ਦੀ ਸ਼ੋਭਾ ਨਹੀਂ ਹੋ ਸਕਦੀ ਸ਼ਹਿਰ ਦੀਆਂ ਸੰਗਤਾਂ ਇਨ੍ਹਾਂ ਸਭ ਮਹਾਂਪੁਰਸ਼ਾਂ ਦੇ ਦਰਸ਼ਨ ਕਰ ਵਿਚਾਰ ਸੁਣਕੇ ਨਿਹਾਲ ਹੁੰਦੀਆਂ ਪ੍ਰਸ਼ਾਦ ਕਦੀ ਕਦੀ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਡੇਰਿਉਂ ਔਂਦਾਂ ਤੇ ਸੰਤ ਬਾਬਾ ਗੁਰਮੁਖ ਸਿੰਘ ਜੀ ਨੇ ਏਹ ਤੁਕ ਪੜ੍ਹਨੀ ।

ਹਮ ਭੀਖਕ ਭੇਖਾਰੀ ਤੇਰੇ ਤੂੰ ਨਿਜ ਪਤਿ ਹੈ ਦਾਤਾ ॥

ਸੰਤ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਜਦੋਂ ਭੀ ਸੰਤ ਗੁਰਮੁਖ ਸਿੰਘ ਜੀ ਔਂਦੇ ਸੰਤ ਬਾਬਾ ਸ਼ਾਮ ਸਿੰਘ ਜੀ ਬਾਹਰ ਤਕ ਛਡ ਔਂਦੇ ਤੇ ਫਰਮਾਂਦੇ ਸਾਨੂੰ ਪੂਰਨ ਸਾਧੂ ਜੀ ਦਾ ਮੇਲ ਹੋਇਆ ਹੈ ਤੇ ਏਹ ਤੁਕ ਭੀ ਕਦੀ ਕਦੀ ਪੜ੍ਹਦੇ ।

Sri Satguru Jagjit Singh Ji eLibrary NamdhariElibrary@gmail.com

ਮਾਧੋ ਸਾਧੂ ਜਨ ਦੇਹੁ ਮਿਲਾਇ ॥
ਦੇਖਤਿ ਦਰਸ ਪਾਪ ਸਭ ਨਾਸਹਿ
ਪਵਿਤ੍ਰ ਪਰਮਪਦੁ ਪਾਇ ॥

ਸਰਦੀਆਂ ਵਿਚ ਸੰਤ ਸ਼ਾਮ ਸਿੰਘ ਜੀ ਸੰਤ ਗੁਰਮੁਖ ਸਿੰਘ ਜੀ ਲਈ ਗਰਮ ਬਸਤਰ ਤੇ ਰੂਈਂ ਵਾਲੇ ਕਪੜੇ ਤਿਆ'ਰ ਕਰਕੇ ਭੇਜਦੇ ਤੇ ਜਦੋਂ ਮਿਲਦੇ ਠੰਡ ਪਾਂਦੇ ਗੁਰੂ ਰਾਮਦਾਸ ਜੀ ਮਹਾਰਾਜ ਨੇ ਇਨ੍ਹਾਂ ਪਾਸੋਂ ਬੇਅੰਤ ਸੇਵਾ ਲੈਣੀ ਹੈ ਸੰਤ ਜੀ ਫਰਮਾਂਦੇ।

ਧਰਮ ਅਰਥ ਦੇ ਪੈਸੇ ਨੂੰ ਸੰਖੀਆ ਜਾਨੋ।

ਖਡੂਰ ਸਾਹਿਬ ਸੇਵਾ ਹੋ ਰਹੀ ਸਮੇਂ ਸੰਤ ਸਾਧੂ ਸਿੰਘ ਜੀ ਦੀਆਂ ਅਖਾਂ ਵਿਚ ਤਕਲੀਫ ਹੋ ਗਈ ਅਤੇ ਸੇਲਾ ਪੈਨ ਲਗ ਪਿਆ।

ਸੰਤ ਸਾਧੂ ਸਿੰਘ ਜੀ ਦੇ ਚੜ੍ਹਾਈ ਸਮੇਂ ਸੰਤ ਬਾਬਾ ਗੁਰਮੁਖ ਸਿੰਘ ਜੀ ਨੂੰ ਬੇਨਤੀ ਕੀਤੀ ਦਾਸ ਨੂੰ ਆਗਯਾ ਬਖਸ਼ੋ ਅਗੋਂ ਗੁਰੂ ਮੇਹਰ ਨਾਲ ਦੇਵਤੇ ਲੈਣ ਆਏ ਹੋਏ ਹਨ ਪਰ ਆਪ ਜੀ ਦਾ ਆਗਯਾ ਬਿਨਾਂ ਨਹੀਂ ਜਾਣਾ ਆਪ ਜੀ ਨੇ ਪ੍ਰੇਮ ਨਾਲ ਆਗਯਾ ਬਖਸ਼ੀ ਤਾਂ ਉਨ੍ਹਾਂ ਸਰੀਰ ਛਡ ਦਿਤਾ ਆਪ ਜੀ ਦਾ ਸਸਕਾਰ ਖਡੂਰ ਸਾਹਿਬ ਹੀ ਸੰਤ ਗੁਰਮੁਖ ਸਿੰਘ ਜੀ ਨੇ ਆਪ ਪਿਆਰ ਨਾਲ ਕੀਤਾ ਹਜ਼ਾਰਾਂ ਸੰਗਤਾਂ ਕਈ ਥਾਵਾਂ ਤੋਂ ਪੁਜ ਗਈਆਂ ਤਾਂ ਆਪ ਜੀ ਨੇ ਫੁਰਮਾਇਆ—

ਕਬੀਰ ਸੰਤ ਮੂਏ ਕਿਆ ਰੋਈਐ ਜਉ ਅਪੁਨੇ ਗ੍ਰਿਹ ਜਾਇ ॥
ਰੋਵਹੁ ਸਾਕਤ ਬਾਪੁਰੇ ਜੋ ਹਾਟੈ ਹਾਟਿ ਬਿਕਾਇ ॥

ਜਦੋਂ ਆਪ ਦੀ ਚੜ੍ਹਾਈ ਕੀ ਖਬਰ ਸ੍ਰੀ ਮੰਜੀ ਸਾਹਿਬ ਅੰਮ੍ਰਿਤਸਰ ਸੁਨਾਈ ਗਈ ਤਾਂ ਸੰਗਤਾਂ ਜਾਰੋ ਜ਼ਾਰ ਰੋਣ ਲਗ ਪਈਆਂ। ਆਪ ਜੀ ਦੇ ਫੁਲ ਰਾਖ ਬੜੇ ਸਤਿਕਾਰ ਨਾਲ ਸੰਗਤਾਂ ਲਾਲਾ ਮੋਤੀ ਰਾਮ ਦੀ ਬਗੀਚੀ ਵਿਚ ਲਿਆ ਕੇ ਰਖੀ ਜਿਥੇ ਸੰਤ ਜੀ ਮਹੀਨਾ ਸੁਣਾਉਂਦੇ ਸਨ। ਅਗਲੇ ਦਿਨ ਭਾਰੀ ਜਲੂਸ ਵਿਚ

Sri Satguru Jagjit Singh Ji eLibrary NamdhariElibrary@gmail.com

ਸੰਗਤਾਂ ਫੁਲ ਕੀਰਤਨ ਪੁਰ ਸਾਹਿਬ ਲਿਜਾ ਕੇ ਪ੍ਰਵਾਹ ਕੀਤੇ। ਪ੍ਰਬੰਧ ਸਾਰਾ ਚੰਗੀ ਤਰ੍ਹਾਂ ਸੰਤ ਹੀਰਾ ਸਿੰਘ ਜੀ ਚੌਧਰੀ ਜੀਵਨ ਸਿੰਘ ਜੀ ਤੇ ਭਾਈ ਹਰਨਾਮ ਸਿੰਘ ਜੀ ਕੰਧਾਰੀ ਨੇ ਕੀਤਾ।

ਭਾਰੀ ਦੀਵਾਨ ਹੋਇਆ ਤੇ ਫਿਰ ਵਰ੍ਹੇ ਗੰਡ ੧ ਜੇਠ ਨੂੰ ਅਕਾਲੀਆਂ ਵਾਲੇ ਬਾਗ ਵਿਚ ਮਨਾਈ ਗਈ ਅਤੇ ੧੦੧ ਅਖੰਡ ਪਾਠਾਂ ਦੇ ਭੋਗ ਪਏ। ਲੰਗਰ ਗੁਰੂ ਕਾ ਬਹੁਤ ਚਲਿਆ। ਕੀਰਤਨ, ਪ੍ਰਚਾਰ ਤੇ ਭਾਰੀ ਕਵੀ ਦਰਬਾਰ ਹੋਇਆ।

ਇਕ ਪ੍ਰੇਮੀ ਮੁਸਲਮਾਨ ਸੰਤ ਜੀ ਮਹਾਰਾਜ ਪਾਸ ਆਇਆ ਕਿ ਮਹਾਰਾਜ ਮਰੇ ਪੁਤ੍ ਆਪਸ ਵਿਚ ਲੜ ਪਏ ਹਨ ਅਤੇ ਇਕ ਦੇ ਹਥੋਂ ਕਤਲ ਹੋ ਗਿਆ ਹੈ ਜੇਕਰ ਮੇਰਾ ਪੁਤ੍ ਬਰੀ ਹੋ ਜਾਵੇ ਤਾਂ ਇਕ ਘੋੜੀ ਇਕ ਊਠ ਇਕ ਗਾਂਏ ਅਤੇ ੧੦੦੦) ਰੁਪੈ ਹਾਜ਼ਰ ਕਰਾਂਗਾ। ਉਸ ਦਾ ਮੁਕਦਮਾ ਫਤੇ ਹੋ ਗਿਆ ਤਾਂ ਸਾਲ ਲੰਘ ਗਿਆ ਤਾਂ ਭੇਟਾ ਨਾ ਲਿਆਇਆ, ਪ੍ਰੇਮੀਆਂ ਨੂੰ ਇਕ ਦੋ ਵਾਰੀ ਆਖਿਆ ਭਈ ਤੂੰ ਅਰਦਾਸਾ ਕਰਾ ਗਿਆ ਸੀ। ਰੁਪੈ ਅਤੇ ਘੋੜੀ ਨਹੀਂ ਦਿੰਦਾ ਤਾਂ ਅਗੋਂ ਮਖੌਲ ਕਰ ਛਡਿਆ ਕਰੇ ਇਕ ਦਿਨ ਸੰਤ ਜੀ ਮਹਾਰਾਜ ਸਵੇਰੇ ੨ ਵਜੇ ਝਾੜੂ ਦੀ ਸੇਵਾ ਕਰਦੇ ਸੀ ਤਾਂ ਅਗੇ ਬੂਹੇ ਤੇ ਲੰਮਾ ਪਇਆ ਹੋਇਆ ਤਾਂ ਅਗੋਂ ਉਚੀ ਉਚੀ ਰੋਣ ਲਗ ਪਇਆ ਮਹਾਰਾਜ ਮੈਨੂੰ ਬਖਸ਼ ਦੇਵੋ ਮੈਂ ਆਪ ਦੀ ਸੁਖਨਾ ਸੁਖ ਕੇ ਗਿਆ ਸੀ ਅਤੇ ਮੇਰਾ ਮੁਕਦਮਾ ਫਤਿਹ ਹੋ ਗਿਆ।

ਮੈਂ ਆਪ ਦੀ ਚੜ੍ਹਤ ਨਹੀਂ ਦਿਤੀ ਅਜ ਰਾਤ ਨੂੰ ਮੈਨੂੰ ਸ਼ਹੀਦ ਸਿੰਘਾਂ ਨੇ ਬੜਾ ਕੁਟਿਆ ਹੈ ਵੇਖੋ ਮੇਰੇ ਸਰੀਰ ਤੇ ਲਹੂ ਵਗ ਰਿਹਾ ਹੈ ਬੜਾ ਰੋ ਰਿਹਾ ਸੀ ਕਿ ਮੇਰੀ ਚੜਤ ਲੈ ਲਵੋ ਅਤੇ ਰੁਪੈ ਘੋੜੀ ਊਠ ਬਾਹਰ ਖੜੇ ਹੈਨ ਸੋ ਮੈਨੂੰ ਬਖਸ਼ ਲਵੋ ਸੋ ਸੰਤ ਜੀ ਮਹਾਰਾਜ ਕੈਹਨ ਲਗੇ ਭਈ ਤੇਰਾ ਕਸੂਰ ਸੀ ਸੋ ਸੇਵਾ ਕਰ ਤਾਂ

Sri Satguru Jagjit Singh Ji eLibrary NamdhariElibrary@gmail.com

ਬਖਸ਼ਿਆ ਜਾਏਗਾ ।

ਇਥੇ ਅੰਮ੍ਰਿਤਸਰ ਵਿਚ ਇਕ ਪਰੇਮੀ ਨਰੈਣ ਸਿੰਘ ਦਲਾਲ ਹੈ ਜਿਥੇ ਇਸਨੂੰ ਤਪਦਿਕ ਹੋ ਗਿਆ ਤਾਂ ਸੰਤ ਜੀ ਮਹਾਰਾਜ ਪਾਸ ਬੇਨਤੀ ਕੀਤੀ ਡਾਕਟਰ ਵੀ ਜਵਾਬ ਦੇ ਗਏ।

ਸੰਤ ਜੀ ਮਹਾਰਾਜ ਨੇ ਕਿਹਾ ਭਾਈ ਸੇਵਾ ਕਰੋ ਤਾਂ ਉਸਨੇ ਪੰਜ ਹਜ਼ਾਰ ਰੁਪੈ ਦੀ ਸੇਵਾ ਮੰਗੀ ਫਿਰ ਰਾਜੀ ਹੋ ਗਿਆ ਤਾਂ ਰੁਪੈ ਦੀ ਸੇਵਾ ਨਾ ਕਰੇ ਤਾਂ ਫਿਰ ਮਹੀਨੇ ਦੇ ਮਹੀਨੇ ਕੁਛ ਰੁਪੈ ਦਿਤੇ ।

ਐਸਾ ਜਗ ਦੇਖਿਆ ਜੂਆਰੀ
ਸਭ ਸੁਖ ਮਾਂਗੈ ਨਾਮ ਖੂਮਾਰੀ

ਇਸੀ ਤਰ੍ਹਾਂ ਟਿਕ ਬਾਬਾ ਸੁੰਦਰ ਸਿੰਘ ਜੀ ਅੰਮ੍ਰਿਤਸਰ ਚਾਵਲਾਂ ਦੇ ਕੰਮ ਕਰਦੇ ਸਨ ਉਨ੍ਹਾਂ ਦੀ ਘਰ ਵਾਲੀ ਨੂੰ ਤਪਦਿਕ ਹੋ ਗਿਆ ਅਤੇ ਡਾਕਟਰ ਲੋਕ ਸਾਫ ਜਵਾਬ ਦੇ ਗਏ ਆਪ ਨੇ ਐਸੀ ਬੀਮਾਰੀ ਤੇ ਹਜ਼ਾਰਾਂ ਰੁਪੈ ਖਰਚ ਕੀਤੇ ਪਰ ਅਰਾਮ ਨਾ ਆਇਆ ਤਾਂ ਉਨ੍ਹਾਂ ਨੂੰ ਸੰਤ ਹੀਰਾ ਸਿੰਘ ਜੀ ਨਾਲ ਲੈ ਜਾਕਰ ਬੇਨਤੀ ਕੀਤੀ ਕਿ ਮੇਰੀ ਘਰ ਵਾਲੀ ਬਹੁਤ ਜ਼ਿਆਦਾ ਬੀਮਾਰ ਹੈ ਅਤੇ ਡਾਕਟਰ ਲੋਕ ਜਵਾਬ ਦੇ ਗਏ ਹਨ ਤਾਂ ਸੰਤ ਜੀ ਨੇ ਫੁਰਮਾਇਆ ਭਾਈ ਜੀ - ਪ੍ਰਭ ਭਾਵੈ ਬਿਨ ਸਾਸ ਤੇ ਰਾਖੈ ॥

ਅਤੇ ਮੈਂ ਨੇ ਆਪ ਜੀ ਸਤਿਗੁਰੂ ਜੀ ਦੀ ਸੇਵਾ ਵਿਚ ਪੰਜ ਹਜ਼ਾਰ ਰੁਪਏ ਦੀ ਸੀਮਿੰਟ ਭੇਜੋ ਸਤਿਗੁਰੂ ਬਖਸ਼ ਦੇਣਗੇ ਅਤੇ ਹਥੀਂ ਸੇਵਾ ਕਰੋ ਸੋ ਸਾਧ ਬਚਨ ਅਟਲਾਧਾ ਉਸ ਦਾ ਭਲਾ ਹੋ ਗਿਆ ਤੇ ਉਸ ਨੇ ਸੇਵਾ ਹਾਜ਼ਰ ਕਰ ਦਿਤੀ ।

Sri Satguru Jagjit Singh Ji eLibrary NamdhariElibrary@gmail.com

ਏਹ ਸੇਗ ਮਰਮਰ ਦੇ ਪੱਥਰ ਪਰ ਲਿਖੀ ਹੋਈ ਹੈ:—

ੴ ਸਤਿਗੁਰ ਪ੍ਰਸਾਦਿ ॥

ਜਨਮ ਮਰਨ ਦੁਹਰੂ ਮਹਿ ਨਾਹੀ ਜਨ ਪ੍ਰਉਪਕਾਰੀ ਆਏ

ਯਾਦਗਾਰ ਅਸਥਾਨ

ਸ੍ਰੀ ਮਾਨ ਸੰਤ ਬਾਬਾ ਗੁਰਮੁਖ ਸਿੰਘ ਜੀ

ਪਟਿਆਲੇ ਵਾਲੇ

ਏਹ ਉਹਨਾਂ ਗੁਰਮੁਖ ਪਿਆਰੇ ਮਹਾਂ ਪੁਰਖਾਂ ਦਾ ਯਾਦਗਾਰ ਅਸਥਾਨ ਹੈ ਜਿਨ੍ਹਾਂ ਆਪਣੀ ਸਾਰੀ ਅਵਸਥਾ ਸਿਮਰਨ ਤੇ ਸੇਵਾ ਵਿਚ ਬਤੀਤ ਕੀਤੀ—

ਆਪ ਜੀ ਦਾ ਜਨਮ ਸ਼ਹਿਰ ਬੂੜੀਆਂ ਦਿਆਲਗੜ੍ਹ ਪਟਿਆਲੇ ਵਿਖੇ ਸੰਮਤ ੧੮੦੬ ਨੂੰ ਹੋਇਆ। ਪੰਜ ਸਾਲ ਦੀ ਉਮਰ ਹੋਣ ਤੇ ਆਪ ਹਰ ਵੇਲੇ ਸਮਾਧੀ ਵਿਚ ਜੁੜੇ ਰਹਿੰਦੇ, ਵਡੇ ਹੋਕੇ ਆਪ ਕਲੇ ਹੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸਮਾਪਤੀ ਕਰਕੇ ਉਠਦੇ ਆਪ ਜੀ ਨੇ ਪੂਰੇ ੧੨ ਸਾਲ ਪੂਰਨ ਤਪ ਕੀਤਾ ਜਿਸ ਵਿਚ ਆਪ ਨੇ ਲੂਣ, ਦਾਲਾਂ ਤੇ ਆਚਾਰ ਤਕ ਨਹੀਂ ਖਾਧਾ। ਆਪ ਜੀ ਨੇ ਦੋ ਵਾਰੀ ਪੈਦਲ ਬੇਅੰਤ ਸੰਗਤਾਂ ਨੂੰ ਨਾਲ ਲੈਕੇ ਸ੍ਰੀ ਹਜ਼ੂਰ ਸਾਹਿਬ ਦੀ ਯਾਤ੍ਰਾ ਕੀਤੀ ਆਪ ਜੀ ਨੂੰ ਸਾਹਿਬ ਦਸਮ ਪਾਤਸ਼ਾਹ ਜੀ ਦੇ ਪ੍ਰਤੱਖ ਦਰਸ਼ਨ ਹੋਏ। ਆਪ ਜੀ ਨੇ ਹਜ਼ਾਰਾਂ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਤੇ ਸਿਖ ਧਰਮ ਦਾ ਪ੍ਰਚਾਰ ਕੀਤਾ ਆਪ ਜੀ ਨੇ ਸੰਨ ੧੯੩੦ ਵਿਚ ਸ੍ਰੀ ਅੰਮ੍ਰਿਤਸਰ ਵਿਖੇ ਡੇਰਾ

Sri Satguru Jagjit Singh Ji eLibrary NamdhariElibrary@gmail.com

ਲਾਇਆ ਤੇ ਲਖਾਂ ਜੀਵਾਂ ਨੂੰ ਭਜਨ ਤੇ ਸੇਵਾ ਵਿਚ ਜੋੜਿਆ ਆਪ ਸ੍ਰੀ ਦਰਬਾਰ ਸਾਹਿਬ ਮਲਵਈ ਬੁੰਗੇ ਵਿਖੇ ੩੦ ਨਵੰਬਰ ਸੰਨ ੧੯੪੭ ਮੁਤਾਬਕ ੧੫ ਮੱਘਰ ਸੰਮਤ ੨੦੦੪ ਐਤਵਾਰ ਸਵੇਰੇ ੪॥ ਵਜੇ ਗੁਰਪੁਰੀ ਸਿਧਾਰ ਗਏ ਹਜ਼ਾਰਾਂ ਸੰਗਤਾਂ ਦੇ ਇਕੱਠ ਵਿਚ ਇਸ ਅਸਥਾਨ ਤੇ ਆਪ ਜੀ ਦਾ ਸਸਕਾਰ ਕੀਤਾ ਗਿਆ—ਆਪ ਜੀ ਨੇ ਆਪਣੇ ਜੀਵਨ ਵਿਚ ਹੇਠ ਲਿਖੇ ਗੁਰ ਅਸਥਾਨਾਂ ਦੀ ਸੇਵਾ ਕਰਵਾਈ—

੧. ਸ੍ਰੀ ਸੰਤੋਖਸਰ ਦੀ ਸੇਵਾ
੨. ਸ੍ਰੀ ਅੰਮ੍ਰਿਤਸਰ ਜੀ ਵਿਖੇ ਪੰਜ ਸਰੋਵਰਾਂ ਤੇ ਹੰਸਲੀਆਂ ਦੀ ਸੇਵਾ।
੩. ਗੁਰਦਵਾਰਾ ਗੋਇੰਦਵਾਲ ਸਾਹਿਬ ਦੀ ਸੜਕ ਦੀ ਸੇਵਾ।
੪. ਗੁਰਦਵਾਰਾ ਖਡੂਰ ਸਾਹਿਬ ਦੀ ਪੂਰਨ ਸੇਵਾ।
੫. ਗੁਰਦਵਾਰਾ ਤਪਿਆਨਾ ਸਾਹਿਬ ਤੇ ਸਰੋਵਰ ਤੇ ਹੰਸਲੀ ਦੀ ਸੇਵਾ।
੬. ਗੁਰਦਵਾਰਾ ਮੁਕਤਸਰ ਤੇ ਸਰੋਵਰ ਗੁ: ਟਿਬੀ ਸਾਹਿਬ ਤੇ ਹੰਸਲੀ ਦੀ ਸੇਵਾ।
੭. ਤਰਨ ਤਾਰਨ ਸਾਹਿਬ ਦੀ ਕਾਰ ਸੇਵਾ ਤੇ ਚਾਰ ਮੀਲ ਲੰਮੀ ਹੰਸਲੀ ਦੀ ਸੇਵਾ।
੮. ਗੁਰਦਵਾਰਾ ਬਾਬਾ ਬਕਾਲਾ ਦੇ ਸਰੋਵਰ ਦੀ ਸੇਵਾ।
੯. ਗੁਰਦਵਾਰਾ ਸ੍ਰੀ ਨਨਕਾਣਾ ਸਾਹਿਬ ਦੇ ਸਰੋਵਰ ਤੇ ਹੰਸਲੀ ਦੀ ਸੇਵਾ।
੧੦. ਗੁਰਦਵਾਰਾ ਬਾਲ ਲੀਲ੍ਹਾ ਸਾਹਿਬ ਦੀ ਸੇਵਾ।
੧੧. ਗੁਰਦਵਾਰਾ ਡੇਹਰਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੋਵਰ ਦੀ ਸੇਵਾ।
੧੨. ਗੁਰਦਵਾਰਾ ਬਾਬਾ ਬੁਢੇ ਦੀ ਬੀੜ ਦੀ ਸੇਵਾ।

Sri Satguru Jagjit Singh Ji eLibrary NamdhariElibrary@gmail.com

੧੩. ਪਾਕਿਸਤਾਨ ਤੇ ਆਏ ਲਖਾਂ ਸ਼ਰਨਾਰਥੀਆਂ ਦੀ ਹਰ ਪ੍ਰਕਾਰ ਦੀ ਸੇਵਾ ।

੧੪. ਸ੍ਰੀ ਦਰਬਾਰ ਸਾਹਿਬ ਦੀ ਨਵੀਂ ਸਕੀਮ ਅਨੁਸਾਰ ਡਿਉੜੀ, ਬੁੰਗੇ, ਬਰਾਂਡੇ ਤੇ ਸੰਗ ਮਰਮਰ ਦੀ ਸੇਵਾ ।

੧੫. ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿਚੋਂ ਗੰਦਾ ਜਲ ਬਾਹਰ ਕਢਣ ਦੀ ਮਹਾਨ ਸੇਵਾ ।

ਹਰ ਚੌਦਸ ਦੀ ਰਾਤ ਨੂੰ ਸੰਤ ਬਾਬਾ ਝੰਡਾ ਸਿੰਘ ਜੀ ਦਰਸ਼ਨ ਦੇਂਦੇ ਹਨ ।

●

ਭਾਈ ਹਰਨਾਮ ਸਿੰਘ ਜੀ ਮਾਲਕ
ਕੰਧਾਰੀ ਸੋਪ ਫੈਕਟਰੀ

(ਉਮਰ ੭੬ ਸਾਲ)

ਮੈਨੂੰ ੨੬ ਸਾਲ ਆਪ ਜੀ ਦੀ ਸੇਵਾ ਦਾ ਸੁਭਾਗ ਪ੍ਰਾਪਤ ਹੋਇਆ ਉਸ ਵੇਲੇ ਮੇਰੀ ਉਮਰ ੩੦ ਸਾਲ ਸੀ ਅਜ ੪੬ ਸਾਲ ਹੋ ਗਏ ਹਨ ਬਾਬਾ ਜੀ ਫਰਮਾਂਦੇ ਸਨ ਕਿ ਹਰਦਵਾਰ ਅਸੀਂ ਰਾਤ ੧੨ ਤੋਂ ਲੈਕੇ ਸਵੇਰ ਦੇ ੧੨ ਤਕ ਭਜਨ ਕਰਦੇ ਰਹਿੰਦੇ ਨਾਲ ਹੀ ਪੂਰੇ ੧੨ ਪਾਠ ਸ੍ਰੀ ਸੁਖਮਨੀ ਸਾਹਿਬ ਦੇ ਕਰਕੇ ਪ੍ਰਸ਼ਾਦ ਛਕਦੇ। ਆਪ ਕਹਿੰਦੇ ਸਨ ਪਟਿਆਲੇ ਤਪ ਸਮੇਂ ਸਾਰੀ ਸਾਰੀ ਰਾਤ ਫਿਰਦੇ ਰਹਿੰਦੇ ਤਾਂਕੇ ਨੀਂਦ ਨ ਆਵੇ।

ਆਪ ਦੀ ਫੋਟੋ ਨਨਕਾਣਾ ਸਾਹਿਬ ਵਿਖੇ ਇਕ ਪ੍ਰੇਮੀ ਨੇ ਖਿਚ ਲਈ ਜੋ ਨਨਕਾਣਾ ਸਾਹਿਬ ਦਾ ਹੀ ਸੀ ਆਪ ਖਫਾ ਹੋਏ ਉਸ ਨੇ ਮੁਆਫੀ ਮੰਗੀ ਤੇ ਸੇਵਾ ਵਿਚ ਪੰਜ ਰੁਪਏ ਹਾਜ਼ਰ ਕੀਤੇ ਤਦ

Sri Satguru Jagjit Singh Ji eLibrary NamdhariElibrary@gmail.com

ਖੁਸ਼ੀ ਪ੍ਰਗਟ ਕੀਤੀ ਆਪ ਜੀ ਫੋਟੋ ਖਿਚਾਨ ਦੇ ਸਖਤ ਖਿਲਾਫਸਨ। ਦਾਸ ਨੂੰ ਖਜ਼ਾਨਚੀ ਆਪ ਨੇ ਥਾਪ ਕੇ ਦਾਸ ਪਰ ਸਦਾ ਹੀ ਕ੍ਰਿਪਾ ਦ੍ਰਿਸ਼ਟੀ ਰਖਦੇ ਸਨ ਦਾਸ ਗਿਣ ਕੇ ਰੁਪਏ ਲੈ ਔਂਦਾ ਪਰ ਰਕਮ ਸੰਤ ਮਹਾਰਾਜ ਜੀ ਦੀ ਭਾਈ ਜਸਵੰਤ ਸਿੰਘ ਮਨੋਹਰ ਸਿੰਘ ਤੇ ਭਾਈ ਮਨੋਹਰ ਸਿੰਘ ਪ੍ਰੇਮ ਸਿੰਘ ਪਾਸ ਜਮ੍ਹਾਂ ਰਹਿੰਦੀ ਸੀ ਦਾਸ ਦੇ ਸਾਰੇ ਪ੍ਰਵਾਰ ਨੂੰ ਆਪ ਜੀ ਨੇ ਨਾਮ ਦਾਨ ਅਸ਼ਨਾਨ ਕਰਨ ਲਈ ਉਤਸ਼ਾਹ ਤੇ ਪ੍ਰੇਮ ਆਪ ਜੀ ਦੀ ਬਰਕਤ ਨਾਲ ਪ੍ਰਾਪਤ ਹੋਇਆ। ਆਪ ਜੀ ਦਾ ਉਚਾ ਸੁਚਾ ਜੀਵਨ ਛਪਕੇ ਇਸ ਘੋਰ ਕਲਜੁਗ ਵਿਚ ਬਹੁਤ ਸਹਾਈ ਹੋਵੇਗਾ ਆਪ ਜੀ ਬਨਾਵਟ ਜ਼ਾਹਰਦਾਰੀ ਪਾਖੰਡ ਚਾਪਲੂਸੀ ਆਦਿਕ ਦੇ ਸਖਤ ਖਿਲਾਫ ਸਨ ਕੋਈ ਭੁਲ ਕਰਕੇ ਮੰਨ ਲਵੇ ਤਾਂ ਦਿਆਲ ਹੋ ਜਾਂਦੇ ਸਨ ਡੇਰੇ ਵਿਚ ਰਹਿਣ ਵਾਲੇ ਸਭ ਏਹੀ ਖਿਆਲ ਕਰਦੇ ਸਨ ਕਿ ਮਹਾਰਾਜ ਜੀ ਦਾ ਮੇਰੇ ਨਾਲ ਜ਼ਿਆਦਾ ਪ੍ਰੇਮ ਹੈ ਐਸਾ ਸਮ ਦ੍ਰਿਸ਼ਟੀ ਵਾਲਾ ਆਪ ਜੀ ਦਾ ਸਭ ਲਈ ਧਿਆਨ ਸੀ।

ਭੈਣ ਪ੍ਰੀਤਮ ਕੌਰ ਜੀ ਦਾ ਫਰਮਾਨ

(ਉਮਰ ੭੦ ਸਾਲ)

ਮੈਂ ਕੀ ਲਿਖਾ ਸਕਦੀ ਹਾਂ ਉਹ ਨਿਰੰਕਾਰ ਸਨ ਪਰ ਸਭ ਕੁੱਛ ਲੁਕਾ ਕੇ ਰਖਿਆ ਹੋਇਆ ਸੀ ਆਪ ਜੀ ਨੇ। ਮੈਂ ਛੋਟੀ ਜੇਹੀ ਸੀ ਜਦੋਂ ਸੰਤ ਮਹਾਰਾਜ ਜੀ ਆਏ ਹੋਏ ਸਨ ਭਾਈ ਮਹਤਾਬ ਸਿੰਘ ਗਜਾ ਕਰਨ ਔਂਦਾ ਤਾਂ ਕਹਿੰਦਾ ਸੀ ਮਹਾਰਾਜ ਆਏ ਹੋਏ ਹਨ ਦਰਸ਼ਨ ਕਰੋ ਮੇਰੀ ਭੈਣ ਹਰ ਕੌਰ ਦਰਸ਼ਨ ਲਈ ਜਾਂਦੀ ਰਹਿੰਦੀ ਸੀ ਮੈਂਨੇ ਉਸਨੂੰ ਬੇਨਤੀ ਕੀਤੀ ਮੈਨੂੰ ਭੀ ਨਾਲ ਲੈ ਚਲ ਉਹ ਲੈ

Sri Satguru Jagjit Singh Ji eLibrary NamdhariElibrary@gmail.com

ਗਈ ਮਹਾਰਾਜ ਜੀ ਸ਼ਹੀਦ ਬੁੰਗੇ ਛੋਟੀ ਕੋਠੜੀ ਵਿਚ ਬੈਠੇ ਸਨ ਦਰਸ਼ਨ ਕਰਕੇ ਚਿਤ ਨੂੰ ਬਹੁਤ ਪ੍ਰਸੰਨਤਾ ਹੋਈ ਮੈਂ ਭੀ ਜਾਨ ਲਗ ਪਈ ਮੇਰੀ ਭੈਣ ਪਟਿਆਲੇ ਚਲੀ ਗਈ ਮੇਰੇ ਨਾਨੀ ਜੀ ਤੇ ਮਾਸੀ ਜੀ ਪਟਿਆਲੇ ਰਹਿੰਦੀਆਂ ਸਨ ਜਦੋਂ ਸੰਤ ਜੀ ਪਟਿਆਲੇ ਸਨ ਉਹ ਦਸਦੀਆਂ ਸਨ ਕਿ ਸੰਤ ਜੀ ਇਕਲਿਆਂ ਹੀ ਪੂਰੇ ਗਰੰਥ ਸਾਹਿਬ ਜੀ ਦਾ ਭੋਗ ਪਾ ਛਡਦੇ ਜਦੋਂ ਕੋਈ ਤੁਕ ਭੁਲਦਾ ਆਪ ਪੜ੍ਹ ਦੇਂਦੇ ਸਾਰਾ ਹੀ ਮਾਨੋ ਗੁਰੂ ਗ੍ਰੰਥ ਸਾਹਿਬ ਆਪ ਜੀ ਨੂੰ ਕੰਠ ਸੀ। ਮੇਰੀ ਮਾਸੀ ਜੀ ਦਾ ਘਰ ਉਸ ਚੋਬਾਰੇ ਦੇ ਸਾਹਮਨੇ ਸੀ ਜਿਸ ਵਿਚ ਸੰਤ ਮਹਾਰਾਜ ਰਹਿੰਦੇ ਸਨ ਮੇਰੀ ਭੈਣ ਜੀ ਨੇ ਇਕ ਦਿਨ ਪੁਛਿਆ ਸੰਤ ਜੀ ਆਪ ਇਕਲੇ ਬੈਠੇ ਕੀ ਕਰਦੇ ਰਹਿੰਦੇ ਹੋ ਆਪ ਨੇ ਫਰਮਾਇਆ ਭਜਨ ਕਰਦੇ ਹਾਂ ਤੇ ਕਦੀ ਕਦੀ ਗੁਰੂ ਰਾਮਦਾਸ ਜੀ ਮਹਾਰਾਜ ਨਾਲ ਗਲਾਂ ਕਰਦੇ ਹਾਂ ਮੇਰੀ ਮਾਸੀ ਬਸੰਤ ਕੌਰ ਜੀ ਨੇ ਆਪ ਪਾਸੋਂ ਗੁਰਮੰਤ੍ਰ ਲਿਆ ਫਿਰ ਉਸ ਨੇ ਆਪ ਜੀ ਨੂੰ ਬੇਨਤੀ ਕਰਕੇ ਮੈਨੂੰ ਭੀ ਗੁਰਮੰਤ੍ਰ ਲੈ ਦਿਤਾ ਮੈਂ ਛੋਟੀ ਸੀ ਪਹਿਲੋਂ ਪਤਾ ਨਹੀਂ ਸੀ ਗੁਰਮੰਤ੍ਰ ਕੀ ਹੁੰਦਾ ਹੈ ਜਿਸ ਦਾ ਮੈਂ ਜਾਪ ਕਰਦੀ ਸਾਰਾ ਦਿਨ ਰਾਤ ਸੁਖ ਹੀ ਸੁਖ ਜਾਪਦਾ ਫਿਰ ਮਾਸੀ ਜੀ ਦੇ ਪਤੀ ਜੀ ਨੇ ਗੁਰਮੰਤ੍ਰ ਲੀਤਾ ਫਿਰ ਲੜਕੀ ਪ੍ਰਕਾਸ਼ ਨੂੰ ਗੁਰਮੰਤ੍ਰ ਲੈ ਦਿਤਾ ਫਿਰ ਮੇਰ ਛੋਟ ਕਾਕੇ ਗੋਪਾਲ ਸਿੰਘ ਨੂੰ ਗੁਰਮੰਤ੍ਰ ਲੈ ਦਿਤਾ—ਆਪ ਪਹਿਲੋਂ ਮਲਵਈ ਬੁੰਗੇ ਰਹੇ ਫਿਰ ਸ਼ਹੀਦ ਬੁੰਗ ਟਿਕੇ ਫਿਰ ਜਿਉਣੀ ਦੀ ਧਰਮਸਾਲਾ ਆ ਰਹੇ ਜੋ ਕੌਲਸਰ ਦੇ ਨੇੜੇ ਹੈ। ਆਪ ਚਾਟੀ ਵਿੰਡ ਦਰਵਾਜ਼ੇ ਟੂਟੀਆਂ ਭਾਈ ਸਵਾਇਆ ਸਿੰਘ ਜਾਕੇ ਕੀਤੀਆਂ ਹੋਈਆਂ ਦਾਤਨਾਂ ਸੁਟਦੇ ਅਸ਼ਨਾਨ ਵਾਲੀ ਥਾਂ ਸਾਫ ਕਰਦੇ ਤੇ ਪਾਠ ਕਰਦੇ ਰਹਿੰਦੇ।

ਮਹਾਰਾਜ ਜੀ ਨਾਲ ਮਾਈ ਸੰਤੀ ਹੋਰ ਸੰਗਤਾਂ ਨਾਲ ਪੈਦਲ ਹੀ ਸ੍ਰੀ ਹਜ਼ੂਰ ਸਾਹਿਬ ਗਈ ਸੀ ਉਹ ਕੋਈ ਬਚਨ ਨ ਕਰਦੀ ਕੇਵਲ 'ਵਾਹਿਗੁਰੂ' ਮਹਾਰਾਜ ਜੀ ਪਟਿਆਲੇ ਸਟੇਸ਼ਨ ਪਾਸ ਰਹੇ

Sri Satguru Jagjit Singh Ji eLibrary NamdhariElibrary@gmail.com

ਉਹ ਗਰਮ ਪਾਣੀ ਆਪ ਜੀ ਦੇ ਅਸ਼ਨਾਨ ਵਾਸਤੇ ਬਹੁਤ ਤੜਕੇ ਲਿਜਾਂਦੀ ਸਿਪਾਹੀ ਪੁਛਦੇ ਤਾਂ ਕਹਿੰਦੀ 'ਵਾਹਿਗੁਰੂ' ਉਸ ਦਾ ਨਾਮ ਹੀ ਵਾਹਿਗੁਰੂ ਪੈ ਗਿਆ ਸੀ।

ਪਟਿਆਲੇ ਤੋਂ ਅੰਮ੍ਰਿਤਸਰ ਜੀ ਆਏ ਭਾਈ ਮਹਿਤਾਬ ਸਿੰਘ ਜੋ ਗਜਾ ਕਰਕੇ ਰੋਟੀਆਂ ਲਿਆਉਂਦਾ ਆਪ ਨਹਿਰ ਪਰ ਕੁਤਿਆਂ ਨੂੰ ਪਾਣ ਜਾਂਦੇ।

ਮੇਰੇ ਪਤੀ ਭਾਈ ਹਰਨਾਮ ਸਿੰਘ ਜੀ ਕੰਧਾਰੀ ਆਪ ਜੀ ਦੇ ਖਜਾਨਚੀ ਸੀ ਸਾਡੇ ਸਭ ਨੇ ਨਾਮ ਲਿਆ ਹੋਇਆ ਸੀ ਸੇਵਾ ਭੀ ਕਰਦੇ ਸੀ ਪਰ ਮੇਰੀ ਛੋਟੀ ਨੂੰਹ ਫਿਕਰ ਕਰੇ ਸ਼ਾਦੀ ਹੋਈ ਨੂੰ ੨੦ ਸਾਲ ਹੋ ਗਏ ਸਨ ਬੱਚਾ ਕੋਈ ਨਹੀਂ ਸੀ ਮੈਂ ਭੀ ਬੇਨਤੀ ਕੀਤੀ ਸੰਤ ਮਹਾਰਾਜ ਜੀ ਨੇ ਸੁਪਨੇ ਵਿਚ ਦਰਸ਼ਨ ਦਿਤੇ ਫਿਕਰ ਕਿਉਂ ਕਰਦੀ ਹੈਂ ਦੇਵਾਂਗੇ ਤਾਂ ਕੋਈ ਚੰਗੀ ਚੀਜ਼ ਦੇਵਾਂਗੇ ਸੋ ਏਹ ਕਾਕਾ ਬਖਸ਼ਿਆ ਜੋ ਬੀਬੀ ਨੇ ਚੁਕਿਆ ਹੋਇਆ ਮੈਂਨੇ ਆਪ ਵੇਖਿਆ ਮੇਰੀ ਨੂੰਹ ਦੀ ਸੇਹਤ ਕਮਜ਼ੋਰ ਸੀ ੨੦ ਸਾਲ ਪਿਛੋਂ ਪਹਿਲੇ ਬਚੇ ਦਾ ਜਨਮ ਸੀ ਮੈਂ ਘਬਰਾਈ ਹੋਈ ਸੀ ਆਪ ਨੇ ਤਸੱਲੀ ਦਿਤੀ ਤੇ ਹਰ ਤਰ੍ਹਾਂ ਠੀਕ ਹੋ ਹੀ ਗਿਆ ਏਹ ਸਭ ਪੂਰਨ ਸੰਤ ਮਹਾਰਾਜ ਜੀ ਦੀ ਬਖਸ਼ਿਸ਼ਾਂ ਦਾ ਫਲ ਹੈ।

●

ਮਹਾਂ ਪੁਰਸ਼ਾਂ ਦੀਆਂ ਛੋਟੇ ਕਿਵੇਂ ਖਿਚੀਆਂ ਗਈਆਂ

ਸ੍ਰ: ਗੁਰਦਿਆਲ ਸਿੰਘ ਸਪੁਤ੍ਰ ਸ: ਸੁਰੈਣ ਸਿੰਘ ਛੋਟੇ ਗ੍ਰਾਫਰ ਬਾਜ਼ਾਰ ਬਾਬਾ ਅਟੱਲ ਸਾਹਿਬ ਸ੍ਰੀ ਅੰਮ੍ਰਿਤਸਰ ਦਸਦੇ ਹਨ ਕਿ ਕੁਛ ਸੱਜਨ ਮੇਰੀ ਦੁਕਾਨ ਤੇ ਆ ਆਕੇ ਪਰੇਰਨਾ ਕਰਨ

Sri Satguru Jagjit Singh Ji eLibrary NamdhariElibrary@gmail.com

ਕਿ ਸੰਤ ਬਾਬਾ ਗੁਰਮੁਖ ਸਿੰਘ ਜੀ ਦੀ ਫੋਟੋ ਖਿਚੋ ਤੇ ਕਈ ਆਕੇ ਡਰਾਨ ਕਿ ਉਹ ਫੋਟੋ ਨਹੀਂ ਖਿਚਵਾਂਦੇ ਜੇ ਚੋਰੀ ਖਿਚਨ ਦਾ ਯਤਨ ਕੀਤਾ ਤੇ ਜੇ ਉਨ੍ਹਾਂ ਵੇਖ ਲਿਆ ਮਤੇ ਕੋਈ ਸਰਾਪ ਹੀ ਦੇ ਦੇਣ।

ਮੈਂ ਨੇ ਆਪ ਜੀ ਦੇ ਫੋਟੋ ਸੰਗਤਾਂ ਪਾਸ ਹਨੀ ਜ਼ਰੂਰੀ ਸਮਝੀ ਤੇ ਇਕ ਦਿਨ ਤਿੰਨ ਮੇਰੇ ਮੁਲਾਜਮ ਫੋਟੋ ਗਰਾਫਰਾਂ ਨੂੰ ਨਾਲ ਲੈ ਗਿਆ ਆਪ ਸਰਹਾਨੇ ਦਾ ਢਾਸਨਾ ਲਾਈ ਬੈਠੇ ਸਨ। ਚਾਦਰਾਂ ਚਿਟੀਆਂ ਦਾ ਅਸਾਂ ਪਰਦਾ ਕਰ ਲਿਆ ਤੇ ਜਦੋਂ ਉਨ੍ਹਾਂ ਨੇ ਨਿਗਾਹ ਉਚੀ ਕੀਤੀ ਮੈਂ ਨੇ ਪੜਦਾ ਸੁਟ ਦਿਤਾ ਮਨ ਵਿਚ ਏਹ ਔਂਦਿਆਂ ਹੀ ਕਿ ਉਹ ਅੰਤਰਯਾਮੀ ਹਨ ਚੋਰੀ ਖਿਚਨ ਨਾਲ ਤਾਂ ਨਾਰਾਜ ਹੋ ਸਕਦੇ ਹਨ ਫੋਟੋ ਕੇਵਲ ਮੇਰੀ ਖਿਚੀ ਹੋਈ ਠੀਕ ਆਈ ਤਿੰਨਾਂ ਹੀ ਮੇਰੇ ਮੁਲਾਜਮਾਂ ਵਾਲੀ ਠੀਕ ਨ ਆਈ ਮੈਂ ਫੋਟੋ ਖਿਚਕੇ ਸਾਹਮਣੇ ਹਥ ਜੋੜਕੇ ਖੜਾ ਰਿਹਾ ਤੇ ਮਨ ਵਿਚ ਆਪ ਜੀ ਲਈ ਸ਼ਰਧਾ ਬਹੁਤ ਸੀ ਮੇਰੀ ਉਪਜੀਵਕਾ ਦਾ ਭੀ ਏਹੀ ਜੁਰੀਆ ਹੈ ਏਹ ਖਿਆਲ ਭੀ ਮੈਨੂੰ ਔਂਦਾ ਰਹਿੰਦਾ ਸੀ ਆਪ ਜੀ ਹੱਸ ਪਏ ਤੇ ਫਰਮਾਇਆ ਤੂੰ ਨ ਆਪਣੀ ਇਛਿਆ ਪੂਰੀ ਕਰ ਲਈ ਹੈ ਲੈ ਪ੍ਰਸ਼ਾਦ ਤੇ ਜਾਕੇ ਸੇਵਾ ਕਰ ਨ ਕੇਵਲ ਡਰ ਲਹਿ ਗਿਆ ਬਲਕੇ ਖੁਸ਼ੀ ਬਹੁਤ ਹੋਈ ਉਸ ਫੋਟੋ ਤੋਂ ਹਜਾਰਾਂ ਫੋਟੋ ਬਣੀਆਂ ਹਨ ਜੋ ਸੰਗਤਾਂ ਪਾਸ ਉਨ੍ਹਾਂ ਦੀ ਸਤਿਕਾਰ ਭਰੀ ਯਾਦ ਹਨ।

ਸੰਤ ਬਾਬਾ ਸਾਧੂ ਸਿੰਘ ਜੀ ਬਾਰੇ ਭੀ ਏਹ ਮਸ਼ਹੂਰ ਸੀ ਕਿ ਉਹ ਫੋਟੋ ਨਹੀਂ ਖਿਚਾਂਦੇ ਤੇ ਉਨ੍ਹਾਂ ਨੇ ਪਾਸ ਡੰਡਾ ਰਖਿਆ ਹੁੰਦਾ ਹੈ ਜੇ ਕੋਈ ਯਤਨ ਕਰੇ ਤਾਂ ਡੰਡਾ ਮਾਰਦੇ ਹਨ। ਲੋਕ ਉਤਸ਼ਾਹ ਭੀ ਦੇਂਦੇ ਤੇ ਡਰਾਂਦੇ ਭੀ ਆਖਰ ਮੈਂ ਇਸ ਖਿਆਲ ਨਾਲ ਕਿ ਇਨ੍ਹਾਂ ਦੇ ਦੀਦਾਰੇ ਸੰਗਤਾਂ ਨੂੰ ਹੁੰਦ ਰਹਿਣਗੇ ਇਕ ਦਿਨ ਫੋਟੋ ਖਿਚਨ ਲਈ ਚਲਾ ਗਿਆ ਕਾਫੀ ਸੰਗਤ ਸੀ ਮੈਂ ਕੈਮਰਾ ਹੱਥ ਵਿਚ ਲਈ ਤਾੜ ਰਿਹਾ ਜਦੋਂ ਆਪ ਜੀ ਨੇ ਚੇਹਰਾ ਉਚਾ ਕੀਤਾ ਮੈਂ ਨੇ ਫੋਟੋ ਖਿਚ ਲਈ ਆਪ ਜੀ ਨੂੰ ਪਤਾ ਲਗ ਗਿਆ ਮੈਂ ਦਿਲੋਂ

Sri Satguru Jagjit Singh Ji eLibrary NamdhariElibrary@gmail.com

ਬੇਨਤੀਆਂ ਕਰਾਂ ਮਹਾਂ ਪੁਰਸ਼ੋਂ ਮੇਰਾ ਵਿਹਾਰ ਵਧੇਗਾ ਸੰਗਤਾਂ ਦਰਸ਼ਨ ਕਰਨਗੀਆਂ ਸੋ ਆਪ ਜੀ ਨੇ ਕੁਛ ਨਹੀਂ ਕਿਹਾ ਫਿਰ ਨੇਤ੍ਰ ਮੀਟ ਕੇ ਭਜਨ ਵਿਚ ਮਗਨ ਹੋ ਗਏ।

ਸੰਤ ਬਾਬਾ ਝੰਡਾ ਸਿੰਘ ਜੀ ਭੀ ਫੋਟੋ ਨਹੀਂ ਸਨ ਖਿਚਵਾਂਦੇ ਇਸੇ ਤਰ੍ਹਾਂ ਸੋਚਦਾ ਰਿਹਾ ਆਖਰ ਇਕ ਦੀਵਾਨ ਵਿਚ ਮੈਂ ਅੰਦਰੋਂ ਸ਼ਰਧਾ ਨਾਲ ਬੇਨਤੀਆਂ ਕਰਦਾ ਸੰਗਤ ਵਿਚ ਬੈਠਾ ਰਿਹਾ ਆਪ ਜੀ ਦੇ ਬਚਨ ਸੁਣਦਾ ਰਿਹਾ ਜਦੋਂ ਸਮਾਂ ਮੁਨਾਸਬ ਸਮਝਿਆ ਮੈਂਨੇ ਫੋਟੋ ਖਿਚ ਲਈ ਚਾਨਣ ਪੂਰਾ ਨਹੀਂ ਸੀ ਸੋ ਜਦੋਂ ਕੈਮਰੇ ਵਿਚੋਂ ਫਲੈਸ਼ ਦੀ ਰੋਸ਼ਨੀ ਆਪ ਜੀ ਪਰ ਪਈ ਤਾਂ ਆਪ ਨੇ ਫਰਮਾਇਆ 'ਕਿਸ ਸ਼ੈਤਾਨੀ ਕੀਤੀ ਹੈ' ਮੈਂ ਚੁਪ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਕਰਦਾ ਰਿਹਾ ਤੇ ਬੈਠਾ ਰਿਹਾ।

ਏਹ ਹਨ ਮਹਾਂ ਪੁਰਸ਼ ਕੁਛ ਸੰਤ ਆਪਣੀਆਂ ਸੈਂਕੜੇ ਫੋਟੋ ਖਿਚਵਾਕੇ ਗਤਿਆਂ ਪਰ ਲਗਵਾਕੇ ਰਖ ਛਡਦੇ ਹਨ ਤੇ ਸ਼ਰਧਾਲੂਆਂ ਨੂੰ ਦੇਂਦੇ ਹਨ ਜਿਨ੍ਹਾਂ ਨੂੰ ਉਹ ਤਵੀਤ ਧਾਗੇ ਦੇ ਕੇ ਠਗਦੇ ਹਨ। ਉਹ ਗੁਰੂ ਸਾਹਿਬਾਨ ਦੀ ਫੋਟੋ ਦੇਣ ਏਹ ਗੁਰਮਤਿ ਹੈ ਆਪਣੀ ਫੋਟੋ ਦੇ ਕੇ ਆਪਣੇ ਲੜ ਲੌਣਾ ਮਾਇਆ ਦੀ ਖਾਤਰ ਮਨਮਤਿ ਹੈ।

●

ਸ: ਨਰਿੰਦਰ ਸਿੰਘ ਜੀ ਸਪੁਤ੍ਰ ਸ: ਕਿਸ਼ਨ ਸਿੰਘ ਜੀ ਹਕੀਮ, ਭਾਈਓ ਕਾ ਦਵਾਖਾਨਾ

ਕਟੜਾ ਹਰੀ ਸਿੰਘ ਅੰਮ੍ਰਿਤਸਰ—ਉਮਰ ੫੮ ਸਾਲ

ਮੇਰੇ ਪਿਤਾ ਜੀ ਸਾਰਾ ਜੀਵਨ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਸਕੱਤ੍ਰ ਰਹੇ। ਮੈਂ ਬਹੁਤ ਛੋਟਾ ਸੀ ਜਦੋਂ ਬਾਬਾ ਜੀ ਦੀ ਗੋਦ।

Sri Satguru Jagjit Singh Ji eLibrary NamdhariElibrary@gmail.com

ਜਾ ਬੈਠਦਾ। ਓਹ ਬਚਿਆਂ ਨਾਲ ਬਹੁਤ ਪਿਆਰ ਕਰਦੇ ਸਨ। ਕਈ ਵਾਰੀ ਮੱਥਾ ਚੁੰਮ ਲੈਂਦੇ। ਮੈਂ ਸਤਿਸਗ ਵਿਚ ਹੀ ਵਡਾ ਹੋਇਆ ਤੇ ਮੇਰੇ ਪਿਤਾ ਜੀ ਦੀ ਜ਼ਿੰਦਗੀ ਵਿਚ ਹੀ ਬਾਬਾ ਜੀ ਨੇ ਮੈਨੂੰ ਆਪਣਾ ਸਕੱਤ੍ਰ ਬਣਾ ਲਿਆ। ਸ੍ਰੀ ਦਰਬਾਰ ਸ਼ਾਹਿਬ ਅੰਮ੍ਰਿਤਸਰ ਦੀਆਂ ਪ੍ਰਕਰਮਾ ਵਿਚ ਬਹੁਤ ਸਾਰੇ ਸਾਧੂ ਸੰਤ ਅਭਿਆਗਾਤ ਰਹਿੰਦੇ ਸਨ। ਬਾਬਾ ਸ਼ਾਮ ਸਿੰਘ ਜੀ ਰੋਟੀਆਂ ਦਾ ਟੋਕਰਾ ਦਾਲ ਬਾਬਾ ਸ਼ਾਹ ਸਿੰਘ ਜੀ ਨੂੰ ਚੁਕਾ ਲੈਂਦੇ ਤੇ ਆਪ ਪੂਰਨ ਸੰਤ ਹੁੰਦਿਆ ਜਿਥੇ ਸਾਧੂ ਸੰਤ ਅਭਿਆਗਤ ਬੈਠੇ ਹੁੰਦੇ ਪ੍ਰਸ਼ਾਦੇ ਛਕਾ ਦੇਂਦੇ ਜੋ ਜੋ ਸੰਤ ਸੁਤੇ ਹੋਏ ਹੁੰਦੇ ਉਹਨਾਂ ਦੇ ਚਰਨੀ ਹੱਥ ਲਾ ਕੇ ਜਗਾਂ ਹਥ ਜੋੜ ਕੇ ਪ੍ਰਸ਼ਾਦਾ ਛਕਨ ਲਈ ਬੇਨਤੀ ਕਰਦੇ।

ਬਾਬਾ ਗੁਰਮੁਖ ਸਿੰਘ ਜੀ ਇਸੇ ਤਰ੍ਹਾ ਸ੍ਰੀ ਅੰਮ੍ਰਿਤਸਰ ਆਏ ਪਹਿਲੋਂ ਆਪ ਦੀਵਾਲੀ ਤੇ ਵਿਸਾਖੀ ਸਮੇਂ ਮਥਾ ਟੇਕਨ ਕਦੀ ਆ ਜਾਂਦੇ ਸੀ, ਆਪ ਦੇ ਪਾਸ ਇਕ ਇੱਟ ਸਰਹਾਣੇ ਲਈ ਤੇ ਇਕ ਟਿੰਡ ਦਾਲ ਪਾਣੀ ਰਖਣ ਲਈ ਹੁੰਦੀ ਸੀ, ਮਲਵਈ ਬੁੰਗੇ ਪਹਿਲੋਂ ਪਹਿਲ ਆਪ ਨੂੰ ਬਾਬਾ ਸ਼ਾਮ ਸਿੰਘ ਜੀ ਨੇ ਹੋਰ ਸਾਧੂਆਂ ਵਾਂਗ ਪ੍ਰਸ਼ਾਦ ਛਕਾਇਆ ਤੇ ਆਪ ਦਾ ਮਸਤਕ ਵੇਖ ਕੇ ਤੇ ਅੰਦਰੋਂ ਆਪ ਦੀ ਕੀਤੀ ਭਜਨ ਲਈ ਕਮਾਈ ਜਾਣ ਕੇ ਕਿਹਾ ਸੰਤ ਜੀ ਆਪ ਪਾਸੋਂ ਗੁਰੂ ਰਾਮਦਾਸ ਜੀ ਮਹਾਰਾਜ ਨੇ ਬਹੁਤ ਸੇਵਾ ਲੈਣੀ ਹੈ ਉਹ ਹੱਥ ਜੋੜ ਕੇ ਖੜੇ ਹੋ ਗਏ ਜਿਵੇਂ ਆਗਿਆ – ਅਗਲੇ ਦਿਨ ਸੰਤ ਬਾਬਾ ਸ਼ਾਮ ਸਿੰਘ ਜੀ ਆਪ ਜੀ ਨੂੰ ਇਕ ਨਵਾਂ ਝਾੜੂ ਇਕ ਖੁਰਪੀ ਦੇ ਆਏ ਤੇ ਸੇਵਾ ਸ਼ੁਰੂ ਕਰਨ ਲਈ ਫਰਮਾਇਆ ਝਾੜੂ ਪ੍ਰਕਰਮਾ ਵਿਚ ਦਿਉ ਵਿੱਠਾਂ ਕਬੂਤਰਾਂ ਦੀਆਂ ਖੁਰਪਾ ਨਾਲ ਚੁਕਕੇ ਬਾਹਰ ਸੁਟਦਿਆ ਕਰੋ ਤੇ ਏਹ ਤੁਕ ਪੜ੍ਹੀ—

ਪਾਰਬ੍ਰਹਮ ਪ੍ਰਮੇਸਰੋ ਸਵਕ ਥਿਰ ਹੋਸੀ॥

ਸੰਤ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਬਹੁਤ ਥਾਵਾਂ ਤੋਂ ਪ੍ਰੇਮੀ

Sri Satguru Jagjit Singh Ji eLibrary NamdhariElibrary@gmail.com

ਦਰਸ਼ਨ ਲਈ ਔਂਦੇ ਰਹਿੰਦੇ ਸਨ ਤੇ ਉਸ ਸਮੇਂ ਆਪ ਬਹੁਤ ਉਚ ਕੋਟੀ ਦੇ ਸੰਤ ਗਿਣੇ ਜਾਂਦੇ ਸਨ ਆਪ ਆਪਣੇ ਡੇਰੇ ਪਾਟੇ ਹੋਏ ਕਪੜਿਆਂ ਦੀਆਂ ਲੀਰਾਂ ਵਿਚ ਮਾਇਆ ਦੀਆਂ ਪੋਟੜੀਆਂ ਬੰਨ੍ਹ ਛਡਦੇ ਜਿਨ੍ਹਾਂ ਵਿਚ ਵਖ ਵਖ ਗੁਰਦਵਾਰਿਆਂ ਨੂੰ ਭੇਜਨ ਲਈ ਮਾਇਆ ਪਈ ਰਹਿੰਦੀ ਜੋ ਲੋਕ ਦੇ ਜਾਂਦੇ ਕਿ ਫਲਾਨੇ ਧਰਮ ਅਸਥਾਨ ਪਰ ਭਿਜਵਾ ਦੇਨੀ ਕਈ ਵਾਰੀ ਆਪ ਉਨ੍ਹਾਂ ਪੋਟੜੀਆਂ ਵਿਚ ਦਾਸ ਨੂੰ ਮਾਇਆ ਰਖਨ ਲਈ ਹੁਕਮ ਕਰਦੇ। ਇਕ ਪੋਟੜੀ ਵਿਚ ਮਾਇਆ ਵਧਦੀ ਗਈ ਉਸ ਪਰ ਕਿਸੇ ਗੁਰਦਵਾਰੇ ਦਾ ਨਾਮ ਭੀ ਨਹੀਂ ਸੀ ਲਿਖਕੇ ਧਾਗੇ ਨਾਲ ਬੰਨ੍ਹਿਆ ਹੋਇਆ ਜਿਵੇਂ ਹੋਰਨਾਂ ਪਰ ਲਿਖ ਰਖਦੇ ਸਨ। ਏਹ ਪੋਟੜੀ ਸ੍ਰੀ ਸੰਤੋਖ ਸਰ ਦੀ ਸੇਵਾ ਲਈ ਆਪ ਜੀ ਨੇ ਬਾਬਾ ਗੁਰਮੁਖ ਸਿੰਘ ਜੀ ਨੂੰ ਦਿਤੀ।

ਸੰਤ ਬਾਬਾ ਸ਼ਾਮ ਸਿੰਘ ਜੀ ਦੇ ਪਾਸ ਭਾਈ ਸਹਜ ਸਿੰਘ ਜੀ ਸੰਤ ਭਾਈ ਮੰਨਾ ਸਿੰਘ ਜੀ ਰਹਿੰਦੇ ਸਨ ਤੇ ਹਰ ਤਰ੍ਹਾਂ ਦੀ ਸੇਵਾ ਡੇਰੇ ਦੀ ਚਲਾਂਦੇ ਸਨ। ਭਾਈ ਮੰਨਾ ਸਿੰਘ ਜੀ ਨੂੰ ਗੁਰਮੁਖੀ ਆਪ ਜੀ ਨੇ ਹੀ ਪੜ੍ਹਾਈ ਸੀ। ਪਰ ਫਿਰ ਉਹ ਇਤਨੇ ਹਢੇ ਪਾਠੀ ਹੋ ਗਏ ਕਿ ਇਕਲ ਬੈਠਕੇ ਸਾਰੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਕਰ ਛਡਦੇ।

ਸੰਤ ਬਾਬਾ ਗੁਰਮੁਖ ਸਿੰਘ ਜੀ ਨੇ ਸੇਵਾ ਸ਼ੁਰੂ ਕਰ ਦਿਤੀ ਤੇ ਆਪ ਜੀ ਦੀ ਸੰਗਤ ਵਧਨ ਲਗ ਗਈ ਆਪ ਬਾਬਾ ਸ਼ਾਮ ਸਿੰਘ ਜੀ ਨਾਲ ਹੀ ਸਵੇਰੇ ਕੀਰਤਨ ਪਿਛੋਂ ਉਨ੍ਹਾਂ ਦੇ ਡੇਰੇ ਆ ਕੇ ਕਥਾ ਕਰਦੇ ਜਿਸ ਦਾ ਬਹੁਤ ਅਸਰ ਪੈਂਦਾ ਸ਼ਾਮ ਨੂੰ ਏਹ ਸਭ ਮਹਾਤਮਾ ਸ੍ਰੀ ਅਕਾਲ ਤਖਤ ਸਾਹਿਬ ਇਕੱਠੇ ਹੁੰਦੇ। ਸੋ ਪ੍ਰੇਮ ਬਹੁਤ ਵਧ ਗਿਆ। ਸੰਤ ਬਾਬਾ ਸ਼ਾਮ ਸਿੰਘ ਜੀ ਦੀ ਹਰ ਸਰੀਰਕ ਬੀਮਾਰੀ ਦਾ ਇਲਾਜ ਪਹਿਲੋਂ ਦਾਸ ਦੇ ਪਿਤਾ ਜੀ ਕਰਦੇ ਰਹੇ। ਇਸੇ ਤਰ੍ਹਾਂ ਜੋ ਭੀ ਤਕਲੀਫ ਬਾਬਾ ਗੁਰਮੁਖ ਸਿੰਘ ਜੀ ਨੂੰ ਹੁੰਦੀ ਦੂਰ ਕਰਦਾ। ਦਾਸ ਦਾ ਪ੍ਰੇਮ ਆਪ ਜੀ ਦੇ ਚਰਨਾ ਨਾਲ ਭੀ ਬਹੁਤ ਹੋ ਗਿਆ।

Sri Satguru Jagjit Singh Ji eLibrary NamdhariElibrary@gmail.com

ਆਪ ਜੀ ਨੇ ਤਾਂ ਸੇਵਾ ਦਾ ਫਿਰ ਐਸਾ ਮਹਾਨ ਯੱਗ ਲਾ ਦਿਤਾ ਕਿ ਕਈ ਕਈ ਵਾਰੀ ਦੱਸ ਦੱਸ ਹਜ਼ਾਰ ਮਾਈ ਭਾਈ ਟੋਕਰੀਆਂ ਢੋਂਦੇ ਖਾਲੀਆਂ ਪੁਟਦੇ, ਇੱਟਾਂ ਪਕੜਾਂਦੇ। ਜਿਥੇ ਭੀ ਸੇਵਾ ਹੁੰਦੀ ਦਾਸ ਹਰ ਮਹੀਨੇ ਦੀ ੧੫ ਤਰੀਕ ਨੂੰ ਆਪ ਜੀ ਪਾਸ ਹਾਜ਼ਰ ਹੋ ਕੇ ਨਬਜ਼ ਆਦਿਕ ਵੇਖਕੇ ਲੋੜ ਅਨੁਸਾਰ ਦਵਾਈ ਦੇ ਆਉਂਦਾ। ਸੰਗਰਾਂਦ ਵਾਲੇ ਦਿਨ ਤਾਂ ਆਪ ਜੀ ਸ੍ਰੀ ਅੰਮ੍ਰਿਤਸਰ ਨਹਿਰ ਪਰ ਆਉਂਦੇ ਓਥੇ ਦਰਸ਼ਨ ਦਵਾਈ ਦਾਰੂ ਕਰਦਾ। ਆਪ ਜੀ ਆਪਣੇ ਪਹਿਲ ਜੀਵਨ ਦੇ ਕਦੀ ਕਦੀ ਪਰੇਮ ਲਹਿਰ ਵਿਚ ਆਕੇ ਜ਼ਿਕਰ ਕਰ ਦੇਂਦੇ। ਕਦੀ ਕਦੀ ਦਾਸ ਦੇ ਬੇਨਤੀ ਕਰਨ ਪਰ ਕੁਛ ਕਹਿ ਦੇਂਦੇ। ਅਫਸੋਸ ਕਿ ਮੈਂ ਲਿਖ ਕੇ ਨਾ ਰਖਦਾ ਰਿਹਾ ਵਰਨਾ ਮੇਰ ਲਿਖੇ ਹੋਏ ਹਾਲਾਤ ਨਾਲ ਹੀ ਬਹੁਤ ਵਧੀਆ ਕਿਤਾਬ ਬਣ ਸਕਦੀ ਸੀ।

ਆਪ ਜੀ ਦੇ ਸਿਰ ਪੀੜ ਜ਼ਿਆਦਾ ਰਹਿੰਦੀ ਸੀ ਹਿਕਮਤ ਕਰਕੇ ਕੋਈ ਇਸ ਦਾ ਕਾਰਨ ਨਹੀਂ ਸੀ ਪਰ ਆਪ ਦਸਦੇ ਸਨ ਕਿ ਸਾਰੀ ਸਾਰੀ ਰਾਤ ਕੇਸ ਕਿਲੀ ਨਾਲ ਬੰਨ੍ਹਕੇ ਕਈ ਵਾਰੀ ਸਰਦੀਆਂ ਵਿਚ ਭੀ ਪਾਣੀ ਵਿਚ ਖੜੇ ਹੋ ਹੋਕੇ ਹੱਠ ਤਪ ਕੀਤੇ ਹਨ ਪਟਿਆਲੇ ਪਾਸ ਤਾਂ ਬਾਰਾਂ ਸਾਲ ਬਹੁਤ ਤਪ ਕੀਤੇ ਹਨ ਕਈ ਚਿਰ ਰੋਟੀ ਨਹੀਂ ਖਾਧੀ ਸੋ ਇਸ ਕਰਕੇ ਸਿਰ ਦਰਦ ਰਹਿੰਦੀ ਹੈ ਥੋੜਾ ਚਿਰ ਪਟਵਾਰ ਦਾ ਕੰਮ ਭੀ ਕੀਤਾ ਸੀ ਆਪੇ ਛਡ ਦਿਤਾ, ਆਪ ਦਸਦੇ ਸਨ ਕਿ ਸਾਡੇ ਮਨ ਵਿਚ ਫੁਰਨਾ ਹੋਇਆ ਜੋ ਸਾਨੂੰ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਹੋਣ ਦਰਸ਼ਨ ਨ ਹੋਏ ਕਿਰਪਾਨ ਆਪਣੀ ਤੇਜ਼ ਕਰਕੇ ਖੂਹ ਵਲ ਚਲ ਪਏ ਜੇ ਅਜ ਦਰਸ਼ਨ ਨ ਹੋਏ ਤਾਂ ਕਿਰਪਾਨ ਢਿਡ ਵਿਚ ਮਾਰ ਲਵਾਂਗੇ ਟੁਟੇ ਜੇਹ ਮਕਾਨ ਦੇ ਝਰੋਖੇ ਜਾਂ ਬਾਰੀ ਕਹਿ ਲਓ ਵਿਚੋਂ ਆਵਾਜ਼ ਆਈ ਸੰਤਾ ਕਿਧਰ ਪਿਆ ਜਾਨਾ ਹੈ ਝੱਲਾ ਗੁਰੂ ਨਾਨਕ ਸਾਹਿਬ ਵਰਗਾ ਪਿਆ ਪਰ ਸਾਫ ਨਹੀਂ ਸੀ ਜਦੋਂ ਥੋੜਾ ਰੁਕਨ ਪਿਛੋਂ ਟੁਰ ਪਿਆ

Sri Satguru Jagjit Singh Ji eLibrary NamdhariElibrary@gmail.com

ਫਿਰ ਆਵਾਜ਼ ਆਈ ਰੁਕਕੇ ਬੇਨਤੀ ਕੀਤੀ ਕਿਰਪਾ ਕਰਕੇ ਨੀਚੇ ਆਕੇ ਦਰਸ਼ਨ ਦੇਕੇ ਪ੍ਰਸ਼ਾਦ ਬਖਸ਼ੋ, ਸੋ ਆਏ ਬਖਸ਼ ਕੇ ਅਲੋਪ ਹੋ ਗਏ ਸ਼ੁਕਰ ਕੀਤਾ ਕਿ ਘਾਲ ਥਾਏ ਪੈਂਦੀ ਜਾਪਦੀ ਹੈ।

ਕੁਛ ਸੰਗਤਾਂ ਨਾਲ ਬੈਲ ਗਡੀ ਲੈ ਕੇ ਸਭ ਪੈਦਲ ਭਜਨ ਕਰਦੇ ਸ਼ਬਦ ਪੜ੍ਹਦੇ ਸ੍ਰੀ ਹਜ਼ੂਰ ਸਾਹਿਬ ਪੁਜੇ ਓਥੇ ਭੀ ਝਾੜੂ ਆਦਿਕ ਦੀ ਸੇਵਾ ਕਰਦੇ ਰਹੇ ਓਥੇ ਫੁਰਨਾ ਹੋਇਆਂ ਦਸਵੇਂ ਪਾਤਸ਼ਾਹ ਜੀ ਦਰਸ਼ਨ ਦੇਣ ਦੀ ਕਿਰਪਾ ਕਰੋ। ਨਿਹੰਗ ਸਿੰਘ ਦੇ ਬਾਣੇ ਵਿਚ ਦਰਸ਼ਨ ਹੋਏ। ਪਰ ਪੈਰ ਤੋਂ ਨੰਗੇ ਸਨ ਬੇਨਤੀ ਕੀਤੀ ਮਹਾਰਾਜ ਜੀ ਜੋੜਾ ਤਾਂ ਪਾ ਲਉ। ਹੁਕਮ ਹੋਇਆ ਅਗਲੀ ਵਾਰੀ ਪੰਜਾਬੋਂ ਜੋੜਾ ਬਨਵਾ ਲਿਆਉਣਾ ਪਾ ਲਵਾਂਗੇ। ਦੂਜੀ ਵਾਰੀ ਫਿਰ ਪੈਦਲ ਹੀ ਸੰਗਤਾਂ ਸਮੇਤ ਕਾਫੀ ਚਿਰ ਰਸਤੇ ਵਿਚ ਲਗਾਕੇ ਪੁਜੇ। ਜੋੜਾ ਨਾਲ ਲੈ ਗਏ ਬੇਨਤੀ ਕਰਨ ਪਰ ਦਰਸ਼ਨ ਹੋਏ ਜੋੜਾ ਬੈਲ ਗਾਡੀ ਤੋਂ ਉਤਰਕੇ ਆਪ ਪਹਿਨਾਇਆ ਫਿਰ ਅਲੋਪ ਹੋ ਗਏ। ਕੇਵਲ ਦਾਸ ਨੂੰ ਤੇ ਇਕ ਬਜ਼ੁਰਗ ਹੋਰ ਨੂੰ ਜੋ ਸਾਡੇ ਨਾਲ ਸੀ ਦਰਸ਼ਨ ਹੋਏ ਜੋੜਾ ਸਭ ਨ ਉਥੋਂ ਹੱਟ ਜਾਂਦਾ ਜ਼ਰੂਰ ਵੇਖਿਆ। ਹਜ਼ੂਰ ਸਾਹਿਬ ਹੀ ਗੁਪਤ ਇਸ਼ਾਰਾ ਮਿਲਨ ਪਰ ਸੰਤ ਝੰਡਾ ਸਿੰਘ ਜੀ ਦੇ ਉਦਮ ਨਾਲ ਸੋਨੇ ਦੀ ਪਾਲਕੀ ਉਥੇ ਭਿਜਵਾਈ ਗਈ ਸੀ।

ਖਡੂਰ ਸਾਹਿਬ ਸੇਵਾ ਹੋ ਰਹੀ ਸੀ ਅੱਧੀ ਰਾਤ ਦੋ ਟਰੱਕ ਭਰੇ ਹੋਏ ਸ਼ਾਮੈਂਟ ਦੇ ਆ ਗਏ। ਡੇਰੇ ਦੇ ਸਭ ਸੇਵਕ ਥੱਕ ਕੇ ਸੁਤੇ ਪਏ ਸਨ। ਭਾਈ ਝੰਡਾ ਸਿੰਘ ਦਲਾਲ ਮੋਦੀ (ਸਟੋਰ ਕੀਪਰ) ਸੀ। ਮਹਾਰਾਜ ਜੀ ਜਾਗ ਪਏ। ਮੋਦੀ ਨੇ ਸਭ ਨੂੰ ਜਗਾਨ ਦਾ ਯਤਨ ਕੀਤਾ ਪਰ ਸਭ ਟਾਲ ਛੱਡਣ ਦਾਸ ਦੀ ਜਾਗ ਭੀ ਖੁਲ੍ਹ ਚੁਕੀ ਸੀ। ਡਰਾਈਵਰ ਕਾਹਲੇ ਪੈਣ ਕਿ ਅਸੀਂ ਕਿਸੇ ਹੋਰ ਥਾਂ ਜਾਨਾ ਸੀ, ਪਰ ਸੰਤ ਬਾਬਾ ਝੰਡਾ ਸਿੰਘ ਜੀ ਦਾ ਹੁਕਮ ਨਹੀਂ ਮੋੜ ਸਕੇ ਤੇ ਸੇਵਾ ਦਾ ਕੰਮ ਜਾਨਕੇ ਆ ਗਏ ਹਾਂ, ਅਸੀਂ ਜਲਦੀ ਵਾਪਸ ਜਾਨਾ ਹੈ, ਸੰਤ ਜੀ ਨੇ ਧੀਰਜ ਦਿਤਾ ਭਈ ਆ ਰਹੀ ਹੈ ਗੁਰੂ ਕੀ

Sri Satguru Jagjit Singh Ji eLibrary NamdhariElibrary@gmail.com

ਸੰਗਤ ਹੁਣੇ ਟਰੱਕ ਖਾਲੀ ਹੋ ਜਾਣਗੇ ਉਸ ਸਮੇਂ ਹੀ ਬਹੁਤ ਸਾਰੇ ਸਿੰਘ ਕੁਛ ਤਾਂ ਬਹੁਤ ਸੋਹਣੇ ਦਰਸ਼ਨੀ ਜਵਾਨ ਦਮਾਲੇ ਸਜਾਏ ਹੋਏ ਆ ਪੁਜੇ ਤੇ ਮਿੰਟਾਂ ਵਿਚ ਹੀ ਟਰੱਕ ਖਾਲੀ ਕਰਕੇ ਚਲੇ ਗਏ ਦਾਸ ਨੂੰ ਹੁਕਮ ਹੋ ਚੁਕਾ ਸੀ ਕਿ ਜਦੋਂ ਟਰੱਕ ਖਾਲੀ ਕਰ ਲੈਣ ਪ੍ਰਸ਼ਾਦ ਅੰਦਰ ਪਿਆ ਹੈ ਉਹ ਸਭ ਨੂੰ ਜ਼ਰੂਰ ਦੇ ਦੇਣਾ ਪ੍ਰਸ਼ਾਦ ਮਿਠਾ ਲੂਣਾ ਪਕੌੜੇ ਆਦਿਕ ਮੌਜੂਦ ਸੀ ਵਰਤਾ ਦਿਤਾ।

'ਜਿਸਕਾ ਕਾਰਜ ਤਿਨ ਹੀ ਕੀਆ
ਮਾਨਸ ਕਿਆ ਵਿਚਾਰਾ ਰਾਮ ॥'

ਇਕ ਵਾਰੀ ਇਕ ਬਹੁਤ ਵਡੇ ਝੋਟੇ ਨੂੰ ਚੋਖੇ ਸਾਰੇ ਸਿੰਘ ਬੰਨ੍ਹਕੇ ਲਿਆਏ ਗਲੇ ਵਿਚ ਭੀ ਰਸਾ ਸਿੰਗ ਭੀ ਦੋਨੋਂ ਤਰਫ ਬਧੇ ਹੋਏ ਲਤਾਂ ਗਿਟਿਆਂ ਨੂੰ ਰਸਿਆਂ ਨਾਲ ਜਕੜਿਆ ਹੋਇਆ ਮਹਾਰਾਜ ਜੀ ਇਸਨੇ ਦੋ ਬਚੇ ਲਿਤਾੜ ਕੇ ਮਾਰ ਦਿਤੇ ਹਨ ਇਸਦਾ ਕੀ ਕਰੀਏ ਲੋਕਾਂ ਨੂੰ ਬਹੁਤ ਡਰ ਪੈ ਗਿਆ ਹੈ ਆਪ ਥੋੜਾ ਚਿਰ ਚੁਪ ਰਹੇ ਫਿਰ ਦਾਸ ਨੂੰ ਫਰਮਾਇਆ ਏਹ ਬਾਲਟੀ ਵਿਚ ਜੋ ਪਾਣੀ ਪਿਆ ਹੈ ਇਸ ਨੂੰ ਪਿਲਾਦੇ ਮੈਂ ਉਸ ਖੂਨੀ ਝੋਟੇ ਦੇ ਨੇੜੇ ਜਾਣ ਤੋਂ ਭੀ ਡਰਾਂ ਅਖਾਂ ਹੀ ਵੇਖੀਆਂ ਨ ਜਾਣ ਬਹੁਤ ਬੁਰੀ ਤਰ੍ਹਾਂ ਉਹ ਘੂਰਦਾ ਸੀ। ਆਪ ਨੇ ਕਿਹਾ ਭਾਈ ਡਰੋ ਨਹੀਂ ਕੁਛ ਨਹੀਂ ਕਹੇਗਾ ਮੈਂ ਡਰਦਿਆਂ ਡਰਦਿਆਂ ਬਾਲਟੀ ਉਸ ਦੇ ਨੇੜੇ ਕਰ ਦਿਤੀ ਉਹ ਸਾਰਾ ਪਾਣੀ ਪੀ ਗਿਆ ਆਪ ਨੇ ਹੁਕਮ ਕੀਤਾ ਸਭ ਰਸੇ ਖੋਹਲ ਦਿਉ ਸਭ ਰਸੇ ਖੋਹਲ ਦਿਤੇ ਗਏ ਉਹ ਬਹੁਤ ਅਸੀਲ ਗੌ ਬਣ ਗਿਆ ਉਸਦੀ ਸ਼ੋਖੀ ਤੇ ਗਰਮੀ ਜਿਵੇਂ ਉਸ ਪਾਣੀ ਵਿਚ ਸਮਾ ਗਈ ਹੈ ਉਹ ਕਈ ਸਾਲ ਗੁਰਦਵਾਰਿਆਂ ਵਿਚ ਰੋੜੀ ਕੁਟਨ ਸਾਮਾਨ ਢੋਣ ਆਦਿਕ ਦੀ ਸੇਵਾ ਕਰਦਾ ਰਿਹਾ ਦਾਸ ਦੇ ਦੋਨੋਂ ਹੱਥ ਜੋੜਕੇ ਪੁਛਨ ਪਰ ਆਪ ਨੇ ਫਰਮਾਇਆ ਭਾਈ ਇਹ ਗੁਰਨਿੰਦਕ ਸੀ ਗੁਰੂ ਘਰ ਦਾ ਧਾਨ ਭੀ ਖਾ ਜਾਂਦਾ ਸੀ ਪਰ ਪਾਠ

Sri Satguru Jagjit Singh Ji eLibrary NamdhariElibrary@gmail.com

ਬਹੁਤ ਕਰਦਾ ਰਹਿੰਦਾ ਸੀ ਇਸ ਲਈ ਹੁਣ ਗੁਰ ਸੇਵਾ ਕਰਕੇ ਬਖਸ਼ਿਆ ਜਾਵੇਗਾ ਜ਼ਿਆਦਾ ਚਤੁਰ ਜ਼ੋਰ ਵਾਲਾ ਹੋਣ ਕਰਕੇ ਕਿਸੇ ਦੇ ਕਾਬੂ ਨਹੀਂ ਸੀ ਆਂਦਾ।

ਦਾਸ ਦਾ ਛੇ ਸੱਤ ਸਾਲ ਦਾ ਲੜਕਾ ਗੂੰਗਾ ਸੀ ਕਈ ਇਲਾਜ ਕੀਤੇ ਕਰਾਏ ਟਿਕ ਦਿਨ ਦਾਸ ਆਪ ਜੀ ਪਾਸ ਲੈ ਗਿਆ ✦ ਤਾਂ ਬੇਨਤੀ ਕੀਤੀ ਮਹਾਰਾਜ ਜੀ ਏਹ ਬੋਲਦਾ ਨਹੀਂ ਤਾਂ ਆਪ ਨੇ ਫਰਮਾਇਆ ਸਾਰਾ ਪ੍ਰਵਾਰ ਪੜ੍ਹੋ ਤੇ ਪੜ੍ਹਦੇ ਰਹੋ।

'ਬੋਲੋ ਜਸ ਜਿਹ੍ਵਾ ਦਿਨ ਰਾਤ ॥'

ਪੰਜ ਚਾਰ ਦਿਨ ਪਿਛੋਂ ਬੋਲਨ ਲਗ ਪਿਆ ਤੇ ਬਿਲਕੁਲ ਠੀਕ ਹੋ ਗਿਆ ਉਹ ਕਾਕਾ ਸੁਜਿੰਦਰ ਸਿੰਘ ਹੁਣ ਇੰਗਲੈਂਡ ਆਪਣਾ ਕਾਰੋਬਾਰ ਬਹੁਤ ਚੰਗੀ ਤਰ੍ਹਾਂ ਚਲਾ ਰਿਹਾ ਹੈ, ਏਹ ਆਪ ਜੀ ਦੀ ਖਾਸ ਮੇਹਰ ਦਾ ਸਦਕਾ ਹੈ।

ਆਪ ਜੀ ਪਾਸ ਕਈ ਵਾਰੀ ਵਡੇ ਵਡੇ ਅਫਸਰ ਜਾਂ ਧਨੀ ✦ ਸੇਠ ਭੀ ਆਪਣਾ ਦੁਖ ਲੈਕੇ ਆਂਦੇ ਆਪ ਹੁਕਮ ਕਰਦੇ, ਗੁਠ ਮੇਂ ਬੈਠ ਕਰ ਮੂੰਹ ਦੂਸਰੀ ਤਰਫ ਕਰਕੇ ਪਾਂਚ ਸਤ ਦਸ ਗਿਆਰਾਂ ਪਾਠ ਸ੍ਰੀ ਜਪੁਜੀ ਸਾਹਿਬ ਕੇ ਕਰੋ ਗੁਰੂ ਰਾਮਦਾਸ ਜੀ ਮਹਾਰਾਜ ਕੀ ਮੇਹਰ ਹੋ ਜਾਵੇਗੀ ਸੋ ਐਸਾ ਹੀ ਹੋ ਜਾਂਦਾ।

ਮੇਰੇ ਘਰੋਂ ਜ਼ਿਆਦਾ ਬਿਮਾਰ ਹੋ ਗਈ ਕੋਈ ਫਰਕ ਨ ਪਵੇ ਉਹ ਬੇਹੋਸ਼ ਹੋ ਗਈ ਆਪ ਜੀ ਦਾ ਧਿਆਨ ਬਹੁਤ ਸ਼ਰਧਾ ਨਾਲ ਕੀਤਾ ਆਪ ਜੀ ਵਲੋਂ ਸੇਵਕ ਆਇਆ ਕਿ ਸੰਤ ਜੀ ਕਲ ਆਪ ✦ ਦੇ ਘਰ ਆਵਾਂਗੇ ਔਰ ਪ੍ਰਸ਼ਾਦ ਛਕੇਂਗੇ ਹੈਰਾਨ ਹੋਕੇ ਉਤਰ ਦਿਤਾ ✦ ਮੇਰੀ ਮਾਤਾ ਚੜ੍ਹਾਈ ਕਰ ਚੁਕੀ ਹੈ ਔਰ ਸਪਤਨੀ ਜ਼ਿਆਦਾ ਬੀਮਾਰ ਹੈ ਉਸ ਵੇਲੇ ਕੋਠੇ ਪਰ ਜਾਕੇ ਵੇਖਿਆ ਕਿ ਉਸਦੀ ਬੇਹੋਸ਼ੀ ਖਤਮ ਹੈ ਤੇ ਖਿੜਕੀ ਵਿਚ ਖੜੀ ਹੈ ਫੇਰ ਲੇਟ ਗਈ ਤੇ ਦਸਿਆ ਕੋਈ ਚੀਜ ਮੈਨੂੰ ਖਾਣ ਆਈ ਸੀ ਮੈਂ ਨ ਮੁਕਾਬਲਾ ਕਰਕੇ ਉਸ ਨੂੰ

Sri Satguru Jagjit Singh Ji eLibrary NamdhariElibrary@gmail.com

ਮਾਰਕੇ ਖਿੜਕੀ ਵਿਚੋਂ ਥਲੇ ਸੁਟ ਦਿਤਾ ਹੈ ਥਲੇ ਵੇਖਿਆ ਜਿਵੇਂ ਕਾਲੀ ਦਵਾਈ ਦੀ ਸ਼ੀਸ਼ੀ ਟੁਟਨ ਨਾਲ ਕਾਲਖ ਖਿਲਰ ਗਈ ਹੈ ਖਿਆਲ ਹੋ ਗਿਆ ਰੋਟੀ ਤਾਂ ਹੁਣ ਪਕਾ ਹੀ ਲਵੇਗੀ ਪਰ ਰੁਪਏ ਦਾ ਪ੍ਰਬੰਧ ਇਤਨੀ ਜਲਦੀ ਹੋਣਾ ਨਹੀਂ ਹਰ ਘਰ ਪ੍ਰਸ਼ਾਦ ਛਕਨ ਗਿਆ ਸੌ ਤੋਂ ਪੰਜ ਸੌ ਤਕ ਲੈਂਦੇ ਸਨ। ਸੰਤ ਮਹਾਰਾਜ ਜੀ ਵਲੋਂ ਫਿਰ ਪ੍ਰੇਮੀ ਆਇਆ ਘਰ ਵਾਲੀ ਆਪ ਕੀ ਰਾਜੀ ਹੈ ਔਰ 'ਆਪ ਹਮ ਸੇ ਫੀਸ ਨਹੀਂ ਲੇਤੇ ਹਮ ਆਪ ਸੇ ਨਹੀਂ ਲੇਂਗੇ' ਮਗਰ ਆਏਂਗੇ ਕਲ ਜਰੂਰ ਸੋ ਆਪ ਸੰਗਤ ਸਮੇਤ ਆਏ ਚਰਨ ਪਾ ਕੇ ਘਰ ਪਵਿਤ੍ਰ ਕੀਤਾ ਪ੍ਰਸ਼ਾਦ ਛਕ ਕੇ ਗਏ ਜੋ ਮੇਰੀ ਸਪਤਨੀ ਨੇ ਹੀ ਤਿਆਰ ਕੀਤਾ ਤੇ ਉਹ ਦੀ ਸੇਹਤ ਐਸੀ ਹੋ ਗਈ ਜਿਵੇਂ ਉਹ ਜ਼ਿਆਦਾ ਸਖਤ ਬੀਮਾਰ ਹੋਈ ਹੀ ਨਹੀਂ ਸੀ ।

ਆਪ ਜਾ ਸ੍ਰੀ ਨਨਕਾਣਾ ਸਾਹਿਬ ਸਨ ਮੇਰੀ ੧੫ ਤਾਰੀਖ ਉਡੀਕ ਸੀ ਪਰ ਬਾਰਸ਼ ਬਹੁਤ ਜ਼ਿਆਦਾ ਵਿਚ ਹੀ ਮੈਂ ਚਲ ਪਿਆ ਸ੍ਰੀ ਨਨਕਾਣਾ ਸਾਹਿਬ ਸਾਰੇ ਕਪੜੇ ਭਿਜੇ ਹੋਏ ਬੂਟ ਜਰਾਬਾਂ ਚਿਕੜ ਨਾਲ ਭਰੇ ਹੋਏ ਤੇ ਪਾਣੀ ਪਗੜੀ ਵਿਚੋਂ ਚੋਏ ਦੀ ਹਾਲਤ ਵਿਚ ਪੁਜਾ ਅੰਤਰਜਾਮੀ ਜੀ ਨੇ ਝੋਟਾ ਗਡੀ ਭੇਜ ਦਿਤੀ ਏਹ ਉਹੀ ਝੋਟਾ ਸੀ ਜਿਸ ਨੂੰ ਮੈਂਨੇ ਪਾਣੀ ਪਿਲਾਇਆ ਸੀ ਰੇਲ ਖੜੀ ਹੋਈ ਤੇ ਆਵਾਜ਼ਾਂ ਸੁਣੀਆਂ ਮੇਰੇ ਨਾਮ ਦੀਆਂ ਸ਼ੁਕਰ ਕੀਤਾ ਗਡੀ ਵਿਚ ਡੇਰੇ ਪੁਜਾ ਮਹਾਰਾਜ ਨੇ ਫਰਮਾਇਆ ਡਾਕਟਰ ਜੀ ਆ ਗਏ ਹੋ—ਜੀ ਮਹਾਰਾਜ ਆਪ ਜੀ ਦੀ ਦਇਆ ਹੋ ਗਈ ਵਰਨਾ ਬਾਰਸ਼ ਬਹੁਤ ਸੀ ਆਪ ਨੇ ਫਰਮਾਇਆ, ਦਇਆ ਤੇ ਗੁਰੂ ਨਾਨਕ ਸਾਹਿਬ ਕੀ ਹੈ, ਆਪ ਦੇ ਜਖਮ ਦੀ ਥਾਂ ਧੋਨੀ ਤੇ ਪਟੀ ਕਰਨੀ ਸੀ ਆਪ ਜੀ ਨੇ ਚਾਰਪਾਈ ਪਰ ਹੀ ਬੈਠਨ ਲਈ ਹੁਕਮ ਕੀਤਾ ਦਾਸ ਦੇ ਝਿਜਕੇ ਕਪੜੇ ਸਭ ਗੜੁਚੇ ਹੋਏ ਹੋ ਮੈਂਨੇ ਨਾਂਹ ਕੀਤੀ ਮਹਾਰਾਜ ਜੀ ।

ਅਗੋਂ ਕਹਿਣ ਲਗ 'ਮਹਾਰਾਜ ਕਾ ਬੱਚਾ' ਬੈਠ ਜਾਉ ਹੁਕਮ ਮੰਨੋ ਮੈਂ ਨਾਂਹ ਨਾਂਹ ਕਰਦਾ ਬੈਠ ਗਿਆ ਜਖਮ ਸਾਫ

Sri Satguru Jagjit Singh Ji eLibrary NamdhariElibrary@gmail.com

ਕਰਕੇ ਪਟੀ ਲਾ ਲਈ ਆਪ ਲੇਟ ਗਏ ਤੇ ਆਪ ਦਾ ਬਦਨ ਘੁਟਨ ਲਈ ਹੁਕਮ ਕੀਤਾ ਮੈਂ ਘੁਟਦਾ ਰਿਹਾ ਤੇ ਬੇਨਤੀ ਕੀਤੀ ਮਹਾਰਾਜ ਜੀ ਮਹਾਰਾਜ ਦਾ ਬੱਚਾ ਤਾਂ ਆਪ ਜੀ ਨੇ ਬਣਾ ਹੀ ਲਿਆ ਹੈ ਦਾਸ ਤੇ ਭੀ ਕ੍ਰਿਪਾ ਕਰੋ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਾਉ ਪਰੇਮ ਲਹਿਰ ਵਿਚ ਆਏ ਹੋਏ ਸਨ ਐਸਾ ਜਲਾਲ ਜਾਹਰ ਹੋਇਆ ਜੋ ਝਲਿਆ ਨ ਜਾਏ ਰੋਸ਼ਨੀ ਹੀ ਰੋਸ਼ਨੀ ਭਾਸੇ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਦੇ ਸਾਖਸ਼ਾਤ ਦਰਸ਼ਨ ਹੋਏ ਕਾਫੀ ਚਿਰ ਸਰੀਰ ਨੂੰ ਸੰਸਾਰਕ ਹੋਸ਼ ਭੀ ਨ ਰਹੀ ਆਨੰਦ ਹੀ ਆਨੰਦ ਭਾਸਦਾ ਰਿਹਾ ਸਰੀਰ ਬਿਲਕੁਲ ਫੁਲ ਵਰਗਾ ਹਲਕਾ ਹੋ ਗਿਆ ਦੋ ਘੰਟੇ ਐਸੀ ਦਸ਼ਾ ਰਹੀ ਫਿਰ ਆਪ ਜੀ ਨੇ ਫਰਮਾਇਆ ਡਾਕਟਰ ਜੀ ਆਪ ਕੀ ਰੇਲ ਵਾਪਸ ਜਾਨੇ ਕਾ ਵਕਤ ਹੋ ਚਲਾ ਹੈ ਜਿਵੇਂ ਉਬੜਵਾਹੇ ਉਠ ਬੈਠੀਦਾ ਹੈ ਐਸੇ ਹੀ ਮੈਂ ਚੇਤਨ ਹੋ ਗਿਆ ਤੇ ਹੈਰਾਨ ਰਹਿ ਗਿਆ ਮੇਰੇ ਸਾਰੇ ਕਪੜੇ ਕੇਵਲ ਸੁਕ ਗਏ ਸਨ ਬਲਕੇ ਡਰਾਈ ਕਲੀਨ ਹੋਏ ਹੋਏ ਤੇ ਬੂਟ ਪਾਲਸ਼ ਹੋਈ ਹੋਈ ਸੀ ਚਿਕੜ ਆਦਿਕ ਦਾ ਨਿਸ਼ਾਨ ਭੀ ਨਹੀਂ ਸੀ ਮੈਂਨੇ ਪੁਛਿਆ ਆਪ ਜੀ ਦੇ ਮਥੇ ਪਰ ਚੰਬਲ ਦਾ ਨਿਸਾਨ ਜੇਹਾ ਕਿਉਂ ਹੈ ਇਹ ਹਟਦਾ ਹੀ ਨਹੀਂ ਆਪ ਨੇ ਫਰਮਾਇਆ ਨਜ਼ਦੀਕ ਹੀ ਸੰਤ ਜੀਵਾ ਸਿੰਘ ਜੀ ਰਹਿਤੇ ਹੈਂ ਉਨ ਸੇ ਪੂਛ ਲੋ ਮੈਂ ਜਦ ਉਨ੍ਹਾਂ ਦੇ ਅਸਥਾਨ ਦੇ ਨਜ਼ਦੀਕ ਗਿਆ ਤਾਂ ਕੁਤੇ ਇਰਦ ਗਿਰਦ ਬੈਠ ਸਨ ਕੁਤਾ ਭੌਂਕਿਆ ਅੰਦਰੋਂ ਸੰਤ ਜੀ ਦੀ ਆਵਾਜ ਆਈ ਆਉ ਹਕੀਮ ਨਰਿੰਦਰ ਸਿੰਘ ਜੀ ਮੈਂ ਹੈਰਾਨ ਰਹਿ ਗਿਆ ਇਹ ਭੀ ਤਾਂ ਅੰਤਰਯਾਮੀ ਹਨ ਜੋ ਬਿਨਾਂ ਜਾਨੇ ਨਾਮ ਤੋਂ ਆਵਾਜ਼ ਮਾਰੀ ਹੈ ਮੈਂ ਅੰਦਰ ਜਾਕੇ ਬੜੀ ਸ਼ਰਧਾ ਨਾਲ ਨਿਮਸਕਾਰ ਕੀਤੀ ਆਪ ਨ ਫਰਮਾਇਆ ਏਹ ਸੰਤ ਅਵਤਾਰੀ ਮਹਾਨ ਪੁਰਸ਼ ਹਨ ਇਨ੍ਹਾਂ ਦੇ ਮਸਤੰਕ ਪਰ ਨਿਸ਼ਾਨ ਜੋ ਹੈ ਏਹ 'ਡੇਰੇ ਦੀ ਕਾਲਖ ਹੈ' ਇਸ ਦਾ ਭਾਵ ਏਹ ਹੈ ਕਿ ਡੇਰੇ ਵਿਚ ਕਈ ਕਿਸਮ ਦੇ ਸਰੀਰ ਰਹਿੰਦੇ ਹਨ ਕੁਛ ਸੇਵਕ ਕੁਛ

Sri Satguru Jagjit Singh Ji eLibrary NamdhariElibrary@gmail.com

ਵਿਹਾਰੀ। ਮੇਰੀ ਤਸੱਲੀ ਹੋ ਗਈ ਮੈਂ ਨਿਮਸਕਾਰ ਕਰਕੇ ਚਲਾ ਆਇਆ ਤੇ ਰੇਲ ਦਾ ਵਕਤ ਹੋਣ ਕਰਕੇ ਸਟੇਸ਼ਨ ਤੇ ਆ ਗਿਆ ਮੈਂ ਵਾਪਸ ਘਰ ਪੁਜਾ ਉਹ ਨਜ਼ਾਰਾ ਤਾਂ ਏਹ ਕਹੋ ਕਹਿਬੇ ਕੋ ਸ਼ੋਭਾ ਨਹੀਂ ਦੇਖਾ ਹੀ ਪ੍ਰਵਾਨ ਵਾਲੀ ਬਾਤ ਹੈ।

ਸਖਤ ਸਰਦੀ ਦੀ ਰੁਤੇ ਸ੍ਰੀ ਨਨਕਾਣਾ ਸਾਹਿਬ ਹੀ ਸਵੇਰੇ ਮਹਾਰਾਜ ਜੀ ਅਸ਼ਨਾਨ ਕਰਨ ਲਗੇ ਤਾਂ ਗਰਮ ਜਲਦਾ ਜਲਦਾ ਪਾਣੀ ਆਪ ਦੇ ਪੈਰਾਂ ਗਿਟਿਆਂ ਤੇ ਪੈ ਗਿਆ ਅੰਗੀਠੀ ਭੀ ਮੂਧੀ ਹੋ ਜਾਨ ਨਾਲ ਅਗ ਭੀ ਪੈਰਾਂ ਪਰ ਪਈ ਡਾਕਟਰ ਨੇ ਪਟੀ ਕੁਛ ਛਾਲੇ ਜੋ ਪਏ ਗਏ ਕਟ ਕੇ ਲਗਾ ਦਿਤੀ ਪਰ ਤਕਲੀਫ ਜ਼ਿਆਦਾ ਹੋਣ ਪਰ ਅੰਮ੍ਰਿਤਸਰੋਂ ਟੈਲੀਫੂਨ ਰਾਹੀਂ ਦਾਸ ਨੂੰ ਬੁਲਵਾਇਆ ਸੰਤ ਬਾਬਾ ਝੰਡਾ ਸਿੰਘ ਜੀ ਨੂੰ ਆਪ ਭੀ ਬੁਖਾਰ ਤੇ ਨਮੂਨੀਏ ਦੀ ਸ਼ਿਕਾਇਤ ਸੀ ਪਰ ਮੇਰ ਪਾਸ ਪੁਜੇ ਉਸੇ ਵੇਲੇ ਖਾਸ ਟਰੱਕ ਰਾਹੀਂ ਅਸੀਂ ਟੁਰ ਪਏ ਟਰੱਕ ਰਸਤੇ ਵਿਚ ਧੋਖੇ ਦੀ ਮੰਡੀ ਅਧੀ ਰਾਤ ਪੈਂਚਰ ਹੋ ਗਿਆ ਸੋ ਰਾਤ ਢਾਈ ਵਜੇ ਸ੍ਰੀ ਨਨਕਾਣਾ ਸਾਹਿਬ ਪੁਜੇ ਮਹਾਰਾਜ ਜੀ ਨੂੰ ਨੀਂਦ ਨਹੀਂ ਸੀ ਜਲਨ ਕਰਕੇ ਆ ਰਹੀ।

ਮੈਂਨੇ ਬੇਨਤੀ ਕੀਤੀ ਡਾਕਟਰ ਵਾਲੀ ਪੱਟੀ ਖੋਹਲਕੇ ਸਾਰੇ ਜ਼ਖਮ ਠੀਕ ਕਰਕੇ ਮੈਂ ਦੇਸੀ ਦਵਾਈ ਲਗਾ ਦਿਆਂਗਾ ਆਰਾਮ ਜਲਦੀ ਆ ਜਾਵੇਗਾ ਆਪ ਜੀ ਨੇ ਆਗਯਾ ਦੇ ਦਿਤੀ ਮੈਂ ਪੱਟੀ ਲਾਹੀ ਛਾਲੇ ਪਏ ਹੋਏ ਕਟੇ ਤੇ ਦਵਾਈ ਲਾਂਦਿਆਂ ਆਪ ਜੀ ਨੇ ਦਰਦ ਨਾਲ ਚੀਸ ਵਟੀ—ਦਾਸ—ਮਹਾਰਾਜ ਜੀ ਆਪ ਜੀ ਨੂੰ ਭੀ ਦਰਦ ਹੁੰਦੀ ਹੈ ਤਾਂ ਸਾਡਾ ਗ੍ਰਿਹਸਤੀ ਪਾਪੀਆਂ ਦਾ ਕੀ ਹਾਲ। ਆਪ ਨੇ ਫਰਮਾਇਆ ਸਰੀਰ ਕਰਕੇ ਤੋ ਹੋਤੀ ਹੀ ਹੈ ਦਾਸ ਨੇ ਭਰੋਸੇ ਨਾਲ ਕਿਹਾ ਮਹਾਰਾਜ ਆਪ ਕੋ ਤੋ ਨਹੀਂ ਹੋਣੀ ਚਾਹੀਏ ਆਪ ਕੇ ਸਭ ਜ਼ਖਮ ਛੀਲਕੇ ਸਾਫ ਕਰਕੇ ਦਵਾਈ ਲਗਾਨੇ ਮੇਂ ਸਮਾਂ ਲਗਾਨਾ ਹੈ ਤੇ ਮੈਂਨੇ ਤੋਂ ਆਪਣਾ ਕਾਮ ਕਰਨਾ ਹੈ ਜੋ ਆਪ ਹਿਲੇ ਨਹੀਂ ਏਹ ਸੁਣਦੇ ਸਾਰ ਆਪ ਜੀ ਨੇ ਲਤਾਂ ਪਸਾਰ ਕੇ ਪੈਰ

Sri Satguru Jagjit Singh Ji eLibrary NamdhariElibrary@gmail.com

ਮੇਰੇ ਅਗੇ ਕਰ ਦਿਤੇ ਤੇ ਕਿਹਾ ਲੈ ਭਾਈ ਜੋ ਮਰਜ਼ੀ ਹੈ ਹੁਣ ਕਟ ਵਢ ਕਰ ਲੈ। ਆਪ ਦੇ ਚੇਹਰੇ ਪਰ ਉਸੇ ਤਰ੍ਹਾਂ ਦਾ ਜਲਾਲ ਆ ਗਿਆ ਜੋ ਪਹਿਲੋਂ ਦਾਸ ਨੇ ਇਕ ਦਿਨ ਵੇਖਿਆ ਸੀ ਤੇ ਦਾਸ ਨੇ ਜ਼ਖਮਾਂ ਦੀ ਸਫਾਈ ਦਵਾਈ ਲਗਾਨ ਦਾ ਕੰਮ ਤਸੱਲੀ ਨਾਲ ਕਰ ਲਿਆ ਤਦ ਆਪ ਜੀ ਨੇ ਨੇਤ੍ਰ ਖੋਹਲੇ ਤੇ ਹਸਕੇ ਫਰਮਾਇਆ ਹੁਣ ਤਾਂ ਕੋਈ ਤਕਲੀਫ ਨਹੀਂ ਮੰਨੀ ਗਈ। ਦਾਸ ੬ ਦਿਨ ਏਥੇ ਟਿਕਿਆ ਕਾਫੀ ਆਰਾਮ ਆ ਜਾਣ ਪਿਛੋਂ ਦਾਸ ਵਾਪਸ ਸ੍ਰੀ ਅੰਮ੍ਰਿਤਸਰ ਜੀ ਆਇਆ।

ਮੇਰੇ ਦਾਦਾ ਸ: ਆਇਆ ਸਿੰਘ ਜੀ ਦੇ ਦਾਦਾ ਸੰਤ ਸਰੂਪ ਕਰਮ ਸਿੰਘ ਜੀ ਨੇ ਏਹ ਭਾਈਉਂ ਦਾ ਦਵਾ ਖਾਨਾ ੧੭੭੫ ਈਸਵੀ ਵਿਚ ਕਾਇਮ ਕੀਤਾ ਸੀ ਖਾਨਦਾਨੀ ਹਕੀਮ ਹੋਣ ਕਰਕੇ ਮਾਲੀ ਹਾਲਤ ਬਹੁਤ ਚੰਗੀ ਰਹੀ ਪਰ ਸਾਰੇ ਹੀ ਸੰਤ ਸੇਵਾ ਸਿਮਰਨ ਪਰ ਭਰੋਸਾ ਰਖਦੇ ਚਲੇ ਆਏ ਇਸੇ ਕਰਕੇ ਇਨ੍ਹਾਂ ਦੇ ਬ੍ਰਹਮ ਗਿਆਨੀਆਂ ਜੀ ਦੀ ਭੀ ਸਰੀਰਕ ਸੇਵਾ ਚ ਸੁਭਾਗ ਸਾਨੂੰ ਪ੍ਰਾਪਤ ਹੁੰਦਾ ਰਿਹਾ। ਆਪ ਜੀ ਦੇ ਦਵਾ ਖਾਨੇ ਵਿਚ ਬਹੁਤ ਸਾਰੇ ਮਹਾਂ ਪੁਰਸ਼ਾਂ ਦੇ ੫੦ ਪਚਾਸ ਸਾਲ ਦੀਆਂ ਪੁਰਾਣੀਆਂ ਫੋਟੋ ਆਪ ਜੀ ਦੇ ਬਜ਼ੁਰਗਾਂ ਨਾਲ ਖਿਚਵਾਈਆਂ ਹੋਈਆਂ ਲਗੀਆਂ ਹੋਈਆਂ ਹਨ ਤੇ ਫਰੇਮ ਕਰਾਕੇ ਨੀਚੇ ਵਾਲੀ ਉਰਦੂ ਵਿਚ ਚਾਰ ਲਾਈਨਾਂ ਸੋਹਣੀਆਂ ਲਗਦੀਆਂ ਹਨ ਤੇ ਵਾਹਿਗੁਰੂ ਪਰ ਭਰੋਸਾ ਵਧਾਂਦੀਆਂ ਹਨ।

ਹਮ ਦਵਾ ਦੇਤੇ ਤੋ ਹੈਂ ਲੇਕਿਨ ਸ਼ਫਾ ਦੇਤਾ ਹੈ ਤੂ,
ਖਾਕ ਮੇਂ ਅਕਸੀਰ ਕੋ ਜੌਹਰ ਦਿਖਾ ਦੇਤਾ ਹੈ ਤੂ।
ਜ਼ਹਿਰ ਮੇਂ ਭੀ ਤੇਰੀ ਕੁਦਰਤ ਸੇ ਸ਼ਫਾ ਮੌਜੂਦ ਹੈ,
ਗਰ ਨ ਹੋ ਰਹਿਮਤ ਤੇਰੀ ਤਰਯਾਕ ਭੀ ਬੇਸੂਦ ਹੈ।

Sri Satguru Jagjit Singh Ji eLibrary NamdhariElibrary@gmail.com

ਸੰਤ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਰਹਿ ਕੇ ਨਾਂ ਦਰਜਾ ਹੀ ਨਹੀਂ ਸੈਂਕੜੇ ਵਿਦਵਾਨ, ਰਾਗੀ ਕਥਾਕਾਰ ਬਣੇ। ਇਸ ਵਿਚ ਪੰਥ ਪ੍ਰਸਿਧ ਭਾਰੀ ਜਾਇਦਾਦ ਤੇ ਬੈਂਕ ਬੈਲਸ ਵਾਲੇ ਸੰਤ ਪੰਡਤ ਨਿਸਚਲ ਸਿੰਘ ਜੀ ਯਮਨਾ ਨਗਰ ਭੀ ਸ਼ਾਮਲ ਹਨ। ਆਪ ਨੇ ਗੁਰਮੁਖੀ ਅਖਰ ਪਹਿਲੋਂ ਪਹਿਲ ਬਾਬਾ ਸ਼ਾਮ ਸਿੰਘ ਜੀ ਪਾਸੋਂ ਸਿਖੇ ਸਨ।

ਬਾਬਾ ਸ਼ਾਮ ਸਿੰਘ ਜੀ ਦੇ ਸਚਖੰਡ ਚਲੇ ਜਾਨ ਪਿਛੋਂ ਡੇਰੇ ਦੀ ਮਹੰਤੀ ਲਈ ਦੋ ਉਮੀਦਵਾਰ ਸਨ ਸੰਤ ਸਹਿਜ ਸਿੰਘ ਜੀ ਤੇ ਸੰਤ ਮੰਨਾ ਸਿੰਘ ਜੀ ਭਾਰੀ ਇਕੱਠ ਸੀ। ਉਸ ਸਮੇਂ ਸੰਤ ਬਾਬਾ ਗੁਰਮੁਖ ਸਿੰਘ ਜੀ ਭੀ ਵਿਚ ਬੈਠੇ ਸਨ। ਸਤ ਬਾਬਾ ਝੰਡਾ ਸਿੰਘ ਜੀ ਸੇਵਾ ਕਰਦੇ ਰਹਿੰਦੇ ਸਨ ਪਰ ਉਹ ਮਹੰਤੀ ਦੇ ਚਾਹਵਾਨ ਨਹੀਂ ਸਨ। ਜਦੋਂ ਫੈਸਲਾ ਨਾ ਹੋ ਸਕਿਆ, ਦੋਹਾਂ ਵਿਚੋਂ ਕੋਈ ਭੀ ਉਮੀਦਵਾਰ ਛੱਡਨ ਨੂੰ ਤਿਆਰ ਨ ਹੋਇਆ ਤਾਂ ਤਜਵੀਜ਼ ਆਈ ਕਿ ਗੁਰੂ ਮਹਾਰਾਜ ਹਜ਼ੂਰ ਪਰਚੀਆਂ ਪਾਈਆਂ ਜਾਨ ਇਹ ਤਜਵੀਜ਼ ਮੰਨੀ ਜਾ ਰਹੀ ਸੀ ਤਾਂ ਬਾਬਾਂ ਗੁਰਮੁਖ ਸਿੰਘ ਜੀ ਦੀ ਸਲਾਹ ਏਹ ਭੀ ਮੰਨੀ ਗਈ ਕਿ ਤੀਸਰਾ ਨਾਮ ਸੰਤ ਝੰਡਾ ਸਿੰਘ ਜੀ ਦਾ ਰਖ ਲਿਆ ਜਾਵੇ ਪਰਚੀਆਂ ਤਿੰਨਾਂ ਦੇ ਨਾਮ ਦੀਆਂ ਪਾਈਆਂ ਗਈਆਂ ਅਤੇ ਪਰਚੀ ਬਾਬਾ ਝੰਡਾ ਸਿੰਘ ਦੇ ਨਾਮ ਦੀ ਨਿਕਲ ਆਈ। ਸੰਗਤ ਨੇ ਜੈਕਾਰੇ ਗਜਾ ਦਿਤੇ ਤੇ ਏਹ ਆਵਾਜੇ ਆਏ।

ਜਬ ਤਿਆਗ ਦਈ ਤੋ ਚਰਨੀਆਏ ਲਗੀ

ਗੁਰੂ ਮਹਾਰਾਜ ਜੀ ਨੇ ਅਸਲੀ ਸੇਵਕ ਅਗੇ ਲਿਆਉਣਾ ਸੀ ਇਸ ਲਈ ਦੋਹਾਂ ਪੁਰਾਨੇ ਸੇਵਕਾਂ ਦੀ ਮਤ ਪਰ ਪੜਦਾ ਗਿਆ ਤੇ ਜ਼ਿਦ ਪਕੜ ਬੈਠੇ ਸੰਤ ਬਾਬਾ ਗੁਰਮੁਖ ਸਿੰਘ ਜੀ ਫਰਮਾਇਆ ਅਸਾਂ ਨੇ ਲੜਕੀ ਆਪਣੀ ਬਾਬਾ ਸ਼ਾਮ ਸਿੰਘ ਜੀ ਦੇ ਪੈ ਕੇ

Sri Satguru Jagjit Singh Ji eLibrary NamdhariElibrary@gmail.com

ਡੇਰੇ ਵਿਵਾਹ ਦਿਤੀ ਹੈ ਤੇ ਇਸ ਲੜਕੀ ਬਾਬਾ ਝੰਡਾ ਸਿੰਘ ਪਾਸੋਂ ਬਹੁਤ ਸੇਵਾ ਲੈਣੀ ਹੈ।

ਨਨਕਾਣਾ ਸਾਹਿਬ ਦੇ ਨਜ਼ਦੀਕ ਮਜ਼ੂਬੀ ਸਿੰਘਾਂ ਦੀ ਵਸੋਂ ਬਹੁਤ ਸੀ ਜੋ ਸੇਵਾ ਕਰਨ ਔਂਦੇ ਤੇ ਸਾਰੀ ਪੰਗਤ ਵਿਚ ਬੈਠਕੇ ਪ੍ਰਸ਼ਾਦ ਛਕਨ ਲਈ ਜ਼ੋਰ ਦਂਦੇ ਸੇਵਕਾਂ ਵਿਚ ਕੁਛ ਇਤਰਾਜ ਕਰਦੇ। ਕਿਸੇ ਨੇ ਭੜਕਾ ਦਿਤੇ ਤੇ ਉਨ੍ਹਾਂ ਨੇ ਮੁਨਾਦੀ ਕਰਕੇ ਬਾਜਾਰ ਵਿਚ ਇਕੱਠ ਰੱਖ ਲਿਆ ਤੇ ਨਿੰਦਿਆ ਸੰਤ ਮਹਾਰਾਜ ਦੀ ਕਰਨੀ ਚਾਹੀ।

ਦਾਸ ਨੇ ਸੰਤ ਸਾਹਿਬ ਜੀ ਨੂੰ ਬੇਨਤੀ ਕੀਤੀ ਕੀ ਮੈਂ ਮੀਟਿੰਗ ਵਿਚ ਜਾਕੇ ਨਿੰਦਾ ਕਰਨ ਤੋਂ ਰੋਕਾਂ ਤੇ ਲੋਕਾਂ ਦੀ ਤਸੱਲੀ ਕਰਾਵਾਂ ਆਪ ਜੀ ਨੇ ਫਰਮਾਇਆ ਗੁਰੂ ਮਹਾਰਾਜ ਕਾ ਕਾਮ ਹੈ ਠੀਕ ਹੋ ਜਾਵੇਗਾ ਸੋ ਐਸਾ ਹੀ ਹੋਇਆ ਮੀਟਿੰਗ ਵਿਚ ਨਿੰਦਿਆ ਕਰਨ ਵਾਲੇ ਤੇ ਉਸਤਤ ਕਰਨ ਵਾਲੇ ਪ੍ਰਸਪਰ ਝਗੜ ਪਏ ਤੇ ਬਹੁਤ ਲੋਕ ਏਹ ਕਹਿਣ ਸੰਤ ਜੀ ਦੇ ਮੁੰਡੇ ਦਾ ਕੋਈ ਵਿਵਾਹ ਹੈ ਜੋ ਤੁਸੀਂ ਰੁਸੀ ਜਾਉਗੇ ਤੇ ਉਹ ਮਨਾਣ ਲਈ ਔਣਗੇ ਗੁਰੂ ਮਹਾਰਾਜ ਦੀ ਸੇਵਾ ਕਰੋ ਤੇ ਨਾਲੇ ਪ੍ਰਸ਼ਾਦੇ ਚੰਗੇ ਤੋਂ ਚੰਗੇ ਛਕੋ ਪੰਗਤ ਵਿਚ ਹੀ ਬੈਠਨ ਲਗ ਪਏ ਜੋ ਸੇਵਕ ਇਨ੍ਹਾਂ ਦੇ ਵਿਚੇ ਬੈਠਨ ਦੇ ਵਿਰੁਧੀ ਸਨ ਉਨ੍ਹਾਂ ਨੂੰ ਭੀ ਗੁਰੂ ਮਹਾਰਾਜ ਨੇ ਪ੍ਰੇਰ ਲਿਆਂ ਤਾਂ ਉਨ੍ਹਾਂ ਨੇ ਵਿਰੋਧਤਾ ਛੱਡ ਦਿਤੀ।

ਬਾਬਾ ਸਾਧੂ ਸਿੰਘ ਜੀ ਆਪਣੇ ਸਮੇਂ ਦੇ ਖਾਸ ਇੰਨਜੀਨਰਿੰਗ ਦਿਮਾਗ ਰਖਦੇ ਸਨ ਵੈਸੇ ਆਪ ਜੀ ਨ ਪੀ. ਡਬਲਿਊ. ਡੀ. 'ਚ ਕੁਛ ਚਿਰ ਕੰਮ ਕੀਤਾ ਹੋਇਆ ਭੀ ਆਪ ਦਸਦੇ ਸਨ। ਸ੍ਰੀ ਅੰਮ੍ਰਿਤਸਰ ਦੀ ਹੰਸਲੀ ਵਿਚ ਕੋਠੀਆਂ ਬਣਾ ਬਣਾ ਕੇ ਤਿਆਰ ਕਰਵਾਈ ਹੈ ਪਾਣੀ ਇਕ ਥਾਂ ਰੁਕ ਕੇ ਫਿਚ ਉਪਰ ਚੜ੍ਹਕੇ ਅਗੇ ਜਾਂਦਾ ਹੈ ਇਸ ਤਰ੍ਹਾਂ ਗਾਰ ਅਗੇ ਨਹੀਂ ਜਾਂਦੀ ਤੇ ਜਦੋਂ ਕੋਈ ਖਰਾਬੀ ਹੋਵੇਗੀ ਉਤਨੀ ਥਾਂ ਹੀ ਪੁਟਕੇ ਠੀਕ ਕੀਤੀ ਜਾ ਸਕਦੀ ਹੈ ਹਰ ਮਹੀਨੇ

Sri Satguru Jagjit Singh Ji eLibrary NamdhariElibrary@gmail.com

ਹੰਸਲੀ ਦੀ ਸਫਾਈ ਭੀ ਸੰਤ ਜੀ ਕਰਾਇਆ ਕਰਦੇ ਸਨ। ਆਪ ਸੰਤ ਗੁਰਮੁਖ ਸਿੰਘ ਜੀ ਨਾਲੋਂ ਉਮਰ ਵਿਚ ਵਡੇ ਸਨ ਪਰ ਹਮੇਸ਼ਾਂ ਉਨ੍ਹਾਂ ਨੂੰ ਹਰ ਤਰ੍ਹਾਂ ਸਤਿਕਾਰ ਦੇਂਦੇ ਦੇ ਆਗਯਾ ਵਿਚ ਚਲ ਕੇ ਖੁਸ਼ ਹੁੰਦੇ। ਆਪ ਹਰ ਸਮੇਂ ਆਸਨ ਤਿਆਰ ਰਖਦੇ ਤਾਂਕੇ ਜਦੋਂ ਜਿਥੇ ਸੰਤ ਮਹਾਰਾਜ ਜੀ ਭੋਜਨ ਆਪ ਫੌਰਨ ਚਲੇ ਜਾਨ ਆਪ ਕਿਹਾ ਕਰਦੇ ਸਨ।

ਸੰਤ ਨ ਚੁਕਦੇ ਕੱਖ ਭਰ
ਲੈਂਦੇ ਥੁਚਕਾ ਕਛੇ ਮਾਰ

ਆਪ ਹਰ ਇਕ ਨੂੰ ਸਾਉ ਕਹਿਕੇ ਪੁਕਾਰਦੇ ਤੇ ਜ਼ਬਾਨ ਬਹੁਤ ਹੀ ਮਿਠੀ ਵਰਤਦੇ ਸਨ।

ਨਹਿਰ ਤੇ ਇਕ ਦਿਨ ਸੰਤ ਬਾਬਾ ਗੁਰਮੁਖ ਸਿੰਘ ਜੀ ਦੇ ਸਿਰਦਰਦ ਜ਼ਿਆਦਾ ਹੋਈ। ਦਾਸ ਨੇ ਚੁਟਕੀ ਮਾਰੀ ਕਿ ਹੁਣੇ ਦਵਾਈ ਲੈ ਆਉਣਾ ਹਾਂ ਤੇ ਆ ਕੇ ਆਪ ਜੀ ਨੂੰ ਕੇਸੀ ਅਸ਼ਨਾਨ ਕਰਾਵਾਂਗਾ ਠੀਕ ਹੋ ਜਾਵੋਗੇ। ਫਰਮਾਇਆ ਜੋ ਗੁਰੂ ਕਰੇ। ਸਾਈਕਲ ਪਰ ਮੈਂ ਆਪ ਜੀ ਪਾਸ ਗਿਆ ਹੋਇਆ ਸੀ ਸੋ ਸਾਈਕਲ ਦੌੜਾਇਆ ਰੇਲਵੇ ਲਾਈਨ ਪਾਸ ਪੈਂਚਰ ਹੋ ਗਿਆ ਚੁਕਕੇ ਲਾਈਨ ਪਾਰ ਕੀਤੀ ਅਗੇ ਜਾਕੇ ਪੈਂਚਰ ਲੁਆਇਆ ਰਾਮ ਤਲਾਈ ਥੋੜਾ ਅਗੇ ਵਧਿਆ ਤਾਂ ਫਿਰ ਅਕਾਲੀ ਫੂਲਾ ਸਿੰਘ ਜੀ ਦੇ ਬੁਰਜ ਪਾਸ ਪਟਾਕਾ ਪੈ ਗਿਆ ਦੂਜਾ ਪਹੀਆ ਪੈਂਚਰ ਹੋ ਗਿਆ ਦਰਵਾਜੇ ਪਾਸ ਆਕੇ ਫਿਰ ਪੈਂਚਰ ਲੁਆਇਆ ਦੁਕਾਨ ਤੇ ਪੁਜਾ ਮੇਰੇ ਪਿਤਾ ਜੀ ਮੌਜੂਦ ਸਨ ਬੀਮਾਰ ਕਾਫੀ ਸਨ ਉਨ੍ਹਾਂ ਨਾਲ ਰੁੱਝ ਗਿਆ ਚੇਤਾ ਹੀ ਨ ਰਿਹਾ ਦੀਵਾ ਜਗਾਇਆ ਤਾਂ ਖਿਆਲ ਆਇਆ ਪਿਤਾ ਜੀ ਨਾਲ ਸਲਾਹ ਕੀਤੀ ਆਪ ਨੇ ਕਿਹਾ ਬਹੁਤ ਭੁਲ ਹੋ ਗਈ ਹੈ ਪਰ ਹੁਣੇ ਦਵਾਈ ਲੈਕੇ ਚਲੇ ਜਾਉ। ਮੈਂ ਹਨੇਰੇ ਹੋਏ ਪੁਜਾ ਤਾਂ ਫੁਰਮਾਇਆ 'ਜੇਹ ਕੇਸੀ ਅਸ਼ਨਾਨ ਕਰਨੇ ਕਾ

Sri Satguru Jagjit Singh Ji eLibrary NamdhariElibrary@gmail.com

ਵਕਤ ਹੈ' ਭੁਲ ਬਖਸ਼ੋ ਮਹਾਰਾਜ ਜੀ ਦਵਾਈ ਤਾਂ ਲੈ ਲਵੋ— ਆਪ, ਅਰਦਾਸ ਕੀਤੀ ਆ, ਦਾਸ—ਨਹੀਂ ਅਰਦਾਸ ਕਰਕੇ ਦਿਉ ਦਾਸ ਸਤਿ ਬਚਨ—ਆਪ ਜਲਦੀ ਕਰਕੇ ਮੇਰੇ ਕੰਨ ਫੜੋ, ਦਾਸ— ਮਹਾਰਾਜ ਜੀ ਭੁਲ ਮੈਂ ਕੀਤੀ ਹੈ ਤੇ ਕੰਨ ਆਪ ਜੀ ਦੇ ਫੜਾਂ ਮੈਂਨੇ ਆਪਨੇ ਕੰਨ ਫੜ ਲਏ ਇਨ੍ਹਾਂ ਨੂੰ ਪੁਟ ਤੇ ਅਗੋਂ ਤੋਂ ਚੁਟਕੀ ਨਹੀਂ ਮਾਰਨੀ ਕਿ ਹੁਣੇ ਆਵਾਂਗਾ ਮੁਸਲਮਾਨ ਹੀ ਚੰਗੇ ਹਨ ਜੋ ਹਰ ਕੰਮ ਸਮੇਂ ਕਹਿ ਦੇਂਦੇ ਹਨ ਅਲਾਹ ਹੂ ਅਕਬਰ। ਬਾਬਾ ਜੀਵਤ ਸਿੰਘ ਸਿੰਧੀ ਗੁਰੂ ਘਰ ਦਾ ਬਹੁਤ ਪ੍ਰੇਮੀ ਸੀ ਸ੍ਰੀ ਦਰਬਾਰ ਸਾਹਿਬ ਸ਼ਾਮ ਨੂੰ ਰਹਿਰਾਸ ਦੇ ਪਾਠ ਪਿਛੋਂ ਜੋ ਚੌਂਕੀ ਚੜ੍ਹਦੀ ਹੈ ਉਸ ਨਾਲ ਮਿਸਾਲਚੀ ਹੋਕੇ ਚੜ੍ਹਦਾ ਸੀ ਸੰਤੋਖਸਰ ਸੇਵਾ ਵਿਚ ਹਾਜ਼ਰ ਸੀ ਕੋਈ ਭੁਲ ਹੋ ਗਈ ਬਾਬਾ ਗੁਰਮੁਖ ਸਿੰਘ ਜੀ ਉਸ ਦੇ ਪਾਸ ਆ ਖੜੇ ਹੋਏ ਭਲ ਦਸੀ ਗਈ ਤਾਂ ਆਪ ਨੇ ਉਸ ਨੂੰ ਕਿਹਾ ਮੇਰੇ ਕੰਨ ਫੜੋ ਉਸ ਨੇ ਝੱਟ ਬਾਬਾ ਜੀ ਦੇ ਕੰਨ ਫੜ ਲਏ ਸਭ ਹੈਰਾਨ ਸਨ ਜਦੋਂ ਉਸ ਨੇ ਕੰਨ ਛੱਡ ਦਿਤੇ ਲੋਕਾਂ ਕਿਹਾ ਮੂਰਖਾ ਕੰਨ ਆਪਣੇ ਫੜਨੇ ਸਨ ਨ ਕਿ ਮਹਾਰਾਜ ਜੀ ਦੇ ਉਸਨੇ ਕਿਹਾ ਮੈਂਨੇ ਹੁਕਮ ਮੰਨਣ ਦਾ ਯਤਨ ਕੀਤਾ ਹੈ ਸਾਰੀ ਸੰਗਤ ਵਿਚ ਉਸ ਦਾ ਨਾਮ 'ਕੰਨ ਫੜ' ਹੀ ਪੈ ਗਿਆ ਉਸਨੇ ਛੇ ਵਡੀਆਂ ਛੋਟੀ ਆਰਟਿਸਟਾਂ ਪਾਸੋਂ ਦੋ ਦੋ ਤਿੰਨਾਂ ਮਹਾਨ ਪੁਰਸ਼ਾਂ ਸੰਤ ਬਾਬਾ ਗੁਰਮੁਖ ਸਿੰਘ ਜੀ ਸਤ ਬਾਬਾ ਸਾਧੂ ਸਿੰਘ ਜੀ ਸੰਤ ਬਾਬਾ ਝੰਡਾ ਸਿੰਘ ਜੀ ਦੀਆਂ ਤਿਆਰ ਕਰਵਾਈਆਂ ਤਿੰਨ ਨਹਿਰ ਪਰ ਜਿਥੇ ਦੋਹਾਂ ਬਾਬਿਆਂ ਦਾ ਸਸਕਾਰ ਹੋਇਆ ਹੈ ਲਗੀਆਂ ਹੋਈਆਂ ਹਨ ਤਿੰਨਾਂ ਪਰ ਉਸਨੇ ਪਿਤਲ ਦੀਆਂ ਬਣਵਾਕੇ ਉਪਰ ਸੋਨਾ ਚੜ੍ਹਵਾਇਆ ਹੈ ਏਹ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਲਗੀਆਂ ਹੋਈਆਂ ਹਨ।

ਸੰਤ ਬਾਬਾ ਸਾਧੂ ਸਿੰਘ ਜੀ ਦੇ ਪੱਥਰੀ ਅੰਦਰੋਂ ਨਿਕਲੀ ਹੋਈ ਦਾਸ ਦੇ ਘਰ ਸੰਭਾਲ ਕੇ ਰਖੀ ਹੋਈ ਹੈ ਇਸੇ ਤਰ੍ਹਾਂ ਬਾਬਾ

Sri Satguru Jagjit Singh Ji eLibrary NamdhariElibrary@gmail.com

ਸ਼ਾਮ ਸਿੰਘ ਜੀ ਤੇ ਸੰਤ ਬਾਬਾ ਗੁਰਮੁਖ ਸਿੰਘ ਜੀ ਨੇ ਕਢਾਏ ਹੋਏ ਦੰਦ ਦਾਸ ਘਰ ਰਖੇ ਹੋਏ ਹਨ, ਜਿਨ੍ਹਾਂ ਦੇ ਦਰਸ਼ਨ ਦਾਸ ਸਤਿਕਾਰ ਨਾਲ ਕਰਦਾ ਰਹਿੰਦਾ ਹੈ।

ਹਮ ਰੁਲਤੇ ਫਿਰਤੇ ਕੋਈ ਬਾਂਤ ਨ ਪੂਛਤਾ।
ਸਤਿਗੁਰ ਸੰਗ ਕੀਰੇ ਹਮ ਥਾਪੇ।

ਵਾਲੀ ਸਾਡੇ ਪਰ ਮੇਹਰ ਹੈ।

੧੯੫੦ ਵਿਚ ਮੇਰੇ ਪਿਤਾ ਜੀ ਬਹੁਤ ਬੀਮਾਰ ਹੋ ਗਏ। ਮੈਂ ਬਾਬਾ ਗੁਰਮੁਖ ਸਿੰਘ ਜੀ ਦੇ ਦਰਸ਼ਨ ਕਰਨ ਮੁਕਤਸਰ ਸਾਹਿਬ ਗਿਆ ਓਥੇ ਸੇਵਾ ਹੋ ਰਹੀ ਸੀ ਜਾ ਕੇ ਬੈਠਾ ਤੇ ਮੇਰੇ ਅਥਰੂ ਨਿਕਲ ਗਏ। ਬੇਨਤੀ ਕੀਤੀ ਸੰਤ ਮਹਾਰਾਜ ਜੀ ਮੇਰੇ ਪੂਜਯ ਪਿਤਾ ਜੀ ਸਖਤ ਬੀਮਾਰ ਹੋ ਗਏ ਹਨ। ਹੱਟੀ ਖਾਲੀ ਛਡ ਕੇ ਆਇਆ ਹਾਂ ਮੇਹਰ ਕਰੋ। ਆਪ ਨੇ ਫਰਮਾਇਆ ਅਭੀ ਦੇ ਸਾਲ ਨਹੀਂ ਜਾਏਗੇ ਆਪ ਸਾਰਾ ਪ੍ਰਵਾਰ ਤੁਕ ਪੜੋ ਔਰ ਆਪ ਕੇ ਪਿਤਾ ਜੀ ਭੀ ਪੜ੍ਹਤੇ ਰਹੇਂ —

ਖਿਨ ਛਮ ਗੁਰ ਗਮ, ਹਰ ਦਮ ਮਹਿ ਜਪ॥

ਤੁਸੀਂ ਵਾਪਸ ਚਲੇ ਜਾਓ ਮੈਂ ਰਾਤ ਦੇਰ ਨਾਲ ਘਰ ਪੁਜਾ ਤੇ ਸਭ ਨੇ ਇਸ ਤੁਕ ਦਾ ਪਾਠ ਕਰਨਾ ਸ਼ੁਰੂ ਕਰ ਦਿਤਾ ਜਲਦੀ ਹੀ ਸੇਹਤ ਠੀਕ ਹੋ ਗਈ। ਤੀਜ ਦਿਨ ਹੱਟੀ ਤੇ ਭੀ ਆਏ ਕਿਸੇ ਨੂੰ ਭੀ ਇਤਨੀ ਜਲਦੀ ਆਪ ਜੀ ਦੇ ਰਾਜ਼ੀ ਹੋ ਜਾਨ ਦੀ ਆਸ ਨਹੀਂ ਸੀ। ਏਹ ਲਫਜ ਮੈਂ ਨੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਸਾਹਮਣੇ ਕਹੇ ਜੋ ਪਿਤਾ ਜੀ ਦੇ ਬਾਲ ਸਖਾਈ ਮਿਤ੍ਰ ਸਨ ਪਰ ਆਪ ਦੋਹਾਂ ਦਾ ਭਰਾਵਾਂ ਨਾਲੋਂ ਵਧ ਪਿਆਰ ਸੀ ਤੇ ਸੇਹਤ ਪੁਛਨ ਆਏ ਹੋਏ ਸਨ।

ਏਹੋ ਜੇਹੇ ਕੌਤਕ ਕਈ ਸਾਡੇ ਖਾਨਦਾਨ ਤੇ ਖਾਸ ਮੇਰੇ ਨਾਲ ਹੋਏ ਹਨ ਉਨ੍ਹਾਂ ਦੀ ਕਿਰਪਾ ਨਾਲ ਸਭ ਤਕਲੀਫ ਦੂਰ ਹੋ ਜਾਂਦੀ

Sri Satguru Jagjit Singh Ji eLibrary NamdhariElibrary@gmail.com

ਸੀ ਹੁਣ ਭੀ ਉਨ੍ਹਾਂ ਦੀ ਕਿਰਪਾ ਦ੍ਰਿਸ਼ਟੀ ਨਾਲ ਸਭ ਸੁਖੀ ਵੱਸ ਰਹੇ ਹਾਂ।

ਪਿਤਾ ਜੀ ਦੇ ਪਿਛੋਂ ਦਾਸ ਹੱਟੀ ਨੂੰ ਠੀਕ ਕਰਾਨ ਲਈ ਜਾਜ ਲਗਾਏ ਪੱਕੀ ਕੰਧ ਬਣ ਰਹੀ ਸੀ ਤਾਂ ਮਿਸਤਰੀ ਨੇ ਕਿਹਾ ਛੱਤ ਡਿਗ ਪੈਣੀ ਹੈ ਹੁਣ ਕੋਈ ਚਾਰਾ ਨਹੀਂ ਲੰਬੀ ਛਤੀਰੀ ਹੁੰਦੀ ਤਾਂ ਰਖੀ ਜਾਂਦੀ ਛਤੀਰੀ ਜਲਦੀ ਵਿਚ ਕਿਤੋਂ ਮਿਲੇ ਨ ਮੈਂ ਸੰਤ ਜੀ ਨੂੰ ਯਾਦ ਕੀਤਾ ਤੇ ਤਰਲਾ ਮਾਰਿਆ ਕੀ ਵਖਦਾ ਹਾਂ ਕਿ ਆਪ ਆਪਣੀ ਸਟੇਸ਼ਨ ਵੈਗਨ ਵਿਚ ਬੈਠ ਆ ਰਹੇ ਹਨ ਦੁਕਾਨ ਸਾਹਮਣੇ ਮੋਟਰ ਵੈਗਨ ਰੁਕੀ ਦਾਸ ਭਜ ਕੇ ਚਰਨਾਂ ਵਲ ਹੋਇਆ ਆਪ ਜੀ ਨੇ ਪ੍ਰਸ਼ਾਦ ਦਿਤਾ ਤੇ ਕਿਹਾ ਬੁਲਾਓ ਮਿਸਤਰੀ ਨੂੰ ਉਸ ਨੂੰ ਭੀ ਪ੍ਰਸ਼ਾਦ ਦਿਤਾ ਤੇ ਫਰਮਾਇਆ ਛੱਤ ਨਹੀਂ ਡਿਗੇਗੀ ਕੰਧ ਪਕੀ ਪੂਰੀ ਜਲਦੀ ਉਸਾਰ ਦਿਉ। ਸੋ ਕੰਧ ਉਸਾਰ ਦਿਤੀ ਗਈ ਛੱਤ ਡਿਗਨੋਂ ਰੁਕ ਗਈ ਤੇ ਹੁਣ ਤਕ ਠੀਕ ਹੈ।

੧੯੪੭ ਦੇਸ਼ ਦੀ ਵੰਡ ਦੇ ਰੌਲੇ ਸਮੇਂ ਦਾਸ ਦਰਸ਼ਨ ਕਰਨ ਗਿਆ ਆਪ ਨੇ ਕਿਹਾ ਠਹਿਰੋ ਅਸੀਂ ਆਪ ਦੇ ਨਾਲ ਅੰਮ੍ਰਿਤਸਰ ਸ਼ਹਿਰ ਜਾਣਾ ਹੈ, ਦਾਸ, ਉਥੇ ਵੱਢਾ ਟੁਕੀ ਹੋ ਰਹੀ ਹੈ ਕਰਫੀਊ ਲਗਾ ਹੋਇਆ ਹੈ ਏਥ ਹੀ ਬੈਠੇ ਰਹੋ। ਆਪ ਨੇ ਫਰਮਾਇਆ ਸਮਾਂ ਬਹੁਤ ਭਿਆਨਕ ਆ ਰਿਹਾ ਹੈ ਸੇਵਾ ਭਜਨ ਨੇ ਹੀ ਸਾਥ ਦੇਣਾ ਹੈ। ਅੰਮ੍ਰਿਤਸਰ ਦੀ ਸੰਗਤ ਪਰ ਗੁਰੂ ਰਾਮਦਾਸ ਜੀ ਮਹਾਰਾਜ ਦੀ ਬਹੁਤ ਖੁਸ਼ੀ ਹੈ ਜੋ ਏਹ ਹਰ ਥਾਂ ਪੁਜਕੇ ਸੇਵਾ ਕਰਦੇ ਰਹੇ ਹਨ ਸੋ ਅੰਮ੍ਰਿਤਸਰ ਦੀ ਸਹਾਇਤਾ ਜ਼ਰੂਰ ਕਰਨੀ ਹੈ ਅਸਾਂ ਨੇ ਬਚਨ ਕੀਤਾ ਹੋਇਆ ਹੈ, ਹੁਕਮ ਕੀਤਾ ਟੈਲੀਫੂਨ ਕਰਕੇ ਮੋਟਰ ਮੰਗਵਾਉ ਸ਼ਹਿਰ ਫੋਨ ਕੀਤਾ ਕਿਸੇ ਚੁਕਿਆ ਨਾ ਬੇਨਤੀ ਕੀਤੀ ਫੋਨ ਕੋਈ ਚੁਕਦਾ ਨਹੀਂ ਹੁਕਮ ਹੋਇਆ ਭਾਈ ਜੈਰਾਮ ਸਿੰਘ ਕਾਰਖਾਨੇ ਵਾਲੇ ਤਰਨ ਤਾਰਨ ਨੂੰ ਫੋਨ ਕਰੋ ਕਿ ਸੰਤ ਆ ਰਹੇ ਹਨ। ਦਾਸ—ਮਹਾਰਾਜ ਆਪ ਜੀ ਦੇ ਹੋਰ ਮੁਖੀ ਸਜਨ ਦਾਸ ਨੂੰ

Sri Satguru Jagjit Singh Ji eLibrary NamdhariElibrary@gmail.com

ਖਫਾ ਹੋਣਗੇ ਕਿ ਕਿਉਂ ਲਿਆਂਦਾ ਹੈ ਸ਼ਹਿਰ ਵਿਚ ਆਪ ਅਸੀਂ ਅੰ ਮ੍ਰਿਤਸਰ ਦੀ ਸੰਗਤ ਨਾਲ ਇਕਰਾਰ ਕੀਤਾ ਹੋਇਆ ਹੈ ਕਿ ਔਖੇ ਵੇਲੇ ਸਹਾਇਤਾ ਕਰਾਂਗੇ। ਉਸ ਸਮੇਂ ਭਾਈ ਬਸੰਤ ਸਿੰਘ ਸੰਧੂ ਆਪਣੀ ਮੋਟਰ ਵਿਚ ਔਰਤਾਂ ਸਮੇਤ ਪੂਜਾ ਆਪ ਨੇ ਕਿਹਾ ਉਸਨੂੰ ਕਹੋ ਕਿ ਮੋਟਰ ਛਡ ਦੇਵੇ ਤੇ ਉਸਦਾ ਪ੍ਰਵਾਰ ਕਸੂਰ ਦੇ ਰਸਤੇ ਰੇਲ ਰਾਹੀਂ ਵਾਪਸ ਪੁਜੇ ਉਸ ਨੇ ਬੇਨਤੀ ਕੀਤੀ ਏਹ ਜ਼ਨਾਨੀਆਂ ਫਿਰ ਜਿੰਦਾ ਨਹੀਂ ਪੁਜ ਸਕਦੀਆਂ ਆਪ ਨੇ ਫਰਮਾਇਆ ਇਨ੍ਹਾਂ ਦੀ ਰਾਖੀ ਗੁਰੂ ਕਲਗੀਧਰ ਜੀ ਮਹਾਰਾਜ ਆਪ ਕਰਨਗੇ ਘਬਰਾਓ ਨਹੀਂ। ਸੋ ਸੰਤ ਮਹਾਰਾਜ ਦਾਸ ਤੇ ਬਸੰਤ ਸਿੰਘ ਆਦਿਕ ਉਸਦੀ ਮੋਟਰ ਵਿਚ ਆਏ ਨਹਿਰ ਪਰ ਹਰ ਤਰ੍ਹਾਂ ਦੀ ਸੇਵਾ ਦਾ ਪ੍ਰਬੰਧ ਹੋ ਕੇ ਆਪ ਜੀ ਦੀ ਇੰਤਜ਼ਾਰ ਹੋ ਰਹੀ ਸੀ।

ਦਾਸ ਨੂੰ ਹੁਕਮ ਕੀਤਾ ਆਪਣੇ ਘਰ ਕਹਿ ਆਉ ਤਾਂ ਰਹੋ ਸਾਡੇ ਪਾਸ ਹੀ। ਆਪ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਕੁਛ ਦਿਨ ਰਹੇ ਤੇ ਕਿਹਾ ਸੇਵਾ ਸ਼ੁਰੂ ਹੋਵੇ ਤਦ ਗੁਰੂਜੀ ਮੇਹਰ ਕਰਨਗੇ ਅਕਾਲੀ ਸੇਵਾ 'ਚ ਰੋਕ ਪਾਣ ਰੁਪਏ ਮੰਗਨ ਸੰਤ ਜੀ ਨੇ ਆਪਣੇ ਸੇਵਕਾਂ ਦੀ ਰਾਹੀਂ ਮਾਸਟਰ ਤਾਰਾ ਸਿੰਘ ਨੂੰ ਪੰਚਾਸ ਹਜ਼ਾਰ ਰੁਪਏ ਦਿਤੇ ਤਦ ਉਸ ਨੇ ਸਵਾ ਕਰਨ ਦੀ ਆਗਯਾ ਦਿਤੀ ਮਸ਼ਹੂਰ ਵੈਸੇ ਉਹ ਤਿਆਗੀ ਹੈ, ਤਿਆਗੀ ਹੈ ਹੋਇਆ ਹੋਇਆ ਸੀ ਆਪ ਜੀ ਗੌਘਾਟ ਦੇ ਕੋਨੇ ਪਾਸ ਆਕੇ ਬੈਠ ਜਾਂਦੇ ਰੋੜੀ ਕੁਟਨੀ ਸ਼ੁਰੂ ਹੋ ਗਈ ਸੇਵਾ ਕਰਕੇ ਅੰ ਮ੍ਰਿਤਸਰ ਨੂੰ ਗੁਰੂ ਜੀ ਵਲੋਂ ਸਹਾਇਤਾ ਮਿਲ ਗਈ ਆਪ ਜ਼ਿਆਦਾ ਬੀਮਾਰ ਹੋ ਗਏ ਦੇਹ ਤਾਂ ਆਪ ਜੀ ਦੀ ਏਥੇ ਚਾਰਪਾਈ ਪਰ ਲੇਟੀ ਹੋਈ ਪਈ ਰਹੇ ਤੇ ਲੋਕੀਂ ਆਕੇ ਦਸਨ ਅਸੀਂ ਸੰਤ ਮਹਾਰਾਜ ਜੀ ਨੂੰ ਥਲੋ ਕੀ ਹੈਡ ਰੋਟੀਆਂ ਵਰਤਾਂਦਿਆਂ ਵੇਖਿਆ ਹੈ।

ਸੰਤ ਬਾਬਾ ਗੁਰਮੁਖ ਸਿੰਘ ਜੀ ਕਾਰ ਸੇਵਾ ਕਮੇਟੀ ਦੇ ਸਕੜ ਦੀ ਸੇਵਾ ਜਦੋਂ ਸੰਤ ਬਾਬਾ ਝੰਡਾ ਸਿੰਘ ਜੀ ਨ ਪਹਿਲੇ

Sri Satguru Jagjit Singh Ji eLibrary NamdhariElibrary@gmail.com

ਪ੍ਰਧਾਨ ਤੇ ਸਕਤ੍ਰ ਨੂੰ ਹਟਾਕੇ ਦਾਸ ਨੂੰ ਬਖਸ਼ੀ ਗੁਰੂ ਮੇਹਰ ਨਾਲ ਦਾਸ ਨੇ ਸਾਰਾ ਹਿਸਾਬ ਚਾਰਟਰਡ ਅਕੌਨਟੈਂਟ ਪਾਸੋਂ ਚੈਕ ਕਰਵਾਨਾ ਤੇ ਸੰਗਰਾਂਦ ਦੇ ਦੀਵਾਨ ਵਿਚ ਸੰਗਤ ਵਿਚ ਸੁਣਾ ਦੇਣਾ ਜਦੋਂ ਫਿਰ ਸੇਵਾ ਬੰਦ ਹੋਈ ਤਾਂ ਸਾਰਾ ਹਿਸਾਬ ਤੇ ਬਚਦੇ ਸਿਕੇ ਸਭ ਮੈਨੇਜਰ ਸ੍ਰੀ ਦਰਬਾਰ ਸਾਹਿਬ ਦੇ ਹਵਾਲੇ ਸੰਭਾਲੇ ਗਏ।

ਵਾਹਿਗੁਰੂ ਸ਼ਬਦ ਦੀ ਮਹਿਮਾ

ਸਵਾਮੀ ਨਿਤਯਾਨੰਦ ਉਦਾਸੀਨ ਸਰਸਵਤੀ ਨੇ ੧੩੫ ਸਾਲ ਦੀ ਉਮਰ ਵਿਚ ਆਪਣੇ ਜੀਵਨ ਦੀਆਂ ਦਖੀਆਂ ਭਾਲੀਆਂ ਕੁਝ ਗਲਾਂ 'ਗੁਰੂ ਗਿਆਨ' ਨਾਮੀ ਪੁਸਤਕ ਵਿਚ ਲਿਖੀਆਂ ਹਨ। ਉਸ ਪੁਸਤਕ ਦੀ ਉਥਾਨਕਾ ਵਿਚ ਆਪ ਲਿਖਦੇ ਹਨ:—

"ਹਮ ਅਪਨੇ ਗੁਰੂ ਸ੍ਰੀ ਸਵਾਮੀ ਬ੍ਰਹਮਾਨੰਦ ਜੀ ਕੇ ਸਾਥ ਵਿਚਰਤੇ ਤੀਰਥ ਯਾਤਰਾ ਕਰਤੇ ਪੰਜਾਬ ਮੇਂ ਆਏ, ਯਹਾਂ ਏਕ ਉਦਾਸੀਨ ਮਹਾਂ ਭਾਉ ਕੇ ਦਰਸ਼ਨ ਹੂਏ। ਵਿਚਾਰ ਚਰਚਾ ਮੇਂ ਦਿਨ ਬੀਤਨੇ ਲਗੇ। ਉਦਾਸੀ ਜੀ ਕਾ ਨਾਮ ਸਵਾਮੀ ਤਤਯਾਨੰਦ" ਜੀ ਥਾ। ਇਨਹੋਂ ਨੇ ਗੁਰੂ ਘਰ ਕੀ ਰੀਤੀ ਔਰ ਨੀਤੀ ਕੁਝ ਅਸੇ ਢੰਗ ਸੇ ਸੁਣਾਈ ਕਿ ਸ੍ਰੀ ਸਵਾਮੀ 'ਬ੍ਰਹਮਾਨੰਦ' ਜੀ ਮੁਗਧ ਹੋ ਗਏ। ਅੰਮ੍ਰਿਤਸਰ ਗੁਰ ਦਰਬਾਰ ਕੇ ਦਰਸ਼ਨ ਕਰਕੇ ਉਨਕੀ ਆਤਮਾ ਪਰ ਕੁਛ ਇਸ ਤਰ੍ਹਾਂ ਕੇ ਪ੍ਰਭਾਵ ਪੜੇ ਕਿ ਵੋਹ 'ਗੁਰੂ ਘਰ' ਕੇ ਹੀ ਹੋ ਗਏ। ਕੁਝ ਸਮਾਂ ਪੰਜਾਬ ਮੇਂ ਵਿਤੀਤ ਕੀਆ। ਫਿਰ ਹਰੀਦਵਾਰ ਚਲੇ ਗਏ। ਵਹਾਂ ਏਕ ਦਿਨ ਅਛੇ ਭਲੇ ਬੈਠੇ ਥੇ, ਉਨ ਕੀ ਆਖੇਂ ਡੁਬਡੁਬਾਤੀ ਦੇਖ ਕਰ ਮੈਂ ਨੇ ਕਾਰਨ ਪੂਛਾ, ਉਨਹੋਂ ਨੇ ਉਤਰ ਦੀਆ ਕਿ 'ਆਯੂ ਭਰ ਰੇਤ ਛਾਨਾ ਕੀ, ਤਤ੍ਵ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਵਸਤੂ ਗੁਰੂ ਘਰ ਮੇਂ ਥੀ, ਅਬ, ਏਕ ਜਨਮ ਗੁਰੂ ਘਰ ਮੇਂ ਲੇਨਾ ਪੜੇਗਾ ਗੁਰੂ ਕਿਰਪਾ ਸੇ 'ਸੇਵਾ ਔਰ ਸਿਮਰਨ' ਕਰਤੇ ਬ੍ਰਹਮ ਗਿਆਨੀ ਸੰਤ ਸ਼ਾਮ ਸਿੰਘ ਜੀ, ਬ੍ਰਹਮ ਗਿਆਨੀ ਸੰਤ ਅੱਤਰ ਸਿੰਘ ਜੀ ਬ੍ਰਹਮ ਗਿਆਨੀ ਸੰਤ ਗੁਰਮੁਖ ਸਿੰਘ ਜੀ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਸੱਚਖੰਡ ਚਲੇ ਗਏ ਤਬ ਕਲਜਾਣ ਹੋਗੀ' ਯੇਹ ਕਹਤੇ ਉਨਹੋਂ ਨੇ ਸਰੀਰ ਛੋੜ ਦੀਆ।

'ਮੈਂ ਭਾ ਗੁਰੂ ਨਾਨਕ ਦੇਵ ਕੇ ਵਾਹਿਗੁਰੂ' ਮੰਤ੍ਰ ਕਾ ਜਾਪ ਕਰਤਾ ਹੂੰ ਯੋਗ ਸਾਧਨ ਯੋਗਾਚਾਰਯ ਕੇ ਪਾਸ ਬੈਠ ਕਰ ਕੀਏ, ਔਰ ਸਾਲਹਾ ਸਾਲ ਕੀਏ, ਜੋ ਆਨੰਦ ਔਰ ਸ਼ਾਂਤੀ ਮੁਝੇ ਅਬ ਪ੍ਰਾਪਤ ਹੈ, ਵਹਿ ਪਹਿਲੇ ਕਭੀ ਨਹੀਂ ਮਿਲੀ।

'ਗੁਰੂ ਕਾ ਮਾਰਗ ਪੂਰਨ ਹੈ, ਵਾਹਿਗੁਰੂ ਸ਼ਬਦ ਕੀ ਮਹਿਮਾ ਕਹੀ ਨਹੀਂ ਜਾ ਸਕਤੀ, ਗੁਰੂ ਨਾਨਕ ਔਰ ਗੁਰੂ ਗੋਬਿੰਦ ਸਿੰਘ ਜੀ ਕੀ ਸਿਖਯਾ ਅੰਮ੍ਰਿਤ ਹੈ, ਗੁਰਬਾਣੀ ਸੇ ਬੜ੍ਹ ਕਰ ਕਲਯਾਣ-ਕਾਰੀ ਕੋਈ ਔਰ ਬਾਣੀ ਨਹੀਂ।

'ਯੋਗੀ ਜੀ ਨੇ ਆਖੇਂ ਬੰਦ ਕਰਨੇ ਸੇ ਪਹਿਲੇ ਜੋ ਸੰਦੇਸ਼ ਮੁਝੇ ਦੀਆ, ਦੂਸਰੋਂ ਤਕ ਪਹੁੰਚਾਨਾ ਮੇਰਾ ਕਰਤਵਯ ਹੈ। ਜੋ ਸਿਧੀ ਔਰ ਪ੍ਰਾਪਤੀ 'ਵਾਹਿਗੁਰੂ' ਨਾਮ ਸੇ ਸਹਿਜ ਮੇ ਹੋ ਜਾਤੀ ਹੈ ਵੋਹ ਔਰ ਕਠਨ ਸਾਧਨ ਕਰਨ ਸੇ ਭੀ ਦੁਸ਼ਤਰ ਪ੍ਰਾਪਤ ਹੋਤੀ ਹੈ। ਯਿਹ ਸੱਤਯ ਹੈ, ਪ੍ਰੀਖਿਆ ਕੀਆ ਹੁਆ ਸੱਤਯ ਹੈ, ਔਰ ਨਿਰਵਿਵਾਦ ਸੱਤਯ ਹੈ।'

Sri Satguru Jagjit Singh Ji eLibrary NamdhariElibrary@gmail.com

ਸਿਮਰਨ ਤੇ ਸੇਵਾ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਹੀ ਬਾਣੀ ਨਾਮ ਸਿਮਰਨ ਦੀ ਤਾਕੀਦ ਹੈ, ਤੁਕ ਤੁਕ ਦੀ ਇਹੀ ਧੁਨੀ ਹੈ।

ਸਿਮਰਨ ਕੀ ਹੈ ? ਕਿਵੇਂ ਕਰਨਾ ਚਾਹੀਦਾ ਹੈ, ਕੀ ਰੋਕਾਂ ਆਉਂਦੀਆਂ ਹਨ ? ਉਹ ਕਿਵੇਂ ਹਟਦੀਆਂ, ਇਹ ਇਕ ਖ਼ਾਸ ਮਜ਼ਮੂਨ ਸੀ ਜਿਸ ਉਪਰ ਅਫ਼ਰੀਕਾ ਦੇਸ਼ ਦੇ ਹਰ ਗੁਰਦਵਾਰੇ ਵਿਚ ਮੈਨੂੰ ਸੰਗਤਾਂ ਦੇ ਹੁਕਮ ਪਰ ਲੈਕਚਰ ਕਰਨਾ ਪਿਆ।

ਸਵੇਰੇ ਉਠ ਕੇ ਅਸ਼ਨਾਨ, ਨਿਤ-ਨੇਮ ਦੀ ਬਾਣੀਆਂ ਦਾ ਪਾਠ, ਦਾਨ ਕਰਨਾ, ਚੰਗੇ ਕੰਮ ਕਰਨੇ ਇਹ ਸਿਮਰਨ ਨਹੀਂ ਹੈ ਪਰ ਸਿਮਰਨ ਦੀ ਪ੍ਰਾਪਤੀ ਲਈ ਸਾਧਨ ਜ਼ਰੂਰ ਹਨ। ਸਿਮਰਨ ਹੈ ਸ੍ਵਾਸ-ਸ੍ਵਾਸ ਵਾਹਿਗੁਰੂ ਸ਼ਬਦ ਦਾ ਅਭਿਆਸ ਕਰਨਾ। ਪਿਛਲ ਯੁਗਾਂ ਵਿਚ ਭੀ ਸਿਮਰਨ ਤੇ ਜ਼ੋਰ ਦਿਤਾ ਜਾਂਦਾ ਰਿਹਾ ਪਰ ਨਾਲ ਹੀ ਕਰਮ ਕਾਂਡ, ਹੱਠ, ਯੱਗ, ਤੱਪ ਜ਼ਰੂਰੀ ਖ਼ਿਆਲ ਕੀਤੇ ਜਾਂਦੇ ਸਨ। ਓਮ, ਹਰੀ, ਰਾਮ, ਸੋਹੰ ਆਦਿਕ ਅੱਖਰ ਸਨ ਜਿਨ੍ਹਾਂ ਦ੍ਵਾਰਾ ਪ੍ਰਾਣੀ ਸਿਮਰਨ ਕਰਦੇ ਸਨ। ਇਹ ਕਲਜੁਗ ਹੈ ਤੇ ਘੋਰ ਕਲਜੁਗ ਹੈ। ਇਸ ਵਿਚ ਕਰਮ ਕਾਂਡ ਤੇ ਯੱਗ ਆਦਿਕ ਤੋਂ ਸਾਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਛੁਡਾ ਲਿਆ ਹੈ ਇਸ ਵਿਚ ਤਾਂ :—

ਕਲਿ ਮਹਿ ਰਾਮ ਨਾਮ ਵਡਿਆਈ॥
ਜੁਗਿ ਜੁਗਿ ਗੁਰਮੁਖਿ ਏਕੋ ਜਾਤਾ,
ਵਿਣੁ ਨਾਵੈ ਮੁਕਤਿ ਨ ਪਾਈ॥

ਨਾਮ ਜਪਣ ਤੇ ਕੀਰਤਨ ਕਰਨ ਨੂੰ ਵਿਸ਼ੇਸ਼ਤਾ ਦਿਤੀ ਹੈ। ਸਿਮਰਨ ਲਈ ਅੱਖਰ ਭੀ ਵਾਹਿਗੁਰੂ ਬਖ਼ਸ਼ਿਆ ਹੈ। ਵਾਹਿਗੁਰੂ

Sri Satguru Jagjit Singh Ji eLibrary NamdhariElibrary@gmail.com

ਗੁਰਮੰਤ੍ਰ ਹੈ, ਜਪ ਹਉਮੈ ਖੋਈ। ਵ. ਹ. ਗ. ਰ. ਇਹ ਜ਼ਾਹਰ ਕਰਦੇ ਹਨ, ਵ—ਵਾਸਦੇਵ, ਹ—ਹਰੀ, ਗ - ਗੋਬਿੰਦ ਤੇ ਰ—ਰਾਮ ਚੌਹਾਂ ਯੁਗਾਂ ਦੇ ਅਵਤਾਰਾਂ ਦੇ ਨਾਮ ਤੇ ਸਿਮਰਨ ਦੇ ਸ਼ਬਦ ਇਕੱਠੇ ਕਰ ਦਿਤੇ ਹਨ ਤੇ ਇਸ ਵਾਹਿਗੁਰੂ ਸ਼ਬਦ ਦੇ ਅਰਥ ਭੀ ਬਹੁਤ ਉਚੇ ਹਨ। ਵਾਹ ਦੇ ਅਰਥ ਹਨ ਅਸਚਰਜ, ਬੇਅੰਤ ਤੇ ਗੁਰੂ ਦੇ ਅਰਥ ਹਨ ਅੰਧੇਰੇ ਨੂੰ ਦੂਰ ਕਰਨ ਵਾਲਾ। ਉਹਨਾਂ ਸ਼ਬਦਾਂ ਦੇ ਅਰਥ ਇਕ ਇਕ ਗੁਣ ਜ਼ਾਹਰ ਕਰਦੇ ਸਨ। ਹਰੀ—(ਪਾਪਾਂ ਦੇ ਹਰਨ ਵਾਲਾ), ਗੋਬਿੰਦ - (ਵੱਡਾ), ਰਾਮ—(ਸਭ ਵਿਚ ਰਮਿਆ ਹੋਇਆ) ਆਦਿਕ।

ਲੋਕ ਕਹਿੰਦੇ ਚਲੇ ਆਉਂਦੇ ਸਨ ਕਿ ਸ਼ੁਧ ਤੇ ਸੁਖੀ ਮਨ ਦਾ ਨਿਵਾਸ ਸੁਖੀ ਤੇ ਸ਼ੁਧ ਸਰੀਰ ਵਿਚ ਹੀ ਹੈ ਤੇ ਜੇਕਰ ਮਨ ਸੁਖੀ ਹੈ ਤਾਂ ਤਨ ਭੀ ਸੁਖੀ ਹੈ ਪਰ ਗੁਰੂ ਘਰ ਵਿਚ ਇਹ ਵਡਿਆਈ ਹੈ ਕਿ ਜੇਕਰ ਮਨ ਸੁਖੀ ਤੇ ਸ਼ੁਧ ਹੋਵੇ ਤਾਂ ਸਰੀਰ ਭੀ ਸ਼ੁਧ ਹੋ ਜਾਂਦਾ ਹੈ। ਹੁਣ ਤਾਂ ਸਰੀਰਕ ਰੋਗਾਂ ਦੇ ਇਲਾਜ ਭੀ ਇਸ ਅਸੂਲ ਨਾਲ ਹੋਣ ਲਗ ਪਏ ਹਨ।

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥
ਤੇ—ਗੁਣ ਗਾਵਤ ਤੇਰੀ ਉਤਰਸ ਮੈਲ ॥
ਬਿਨਸਿ ਜਾਇ ਹਉਮੈ ਬਿਖੁ ਫੈਲ ॥
ਹੋਇ ਅਚਿੰਤ ਬਸੈ ਸੁਖ ਨਾਲਿ ॥
ਸਾਸਿ ਗ੍ਰਾਸਿ ਹਰਿ ਨਾਮ ਸਮਾਲਿ ॥

ਇਕ ਮਹਾਤਮਾ ਜੀ ਮੇਰੇ ਮਿਤ੍ਰ ਸਨ, ਉਹਨਾਂ ਪਾਸ ਸਭ ਰੋਗਾਂ ਦੀ ਇਕੋ ਦਵਾਈ ਸੀ। ਨਬਜ਼ ਵੇਖਣੀ ਬਹੁਤ ਅਛੀ ਤਰ੍ਹਾਂ ਜਾਣਦੇ ਸਨ ਤੇ ਨਬਜ਼ ਤੋਂ ਹੀ ਪਿਛ ਹੋ ਚੁਕੀਆਂ ਬੀਮਾਰੀਆਂ ਜਾਣ ਜਾਂਦੇ ਸਨ ਤੇ ਹੁਣ ਦੀ ਹਾਲਤ ਤਾਂ ਰੋਗੀ ਦੀ ਹੱਛੀ ਤਰ੍ਹਾਂ ਸਮਝ

Sri Satguru Jagjit Singh Ji eLibrary NamdhariElibrary@gmail.com

ਲੈਂਦੇ ਸਨ। ਵੈਦਕ ਵਿਚ ਰੋਗ ਦਾ ਪਤਾ ਲਗ ਜਾਣ ਪਰ ਉਸਦੇ ਕਾਰਨ ਨੂੰ ਦੂਰ ਕੀਤਾ ਜਾਂਦਾ ਹੈ ਤਾਂ ਰੋਗ ਆਪ ਹੀ ਦੂਰ ਹੋ ਜਾਂਦਾ ਹੈ। ਓਸ ਦਵਾਈ ਦਾ ਨਾਮ ਤਰਯਾਕ ਸੀ। ਮੰਦਰਾਂ ਵਿਚ ਵਜਾਣ ਵਾਲੇ ਇਕ ਵਡੇ ਸਾਰੇ ਸੰਖ ਦਾ ਕਈ ਬੂਟੀਆਂ ਦੀ ਪੁਠ ਦੇ ਕੇ ਕੁਸ਼ਤਾ ਕੀਤਾ ਹੋਇਆ ਹੁੰਦਾ ਸੀ ਜੋ ਵੈਦਕ ਤੌਰ ਤੇ ਅਨੇਕਾਂ ਰੋਗਾਂ ਨੂੰ ਉਹ ਤਰਯਾਕ ਦਾ ਹੀ ਕੰਮ ਦੇਂਦਾ ਹੈ ਪਰ ਰੋਗੀ ਨੂੰ ਉਹ ਗੁਰੂ ਮਹਾਰਾਜ ਜੀ ਦੀ ਤੁਕ ਕਾਗ਼ਜ਼ ਤੇ ਲਿਖ ਦੇਂਦੇ ਤੇ ਉਸਦਾ ਪਾਠ ਕਰਦੇ ਰਹਿਣ ਲਈ ਜ਼ੋਰ ਦੇਂਦੇ ਤਾਂ ਤੁਰਨ ਸਮੇਂ ਕਹਿੰਦੇ ਭਾਈ ਜਿਤਨੇ ਪ੍ਰੇਮ ਤੇ ਸ਼ਰਧਾ ਨਾਲ ਇਹ ਤੁਕ ਪੜ੍ਹੇਂਗਾ ਉਤਨੀ ਛੇਤੀ ਰਾਜ਼ੀ ਹੋਵੇਂਗਾ। ਏਹੀ ਸਾਡੀ ਫ਼ੀਸ ਹੈ। ਉਹ ਲੈਂਦੇ ਕਿਸ ਪਾਸੋਂ ਭੀ ਕੁਝ ਨਹੀਂ ਸਨ। ਤੁਕਾਂ ਜ਼ਿਆਦਾ ਇਹ ਲਿਖ ਕੇ ਦੇਂਦੇ ਸਨ—

ਏਕੁ ਆਸ ਰਾਖਹੁ ਮਨ ਮਾਹਿ॥
ਸਰਬ ਰੋਗ ਨਾਨਕ ਮਿਟਿ ਜਾਹਿ॥
ਅਨਿਕ ਉਪਾਵੀ ਰੋਗੁ ਨ ਜਾਇ॥
ਰੋਗ ਮਿਟੈ ਹਰਿ ਅਵਖਧੁ ਲਾਇ॥
ਸਗਲ ਦੂਖ ਕਾ ਹੋਵਤ ਨਾਸ॥
ਨਾਨਕ ਨਾਮੁ ਜਪਹੁ ਗੁਣਤਾਸ॥

ਤੇ ਨਾਲ ਨਾਲ ਰੋਗ ਅਨੁਸਾਰ ਖ਼ਾਸ-ਖ਼ਾਸ ਪ੍ਰਹੇਜ਼ ਰਖਣ ਲਈ ਕਹਿ ਦੇਂਦੇ ਸਨ ਜਿਸ ਨਾਲ ਭੀ ਰੋਗੀ ਨੂੰ ਚੰਗਾ ਲਾਭ ਪੁਜਦਾ ਸੀ। ਸੋ ਉਹ ਦੁਆ ਤੇ ਦਵਾ (prayer and medjcinc) ਮਿਲਾ ਕੇ ਸੰਜੀਵਨੀ ਬੂਟੀ ਬਣਾ ਦੇਂਦੇ ਸਨ ਤੇ ਫ਼ਾਇਦਾ ਅਵਸ਼ ਹੁੰਦਾ ਸੀ। ਸਿਮਰਨ ਅਰੰਭ ਕਰਨ ਵਾਲੇ ਨੂੰ ਪਹਿਲੋਂ ਸ਼ਰਧਾ ਧਾਰਨੀ ਜ਼ਰੂਰੀ ਹੈ। ਸੰਸਾਰਕ ਗਿਆਨ ਸਿਖਨ ਵਾਲੇ ਨੂੰ ਭੀ ਅਪਨੇ ਉਸਤਾਦ ਤੇ ਭਰੋਸਾ ਰਖਕੇ ਉਸਦੀ ਆਗਿਆ ਪਾਲਨ ਕਰਨ ਨਾਲ ਹੀ ਕੁਝ ਪ੍ਰਾਪਤੀ ਹੋ ਸਕਦੀ ਹੈ। ਸਵੇਰੇ ਅੰਮ੍ਰਿਤ ਵੇਲੇ ਅਸ਼ਨਾਨ ਕਰਕੇ ਚੌਂਕੜਾ ਮਾਰਕੇ ਬੈਠ ਜਾਓ ਤੇ ਗੁਰੂ ਨਾਨਕ ਦੇਵ

Sri Satguru Jagjit Singh Ji eLibrary NamdhariElibrary@gmail.com

ਜੀ ਜਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਿਚੋਂ ਕਿਸੇ ਦੇ ਚਰਨਾਂ ਦਾ ਧਿਆਨ ਧਰਕੇ ਜਾਂ ਵਾਹਿਗੁਰੂ ਸ਼ਬਦ ਤੇ ਧਿਆਨ ਧਰਕੇ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਸ਼ਬਦ ਦਾ ਸਿਮਰਨ ਕਰਦ ਰਹੋ ਇਸ ਤਰ੍ਹਾਂ ਕਰਨ ਨਾਲ ਪਹਿਲੋਂ ਪਹਿਲ ਮਨ ਜ਼ਿਆਦਾ ਦੌੜੇਗਾ ਪਰ ਘਬਰਾਨਾ ਨਹੀਂ, ਕਿਉਂਕਿ ਸਾਡੇ ਮਨਾਂ ਤੇ ਕਈ ਚਿਰਾਂ ਦੀ ਮੈਲ ਲਗੀ ਹੋਈ ਹੈ।

ਜਨਮ ਜਨਮ ਕੀ ਇਸ ਕੋ ਮਲ ਲਾਗੀ
ਕਾਲਾ ਹੋਆ ਸਿਆਹ ॥

ਸੋ ਜਦੋਂ ਨਾਮ ਰੂਪੀ ਸਾਬਨ ਲਗਾਉਣਗੇ ਤੇ ਇਹ ਉਗਲੇਗੀ ਪਰ ਭਰੋਸੇ ਤੇ ਸ਼ਰਧਾ ਨਾਲ ਜਪਦੇ ਰਹਿਣ ਨਾਲ ਇਹ ਲਹਿੰਦੀ ਜਾਵੇਗੀ। ਗੁਰੂ ਜੀ ਮਹਾਰਾਜ ਫਰਮਾਂਦੇ ਹਨ: -

ਮੂਤ ਪਲੀਤੀ ਕਪੜੁ ਹੋਇ ॥
ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥

ਇਸ ਬੈਠਕ ਨੂੰ ਵਧਾਏ ਜਾਣਾ ਹੈ, ਨਾਲ ਹੀ ਅਪਣਾ ਨਿਤ-ਨੇਮ ਤੇ ਖ਼ਾਸ ਕਰਕੇ ਸੰਗਤ ਦੇ ਭਰੇ ਦੀਵਾਨਾਂ ਵਿਚ ਜਾਕੇ ਕੀਰਤਨ ਕਥਾ ਸੁਨਣੀ ਹੈ। ਕਪੜੇ ਤੋਂ ਉਂਗਲੀ ਹੋਈ ਮੈਲ ਨੂੰ ਜਿਵੇਂ ਖੁਲ੍ਹੇ ਜਲ ਵਿਚ ਹੰਗਾਲਨ ਨਾਲ ਕਪੜਾ ਚਿੱਟਾ ਸਾਫ਼ ਹੋ ਜਾਂਦਾ ਹੈ ਤੇ ਮੈਲ ਪਾਣੀ ਵਿਚ ਰਹਿ ਜਾਂਦੀ ਹੈ ਤਿਵੇਂ ਹੀ ਸੰਗਤ ਦਾ ਦੀਵਾਨ ਖੁਲ੍ਹਾ ਜਲ ਰੂਪੀ ਕੰਮ ਕਰ ਜਾਂਦਾ ਹੈ।

ਮਨ ਦੌੜੇਗਾ ਸਗੋਂ ਵਧ ਦੌੜੇਗਾ ਪਿਛਲੇ ਕੀਤੇ ਕਰਮ ਯਾਦ ਆਣਗੇ ਪਰ ਘਬਰਾਨਾ ਨਹੀਂ। ਮਹਾਂ-ਪੁਰਸ਼ ਫ਼ਰਮਾਂਦੇ ਹਨ: -

ਮਨ ਜਾਂਦਾ ਹੈ ਤਾਂ ਜਾਣ ਦੇ ਅਸਥਿਰ ਰਖ ਸਰੀਰ ॥
ਚਿੱਲੇ ਚੜ੍ਹੀ ਕਮਾਨ ਥਿਨ ਕਿਉਂ ਕਰ ਨਿਕਸੇ ਤੀਰ ॥

Sri Satguru Jagjit Singh Ji eLibrary NamdhariElibrary@gmail.com

ਮਨ ਦਾ ਤਾਂ ਇਹੀ ਸੁਭਾਉ ਹੈ:—

ਮਨ ਖੁਟ ਹਰਿ ਤੇਰਾ ਨਹੀ ਬਿਸਾਸ਼ ਤੂੰ ਮਹਾਂ ਓਨ ਮਾਦਾ
ਖਰ ਕਾ ਪੈਖਰ ਤਓ ਛੁਟੇ ਜਾ ਓਪਰ ਲਾਦਾ ॥
(ਗੁਰਬਾਣੀ)

ਸੋ ਮਨ ਜਦੋਂ ਕਿਸੇ ਕੁਸੰਗਤ ਵਾਲੀ ਥਾਂ ਨੂੰ ਜਾਣ ਲਈ ਪ੍ਰੇਰਦਾ ਹੈ ਤੂੰ ਸਰੀਰ ਕਰਕੇ ਨਾ ਜਾ ਇਹ ਆਪੇ ਭੜਕ ਭੜਕਾ ਕੇ ਟਿਕੇਗਾ। ਇਹ ਬਹੁਤ ਖੋਟਾ ਹੈ ਤੇ ਇਸ ਦਾ ਕੋਈ ਵਿਸ਼ਵਾਸ ਨਹੀਂ ਪਰ ਖੋਤੇ ਵਾਂਗੂੰ ਇਸ ਤੇ ਛਟ ਪਾਈ ਹੀ ਰਖਣੀ ਚਾਹੀਦੀ ਹੈ ਤੇ ਇਸ ਨੂੰ ਵਿਹਲਿਆਂ ਹੋਣ ਹੀ ਨਹੀਂ ਦੇਣਾ ਚਾਹੀਦਾ।

ਅਸੀਂ ਉਦਮ ਤੇ ਹੀਲਾ ਨਹੀਂ ਛਡਣਾ, ਲਗੇ ਰਹਿਣ ਵਿਚ ਹੀ ਤਰੱਕੀ ਹੈ। ਬਾਲਕ ਪੜ੍ਹਦਾ ਮਿਹਨਤ ਕਰਦਾ ਹੈ ਜੋ ਵੇਖਦਿਆਂ ਵੇਖਦਿਆਂ ਕਈ ਜਮਾਤਾਂ ਪਾਸ ਕਰਦਾ ਹੋਇਆ ਆਖ਼ਰ ਕਿਸੇ ਚੰਗੇ ਰੁਤਬੇ ਤੇ ਜਾ ਲਗਦਾ ਹੈ। ਸ਼ੁਰੂ ਵਿਚ ਘਬਰਾ ਕੇ ਪੜ੍ਹਾਈ ਛਡ ਦੇਣ ਵਾਲਾ ਅਨਪੜ੍ਹ ਹੀ ਰਹੇਗਾ।

ਅਗੁਣ ਕੂੜਾ ਵਧ ਗਿਆ ਮੁੜ ਦੈ ਬਹਾਰੀ ॥
ਕਹਿ ਹੁਸੈਨ ਸਹੇਲੀਓ ਅਮਲਾਂ ਬਾਝ ਖੁਆਰੀ ॥
(ਸ਼ਾਹ ਹੁਸੈਨ ਸੂਫ਼ੀ ਫ਼ਕੀਰ)

ਜਿਵੇਂ ਘਰ ਵਿਚੋਂ ਕੂੜਾ ਹਟਾਣ ਲਈ ਹਰ ਰੋਜ਼ ਬਹਾਰੀ ਦੇਣੀ ਪੈਂਦੀ ਹੈ ਤਿਵੇਂ ਹੀ ਅੌਗੁਣਾਂ ਕਰਕੇ ਸਾਡੇ ਮਨ ਅੰਦਰ ਕੂੜਾ ਵਧਿਆ ਹੋਇਆ ਹੈ ਉਸਨੂੰ ਸਿਮਰਨ ਦੀ ਬਹਾਰੀ ਫੇਰ ਕੇ ਹਟਾਨਾ ਹੈ ਤੇ ਚੰਗੇ ਅਮਲ ਕਰਨੇ ਹਨ। ਇਸ ਪਾਸੇ ਦੇ ਪੰਧਾਊ ਨੂੰ ਸਿਮਰਨ ਕਰਦਿਆਂ ਇਹ ਪੰਜ ਵਡੀਆਂ ਰੋਕਾਂ ਤੰਗ ਕਰਨਗੀਆਂ—"ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਕਾਮ ਸਭ ਤੋਂ ਪਹਿਲਾਂ ਸ਼ਾਸਤਰਾਂ ਵਿਚ ਵਰਨਨ ਕੀਤਾ ਹੈ ਤੇ ਕਲਜੁਗ ਵਿਚ ਇਹ ਵਡੀ ਰੋਕ ਹੈ। ਹਾਰੀ-ਸਾਰੀ ਨੂੰ ਕਾਮ ਘੇਰ ਹੀ ਲੈਂਦਾ ਹੈ ਪਰ ਇਸ ਦੀ ਚੋਟ ਤੋਂ

Sri Satguru Jagjit Singh Ji eLibrary NamdhariElibrary@gmail.com

ਇੰਦਰ ਦੇਵਤਾ, ਸਾਰਿੰਗੀ ਰਿਸ਼ੀ ਤੇ ਰਾਵਨ ਮਹਾਂ-ਬਲੀ ਚਾਰ ਵੇਦਾ ਦਾ ਵਿਅਕਤਾ ਭੀ ਨਾ ਬਚ ਸਕੇ।

ਗੁਰੂ ਘਰ ਵਿਚ ਇਹਨਾਂ ਰੋਕਾਂ ਨੂੰ ਹਲ ਕਰਨ ਤੇ ਇਹਨਾਂ ਦੇ ਜਾਲ ਵਿਚੋਂ ਬਚ ਨਿਕਲਨ ਲਈ ਸਿਮਰਨ ਦੇ ਨਾਲ ਸੇਵਾ ਤੇ ਜ਼ੋਰ ਦਿਤਾ ਹੈ, ਸੋ ਸਿਮਰਨ ਦੀ ਕਾਮਯਾਬ ਪ੍ਰਾਪਤੀ ਲਈ ਨਿਸ਼ਕਾਮ ਸੇਵਾ ਕਰਨੀ ਜ਼ਰੂਰੀ ਹੈ। ਕਿਸੇ ਗੁਰਦਵਾਰਾ ਸਾਹਿਬ ਨਿਤਾਪ੍ਰਤੀ ਜਾਕੇ ਝਾੜੂ ਦੇਣਾ, ਜੋੜੇ ਝਾੜਨੇ, ਕੀਰਤਨ ਕਰਨਾ ਤੇ ਵਿਦਵਾਨ ਹੋਣ ਪਰ ਬੱਚੇ ਪੜ੍ਹਾਨੇ ਜਾਂ ਗੁਰੂ ਘਰ ਦੀ ਕੋਈ ਲਿਖਣ-ਪੜ੍ਹਨ ਬੋਲਣ ਆਦਿਕ ਦੀ ਸੇਵਾ ਕਰਨੀ। ਇਸ ਨਾਲ ਮਨ ਗਰੀਬੀ ਧਾਰਦਾ ਹੈ ਤੇ ਨਿਮਰਤਾ ਉਪਜਦੀ ਹੈ। ਸਾਰਾ ਹੀ ਗ੍ਰਿਹਸਤੀ ਜੀਵਨ ਇਸੇ ਲਈ ਉਤਮ ਮੰਨਿਆ ਗਿਆ ਹੈ। "ਏਕਾ ਨਾਰੀ ਜਤੀ ਹੋਇ" ਮੁਖ ਵਾਕ ਭੀ ਹੈ।

ਕ੍ਰੋਧ ਨੂੰ ਚੰਡਾਲ ਦਾ ਰੂਪ ਦਿਤਾ ਹੈ। ਇਕ ਰਾਜੇ ਦਾ ਵਜ਼ੀਰ ਨਾਰਾਜ਼ ਹੋ ਕੇ ਘਰ ਜਾ ਬੈਠਾ ਰਾਜੇ ਵਲੋਂ ਕਈ ਸਿਆਣੇ ਪੁਰਸ਼ ਮਨਾਨ ਲਈ ਗਏ ਪਰ ਉਹ ਨਾ ਆਇਆ। ਇਕ ਦਿਨ ਰਾਜੇ ਦੇ ਚੂਹੜੇ ਨੇ ਰਾਜੇ ਪਾਸੋਂ ਵਜ਼ੀਰ ਨੂੰ ਮਨਾ ਲਿਆਵਣ ਦੀ ਆਗਿਆ ਮੰਗੀ। ਰਾਜੇ ਨੇ ਆਗਿਆ ਤਾਂ ਦੇ ਦਿਤੀ ਪਰ ਹੈਰਾਨ ਬਹੁਤ ਸੀ। ਚੂਹੜੇ ਨੇ ਵਜ਼ੀਰ ਨੂੰ ਆਪਣੇ ਬਾਗ ਵਿਚ ਫਿਰਦਿਆਂ ਪਿਛੋਂ ਜਫੀ ਜਾ ਪਾਈ ਤੇ ਕਿਹਾ, ਭਰਾ ਜੀ ਚਲੋ ਰਾਜਾ ਸਦਦਾ ਹੈ। ਵਜ਼ੀਰ ਨੇ ਵੇਖਿਆ ਤੇ ਬੋਲਿਆ ਉਹ ਚੰਡਾਲ ਇਹ ਗੁਸਤਾਖ਼ੀ, ਚੂਹੜਾ ਪਰੇ ਖਲੋ ਗਿਆ ਪਰ ਖਿੜ ਖਿੜ ਹਸਿਆ, ਵਜ਼ੀਰ ਨੂੰ ਹੋਰ ਕਰੋਧ ਆਇਆ। ਉਹ ਨਿਮਰਤਾ ਨਾਲ ਕਹਿਣ ਲਗਾ ਮੈਂ ਜਨਮ ਦਾ ਚੰਡਾਲ ਹਾਂ ਪਰ ਆਪ ਨੂੰ ਕ੍ਰੋਧ ਰੂਪੀ ਚੰਡਾਲ ਚੰਬੜਿਆ ਹੋਇਆ ਹੈ ਸੋ ਦੋਵੇਂ ਹੀ ਅਸੀਂ ਸਮ-ਭਰਾ ਹਾਂ, ਜਦੋਂ ਕਿਤੇ ਰਾਜੇ ਨੂੰ ਕਰੋਧ ਆ ਗਿਆ ਦੇਸ ਨਿਕਾਲਾ, ਜਾਇਦਾਦ ਦੀ ਜ਼ਬਤੀ ਆਦਿਕ ਮਿਲੇਗੀ। ਵਜ਼ੀਰ ਨੂੰ ਸਮਝ ਆ ਗਈ ਤੇ ਚੂਹੜੇ ਦੇ ਨਾਲ ਹੀ ਭਰੇ ਦਰਬਾਰ

Sri Satguru Jagjit Singh Ji eLibrary NamdhariElibrary@gmail.com

ਵਿਚ ਆ ਹਾਜ਼ਰ ਹੋਇਆ।

ਲੋਭ ਵੀ ਬਥੇਰੇ ਵਖਤ ਪਾਉਂਦਾ ਹੈ। ਦਾਨੇ ਕਹਿੰਦੇ ਹਨ ਲੋੜ ਗੁਰੂ ਪੂਰੀ ਕਰਦਾ ਹੈ ਪਰ ਲੋਭ ਦਾ ਕੋਈ ਅੰਤ ਨਹੀਂ ਗੁਰਬਾਣੀ ਕਹਿੰਦੀ ਹੈ:—

ਸਹਸ ਖਟੇ ਲਖ ਕਉ ਉਠਿ ਧਾਵੈ ॥
ਤ੍ਰਿਪਤਿ ਨਾ ਆਵੈ ਮਾਇਆ ਪਾਛੈ ਪਾਵੈ ।

ਲੋਭ ਲਹਿਰ ਜਦੋਂ ਇਨਸਾਨ ਨੂੰ ਉਠਦੀ ਹੈ ਉਹ ਅਸੂਲ ਇਨਸਾਫ਼ ਨੂੰ ਛਡ ਦੇਂਦਾ ਹੈ। ਲੋਭ ਚਲਦੇ ਕਾਰੋਬਾਰ ਵਿਚ ਦੋ ਭਾਈਵਾਲਾਂ ਨੂੰ ਨਖੇੜ ਦੇਂਦਾ ਹੈ, ਇਹ ਭਰਾਵਾਂ ਵਿਚ ਵੈਰ ਪੁਆ ਦੇਂਦਾ ਹੈ। ਇਸ ਦਾ ਇਲਾਜ ਇਕੋ ਹੀ ਹੈ, ਸ਼ੁਕਰ ਵਿਚ ਰਹੇ ਤੇ ਜੋ ਕੁਝ ਉਸਦੇ ਭਾਗ ਵਿਚ ਹੈ ਓਹੀ ਉਸ ਨੂੰ ਮਿਲ ਰਿਹਾ ਹੈ ਤੇ ਮਿਲਣਾ ਹੈ ਪਰ ਭਰੋਸਾ ਰਖੇ ਤੇ ਲੋਭ ਕਰਕੇ ਨੀਵੀਂ ਮਤ ਨਾ ਧਾਰਨ ਕਰੇ।

ਮੋਹ ਬਿਨਾਂ ਸੰਸਾਰ ਵਿਚ ਵਾਧਾ ਹੀ ਨਾ ਹੋਵੇ। ਮੋਹ ਕਰਕੇ ਅਸੀਂ ਸੰਤਾਨ ਨੂੰ ਪਾਲਦੇ ਪੋਸਦੇ ਹਾਂ ਭਾਵੇਂ ਉਹ ਅਗੋਂ ਸੁਖ ਦੇਣ ਦੀ ਥਾਂ ਦੁਖ ਦੇ ਕਾਰਨ ਹੀ ਭਾਵੇਂ ਬਨਣ ਪਰ ਲੋੜ ਤੋਂ ਵਧ ਮੋਹ ਖ਼ਰਾਬ ਕਰਦਾ ਹੈ। ਮੋਹ (ਫ਼ਰਜ਼) ਪੂਰਾ ਕਰਨਾ ਤਾਂ ਜ਼ਰੂਰੀ ਹੈ ਪਰ ਇਸ ਤੋਂ ਵਧ ਅਸਹਿ ਰੋਗ। (ਬ੍ਰਹਮ ਗਿਆਨੀ ਸੰਤ ਅਤਰ ਸਿੰਘ ਜੀ ਸਾਹਿਬ ਦੀ ਮਾਤਾ ਭੋਲੀ ਜੀ ਆਪ ਜੀ ਨੂੰ ਪੋਠੋਹਾਰ ਵਿਚ ਮਿਲਣ ਆਏ, ਆਪ ਜੀ ਨੇ ਉਠ ਕੇ ਸਤਿਕਾਰ ਕੀਤਾ ਚਰਨਾਂ ਤੇ ਮਥਾ ਟੇਕਿਆ ਤੇ ਕਿਹਾ, ਮਾਤਾ ਜੀ ਮੈਂ ਕੋਈ ਮਾੜਾ ਕੰਮ ਕਰ ਰਿਹਾ ਹਾਂ ? ਮਾਤਾ ਜੀ ਉਤਰ ਦਿਤਾ ਨਹੀਂ ਪੁਤ ਤੂੰ ਤਾਂ ਬਹੁਤ ਚੰਗੇ ਕੰਮ ਲਗਾ ਹੋਇਆ ਹੈਂ। ਪਾਸ ਰਹਿੰਦਿਆਂ ਮਾਤਾ ਜੀ ਨੇ ਇਕ ਦਿਨ ਘਰ ਵਾਪਸ ਜਾਣ ਨੂੰ ਕਿਹਾ ਕਿ ਹੁਣ ਦੂਜਾ ਪੁਤ੍ਰ ਤੇ ਉਸਦੇ ਬੱਚੇ ਯਾਦ ਆਉਂਦੇ ਹਨ। ਸੰਤ ਜੀ ਸਾਹਿਬ ਨੇ ਫ਼ਰਮਾਇਆ ਕਿ ਆਪ ਚਾਹੁੰਦੇ ਸਾਉ ਕਿ ਆਪ ਨੂੰ ਭੀ ਮੁਕਤੀ ਮਿਲੇ ਓਸ ਲਈ ਮਾਤਾ ਜੀ

Sri Satguru Jagjit Singh Ji eLibrary NamdhariElibrary@gmail.com

ਮੋਹ ਦਾ ਤਿਆਗਨਾ ਬਹੁਤ ਜ਼ਰੂਰੀ ਹੈ। ਆਪ ਸਾਰੇ ਪ੍ਰਵਾਰ ਵਿਚੋਂ ਪੁਤ੍ਰ ਪੋਤਰਿਆਂ ਦੀ ਪਿਆਰ ਭਾਵ ਨਾ ਕਢ ਲਵੋ ਤਾਂ ਹੀ ਮੁਕਤੀ ਮਿਲ ਸਕਦੀ ਹੈ।)

ਹੰਕਾਰ — ਸ਼ਾਸਤਰ ਨੇ ਇਸ ਨੂੰ ਅਖੀਰ ਵਿਚ ਰਖਿਆ ਹੈ। ਕਾਮ, ਕ੍ਰੋਧ, ਲੋਭ, ਮੋਹ ਇਕੱਲਾ ਇਕੱਲਾ ਜਾਂ ਦੋ ਤਿੰਨ ਚਾਰ ਨੂੰ ਜਿਤ ਲੈਣ ਵਾਲੇ ਕਈ ਹੋਏ ਪਰ ਅਖੀਰ ਇਸ ਨੇ ਆਕੇ ਡੇਗ ਲਏ। ਗੁਰੂ ਜੀ ਫ਼ਰਮਾਂਦੇ ਹਨ:-

ਹਉਮੈ ਨਾਵੈ ਨਾਲ ਵਿਰੋਧ ਹੈ ਦੋਇ ਨਾ ਬਸੈ ਇਕ ਠਾਇ ॥

ਹਉਮੈ ਰੋਗ ਮਾਨੁਖ ਕਉ ਦੀਨਾ ॥
ਹਉਮੈ ਦੀਰਘ ਰੋਗ ਹੈ ਦਾਰੂ ਭੀ ਇਸ ਮਾਹਿ ॥

ਅਸੀਂ ਕਿਤਨੇ ਬਚਨ ਹਉਮੈ ਭਰੇ ਕਹਿ ਜਾਂਦੇ ਹਾਂ ਕਿਉਂਕਿ ਸਾਨੂੰ ਆਦਤ ਪੈ ਗਈ ਹੈ, ਅਪਣੀ ਵਡਿਆਈ ਕਰਦੇ ਰਹਿਣ ਤੇ ਖਾਸ ਕਰਕੇ ਸੁਣਦੇ ਰਹਿਣ ਦੀ। ਉਹ ਅਨਭੋਲ ਅਵਸਥਾਂ ਇਤਨੀ ਪਰਪੱਕ ਹੋ ਜਾਂਦੀ ਹੈ ਕਿ ਫੇਰ ਓਸ ਤੋਂ ਪਿਛੇ ਹਟਣਾ ਔਖਾ ਹੋ ਜਾਂਦਾ ਹੈ। ਕਿਸੇ ਨਗਰ ਵਿਚ ਇਕ ਮਹਾਂ-ਪੁਰਸ਼ ਆਂ ਗਏ ਜੋ ਜੋਤਸ਼ ਭੀ ਜਾਣਦੇ ਸਨ। ਹਰ ਇਕ ਅਪਣੇ ਅਪਣੇ ਸ਼ੰਕੇ ਪੁਛੇ, ਇਕ ਓਸ ਨਗਰ ਦੇ ਰਹਿਣ ਵਾਲੇ ਭੀ ਸੰਤ ਬਣੇ ਹੋਏ ਸਨ ਉਹਨਾਂ ਨ ਪੁਛਿਆ, ਮਹਾਰਾਜ ਭਗਵਾਨ ਦੇ ਘਰ ਮੇਰੇ ਲਈ ਕੀ ਲਿਖਿਆ ਹੋਇਆ ਹੈ। ਮਹਾਂ-ਪੁਰਸ਼ਾਂ ਫ਼ਰਮਾਇਆ, ਆਪ ਲਈ ਸ੍ਵਰਗ ਹੈ ਤਾਂ ਸੰਤ ਜੀ ਬੋਲ ਉਠੇ ਦਣਾ ਨਹੀਂ ਸੂ, ਘਰ-ਬਾਰ ਛਡਿਆ, ਜ਼ਮੀਨ ਗੁਰਦਵਾਰੇ ਨਾਮ ਲਵਾਈ, ਅਠੋਂ ਪਹਿਰ ਉਸਦਾ ਨਾਮ ਜਾਪਕੇ ਹਾਂ। ਪਾਸ ਹੀ ਬੈਠੇ ਇਕ ਸਾਧਾਰਨ ਕਿਰਤੀ ਪਰ ਚੰਗੇ ਆਚਾਰ ਵਾਲੇ ਤੇ ਨਿਰਛੱਲ ਆਦਮੀ ਨੇ ਪੁਛਿਆ ਮਹਾਰਾਜ ਮੇਰੇ ਲੀਰ ਭਗਵਾਨ ਨੇ ਕੀ ਲਿਖਿਆ ਹੋਇਆ ਹੈ, ਮਹਾਂ-ਪੁਰਸ਼ਾਂ ਨੇ ਹਸਣ-ਰੇਖਾ ਵੇਖਕੇ ਕਿਹਾ ਕਿ ਆਪ ਲਈ ਨਰਕ ਹੈ ਉਹ ਸੁਣਕੇ ਖੁਸ਼ ਤਹੋ

Sri Satguru Jagjit Singh Ji eLibrary NamdhariElibrary@gmail.com

ਟਪਣ ਲਗ ਪਿਆ ਤੇ ਕਹੇ ਸ਼ੁਕਰ ਹੈ ਭਗਵਾਨ ਤੇਰਾ ਤੂੰ ਅਪਣੀ ਯਾਦ ਵਿਚ ਤਾਂ ਰਖਣ ਦੀ ਮੇਰੇ ਤੇ ਮਿਹਰ ਕੀਤੀ ਹੋਈ ਹੈ। ਕਹਾਵਤ ਹੈ ਕਿ ਹੰਕਾਰ ਕਰਨ ਵਾਲੇ ਸੰਤ ਨੂੰ ਨਰਕ ਮਿਲਿਆ ਤੇ ਸ਼ੁਕਰ ਕਰਨ ਵਾਲੇ ਕਿਰਤੀ ਗ੍ਰਿਹਸਤੀ ਨੂੰ ਸਵਰਗ ਮਿਲਿਆ ਹੰਕਾਰ ਤੇ ਸ਼ੁਕਰ ਨੇ ਫਲ ਬਦਲ ਦਿਤਾ।

ਸੋ ਸਿਮਰਨ ਤੇ ਸੇਵਾ ਵਿਚ ਲਗੇ ਰਹੋ। ਜਿਥੇ ਇਹ ਰੋਕਾਂ ਤੰਗ ਕਰਦੀਆਂ ਹੋਣ ਓਥ ਸਹਿਜ ਸੁਭਾ ਆਪ ਵਿਚ ਇਹ ਤਾਕਤਾਂ ਆਉਣ ਲਗ ਪੈਣਗੀਆਂ। ਨਿਧੀ, ਰਿਧੀ, ਸਿਧੀ, ਬੁਧੀ ਤੇ ਗਿਆਨ।

ਨਿਧੀ ਭਗਤ ਜਾਂ ਚੰਗਾ ਹੋ ਗਿਆ ਹੈ ਲੋਕਾਂ ਦਾ ਓਸਦੀ ਕਰਨੀ ਵੇਖਦਿਆਂ ਕਹਿਣ ਲਗ ਜਾਣਾ।

ਰਿਧੀ – ਮਾਇਆ ਬਸਤਰ ਸਹਿਜ ਸੁਭਾ ਲੋਕਾਂ ਦਾ ਓਸਨੂੰ ਦੇਣ ਲਗ ਪੈਣਾ।

ਇਹ ਦੋਵੇਂ ਚੀਜ਼ਾਂ ਦੀ ਪ੍ਰਾਪਤੀ ਪਿਛੋਂ ਭਾਗਾਂ ਵਾਲਾ ਹੀ ਅਗੇ ਨਿਕਲ ਜਾਂਦਾ ਹੈ ਜੋ ਵਡਿਆਈ ਪਰ ਹੰਕਾਰ ਨਹੀਂ ਕਰਦਾ ਤੇ ਮਿਲੀ ਹੋਈ ਜਾਂ ਇਕੱਠੀ ਕੀਤੀ ਹੋਈ ਮਾਇਆ ਪਰਉਪਕਾਰ ਪਰ ਲਾਈ ਜਾਂਦਾ ਹੈ ਵਰਨਾ ਬਹੁਤੇ ਏਥੇ ਹੀ ਡਿਗ ਪੈਂਦੇ ਹਨ। ਜਿਵੇਂ ਕਿਹਾ ਹੈ—

ਇਬਤਦਾਏ ਫ਼ਕੀਰੀ ਫ਼ਨਾ ਅਸਤ,
ਇਨਤਹਾਏ ਫ਼ਕੀਰੀ ਬਕਾ ਅਸਤ।

ਸਿਧੀ ਬਚਨ ਕਿਹਾ ਸਚ ਹੋ ਜਾਣਾ ਉਡਣੇ ਜਾਨਵਰ ਸ਼ੇਰ ਆਦਿਕ ਬਣ ਜਾਣ ਦੀਆਂ ਤਾਕਤਾਂ ਆ ਜਾਣੀਆਂ।

ਇਥੇ ਕੋਈ ਵਿਰਲਾ ਹੀ ਪੁਜਦਾ ਹੈ ਪਰ ਪੁਜ ਕੇ ਪ੍ਰਭਤਾ ਲਈ ਜਾਂ ਵਾਹ-ਵਾਹ ਲਈ ਲੋਕਾਂ ਨੂੰ ਪੁਤ੍ਰ ਦੇਣ ਲਗ ਪੈਣਾ, ਰਿਧੀ ਸਿਧ ਦੀਆਂ ਖੇਡਾਂ ਵਿਖਾ ਕੇ ਚੇਲਿਆਂ ਸ਼ਰਧਾਲੂਆਂ ਦੀ ਗਿਣਤੀ

Sri Satguru Jagjit Singh Ji eLibrary NamdhariElibrary@gmail.com

ਬਹੁਤੀ ਅਪਣੇ ਪਿਛੇ ਲਾਣ ਦੇ ਸੁਭਾਵ ਨਾਲ ਏਥੇ ਹੀ ਅਟਕੇ ਰਹਿਣਾ ਤੇ ਬਹੁਤੀ ਵਾਰੀ ਇਸ ਤੋਂ ਫੇਰ ਥਲੇ ਡਿਗ ਪੈਣਾਂ ਵਾਲੀ ਦਸ਼ਾ ਕਈਆਂ ਦੀ ਵੇਖੀਦੀ ਹੈ।

ਬੁਧੀ—ਪਿਛੇ ਅਗੇ ਦੀ ਨਿਗਾਹ ਖੁਲ੍ਹ ਜਾਣੀ ਅਪਣੇ ਪਿਛਲੇ ਜਨਮ ਦਾ ਪਤਾ ਆਦਿਕ ਹੋ ਜਾਣਾ।

ਗਿਆਨ—ਵਾਹਿਗੁਰੂ ਦੀ ਸ੍ਰਿਸ਼ਟੀ ਤੇ ਵਾਹਿਗੁਰੂ ਦਾ ਗਿਆਨ ਹੋਣਾ ਇਸ ਉਚ ਪਦਵੀ ਨੂੰ ਪਹੁੰਚਣ ਲਈ ਟੇਕ ਪਕੜਨੀ ਜ਼ਰੂਰੀ ਹੈ। ਟੇਕ ਗੁਰਬਾਣੀ ਤੇ ਗੁਰਮੁਖ ਦੀ ਲੋੜੀਂਦੀ ਹੈ। ਗੁਰਮੁਖ ਦੀ ਟੇਕ ਤੋਂ ਮੇਰੀ ਮੁਰਾਦ ਦੇਹ ਧਾਰੀ ਗੁਰੂ ਧਾਰਨਾ ਨਹੀਂ। ਗੁਰੂ ਗਰੰਥ ਸਾਹਿਬ ਜੀ ਮਹਾਰਾਜ ਦਾ ਸਹਾਰਾ ਲੈ ਕੇ ਕਈ ਗੁਰੂ ਬਣ ਬੈਠੇ ਹਨ, ਡੇਰੇ ਆਦਿਕ ਚਲਾ ਰਹੇ ਹਨ, ਇਹ ਦੁਕਾਨਦਾਰੀ ਹੈ। ਗੁਰੂ ਕੇਵਲ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਹੀ ਮੰਨਣਾ ਪਰ ਗੁਰੂ ਜੀ ਮਹਾਰਾਜ ਦੀ ਬਾਣੀ ਦੇ ਅਰਥ ਸਮਝਾਣ ਲਈ ਓਸਦਾ ਗਿਆਨ ਬੋਧ ਕਰਨ ਲਈ ਕਿਸੇ ਗੁਰਮੁਖ ਜੀ ਨੂੰ ਉਸਤਾਦ ਧਾਰਨਾ ਤੇ ਓਸ ਪਾਸੋਂ ਅਰਥ ਬੋਧ ਸਮਝਣਾ ਤੇ ਓਸ ਦੇ ਕੀਤੇ ਹੋਏ ਤਜਰਬੇ ਨਾਲ ਸਿਮਰਨ ਸੇਵਾ ਨੂੰ ਵਧਾਏ ਜਾਣਾ ਅਤਿ ਜ਼ਰੂਰੀ ਹੈ। ਓਸਦਾ ਪੂਰਨ ਸਤਿਕਾਰ, ਓਸਦੇ ਹੁਕਮ ਦੀ ਪਾਲਣਾ ਕਰਕੇ ਓਸਦੀ ਖੁਸ਼ੀ ਹਾਸਲ ਕਰਨੀ ਭੀ ਅਤਿ ਜ਼ਰੂਰੀ ਹੈ। ਜਿਵੇਂ ਵਿਦਿਆਰਥੀ ਅਪਣੇ ਮਾਸਟਰ ਦੀ ਤੇ ਕਾਰੀਗਰੀ ਸਿਖਣ ਵਾਲਾ ਅਪਣੇ ਉਸਤਾਦ ਦੀ ਖੁਸ਼ੀ ਪ੍ਰਾਪਤ ਕਰਕੇ ਹੀ ਕੁਝ ਸਿਖ ਸਕਦਾ ਹੈ ਤੇ ਤਰੱਕੀ ਕਰ ਸਕਦਾ ਹੈ।

ਸਿਮਰਨ ਕਰਦਿਆਂ ਪਹਿਲੋਂ ਬੁਲ ਹਿਲਾਈ ਜਾਣੇ ਹਨ ਤੇ ਮੁਖੋਂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਕਰੀ ਜਾਣਾ ਹੈ ਇਸ ਤੋਂ ਅਗਲੀ ਦਸ਼ਾ ਹੈ ਮਧੱਮਾ ਇਸ ਅਨੁਸਾਰ ਮੂੰਹ ਬੰਦ ਰਹਿੰਦਾ ਹੈ ਤੇ ਅੰਦਰੋਂ ਜੀਭ ਵਾਹਿਗੁਰੂ ਵਾਹਿਗੁਰੂ ਕਹੀ ਜਾਂਦੀ ਹੈ। ਇਸ ਤੋਂ ਅਗਲਾ ਦਰਜਾ ਹੈ ਬਸੰਤੀ ਓਸ ਸਮੇਂ ਭਗਤ ਸ੍ਵਾਸਾਂ

Sri Satguru Jagjit Singh Ji eLibrary NamdhariElibrary@gmail.com

ਨਾਲ ਸਿਮਰਨ ਕਰੀ ਜਾਂਦਾ ਹੈ ਕੋਈ ਸ੍ਵਾਸ ਭੀ ਖਾਲੀ ਨਹੀਂ ਜਾਂਦਾ, ਗਲਾਂ ਬਾਤਾਂ ਕਰਦਾ ਫਿਰਦਾ ਟੁਰਦਾ ਖਾਂਦਾ ਸੁਤਾ ਜਾਗਦਾ ਭੀ। ਆਖਰੀ ਤੇ ਉਤਮ ਦਰਜੇ ਨੂੰ ਪਰਾ ਆਖਦੇ ਹਨ ਜਿਸ ਦਸ਼ਾ ਵਿਚ ਧਿਆਨ ਨਾਲ ਹੀ ਸਿਮਰਨ ਹੋਈ ਜਾਂਦਾ ਹੈ।

ਗੁਰਮੁਖ ਰੋਮ ਰੋਮ ਹਰਿ ਧਿਆਵੈ ॥ (ਗੁਰਬਾਣੀ)

ਦਾਨਾਵਾਂ ਨੇ ਇਸ ਦਾ ਵਿਸਥਾਰ ਇਸ ਤਰ੍ਹਾਂ ਭੀ ਕੀਤਾ ਹੈ .—

ਵ ਹ ਗ ਰ

ਹਵਾ–ਹਿਰਦੇ ਵਿਚ, ਗਲੇ ਵਿਚ, ਜ਼ਬਾਨ ਤੇ
ਧੁਨ ਮੇ ਧਿਆਨ ਧਿਆਨ ਮੇ ਜਾਤਾ ॥ (ਗੁਰਬਾਣੀ)

ਅਸੀਂ ਵਾਹਿਗੁਰੂ ਵਿਚ ਸਮਾਨ ਵਾਸਤੇ ਇਹ ਸਭ ਕੁਝ ਕਰਦੇ ਹਾਂ। ਕਿਸੇ ਗੁਣੀ ਦੀ ਸੰਗਤ ਗੁਣਾਂ ਦੀ ਪ੍ਰਾਪਤੀ ਵਾਸਤੇ ਕੀਤੀ ਜਾਂਦੀ ਹੈ ਤੇ ਰੀਸ ਕਰਨ ਦਾ ਇਨਸਾਨ ਵਿਚ ਕੁਦਰਤੀ ਸੁਭਾਉ ਹੈ ਸੋ ਸਾਨੂੰ ਭੀ ਉਸ ਮਹਾਨ ਸਰਵ ਵਿਆਪਕ ਗੁਣਾਂ ਦੇ ਭੰਡਾਰ ਦੇ ਗੁਣ ਧਾਰਨੇ ਹਨ। ਉਹ ਨਿਰਵੈਰ ਹੈ, ਓਹ ਨਿਰਭਉ ਹੈ, ਅਸੀਂ ਭੀ ਪਹਿਲੋਂ ਨਿਰਵੈਰ ਤੇ ਨਿਰਭਉ ਬਣੀਏ। ਆਦਮੀ ਮੋਹਤਾਜ ਹੈ ਤੇ ਉਹ ਬੇ-ਮੋਹਤਾਜ ਗਨੀ ਹੈ। ਉਹ ਅਗੰਜ, ਅਭੰਜ, ਅਲੱਖ, ਅਭੱਖ, ਅਕਾਲ, ਦਯਾਲ, ਅਲੇਖ, ਅਭੇਖ, ਅਨਾਮ, ਅਕਾਮ, ਅਗਾਹ, ਅਢਾਹ, ਅਜੋਨੀ, ਅਮੋਨੀ, ਉਹ ਸਭ ਕੁਝ ਹੀ ਹੈ ਪਰ ਅਸੀਂ ਕਿਥੇ ਹਾਂ। ਸਾਡੀ ਸਭ ਤੋਂ ਵਡੀ ਕਮਜ਼ੋਰੀ ਸਾਡੇ ਵਿਚ ਸਵਾਰਥ, ਈਰਖਾ ਤੇ ਦਵੈਸ਼ ਹੈ ਤੇ ਇਹ ਤਿਆਗ ਕੇ ਹੀ ਅਸੀਂ ਵਾਹਿਗੁਰੂ ਦੀ ਸੋਹਬਤ ਵਿਚ ਸਫਲ ਹੋ ਸਕਦੇ ਹਾਂ। ਸਾਨੂੰ ਮਨ ਵਿਚ ਸ਼ਰਧਾ ਤੇ ਭਾਉ ਲਿਆਕੇ ਹੀ ਅਗੇ ਤਰੱਕੀ ਦੀ ਸੀਹੜੀ ਚੜ੍ਹਨ ਨੂੰ ਦਿਸੇਗੀ ਚੜ੍ਹਨਾ ਤਾਂ ਪੂਰਬਲੇ ਚੰਗੇ ਭਾਗਾਂ ਕਰਕੇ ਜਾਂ

Sri Satguru Jagjit Singh Ji eLibrary NamdhariElibrary@gmail.com

ਗੁਰੂ ਦੀ ਮਿਹਰ ਕਰਕੇ ਹੋਵੇਗੀ।

ਹਰਿ ਹਰਿ ਕਰਹਿ ਨਿਤ ਕਪਟ ਕਮਾਵਹਿ ਹਿਰਦਾ ਸੁਧ ਨ ਹੋਈ ॥
ਅਨ ਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖ ਨ ਹੋਈ ॥
(ਸੂਹੀ ਮ: ੪)

ਹਿਰਦੇ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ॥
ਅੰਤਰਿ ਲੋਭ ਮਹਾ ਗੁਬਾਰਾ ਤੁਹ ਕੂਟੈ ਦੁਖ ਪਾਇ ॥

ਸੋ ਹੇ ਜੀਵ ਸੰਗਤ ਵਧਾਈ ਤੇ ਕੁਸੰਗਤ ਘਟਾਈ ਜਾ, ਲਗਾ ਰਹੋ ਮਿਹਰ ਮੰਗਦਾ ਰਹੋ:-

ਊਤਮ ਸੰਗਤ ਊਤਮ ਹੋਵੈ ॥
ਗੁਣ ਕੋ ਧਾਵੈ ਅਵਗੁਣ ਧੋਵੈ ॥

ਵਾਹਿਗੁਰੂ ਦੇ ਗੁਣਾਂ ਨੂੰ ਜਾਣ ਲਉ ਉਹੀ ਗੁਣ ਆਪਣੇ ਵਿਚ ਧਾਰਨ ਕਰੋ। ਉਠਦਿਆਂ ਬਹਿੰਦਿਆਂ ਅਪਣੇ ਮਿਤ੍ਰ ਪ੍ਰਾਣ ਅਧਾਰ ਨੂੰ ਯਾਦ ਰਖੋ ਓਸ ਦੇ ਦਰਬਾਰ ਵਿਚ ਕਬੂਲੇ ਜਾਣ ਲਈ ਮਿਤ੍ਰ ਦੇ ਹਰਗੁਣ ਅਪਣੇ ਅਮਲ ਵਿਚ ਲਿਆਓ ਏਹੀ ਲਿਵ ਹੈ ਓਸ ਦੇ ਕਰਮ ਇਹ ਹਨ:-

'ਗੁਰ ਕੀ ਕਾਰ ਕਮਾਵਨੀ ਭਾਈ ਆਪ ਛੋਡਿ ਚਿਤੁ ਲਾਇ ॥
ਸਦਾ ਸਹਜ ਫਿਰ ਦੁਖ ਨ ਲਗਈ ਭਾਈ ਹਰਿ ਵਸੈ ਮਨ ਆਇ ॥

ਏਸ ਮਾਰਗ ਵਿਚ: -

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

ਤੇ ਨਬੇੜਾ ਹੋਣਾ ਹੈ:

ਪੜ੍ਹੇ ਸੁਣੇ ਜੋ ਧਰੇ ਧਿਆਨ ਤਿਸਨੋ ਉਪਜੇ ਬ੍ਰਹਮ ਗਿਆਨ ॥
ਗੁਰਸਿਖੀ ਦਾ ਕਰਮ ਇਹ ਗੁਰ ਫ਼ਰਮਾਇ ਗੁਰਸਿਖ ਕਰਨਾ ॥

ਸੋ ਗੁਰੂ ਦੇ ਪਿਆਰਿਓ ਸਿਮਰਨ ਕਰਨਾ ਜ਼ਰੂਰੀ ਹੈ।

Sri Satguru Jagjit Singh Ji eLibrary NamdhariElibrary@gmail.com

ਸਿਮਰਨ ਕਰਨ ਨਾਲ ਜਨਮ ਜਨਮ ਦੀ ਮੈਲ ਉਤਰ ਜਾਏਗੀ। ਸਿਮਰਨ ਕਰਨ ਨਾਲ ਮਨ ਵਿਚ ਨਿਰਭੈਤਾ ਤੇ ਨਿਰਵੈਰਤਾ ਆਵੇਗੀ। ਸਿਮਰਨ ਕਰਨ ਨਾਲ ਵਾਹਿਗੁਰੂ ਦੀ ਬਖਸ਼ਿਸ਼ ਦੀ ਪ੍ਰਾਪਤੀ ਹੋਵੇਗੀ ਤੇ ਸਾਡਾ ਜਨਮ ਮਰਨ ਕਟਿਆ ਜਾਵੇਗਾ। ਈਰਖਾ ਦਵੈਤ ਤੋਂ ਅਵੱਸ਼ ਬਚੋ। ਸਭ ਤੋਂ ਵੱਡਾ ਰੋਗ ਹੈ ਅਪਣੇ ਗੁਣ ਤੇ ਦੂਜੇ ਦੇ ਔਗੁਣ ਵੇਖਣੇ। ਗੁਰੂ ਜੀ ਫ਼ਰਮਾਂਦੇ ਹਨ:-

ਜੇ ਤੂੰ ਅਕਲ ਲਤੀਫ਼ ਹੈਂ ਕਾਲੇ ਲਿਖ ਨ ਲੇਖ ॥
ਆਪਨੜੇ ਗਿਰੇਬਾਨ ਮੇਂ ਸਿਰ ਨੀਵਾਂ ਕਰ ਵੇਖ ॥
(ਗੁਰਬਾਣੀ)

ਇਕ ਕਵੀ ਕਹਿੰਦਾ ਹੈ:—

ਇਕ ਇਕ ਕੇ ਗੁਨਾਹ ਪੇ ਨਿਗਾਹ ਹੈ ਤੇਰੀ ।
ਯੇ ਤੇਰਾ ਗੁਨਾਹ ਕਮ ਨਹੀਂ ਹੈ ਜ਼ਾਹਦ।

ਸਾਡੀ ਹਾਲਤ ਤਾਂ ਇਹ ਹੈ:—

ਰਹੇ ਦੇਖਤੇ ਔਰੋਂ ਕੇ ਐਬੋ ਹੁਨਰ,
ਪੜੀ ਅਪਣੀ ਖਰਾਬੀਓਂ ਪਰ ਜੋ ਨਜ਼ਰ,
ਤੋ ਨਿਗਾਹ ਮੇਂ ਕੋਈ ਬੁਰਾ ਨ ਰਹਾ।

ਸੋ ਸਿਮਰਨ ਦੀ ਪਹਿਲੀ ਪਉੜੀ ਸਵਾਰਥ, ਈਰਖਾ ਦਵੈਸ਼ ਛਡਣੀ ਹੈ ਤੇ ਦੂਜੀ ਗੁਰੂ ਮਹਾਰਾਜ ਦੇ ਚਰਨਾਂ ਦਾ ਵਿਸ਼ਵਾਸ ਵਧਾਣਾ ਹੈ, ਤੀਜੀ ਗੁਰਬਾਣੀ ਤੇ ਗੁਰਮੁਖ ਦੀ ਟੇਕ ਹੈ, ਉਦਮ ਵਧਾਈ ਜਾਣਾ ਹੈ ਤੇ ਪੰਜਵੀਂ ਭਰੋਸੇ ਤੇ ਸ਼ੁਕਰ ਵਿਚ ਹਰ ਹਾਲਤ ਵਿਚ ਰਹਿਣ ਦੀ ਆਦਤ ਪਾਣਾ ਹੈ।

ਸੇਵਾ ਤੇ ਸਿਮਰਨ ਇਕਠੇ ਹੀ ਅਸਲ ਵਿਚ ਫਲਦੇ ਹਨ ਤੇ ਅਕਾਲ ਪੁਰਖ ਸੇਵਕ ਦਾ ਦਰਜਾ ਵਧਾਂਦਾ ਹੈ। ਪਰ ਸੇਵਕ ਬਨਣਾ ਹੀ ਔਖਾ ਹੈ ਤੇ ਸਿਮਰਨ ਵਲ ਲਗਨਾ ਹੀ ਔਖਾ ਹੈ। ਹਾਂ ਮੇਹਰਾਂ

Sri Satguru Jagjit Singh Ji eLibrary NamdhariElibrary@gmail.com

ਮੰਗਦੇ ਰਹੋ ਉਹ ਆਪ ਦਿਆਲੂ ਹੈ ਸੇਵਾ ਸਿਮਰਨ ਦੀ ਦਾਤ ਬਖਸ਼ੇਗਾ।

ਕਲਗੀਧਰ ਜੀ ਮਹਾਰਾਜ ਨੇ ਫਰਮਾਇਆ ਸੀ ਭਾਈ ਜੋਗਾ ਸਿੰਘ ਜਿਤਨੇ ਪ੍ਰੇਮ ਨਾਲ ਭਾਂਡੇ ਮਾਂਜੇਗਾ ਉਤਨੀ ਜਲਦੀ ਤੇਰਾ ਮਨ ਮਾਂਜਿਆ ਜਾਂਵੇਗਾ।

ਸੇਵਕ ਕਉ ਪ੍ਰਭ ਪਾਲਣ ਹਾਰਾ ਸੇਵਕ ਕੀ ਰਾਖੇ ਨਿਰੰਕਾਰਾ॥
ਅਪਨੇ ਜਨ ਕਾ ਪਰਦਾ ਢਾਕੈ ਆਪਨੇ ਸੇਵਕ ਕੀ ਸਰਪਰ ਰਾਖੈ॥
ਅਪਨੇ ਦਾਸ ਕਉ ਦੇਇ ਵਡਾਈ ਅਪਨੇ ਸੇਵਕ ਕੋ ਨਾਮੁ ਜਪਾਈ॥
ਮਨ ਬੇਚੇ ਸਤਿਗੁਰ ਕੇ ਪਾਸ ਤਿਸ ਸਵਕ ਕੇ ਕਾਰਜ ਰਾਸ॥
ਸੇਵਾ ਕਰਤ ਹੋਤ ਨਿਹਕਾਮੀ ਤਿਸ ਕੋ ਹੋਤ ਪ੍ਰਾਪਤ ਸਵਾਮੀ॥
ਸੇਵਕ ਕੋ ਸੇਵਾ ਬਨ ਆਈ ਹੁਕਮੁ ਬੂਝਿ ਪਰਮ ਪਦੁ ਪਾਈ॥

ਸੋ ਸੇਵਾ ਵਿਚ ਲਗ ਜਾਣ ਵਾਲ ਨੂੰ ਉਹ ਆਪੇ ਰਾਹੇ ਪਾਈ ਜਾਂਦਾ ਹੈ ਓਸਦੀ ਪ੍ਰਿਤਪਾਲਨਾ ਕਰਦਾ, ਇਜ਼ਤ ਵਧਾਂਦਾ, ਤੇ ਓਸ ਨੂੰ ਨਾਮ ਭੀ ਜਪਾਣ ਦੀ ਮੇਹਰ ਕਰਦਾ ਹੈ।

ਗੁਰਸਿਖੋ ਨਿਸ਼ਕਾਮ ਸੇਵਾ ਵਿਚ ਮਸਤ ਰਹਿੰਦੇ ਹੋਏ:—

ਸਿਮਰਨ ਵਧਾਓ ਤੇ ਨਿਸ਼ਕਾਮ ਸੇਵਾ ਕਰਦੇ ਜਾਓ। ਬੜੀਆਂ ਬਖਸ਼ਿਸ਼ਾਂ ਹੋਣਗੀਆਂ। ਬਰਕਤਾਂ ਮਿਲਣਗੀਆਂ ਲੋਕ ਪ੍ਰਲੋਕ ਸਵਰੇਗਾ। ਫੇਰ :—

‘ਜਿਨ ਸੇਵਿਆ ਤਿਨ ਪਾਇਆ ਮਾਨ,
ਨਾਨਕ ਗਾਵੀਐ ਗੁਨੀ ਨਧਾਨ।’
ਰਸਨਾ ਨਾਮ ਸਭ ਕੋਈ ਕਹੈ,
ਸਤਿਗੁਰੁ ਸੇਵੇ ਤਾ ਨਾਮ ਲਹੈ॥
ਬੰਧਨ ਤੋੜੇ ਮੁਕਤਿ ਘਰਿ ਰਹੈ,
ਗੁਰ ਸਬਦੀ ਅਸਥਿਰੁ ਘਰਿ ਬਹੈ॥’

ਭਗਤੀ ਸ਼ੁਭ ਗੁਣ ਧਾਰਨ ਬਿਨਾਂ ਨਹੀਂ ਹੁੰਦੀ, ਤੇ ਨਿਸ਼ਕਾਮ ਸੇਵਾ ਬਿਨਾਂ ਨਹੀਂ ਫਲਦੀ—

Sri Satguru Jagjit Singh Ji eLibrary NamdhariElibrary@gmail.com

'ਵਿਣੁ ਗੁਣ ਕੀਤੇ ਭਗਤ ਨਾ ਹੋਇ ॥'

ਤੇ ਗੁਣ ਸਾਰੇ ਵਾਹਿਗੁਰੂ ਦੀ ਦਾਤ ਹਨ ਇਸ ਕਾਰਨ ਹਰ ਵੇਲੇ ਗੁਣਾਂ ਦੀ ਦਾਤ ਵਾਸਤੇ ਅਰਦਾਸ ਬਣੀ ਰਹੇ। ਸਿਮਰਨ ਦੇ ਨਾਲ ਨਾਲ ਜਿਵੇਂ-ਜਿਵੇਂ ਗੁਣ ਵਸਦੇ ਜਾਣਗੇ, ਬਿਰਤੀ ਸੇਧ ਵਿਚ ਆਉਂਦੀ ਜਾਏਗੀ। ਅਖੀਰ ਛਲਿਆਂ ਵਾਲੇ ਜੰਦਰੇ ਵਾਂਗ, ਜਿਹਦੇ ਉਤੇ ਹਰਫ਼ ਲਿਖੇ ਹੁੰਦੇ ਹਨ ਤੇ ਖਾਸ ਲਫ਼ਜ਼ਾਂ ਨੂੰ ਇਕ ਸੇਧ ਵਿਚ ਕਰਨ ਨਾਲ ਉਹ ਖੁਲ੍ਹ ਜਾਂਦਾ ਹੈ, ਨਾਮ ਦਾ ਪ੍ਰਕਾਸ਼ ਹੋ ਆਵੇਗਾ। ਗੁਰੂ ਜੀ ਬਾਹੁੜੀ ਕਰਦੇ ਹਨ। ਆਪ ਦਰਸ਼ਨ ਦੇ ਕੇ ਸਿਖ ਨੂੰ ਨਿਹਾਲ ਕਰਦੇ ਹਨ। ਉਸ ਵੇਲੇ ਇਹ ਹਾਲਤ ਹੁੰਦੀ ਹੈ -

'ਗੁਰਾ ਇਕ ਦੇਇ ਬੁਝਾਈ, ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ।'

ਯਾਦ ਰਹੈ—ਗੁਰਬਾਣੀ, ਜੋ ਗੁਰੂ ਰੂਪ ਹੈ—ਦਾ ਆਸਰਾ ਹੀ ਕਾਮਯਾਬੀ ਬਖ਼ਸ਼ਦਾ ਹੈ। ਗੁਰਬਾਣੀ ਦੇ ਆਸਰੇ ਬਿਨਾਂ ਬਹੁਤੇ ਗਿਰਦੇ ਹਨ ਅਰ ਬਹੁਤ ਬੁਰੀ ਤਰ੍ਹਾਂ ਗਿਰਦੇ ਹਨ। ਗੁਰਬਾਣੀ ਭੀ ਤਾਂ ਜਾਪ ਹੀ ਹੈ। ਪਰ ਜਦੋਂ ਮਨ ਪਾਠ ਕਰਨ ਤੋਂ ਉਕਤਾਏ ਸਿਮਰਨ ਲਗ ਪੈਣਾ ਚਾਹੀਦਾ ਹੈ। ਸੇਵਾ ਕਰਦੇ ਰਹਿਨਾ ਇਸ ਦੀ ਸਫਲਤਾ ਲਈ ਬਹੁਤ ਜ਼ਰੂਰੀ ਹੈ।

ਆਪ ਪੜ੍ਹ ਆਏ ਹੋ ਕਿ ਬ੍ਰਹਮ ਗਿਆਨੀ ਸੰਤ ਗੁਰਮੁਖ ਸਿੰਘ ਜੀ ਨੇ ਏਹ ਪੰਜ ਕਾਮ, ਕਰੋਧ, ਲੋਭ, ਮੋਹ, ਤੇ ਹੰਕਾਰ ਜਿਤੇ ਪਰ ਅਲਪ ਅਹਾਰ ਤੇ ਕਠਨ ਤੱਪ ਕੀਤੇ ਆਪ ਨੇ ਮੁਰਸ਼ਦ ਭਜਨ ਗਿਆਨ ਦੇਣ ਸਮਝਾਨ ਵਾਲੇ ਦੀ ਅਤੁਟ ਸੇਵਾ ਕੀਤੀ ਆਗਯਾ ਦਾ ਪਾਲਣ ਕਰਕੇ ਹਰ ਤਰ੍ਹਾਂ ਉਨ੍ਹਾਂ ਦੀ ਪ੍ਰਸੰਨਤਾ ਪ੍ਰਾਪਤ ਕੀਤੀ ਤਦ ਕਿਤਨੇ ਵਡੇ ਮੁਰਾਤਬੇ ਤੇ ਪੋਜ ਪਰ ਹਥੀਂ ਪੈਰੀਂ ਸੇਵਾ ਕਰਨ ਨੂੰ ਸਭ ਤੋਂ ਪਹਿਲੋਂ ਮੁਖ ਜਾਣਿਆ ਜਿਥੇ ਗਏ ਝਾੜੂ ਦੇਣ ਤੋਂ ਕਾਰਜ ਸ਼ੁਰੂ ਕੀਤਾ ਤੇ ਸਾਰੀਆਂ ਸ਼ਕਤੀਆਂ ਨਿਧੀ ਰਿਧੀ ਸਿਧੀ ਬੁਧੀ ਤੇ ਗਿਆਨ ਪ੍ਰਾਪਤ ਕੀਤਾ।

Sri Satguru Jagjit Singh Ji eLibrary NamdhariElibrary@gmail.com

ਇਕ ਸੇਵਕ ਨਾਲ ਕੀਤੇ ਸਮਝਾਏ ਗੋਇ ਬੱਚਨ

ਸੂਹੀ ਮਹਲਾ ੫

ਭਾਗਠੜੇ ਹਰਿ ਸੰਤ ਤੁਮਾਰੇ ਜਿਸ ਘਰਿ ਧਨੁ ਹਰਿ ਨਾਮਾ ॥ ਪਰਵਾਣੁ ਗਣੀ ਸੋਈ ਇਹ ਆਏ ਸਫਲ ਤਿਨਾ ਕੇ ਕਾਮਾ ॥ ਮੇਰੇ ਰਾਮ ਜਨ ਕੈ ਹਉ ਬਲਿ ਜਾਈ ॥ ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥੧॥ ਰਹਾਉ ॥ ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰ-ਉਪਕਾਰੀ ਆਏ ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥ ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ ॥ ਸਚਾ ਸੁਖੁ ਸਚੀ ਵਡਿਆਈ ਜਿਸਕੇ ਸੇ ਤਿਨਿ ਜਾਤੇ ॥੩॥ ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥ ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥੪॥

ਸੰਤ ਬਾਬਾ ਗੁਰਮੁਖ ਸਿੰਘ ਜੀ ਬਾਰੇ ਮੈਂ ਕੁਛ ਭੀ ਨਹੀਂ ਸੀ ਲਿਖਾਨਾ ਚਾਹੁੰਦਾ ਪਰ ਆਪ ਜੀ ਦੇ ਵਿਚਾਰ ਸੁਣਕੇ ਮੰਨ ਬਣਾ ਲਿਆ ਹੈ ਕਿ ਜੋ ਕੁਛ ਮੇਰੇ ਪਾਸ ਲਿਖਿਆ ਹੋਇਆ ਪਿਆ ਹੈ ਲਿਖਾ ਦੇਂਦਾ ਹਾਂ ਪਰ ਸ਼ਰਤ ਇਹ ਹੈ ਕਿ ਮੇਰਾ ਨਾਮ ਮੁਕਾਮ ਨ ਛਪੇ(ਇਤਨਾ ਲਿਖ ਦੇਣਾ ਕਾਫੀ ਹੈ ਆਪ ਬਾਰਾਂ ਸੌ ਰੁਪਏ ਦੀ ਚੰਗੀ ਨੌਕਰੀ ਵਿਚ ਹੁੰਦੇ ਸਨ ਤੇ ਹਰ ਮਹੀਨੇ ਬਾਬਾ ਜੀ ਨੂੰ ੬੦੦) ਸੇਵਾ ਲਈ ਹਾਜ਼ਰ ਕਰ ਦਿਆ ਕਰਦੇ ਸਨ)ਬਾਬਾ ਜੀ ਦੇ ਪਿਤਾ ਦਾ ਨਾਮ ਬਾ: ਕਰਮ ਸਿੰਘ ਮਾਤਾ ਜੀ ਦਾ ਨਾਮ ਗੁਰਦੇਈ ਜੀ,ਆਪਦੇ ਤਾਇਆ

Sri Satguru Jagjit Singh Ji eLibrary NamdhariElibrary@gmail.com

ਜੀ ਬਾਬਾ ਮਾਨ ਸਿੰਘ ਜੀ ਤੇ ਦਾਦਾ ਬਾਬਾ ਜੱਸਾ ਸਿੰਘ ਜੀ ਸਨ। ਪਟਿਆਲੇ ਆਪ ਨੇ ਸ: ਚਤਰ ਸਿੰਘ ਦੇ ਚੁਬਾਰੇ ਨਿਵਾਸ ਕੀਤਾ ਸੰਤ ਸਾਧੂ ਸਿੰਘ ਜੀ ਨਾਲ ਪ੍ਰੇਮ ਹੋ ਗਿਆ ਫਿਰ ਦੋਵੇਂ ਹੀ ਇਕ ਮਹਾਤਮਾ ਪਿੰਡ ਵਡੀ ਦਾਵਨ ਜੋ ਪਟਿਆਲੇ ਤੋਂ ਪ ਮੀਲ ਪਾਸ ਜਾਨ ਲਗ ਪਏ ਆਪ ਦੇ ਨਾਲ ਸ: ਚਤਰ ਸਿੰਘ ਸ: ਤਾਰਾ ਸਿੰਘ ਭੀ ਜਾਂਦੇ ਸਨ। ਫਿਰ ਭਦੌੜੀ ਵਾਲੇ ਸੰਤਾਂ ਦੇ ਦਰਸ਼ਨ ਹੋਏ ਤੇ ਉਨ੍ਹਾਂ ਪਾਸ ਟਿਕਕੇ ਸੇਵਾ ਭੀ ਕਰਦੇ ਰਹੇ।

ਸੰਤ ਸਾਧੂ ਸਿੰਘ ਜੀ ਦੇ ਪਿਤਾ ਜੀ ਦਾ ਨਾਮ ਥਾਨੇਦਾਰ ਪ੍ਰੇਮ ਸਿੰਘ ਜੀ ਮਾਤਾ ਗੁਲਾਬ ਕੌਰ ਜੀ ਸੀ ਜਨਮ ਸ਼ਾਹਬਾਦ ਜ਼ਿਲਾ ਕਰਨਾਲ ਦਾ ਹੈ ਆਪ ਬਹੁਤ ਚਿਰ ਸ਼ਾਹਬਾਦ ਪੜ੍ਹਦੇ ਰਹੇ ਪਰ ਅਠਵੀਂ ਜਮਾਤ ਅੰਬਾਲੇ ਪਾਸ ਕੀਤੀ—ਆਪ ਦੀ ਸ਼ਾਦੀ ਪਟਿਆਲੇ ਹੋਈ ਸਪਤਨੀ ਦਾ ਨਾਮ ਹਰਨਾਮ ਕੌਰ ਸੀ ਜੋ ਸ਼ਾਦੀ ਤੋਂ ਥੋੜੀ ਦੇਰ ਪਿਛੋਂ ਚੜ੍ਹਾਈ ਕਰ ਗਈ ਆਪ ਨ ਦਸਰੀ ਸ਼ਾਦੀ ਕਰਨ ਤੋਂ ਇਨਕਾਰ ਕਰ ਦਿਤਾ।

ਮੇਰੇ ਪਿਤਾ ਜੀ ਨੂੰ ਹਿਕਮਤ ਤੇ ਜੋਤਿਸ਼ ਦਾ ਸ਼ੌਕ ਸੀ ਇਕ ਵਾਰੀ ਇਕ ਮਸ਼ਹੂਰ ਜੋਤਸ਼ੀ ਸ੍ਰੀ ਅੰਮ੍ਰਿਤਸਰ ਆਇਆ ਪਿਤਾ ਜੀ ਨੇ ਉਸਨੂੰ ਆਪਣੀ ਜਨਮ ਪਤ੍ਰੀ ਵਿਖਾਈ ਉਸ ਨੇ ਬਹੁਤ ਕੁਛ ਠੀਕ ਦਸਿਆ ਜੋ ਬੀਤ ਚੁਕਾ ਸੀ ਤੇ ਏਹ ਭੀ ਦਸਿਆ ਭਾਗਾਂ ਵਾਲ ਹੋ ਆਪ ਨੂੰ ਇਸ ਜਨਮ ਵਿਚ ਤਰਕਾਲ ਦਰਸੀ ਪੂਰਨ ਸੰਤ ਦੇ ਦਰਸ਼ਨ ਹੋਣਗੇ। ਸੋ ਪਿਤਾ ਜੀ ਨੂੰ ਸ਼ੌਕ ਹੋ ਗਿਆ ਸਾਧੂ ਸੰਤ ਦੀ ਸੇਵਾ ਦਰਸ਼ਨ ਕਰਨ ਦਾ। ਉਨ੍ਹਾਂ ਵਕਤਾਂ ਵਿਚ ਲੋਕ ਰੂਹਾਂ ਬੁਲਾਕੇ ਗਲਾਂ ਪੁਛਦੇ ਸਨ ਘੜੇ ਉਪਰ ਹੱਥ ਰਖਕੇ ਬੈਠ ਜਾਂਦੇ ਤੇ ਰਹ ਆਕੇ ਕਛ ਗਲਾਂ ਦਸਦੀ। ਪਿਤਾ ਜੀ ਆਪਣੇ ਜਾਂ ਕਿਸੇ ਦੇ ਘਰ ਜੇਹੜੀ ਰੂਹ ਔਂਦੀ ਉਸ ਨੂੰ ਏਹੀ ਸਵਾਲ ਕਰਦੇ ਕਿ ਇਸ ਵੇਲੇ ਤਰਕਾਲ ਦਰਸੀ ਕੋਈ ਸੰਤ ਹਨ ਤੇ ਕਿਥੇ ਹਨ। ਇਕ ਚੰਗੀ ਰੂਹ ਨੇ ਦਸਿਆ ਕਿ ਅਜ ਕਲ ਅੰਮ੍ਰਿਤਸਰ ਵਿਚ ਹੀ ਹਨ

Sri Satguru Jagjit Singh Ji eLibrary NamdhariElibrary@gmail.com

ਜਦੋਂ ਅਧੀ ਰਾਤ ਨੂੰ ਦਰਬਾਰ ਸਾਹਿਬ ਦਾ ਦਰਵਾਜ਼ਾ ਖੁਲ੍ਹਦਾ ਹੈ ਉਹ ਅੰਦਰ ਜਾਕੇ ਉਪਰ ਕੋਠੇ ਦੇ ਛਲਾਨੇ ਪਾਸੇ ਦੀ ਬਾਰੀ ਵਲ ਬੈਠਕੇ ਕੀਰਤਨ ਸੁਣਦੇ ਹਨ ਪਟਿਆਲੇ ਵਾਲੇ ਕਹਿਲਾਂਦੇ ਹਨ ਨਹਿਰ ਤੇ ਕੁਤਿਆਂ ਕਾਵਾਂ ਨੂੰ ਰੋਟੀਆਂ ਪਾਂਦੇ ਹਨ ਤੇ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਝਾੜੂ ਦੇਣ ਦੀ ਸੇਵਾ ਕਰਦੇ ਹਨ।

ਪਿਤਾ ਜੀ ਘੜੀ ਨੂੰ ਅਲਾਰਮ ਲਾਕੇ ਇਕ ਵਜੇ ਰਾਤ ਉਠੇ ਅਸ਼ਨਾਨ ਕਰਕੇ ਦਰਬਾਰ ਆਏ ਵੇਖਿਆ ਕੇ ਮਹਾਤਮਾ ਆਏ ਤੇ ਉਪਰਲੀ ਛਤੇ ਖਿੜਕੀ ਪਾਸ ਜਾ ਬੈਠੇ ਹਨ। ਪਹਿਲੀ ਚੌਂਕੀ ਮਗਰੋਂ ਉਹ ਉਠਕੇ ਆਪਣੇ ਡੇਰੇ ਆ ਗਏ ਮੇਰੇ ਪਿਤਾ ਜੀ ਮਗਰੇ ਮਗਰ ਚਲੇ ਆਏ ਸਨ ਸੰਤ ਗੁਰਮੁਖ ਸਿੰਘ ਜੀ ਨੇ ਫਰਮਾਇਆ ਭਾਈ ਤੂੰ ਕੌਣ ਹੈ ਤੇ ਸਾਡਾ ਪਿਛਾ ਕਿਉਂ ਕੀਤਾ ਹੈ। ਇਨ੍ਹਾਂ ਨੇ ਆਪਣਾ ਨਾਮ ਦਸਿਆ ਤੇ ਸਚੋ ਸਚ ਜਨਮ ਪਤ੍ਰੀ ਤੇ ਰੂਹ ਦੇ ਦਸਨ ਦੀ ਸਾਰੀ ਗਲ ਬਾਤ ਦਸ ਦਿਤੀ। ਸੰਤ ਜੀ ਨੇ ਫਰਮਾਇਆ ਭਾਈ ਤਰਕਾਲ ਦਰਸੀ ਸੰਤ ਇਸ ਸਮੇਂ ਬਾਬਾ ਸ਼ਾਮ ਸਿੰਘ ਜੀ ਹਨ ਉਨ੍ਹਾਂ ਪਾਸ ਜਾਹ ਉਥੇ ਕਾਰ ਸੌਖੀ ਹੈ। ਨਹੀਂ ਮਹਾਰਾਜ ਜੀ ਆਪ ਕਿਰਪਾ ਕਰੋ ਦਾਸ ਨੂੰ। ਸੇਵਾ ਬਖਸ਼ੋ, ਉਹ ਨਾਹ ਕਰਦੇ ਜਦੋਂ ਪਿਤਾ ਜੀ ਦਾ ਇਰਾਦਾ ਦ੍ਰਿੜ੍ਹ ਵੇਖਿਆ ਤਾਂ ਫਰਮਾਇਆ ਤੂੰ ਤਾਂ ਅਮੀਰ ਸਰਦਾਰ ਜਾਪਦਾ ਹੈ। ਸੇਵਾ ਔਖੀ ਹੈ ਆਖਰ ਫਰਮਾਇਆ ਦਾਹੜਾ ਖੋਹਲ ਦੇ ਤੇ ਬਿਲਕੁਲ ਸਾਦੇ ਕਪੜੇ ਰਖੇ। ਗਰਮੀ ਵਿਚ ਪਜਾਮੇ ਦੀ ਕੀ ਲੋੜ ਹੈ ਲਕ ਕਛਹਿਰਾ ਗਲ ਕੁੜਤਾ ਤੇ ਉਪਰ ਦਸਤਾਰ ਏਹ ਕਾਫੀ ਹਨ। ਪਿਤਾ ਜੀ ਨੇ ਪਜਾਮਾ ਉਤਾਰ ਦਿਤਾ ਤੇ ਦਾੜ੍ਹੀ ਉਸੇ ਸਮੇਂ ਖੋਹਲ ਦਿਤਾ।

ਹੁਕਮ ਕੀਤਾ ਭਾਈ ਦਰਬਾਰ ਸਾਹਿਬ ਵਿਚ ਝਾੜੂ ਦਿਆ ਕਰ ਬਾਲਟੀ ਵਿਚ ਸਵਾਹ ਪਾ ਲਏ ਨਾਲ ਰੰਬੀ ਰਖ ਤੇ ਕੁਤੇ ਜਿਥੇ ਪ੍ਰਕਰਮਾਂ ਵਿਚ ਟੱਟੀ ਕਰ ਦੇਂਦੇ ਹਨ ਉਹ ਚੁਕ ਚੁਕ ਕੇ ਬਾਹਰ

Sri Satguru Jagjit Singh Ji eLibrary NamdhariElibrary@gmail.com

ਸੁਣਨੀ ਹੈ ਖਾਸ ਕਰਕੇ ਜੋ ਜੋ ਰਸਤੇ ਦਰਬਾਰ ਸਾਹਿਬ ਵਿਚ ਆਂਦੇ ਹਨ ਉਹ ਜਰੂਰ ਸਾਫ ਰਖਨੇ ਹਨ ਸੰਗਤਾਂ ਨੂੰ ਤਕਲੀਫ ਹੁੰਦੀ ਹੈ ਇਸੇ ਤਰ੍ਹਾਂ ਪਿਤਾ ਜੀ ਪੂਰੀ ਲਗਨ ਨਾਲ ਸੇਵਾ ਕਰਦੇ ਰਹੇ।

ਜਦੋਂ ਮੈਂ ਨੇ ਮੈਟਰਿਕ ਪਾਸ ਕੀਤਾ ਮੈਨੂੰ ਪਿਤਾ ਜੀ ਨਾਲ ਸੰਤੋਖਸਰ ਲਿਆਕੇ ਸੰਤ ਮਹਾਰਾਜ ਦੇ ਦਰਸ਼ਨ ਕਰਵਾਏ ਸੰਤੋਖਸਰ ਦੀ ਸੇਵਾ ਹੋ ਰਹੀ ਸੀ - ਮਾਰਸ਼ਲ ਲਾ ਲਗ ਗਿਆ ਬੈਂਕ ਦੇ ਦੋ ਅੰਗਰੇਜ਼ ਅਫਸਰ ਰੌਲੇ ਵਿਚ ਲੋਕਾਂ ਮਾਰ ਦਿਤੇ। ਹੋਰ ਹਾਲਾਤ ਇਸ ਬਾਰੇ ਪਹਿਲੋਂ ਛਪ ਚੁਕੇ ਹਨ ਸੋ ਇਥੇ ਦੋਬਾਰਾ ਨਹੀਂ ਦਿਤੇ ਜਾਂਦੇ।

ਇਕ ਦਿਨ ਪ੍ਰੇਮ ਲਹਿਰ ਵਿਚ ਆਪ ਹੀ ਕਹਿਣ ਤੇ ਸਮਝਾਨ ਲਗ ਪਏ—ਕਰਨੇ ਹਾਰ ਬੂਝੋ ਰੇ—ਸਤਿਗੁਰ ਮਿਲੇ ਤਾਂ ਸੂਝੋ ਰੇ ਜੋ ਕੁਛ ਹੋ ਰਿਹਾ ਹੈ ਵਾਹਿਗੁਰੂ ਸੇ ਹੋ ਰਿਹਾ ਹੈ ਫਿਰ ਫਰਮਾਇਆ।

ਜਿਸ ਜਨ ਕਰਨੇ ਹਾਰ ਪਛਾਤਾ॥
ਤਬ ਇਸ ਨੂੰ ਨਾਹੀ ਕੁਛ ਤਾਤਾ॥
ਨ ਕੋ ਮੂਰਖ ਨ ਕੋ ਸਿਆਣਾ
ਵਰਤੇ ਸਭ ਕਿਛੁ ਤੇਰਾ ਭਾਣਾ॥
ਮਿਰਤ ਦੁਖ ਸੁਖ ਲਿਖ ਪਾਏ
ਤਿਲ ਨਹੀ ਵਧੇ ਘਟੇ ਨ ਘਟਾਏ॥
ਜੋ ਚਾਹੇ ਸੋਈ ਮਿਲੇ ਨਾਨਕ ਹਰਿ ਗੁਨ ਗਾਏ॥

ਫਰਮਾਇਆ— ਚਿਤ ਲਗਾਨਾ ਭਜਨ ਵਿਚ ਤਾਂ ਬਹੁਤ ਦੁਰਲੱਭ ਹੈ ਨਿਰੇ ਭਜਨ ਸੇ ਸਭ ਕੁਛ ਮਿਲੇ ਬਚਨ ਤੋਂ ਸਦਾ ਅਟੱਲ ਹੈ। ਜਿਤਨੇ ਦੁਖ ਹੈਂ ਮਨੌਤ ਮੈਂ ਹੀ ਹੈਂ। ਜਬ ਇਸ ਨੇ ਮਨ ਮਾਨੀ ਕਰੀ ਮੇਰਾ ਤੇਰਾ ਜਾਨਤਾ ਹੈ ਤਬ ਹੀ ਬਧਾ।

Sri Satguru Jagjit Singh Ji eLibrary NamdhariElibrary@gmail.com

ਗੁਰ ਦਿਖਲਾਈ ਮੋਰੀ
ਜਿਤ ਮਿਰਗ ਪਰਤ ਹੈ ਚੋਰੀ

ਗੁਰਾਂ ਨੇ ਬਤਾਇਆ ਹੈ ਕਿ ਇੰਦਰਿਉ ਕੇ ਰਸਤੇ ਤੇਰਾ ਮਨ ਨਿਕਲਤਾ ਹੈ ਪਰ ਕਾਮ ਕ੍ਰੋਧ ਲੋਭ ਮੋਹ ਆਦਿਕ ਰਸਤੇ ਤਮਾਮ ਭਜਨ ਕੀਆ ਕਰਾਇਆ ਚੁਰਾ ਲੇਤੇ ਹੈਂ ਇਸੀ ਤਰ੍ਹਾਂ ਸਾਥ ਕੇ ਸਾਥ ਇਧਰ ਕਰਤਾ ਹੈ ਉਧਰ ਲੁਟਤਾ ਜਾਤਾ ਹੈ।

ਜੋ ਵਹਿ ਕੂਕ ਸੰਚਨ ਕੋ ਬਸਧਾ
ਉਠ ਬੈਲ ਗਏ ਚਰ ਬੇਲ

ਗਾੜੀ ਕਾ ਕਮਾਇਆ ਬੈਲੋਂ ਨੇ ਖਾਇਆ ਗੁਰੂ ਨੇ ਫਰਮਾਇਆ ਭਾਈ ਤੂੰ ਬੋਲਨਾ ਬੰਦ ਕਰ ਦੇ ਦੇਖਨਾ ਸੁਣਨਾ ਵਗੈਰਾ ਬੰਦ ਕਰਦੇ ਫਿਰ ਕਿਆ ਹੂਆ।

ਮੂਦੇ ਦੀਏ ਦਰਵਾਜੇ ਬਾਜੀਲੇ ਅਨਹੱਦ ਬਾਜੇ।

ਯੇਹ ਤੋ ਹੋਗਾ ਪਹਿਲੇ ਫੁਰਨਾ ਬੰਦ ਕਰੇ ਧੁਨੀ ਸੇ ਫੁਰਨਾ ਉਠਤਾ ਹੈ ਵਹੀਂ ਦਬਾ ਦੇਹ।

ਜੋ ਜੋ ਉਪਜੇ ਮਨ ਕੀ ਬਿਰਤ ॥
ਤਾਹੀ ਛਿਨ ਸਿਉ ਕਰੇ ਨਵਿਰਤ ॥

ਮਨ ਕੀ ਬਸਨਾ ਮਨ ਤੇ ਫੇਰ। ਮੇਰ ਤੇਰ ਜਬ ਇਨੇ ਚੁਕਾਈ ਤਬ ਇਸ ਸਗ ਕੋ ਨਹੀ ਬੁਰਾਈ ਨ ਕੋਈ ਮਿਤ੍ ਨ ਕੋਈ ਦੁਸ਼ਮਨ, ਨ ਕਿਸੀ ਕੀ ਖੁਸ਼ਾਮਦ ਨ ਕਿਸੀ ਕੀ ਨਿੰਦਾ। ਚਮਾਰ ਦ੍ਰਿਸਟੀ ਹਟੇਗੀ, ਮਨ ਮੇ ਹਰ ਵਕਤ ਧਿਆਨ ਰਹੇਗਾ ਤੋ ਯੇਹ ਬਾਤ ਹੋਗੀ।

ਗੁਰ ਸਤਿਗੁਰ ਪਾਰ ਬ੍ਰਹਮ ਕਰ ਪੂਜੋ। ਸਾਈ ਮੀਆ ਮੀਰ ਜੀ ਹਰ ਰੋਜ਼ ਗੁਰੂ ਹਰਿਗੋਬਿੰਦ ਸਾਹਿਬ ਕੇ ਦਰਸ਼ਨੋ ਕੋ ਜਾਦਿਆ ਕਰਤੇ ਥੇ ਏਕ ਰੋਜ਼ ਸ਼ਾਹ ਜਗਨ ਨੇ ਪੂਛਾ ਕਿ ਤੁਮ ਹਿੰਦੂ ਕੇ ਪੀਰ ਕੇ ਦਰਸ਼ਨੋ ਕੋ ਕਿਉਂ ਜਾਤੇ ਹੋ? ਜਵਾਬ-ਜਬ ਮੈਂ ਖੁਦਾ ਕੀ

Sri Satguru Jagjit Singh Ji eLibrary NamdhariElibrary@gmail.com

ਦਰਗਾਹ ਦੀਦਾਰੇ ਇਲਾਹੀ ਕੋ ਜਾਤਾ ਹੂੰ ਤੋਂ ਵਹਾਂ ਖੁਦਾ ਕੀ ਜਗ੍ਹਾ ਯੇਹੀ ਨਜ਼ਰ ਆਤੇ ਹੈਂ।

ਧੰਨ ਪਿਰੁ ਸੇਈ ਆਖੀਏ ਜੋ ਚਲਦਿਆ ਨਾਲ ਚਲਨ ॥
ਜਿਥੇ ਲੇਖਾ ਮੰਗੀਏ ਅਗੇ ਖੜੇ ਦਿਸਨ ॥

ਜਹਾਂ ਮੁਸ਼ਕਲ ਬਣੇ ਸਤਿਗੁਰ ਨੋ ਯਾਦ ਕਰੋ ਵਹਾਂ ਹੀ ਅਗੇ ਸੰਗ ਸਾਥ ਹੋਤੇ ਹੈਂ ਸਤਿਗੁਰੂ ਸਮਰੱਥ ਹੈ ਜਹਾਂ ਚਾਹੇ ਲਾਖੋਂ ਕੋਸ ਆਖ ਕੇ ਫੇਰ ਮੇਂ ਜਾ ਸਕਤ ਹੈਂ ਸਰੀਰ ਸਮੇਤ ਹੀ। ਜੈਸੇ ਗੁਰੂ ਨਾਨਕ ਸਾਹਿਬ ਕਈ ਜਗ੍ਹਾ ਔਰ ਗੁਰੂ ਤੇਗ ਬਹਾਦਰ ਸਾਹਿਬ ਮਖਨ ਸ਼ਾਹ ਕੇ ਲੀਏ

ਜਿਤੜੇ ਫਲ ਮਨ ਬਾਂਛੀਏ।
ਤਿਤੜੇ ਸਤਿਗੁਰ ਪਾਸ।
ਸਤਿਗੁਰ ਸੇਵੇ ਲਗਿਆ।
ਕਢ ਰਤਨ ਦੇਵੇ ਪ੍ਰਗਾਸ।

ਸਤਿਗੁਰ ਐਸੀ ਗੁਪਤ ਸਹਾਇਤਾ ਕਰਤੇ ਹੈ ਕਿ ਸਿਖ ਕੋ ਮਾਲੂਮ ਹੀ ਨਹੀਂ ਹੋਤਾ। ਇਸ ਕੋ ਹਰ ਵਕਤ ਸਤਿਗੁਰ ਕੀ ਜ਼ਰੂਰਤ ਹੈ। ਵੋਹ ਬੜੀ ਬੜੀ ਮੁਸੀਬਤੇ ਥੋੜੇ ਮੇਂ ਹੀ ਟਾਲ ਦੇਤੇ ਹੈਂ ਮਗਰ ਜ਼ਾਹਰ ਨਹੀਂ ਕਰਤੇ । ਯੇਹ ਮੂਰਖ ਕਹਿਤਾ ਹੈ ਮੈਂ ਤੇ ਇਤਨੀ ਭਜਨ ਸੇਵਾ ਕੀ ਸਤਿਗੁਰੂ ਨੇ ਮੇਰਾ ਕਿਆ ਸਵਾਰਿਆ। ਜੈਸੇ ਸਾਖੀ ਰਾਜਾ ਸਿੰਘ ਜੈ ਸਿੰਘ ਆਸਾਮ ਵਿਚ ਗੁਰੂ ਤੇਗ ਬਹਾਦਰ ਜੀ ਦੀਆਂ ਮੇਹਰਬਾਨੀਆਂ ਨੂੰ ਨਹੀਂ ਸਮਝਿਆ ਸੀ।

ਇਕ ਦਫਾ ਦਾ ਝੂਠ ਬੋਲਾ ਹੂਆ ਤਮਾਮ ਭਜਨ ਨਿਸਫਲ ਕਰ ਦੇਤਾ ਹੈ ਝੂਠ ਕਾ ਨੇਮ ਤੋ ਹੋ ਸਕੇਗਾ ਜੋ ਝੂਠੀ ਦੁਨੀਆ ਕੇ ਸਭ ਪਦਾਰਥੋਂ ਕੋ ਸਚ ਕੇ ਸਾਹਮਣੇ ਹੇਚ ਜਾਨੇਗਾ ਔਰ ਦੁਨੀਆਂ ਸੇ ਮੇਲ ਕੰਮ ਕਰੇਗਾ । ਸਰ ਚਲਾ ਜਾਏ ਝੂਠ ਨ ਬੋਲੇ । ਜਹਾਂ

Sri Satguru Jagjit Singh Ji eLibrary NamdhariElibrary@gmail.com

ਬਿਲਕੁਲ ਇਸ ਪਰ ਆ ਬਣੇ ਔਰ ਸੱਚ ਨਾ ਕਹਿ ਸਕੇ ਤੋ ਗੁੰਮ ਹੋ ਜਾਵੇ ਚੁਪ ਰਹੇ ਉਤਰ ਨਾ ਦੇਵੇ । ਝੂਠ ਬੋਲਨੇ ਸੇ ਇਕ ਰਤੀ ਭਰ ਤੋਂ ਕਾਮ ਸਵਰਤਾ ਨਹੀਂ ਮਗਰ ਯੇਹ ਆਪਣਾ ਧਰਮ ਖੋ ਬੈਠਤਾ ਹੈ। ਜੋ ਝੂਠ ਸੇ ਬਚੇਗਾ ਔਰ ਸਚ ਕੋ ਗਰਹਿਨ ਕਰੇਗਾ ਉਸ ਕੇ ਸਭ ਤਾਂਬਿਆ ਹੋ ਜਾਏਂਗੇ । ਮਗਰ ਸਚ ਤੋਂ ਬੋਲਾ ਜਾਵੇਗਾ ਜਬ ਸੱਚੇ ਕੀ ਸੰਗਤ ਕਰੇਗਾ। ਔਰ ਸਚ ਮੇ ਹਰ ਵਕਤ ਚਿਤ ਲਾਏਗਾ ।

ਮਾਨ ਤਿਆਗ ਕਰ ਭਗਤ ਠਗੌਰੀ
ਕਰ ਬੰਦਗੀ ਖਾਕ ਹੋ ਜਾ

ਯੇਹ ਸਭ ਗਰੰਥੋਂ ਕਾ ਨਿਚੋੜ ਹੈ ਖਾਕ ਹੋਨਾ ਯੇਹ ਹੈ ਕਿ ਅਗਰ ਕੋਈ ਚਾਰ ਬਾਤ ਕਹਿ ਜਾਏ ਤੋ ਉਤਰ ਨ ਦੇ। ਖਾਹ ਆਪ ਬਚਾ ਹੋਵੇ । ਅਗਰ ਏਕ ਕੇ ਬਦਲੇ ਚਾਰ ਕਹਿਨੇ ਕੋ ਜੀ ਚਾਹਤਾ ਹੈ ਤੋ ਸਮਝੋ ਕਿ ਭਜਨ ਕਾ ਜ਼ਰਾ ਭਰ ਅਸਰ ਨਹੀਂ ਹੁਆ ।

ਨਿਮਾਜ ਸੋਈ ਜੋ ਨਿਆਉ ਬਿਚਾਰੇ

ਹਰ ਵਕਤ ਹਰ ਬਾਤ ਮੇਂ ਇਨਸਾਫ ਪਰ ਨਜ਼ਰ ਰਹੇ ਆਪਣੇ ਸਰੀਰ ਤਕ ਇਨਸਾਫ ਕਰੇ। ਜਿਸ ਦਿਨ ਭਜਨ ਨ ਕਰੇ ਉਸ ਦਿਨ ਖਾਨੇ ਕੋ ਕਿਉਂ ਦੇਨਾ - ਬਾਜਾਰ ਕੋ ਚਲਾ ਜਾਹ ਖੜਾ ਮਤ ਹੋ ਜਹਾਂ ਖੜਾ ਹੁਆ ਮਾਰਾ ਜਾਏਗਾ ਕਿਉਂਕਿ –

ਜਿਉ ਸੁਪਨਾ ਅਰ ਪੇਖਨਾ ਐਸੇ ਜਗ ਕੋ ਜਾਨ
ਇਨ ਮੇਂ ਕੁਛ ਸਾਚੋ ਨਹੀ ਨਾਨਕ ਬਿਨ ਭਗਵਾਨ

ਯੇਹ ਜਗਤ ਤਮਾਸ਼ਾ ਹੈ ਬਾਗ ਬਾੜੀ ਹੈ ਇਸ ਮੇਂ ਦੇਖਨਾ ਹੀ ਦੇਖਨਾ ਹੈ ਅਜ ਡੋਡੀ ਕਲ ਕੋ ਫੂਲ ਖਿੜ ਗਿਆ ਪਰਸੋਂ ਤਕ ਲਹਿ ਲਹਾਇਆ ਚੌਥੇ ਕੋ ਕਮਲਾ ਗਿਆ ਪਾਂਚਵੇਂ ਕੋ ਗਿਰ ਗਿਆ ਬਸ ਯੇਹ ਕੁਛ ਜਗਤ ਹੈ, ਭਗਤ ਮਾਨਕ ਚੰਦ ਸੇਵਕ ਕੋ ਉਪਦੇਸ਼

Sri Satguru Jagjit Singh Ji eLibrary NamdhariElibrary@gmail.com

ਦੇ ਰਹੇ ਥੇ ਜੋ ਮੈਂਨੇ ਲਿਖ ਲੀਏ ਬਾਣੀ ਕੋ ਪੜ੍ਹੋ ਔਰ ਪੜ੍ਹ ਕਰ ਬਿਚਾਰੋ ਫਿਰ ਸੁਖ ਹੋਗਾ ।

ਬੋਲੋ ਜਸ ਜਿਭਾ ਦਿਨ ਤਾਤ ॥
ਪ੍ਰਭ ਆਪਣੇ ਜਨ ਕੀਨੀ ਦਾਤ ॥

ਇਸ ਕੋ ਮਾਨੋ ਤਾਂ ਇਸ ਕਾ ਫਲ ਹੋਵੇਗਾ-

ਅਗਰ ਸੰਸਾਰ ਮੇਂ ਚਿਤ ਲਗਾਨੇ ਸੇ ਸੁਖ ਹੋ ਤੋ ਰਾਜੇ ਮਹਾਰਾਜੇ ਰਾਜ ਭਾਗ ਛੋੜ ਕਰ ਸਭ ਸੁਖੋਂ ਕੋ ਤਿਆਗ ਵਾਹਿਗੁਰੂ ਕੇ ਭਜਨ ਮੇਂ ਕਿਉਂ ਚਿਤ ਲਗਾਵੇਂ।

ਹੈ ਗੈ ਬਾਹਨ ਸਗਲ ਘਨ ਲਾਖ ਸੁਜਾ ਛਤਿਰਾਏ ॥

ਸਾ ਸੁਖ ਤੇ ਭਿਖਿਆ ਭਲੀ ਜੋ ਹਰਿ ਸਿਮਰਤ ਦਿਨ ਜਾਏ ਇਸ ਕੇ ਅਰਥ ਯੇਹ ਹੈ ਘੋੜੇ ਆਦਿਕ ਹਾਥੀ ਭੀ ਬਹੁਤ ਹੋਵੇ ਪਰ ਮਾਇਆ ਭੀ ਅਤਅੰਤ ਹੋਵੇ, ਮਗਰ ਇਨ ਸੁਖੋਂ ਸੇ ਭਿਛਿਆ ਹਛੀ ਹੈ ਜਿਸ ਮੇਂ ਵਾਹਿਗੁਰੂ ਕੇ ਸਿਮਰਨ ਮੇਂ ਦਿਨ ਬਤੀਤ ਹੋਵੇ ।

ਯੇਹ ਬੜੀ ਭੂਲ ਪੜੀ ਹੋਈ ਹੈ ਕਿ ਮੈਂ ਕਰੂੰਗਾ ਤੋ ਖਾਨੇ ਕੋ ਮਿਲੇਗਾ ਨ ਕਰੂੰਗਾ ਤੋ ਕਹਾਂ ਸੇ ਖਾਊਂਗਾ ਵਾਹਿਗੁਰੂ ਕੇ ਦੇਣੇ ਵਾਲਾ ਨਹੀਂ ਸਮਝਤਾ ਵੋਹ ਤੋਂ ਨਿਕਮੇ ਕੋ ਭੀ ਦੇਵੇ ਮਗਰ ਬਹੁਤ ਕੰਮ ਭਲੇ ਕਾਮ ਕਰਨੇ ਵਾਲੇ ਕੋ ਤੋ ਤਿਗਨਾ ਦੇਵੇ ਭਾਈ ਹਰਨਾਮ ਸਿੰਘ ਜੀ ਆੜੂਤੀ ਨੇ ਯੇਹ ਤੁਕ ਪੜ੍ਹੀ—

ਦੀਨ ਦਿਆਲ ਦਇਆ ਨਿਧ ਦੇਖਨ
ਦੇਖਤ ਹੈ ਪਰ ਦੇਤ ਨ ਹਾਰੇ

ਸੁਣ ਕਰ ਆਪ ਬੋਲੇ ਕਿ ਦੇਵੇਗਾ ਤੋ ਸਹੀ ਪਰ ਲੇਖਾ ਲਵੇਗਾ ਤਿਲ ਪੀੜੇ ਜਿਉ ਬਾਣੀਆ' ਲੇਖਾ ਤੋ ਤਿਲ ਭਰ ਨਹੀਂ ਛੋੜਤਾ ਜੁਗ ਜੁਗ ਲੇਤਾ ਹੈ-

Sri Satguru Jagjit Singh Ji eLibrary NamdhariElibrary@gmail.com

ਕੁਆਰ ਕੰਨਿਆ ਜੈਸੇ ਕਰਤ ਸਿੰਗਾਰਾ
ਕਿਉ ਰਲੀਆ ਮਾਨੇ ਬਾਝ ਭਤਾਰਾ

ਜਗਿਆਸੂ ਕਿਤਨੇ ਹੀ ਜਪੁ ਤਪੁ ਕਰ ਲੇਵੇ ਬਗੈਰ
ਸਤਿਗੁਰੂ ਕੀ ਖੁਸ਼ੀ ਲੀਏ ਕੁਛ ਨਹੀਂ ਮਿਲੇਗਾ—

ਸਤਿਗੁਰ ਸੇਵਾ ਕਰ ਸੁਰ ਨਰ ਸੇਵਕ ਹੋਏ
ਮਾਨੋ ਗੁਰੂ ਆਗਿਆ ਸਭ ਜਗ ਆਪਣਾ ਆਗਿਆਕਾਰੀ ਹੋਗਾ

ਗੁਰੂ ਗੋਰਖ ਨਾਥ ਜੀ ਨੇ ਗੁਰੂ ਨਾਨਕ ਦੇਵ ਜੀ ਸੇ ਸ਼ਾਂਤੀ ਕੇ ਲੀਏ ਪ੍ਰਾਰਥਨਾ ਕੀ—ਮਹਾਰਾਜ ਜੀ ਨੇ ੧੨ ਸਾਲ ਕੇ ਲੀਏ ਰਾਸਤੇ ਸਾਫ ਕਰਨੇ ਕੀ ਸੇਵਾ ਬਤਾਈ। ਆਹਿਸਤਾ ਤੋਂ ਪਾਠ ਕਰੇ ਜੋ ਮਨ ਸਮਝੇ ਵਰਨਾ ਮਨ ਕਾ ਘਾਟਾ ਆਹਿਸਤਾ ਪੜ੍ਹਨੇ ਸੇ ਹੋਤਾ ਹੈ ਅਗਰ ਮਨ ਸੁਣੇ ਤੋਂ ਤਿਗਨਾ ਫਲ ਹੈ ਫਿਰ ਤੋਂ ਏਕ ਹੀ ਪਾਠ ਬਹੁਤ ਹੈ ਮਗਰ ਪਾਪੀ ਮਨ ਸੁਣਤਾ ਨਹੀਂ।

'ਕੋਈ ਨ ਜਾਣੇ ਤੁਮਰਾ ਅੰਤ'

ਯੇਹ ਤੁਕ ਡਿਪਟੀ ਤੇਜਾ ਸਿੰਘ ਜੀ ਨੇ ਪੜ੍ਹੀ ਮਹਾਰਾਜ ਜੀ ਨੇ ਪੂਛਾ ਕਿਉਂ ਭਾਈ ਕੋਈ ਜਾਣੇ ਭੀ—ਬੋਲਾ ਕੈ ਜਾਣੇ ਭੀ ਗੁਰ ਸੂਰਾ ਪਹਿਲੀ ਤੁਕ ਕੇ ਅਰਥ ਜਹਾਂ ਅੰਤ ਵਹਾਂ ਕੋਈ ਨਹੀਂ ਹੈ। ਤਹ ਜਨਮ ਨ ਮਰਨ ਨ ਸੋਗ ਹਰਖਾ, ਨ ਵਹਾ ਨਠਾ ਹੈ ਨ ਵਹਾਂ ਟੋਟਾ ਹੈ ਵਗੈਰਾ ਨਾਮ ਵਹਾਂ ਹੈ—

ਤਹਿ ਚੰਦ ਨ ਸੂਰਜ ਪੌਣ ਨ ਪਾਣੀ
ਸਾਖੀ ਜਾਗੀ ਗੁਰਮੁਖ ਜਾਣੀ
ਦਿਨਸ ਰੈਨ ਵੇਦ ਨਹੀ ਸ਼ਾਸਤਰ
ਤਹਾਂ ਬਸੇ ਨਿਰੰਕਾਰਾ

ਨਾਮ ਵਹਾਂ ਹੈ।

Sri Satguru Jagjit Singh Ji eLibrary NamdhariElibrary@gmail.com

ਗੁਰਮੁਖ ਅੰਤਰ ਸਹਿਜ ਹੈ ਮਨ ਚੜ੍ਹਿਆ ਦਸਵੇਂ ਆਕਾਸ਼ ॥ ਤਿਥੇ ਓਘ ਨ ਭੁਖ ਹੈ, ਤਹਿ ਅਮ੍ਰਿਤ ਨਾਮ ਸੁਖ ਵਾਸ ॥ ਨਾਨਕ ਸੁਖ ਦੁਖ ਵਿਆਪਤ ਨਹੀ ਜਿਥੇ ਆਤਮ ਰਾਮ ਪ੍ਰਗਾਸ ॥ ਜਬ ਸਚ ਮੇ ਹਰ ਵਕਤ ਲਿਵ ਲਗਾਏਗਾ ਤਬ ਕੁਛ ਪਾਏਗਾ ॥ ਮਾਨ ਤਿਆਗ ਕਰ ਭਗਤ ਠਗੌਰੀ ਕਰ ਬਦਗੀ ਖਾਕ ਹੋ ਜਾ—

ਯੇਹ ਸਭ ਗਰੰਥੋਂ ਕਾ ਨਿਚੋੜ ਹੈ—

ਰਾਤ ਕੁਛ ਪ੍ਰੇਮੀ ਦਰਸ਼ਨ ਲਈ ਆ ਗਏ ਆਪ ਨੇ ਫ਼ੁਰਮਾਇਆ ਬਰਾਜਨੇ ਕਾ ਵਕਤ ਹੈ ਸਵੇਰੇ ਮਿਲ ਲੈਣ ਮੈਂਨੇ ਪੁਛਿਆ ਇਸ ਦਰਸ਼ਨ ਕਾ ਲਾਭ ਨਹੀਂ ਫਰਮਾਇਆ ਸਵੇਰੇ ਦਸਾਂਗੇ, ਪੈਦਲ ਸਵੇਰੇ ਖਾਲਸਾ ਕਾਲਜ ਵਲ ਚਲਦੇ ਆ ਰਹੇ ਸੀ ਮੈਂਨੇ ਪੁਛਿਆ ਮਹਾਰਾਜ ਜੀ ਅਸਲੀ ਦਰਸ਼ਨ ਕੈਸਾ ਹੈ। ਆਪ ਨੇ ਫਰਮਾਇਆ ਜੋ ਅਸਲੀ ਦਰਸ਼ਨ ਹੈ ਉਸ ਕਾ ਰਸਤਾ ਔਰ ਹੈ—

ਦਰਸਨ ਕੀ ਪਿਆਸ ਜਿਸ ਨਰ ਹੋਏ
ਏਕਤ ਰਾਚੇ ਪਰ ਹਰਿ ਦੋਏ
(ਬਸੰਤ ਰਾਗ)

ਦੋਏ ਕਾ ਮਤਲਿਬ ਯੇਹ ਹੈ—

ਕਨਿਕ ਕਾਮਨੀ ਹੇਤ ਗਵਾਰਾ
ਦੂਜੇ ਲਾਗੇ ਨਾਮ ਵਿਸਾਰਾ

ਦਰਸ਼ਨ ਨਾਮ ਹੈ ਦੂਈ ਸੇ ਰਹਿਤ ਹੋਣਾ ਸਤਿਗੁਰੂ ਕੇ ਬਚਨੋਂ ਕੇ ਸਾਥ ਮਿਲ ਜਾਣਾ ਬਸ ਯਹੀ ਦਰਸ਼ਨ ਹੈ—

ਗੁਰ ਉਪਦੇਸ਼ ਜਵਾਹਰ ਮਾਣਕ
ਸੋਵੇ ਸਿਖ ਸੋ ਖੋਜ ਲੇਹ

Sri Satguru Jagjit Singh Ji eLibrary NamdhariElibrary@gmail.com

ਚਿਤ ਚਿਤਵੌ ਚਿਰਨਾਰ ਬਿੰਦ, ਉਦ ਕਮਲ ਬਿਗਸਾਦ ॥
ਪ੍ਰਗਟ ਭਏ ਆਪੇ ਗੋਬਿੰਦ, ਨਾਨਕ ਸੰਤ ਮਤਾਤੰ ॥

ਨੌਕਰੀ ਦੀ ਵਜਾ ਸੇ ਸਤਿਗੁਰੂ ਕੀ ਸੇਵਾ ਮੇਂ ਹਾਜ਼ਰ ਨ ਹੋ ਸਕਨਾ ਇਸ ਮੇਂ ਗੁਰਬਾਣੀ ਕਾ ਕਿਆ ਆਸ਼ਾ ਹੈ, ਯੇਹ ਬੇਨਤੀ ਮੈਂ ਨੇ ਭਾਈ ਸਾਹਿਬ ਸਿੰਘ ਜੀ ਦੀ ਮਾਰਫਤ ਮਹਾਰਾਜ ਜੀ ਨੂੰ ਕਰ ਭੇਜੀ ਜਦੋਂ ਮੈਂ ਸੇਵਾ ਵਿਚ ਹਾਜ਼ਰ ਹੋਇਆ ਤਾਂ ਆਪ ਜੀ ਨੇ ਏਹ ਸਾਖੀ ਸੁਣਾਈ।

ਇਕ ਮਹਾਤਮਾ ਰੋਜ਼ਾਨਾ ਕਥਾ ਕਰਿਆ ਕਰਦੇ ਸਨ ਤੇ ਇਕ ਅਮੀਰ ਆਦਮੀ ਘੋੜੇ ਪਰ ਲੰਘਦਾ ਸਾਹਮਣੇ ਕੀ ਗੁਜਰ ਜਾਂਦਾ ਤੇ ਸੋਟੀ ਨਾਲ ਸਲਾਮ ਕਰ ਜਾਂਦਾ ਉਤਰ ਕੇ ਨ ਨਿਮਸ਼ਕਾਰ ਕਰਦਾ ਨ ਕਦੀ ਕਥਾ ਸੁਣਦਾ। ਸਗਤ ਨੇ ਉਸਦੀ ਸ਼ਿਕਾਇਤ ਕੀਤੀ ਮਹਾਰਾਜ ਜੀ ਏਹ ਨਿਰਾਦਰੀ ਹਟਾਣੀ ਚਾਹੀਦੀ ਹੈ ਆਪ ਟਾਲ ਛਡਦੇ ਇਕ ਦਿਨ ਆਪ ਜੀ ਇਕ ਖੂਹ ਪਰ ਚਲੇ ਗਏ, ਕੁਛ ਪ੍ਰੇਮੀਆਂ ਨੂੰ ਨਾਲ ਲੈਕੇ ਜਿਸ ਰਸਤੇ ਤੁੰ ਉਹ ਘੋੜੇ ਪਰ ਲੰਘਦਾ ਸੀ—ਆਪ ਪਾਸ ਹੀ ਕੁਟੀਆ ਮੰਜਾ ਸਾਮਾਨ ਰਖਨ ਲਈ ਜੋ ਬਣੀ ਹੋਈ ਸੀ ਉਸ ਵਿਚ ਬੈਠ ਗਏ ਤੇ ਸੇਵਕ ਨੂੰ ਕਿਹਾ ਕਿ ਜਿਸ ਵਕਤ ਘੋੜੇ ਪਰ ਉਹ ਸਵਾਰ ਨੇੜੇ ਆਵੇ ਤਾਂ ਆਪ ਨੇ ਏਹ ਵਡਾ ਪਥਰ ਖੂਹ ਵਿਚ ਡੇਗ ਦੇਣਾ ਉਹ ਪੁਛੇਗਾ ਕੀ ਹੋਇਆ ਤਾਂ ਆਪ ਨੇ ਕਹਿ ਦੇਣਾ ਸੰਤ ਮਹਾਰਾਜ ਜੀ ਖੂਹ ਵਿਚ ਡਿਗ ਪਏ ਹਨ ਐਸਾ ਹੀ ਕੀਤਾ ਗਿਆ। ਉਸ ਨੇ ਘੋੜੇ ਤੋਂ ਉਤਰ ਕੇ ਫੌਰਨ ਕਪੜਿਆਂ ਸਮਤ ਖੂਹ ਵਿਚ ਛਾਲ ਮਾਰ ਦਿਤੀ ਸੰਤ ਮਹਾਰਾਜ ਜੀ ਰਸੇ ਲਮਕਾ ਕੇ ਉਸ ਨੂੰ ਕਢਵਾ ਲਿਆ ਆਪ ਨੇ ਫਰਮਾਇਆ ਕਥਾ ਸੁਣਨ ਦਾ ਫਲ ਹੈ ਕਮਾਈ ਕਰਨੀ ਏਹ ਕਮਾਈ ਕਰਦਾ ਸੀ ਮਨ ਹਜ਼ੂਰ ਚਾਹੀਏ ਇਸ ਦੇ ਹਿਰਦੇ ਵਿਚ ਸਚਾ ਪ੍ਰੇਮ ਸੀ ਦਿਖਲਾਵਾ ਨਹੀਂ ਸੀ ਕੁਛ ਨ ਵੇਖਿਆ ਛਾਲ ਕੱਢ ਮਾਰੀ।

Sri Satguru Jagjit Singh Ji eLibrary NamdhariElibrary@gmail.com

ਜਵਾਨੀ ਦੇ ਜ਼ੋਰ ਬੇਪਰਵਾਹੀਆਂ ਜੋ ਮਨੁਸ਼ ਕਰਦਾ ਹੈ ਵਾਹਿਗੁਰੂ ਪਚਾਸੇ ਮੇਂ ਸਭ ਇਕਠੀਆਂ ਪ੍ਰਗਟ ਕਰਦਾ ਹੈ ਸੋ ਜਵਾਨੀ ਵਿਚ ਹੀ ਪ੍ਰਮੇਸ਼ਰ ਤੋਂ ਬਹੁਤ ਡਰਨਾ ਚਾਹੀਏ ਬੜੇ ਬੜੇ ਸੰਤ ਆਖੀਰ ਅਵਸਥਾ ਮੇਂ ਦੁਖੀ ਹੋਤੇ ਦੇਖੇ—

ਡਰ ਡਰ ਮਰੇ ਨ ਬੂਢੇ ਕੋਏ
ਨਿਡਰ ਬੂਡ ਮਰੇ ਪਤ ਖੋਏ

ਡਰ ਘਰ ਘਰ ਡਰ ਡਰ ਡਰ ਜਾਏ
ਸੋ ਡਰ ਕੇਹਾ ਜਿਤ ਡਰ ਡਰ ਪਾਏ

ਅਰਥ ਡਰ, ਘਰ ਹੋ ਜਾਏਗਾ ਯਾਨੀ ਨਿਡਰ ਹੋ ਜਾਏਗਾ ਘਰ, ਘਰ ਯਾਨੀ ਨ ਡਰੇਗਾ ਤੋ ਡਰ ਲਗੇਗਾ ਕਿ ਵਾਹਿਗੁਰੂ ਡਰਨੇ ਸੇ ਸੰਸਾਰ ਕਾ ਡਰ ਜਾਤਾ ਰਹਿਤਾ ਹੈ ਵਾਹਿਗੁਰੂ ਕਾ ਡਰ ਐਸਾ ਹੈ ਕਿ ਇਸ ਸੇ ਡਰ ਭੀ ਡਰ ਜਾਤਾ ਹੈ

ਬੇਨਤੀ ਕੀਤੀ ਨਾਨਕ ਆਖੇ ਇਕ ਗਲ ਹੋਰ ਸਭ ਹਉਮੇ ਡਖਨਾ ਝਾਖ ਮਹਾਰਾਜ ਜੀ ਇਕ ਗਲ ਕਿਸ ਤਰ੍ਹਾਂ ਪ੍ਰਾਪਤ ਹੋਵੇ ਤਾਂ ਆਪ ਨੇ ਫਰਮਾਇਆ ਗੁਰੂ ਅਰਜਨ ਦੇਵ ਜੀ ਸੇਤੀ ਇਕ ਸਿਖ ਨੇ ਪ੍ਰਸ਼ਨ ਕੀਆ ਗੁਰੂ ਜੀ ਨੇ ਇਕ ਤੁਕ ਮੇ ਜਵਾਬ ਦੀਆ ਪਹਿਲੀ ਆਖੀ ਤੁਕ ਪ੍ਰਸ਼ਨ ਹੈ ਦੂਸਰੀ ਆਖੀ ਜਵਾਬ ਹੈ।

ਏਕ ਚੀਜ਼ ਮੁਝੈ ਦੇਹ ਅਵਰ ਜ਼ਹਿਰ ਦੂਜੇ ਨ ਭਾਇਆ।

ਸੋ ਇਕ ਚੀਜ਼ ਤਾਂ ਮਿਲਦੀ ਹੈ ਜੋ ਬਾਕੀ ਸਭ ਚੀਜ਼ਾਂ ਜ਼ਹਿਰ ਲਗਨ। ਫਿਰ ਆਪ ਜੀ ਨੇ ਫਰਮਾਇਆ—

ਉਭੇ ਭਾਂਡੇ ਕਛੁ ਨ ਸਮਾਵੈ
ਸੀਧੇ ਅੰਮ੍ਰਿਤ ਭਰੇਨਿ ਗੁਰ

ਜਗਤ ਮੇਂ ਚਿਤ ਲਗੇ ਤੋ ਮਨ ਉਸ ਪ੍ਰਮੇਸਰ ਮੇ ਚਿਤ

Sri Satguru Jagjit Singh Ji eLibrary NamdhariElibrary@gmail.com

ਲਗੇ ਤੋਂ ਮਨ ਸੀਧਾ। ਸਵਾਲ–ਸੀਧਾ ਕਿਸ ਤਰ੍ਹਾਂ ਹੋਵੇ ? ਜਵਾਬ–ਸਤਿਗੁਰ ਸਾਥ ਪੂਰਾ ਪ੍ਰੇਮ ਹੋਵੇ ਤੋਂ ਸੀਧਾ ਹੋਵੇ। ਸਵਾਲ—ਸਤਿਗੁਰੋ ਸਾਥ ਪੂਰਨ ਪ੍ਰੇਮ ਕਾ ਸਵਰੂਪ। ਜਵਾਬ—ਸਤਿਗੁਰੋ ਸਾਥ ਪੂਰਨ ਪਰੇਮ ਕਾ ਸਵਰੂਪ ਯੇਹ ਹੈ ਕੇ ਯੇਹੀ ਸਰੂਪ ਸਮਝਾਨੇ ਕੇ ਬਗੈਰ ਸਭ ਕਾ ਪ੍ਰਮਾਰਥ ਅਟੱਕ ਰਹਾ ਹੈ। ਸੁਣੋ—

ਕਿਤੀ ਲਖ ਕਰੋੜ ਪਿਹੀਏ ਰੋਮ ਨ ਪੁਜਨ ਤੇਰਿਆ॥
ਤੂ ਸਾਹੀ ਹੂ ਸਾਹ ਹਉ ਕਰਿ ਨ ਸਕਾ ਗੁਣ ਤੇਰਿਆ॥

ਸਤਿਗੁਰੂ ਸੇ ਪੂਰਨ ਪ੍ਰੇਮ ਕਾ ਸਵਰੂਪ ਯੇਹ ਹੈ, ਜਗਤ ਮੇਂ ਜੋ ਚਿਤ ਲਗਾਨਾ ਹੈ ਯੇਹ ਖਰਾਬ ਹੈ, ਬਚੇ ਗਿਲੀ ਰੇਤ ਮੇਂ ਪੈਰ ਰਖ ਕਰ ਕੋਠਾ ਬਨਾਤੇ ਹੈ ਜਬ ਉਹ ਗਿਰ ਜਾਤਾ ਹੈ ਤੇ ਤਾਲੀ ਬਜਾਤੇ ਖੁਸ਼ੀ ਹੋਤੇ ਹੈ ਕਿਉਂਕਿ ਖੇਲ ਸਮਝਤੇ ਹੈਂ ਇਸੀ ਤਰ੍ਹਾਂ ਜਗਤ ਕੋ ਖੇਹਲ ਸਮਝੋ। ਖੇਹਲ ਸਮਝੋਗੇ ਤੋ ਰਾਜ਼ੀ ਰਹੋਗੇ ਨਹੀਂ ਤੋ ਚਿੰਤਾ ਫਿਕਰ ਤੇ ਡੁਬੇਗਾ ਰੋਏਗਾ।

ਹਰਿ ਸਰ ਸਾਗਰ ਹਰਿ ਹੈ ਆਪੇ
ਏਹ ਜਗ ਸਭ ਹੈ ਖੇਲ ਖਲਿਈਆ

ਜਿਉ ਜਲ ਤਰੰਗ ਜਲ ਜਲੇ ਸਮਾਵੈ
ਨਾਨਕ ਆਪੇ ਆਪ ਰਮਈਆ

ਫੁਰਨਾ ਫੁਰਿਆ ਤਾਂ ਬੋਲੇ—ਪੜ੍ਹੋ

ਸਭ ਗੋਬਿੰਦ ਹੈ ਸਭ ਗੋਬਿੰਦ ਹੈ
ਗੋਬਿੰਦ ਬਿਨ ਨਹੀਂ ਕੋਈ

ਫਰਮਾਇਆ ਜਗਤ ਕੀ ਤਰਫ ਸੇ ਆਖੇਂ ਫੋੜੋ ਤੋ ਕੁਛ ਬਣੇ। ਇਕ ਦਿਨ ਬਗੀਚੀ ਵਿਚ ਜੰਗਲ ਜਾਤੇ ਹੋਏ ਦਾਸ, ਸੰਤ ਖੜਕ ਸਿੰਘ ਤੇ ਹੋਰ ਪ੍ਰੇਮੀ ਨਾਲ ਸਨ ਫਰਮਾਇਆ—

Sri Satguru Jagjit Singh Ji eLibrary NamdhariElibrary@gmail.com

ਗੁਰ ਲਾਗਾ ਤਬ ਜਾਣੀਏ ਮਿਟੈ ਮੋਹ ਤਨ ਤਾਪ ॥
ਹਰਖ ਸੋਗ ਦਾਝੈ ਨਹੀ ਤਹਿ ਹਰਿ ਆਪੈ ਆਪ ॥

ਸੰਤ ਖੜਕ ਸਿੰਘ ਨੇ ਪੁਛਿਆ ਮਹਾਰਾਜ ਜੀ ਸੇਵਾ ਮੇਂ ਤੋ ਗੁਸੇ ਰਾਜੀ ਹੋਣਾ ਪੜ੍ਹਦਾ ਹੈ ਆਪ ਬੋਲੇ ਉਪਰ ਸੇ ਠਾਠਾ ਬਾਗਾ ਤੋ ਹੋਗਾ ਹੀ ਮਗਰ ਅੰਦਰ ਮੇਂ ਗੁਸਾ ਨ ਰਖੇ –

ਸਾਚ ਨਾਮ ਮੇਰਾ ਮਨ ਲਾਗਾ
ਲੋਗਨ ਸਿਉ ਮੇਰਾ ਠਾਗਾ ਬਾਗਾ

੨੩ ਨਵੰਬਰ ਸੰਨ ੧੯੪੧ ਐਤਵਾਰ ਦੇ ਦਿਨ ਉਚੇਚੇ ਜਾ ਕੇ ਬੇਨਤੀ ਕੀਤੀ ਮਹਾਰਾਜ ਜੀ ਭਜਨ ਕਰਨ ਦਾ ਉਤਸ਼ਾਹ ਹੈ ਚਿਤ ਵਿਚ ਆਪ ਜੀ ਸਹਾਇਤਾ ਕਰੋ ਫਰਮਾਇਆ ਭਜਨ ਕਾ ਸਵਰੂਪ ਤੋ ਯੇਹ ਹੈ—

ਇਕ ਪਲ ਖਿਨ ਵਿਸਰੇ ਤੂ ਸਵਾਮੀ
ਜਾਨੋ ਬਰਸ ਪਚਾਸਾ

ਉਠਤ ਹਰਿ ਹਰਿ ਬੈਠਤ ਹਰਿ ਹਰਿ ਹਰਿ ਰਸ ਭੋਜਨ ਖਾਤਾ

ਮਨ ਕੋ ਕੇਵਲ ਸੀਧਾ ਕਰਨੇ ਕੇ ਲੀਏ ਉਪਰ ਕੀ ਤੁਕ ਪਰ ਅਮਲ ਕਰੇ—

ਅਠ ਸਠ ਤੀਰਥ ਮਜਨ ਕੀਨੋ
ਸਾਧੂ ਧੂੜੀ ਨਾਹਤਾ

ਜਬ ਪਹਿਲੀ ਤੁਕ ਪਰ ਅਮਲ ਕਰਤਾ ਕਰਤਾ ਥੱਕ ਜਾਏਗਾ ਤਬ ਸਾਧੂ ਕੀ ਧੂੜੀ ਛਿਨ ਮਾਤ੍ਰ ਲਗਨੇ ਸੇ ਮਨ ਨਿਰਮਲ ਹੋਗਾ। ਜਬ ਤਕ ਪਹਿਲੀ ਪਰ ਪੂਰਾ ਅਮਲ ਨਹੀਂ ਦੂਸਰੀ ਤੁਕ ਫਲ ਨਹੀਂ ਦੇਵੇਗੀ।

ਆਪਣੀ ਕਿਰਿਆ ਜਿਤਨੀ ਜਿਤਨੀ ਸਰੀਰ ਮਾਨੇ ਘਟਾਓ ਹਮ ਕੋ ਸੇਵਕ ਕਹਿਤੇ ਹੈ ਕਿ ਘੀ ਮਾਲਸ਼ ਕਰੋ ਹਮ ਨੇ ਕਹਾ ਕਿ

Sri Satguru Jagjit Singh Ji eLibrary NamdhariElibrary@gmail.com

ਘੀ ਮਹਿੰਗਾ ਹੈ ਮਾਲਸ਼ ਕੇ ਵਕਤ ਬਹੁਤ ਸੇਵਕੋ ਕੇ ਹਾਥੋਂ ਮੇਂ ਲੱਗ ਜਾਤਾ ਹੈ, ਘੀ ਕੀ ਮਾਲਸ਼ ਤਬ ਕਰਾ ਸਕਦੇ ਹਾਂ ਇਕੋ ਆਦਮੀ ਸਾਡੀ ਮਾਲਸ਼ ਕਰੇ ਪਰ ਉਹ ਭੀ ਦਸ ਪਾਠ ਰੋਜ਼ਾਨਾ ਸ੍ਰੀ ਸੁਖਮਨੀ ਸਾਹਿਬ ਦੇ ਕਰਨੇ ਵਾਲਾ ਹੋ। ਇਸ ਲੀਏ ਕਿਰਿਆ ਘਟਾਉ ਸਹਿਜੇ ਸਹਿਜ ਹਮਾਰਾ ਜੂਤਾ ਕਈ ਸਾਲ ਕਾ ਹੀ ਹੈ ਇਸਤੇਮਾਲ ਕਰ ਰਹੇ ਹਾਂ ਜ਼ਰਾ ਟੂਟਤਾ ਹੈ ਟਾਕੀ ਲਗਵਾ ਲੇਤੇ ਹੈ ਗੁਰੂ ਘਰ ਕੀ ਮਾਇਆ ਸੇਵਾ ਕੇ ਲੀਏ ਆਤੀ ਹੈ।

ਆਪ ਜੀ ਦੇ ਘਰ ਵਿਚ ਉਸ ਪਖੀ ਤੇ ਛਤੜੀ ਦੇ ਦਰਸ਼ਨ ਕੀਤੇ ਜੋ ਸੰਤ ਮਹਾਰਾਜ ਜੀ ਵਰਤਦੇ ਸਨ ਬਹੁਤ ਪੁਰਾਣੀਆਂ ਹਨ ਤੇ ਟਾਕੀਆਂ ਲਗੀਆਂ ਹੋਈਆਂ ਹਨ। ਆਪ ਸ਼ਰਧਾ ਨਾਲ ਰੋਜ਼ਾਨਾ ਦਰਸ਼ਨ ਇਨ੍ਹਾਂ ਦੇ ਸਾਰਾ ਪ੍ਰਵਾਰ ਕਰਦੇ ਹਨ ਤੇ ਗੁਰੂ ਮਹਾਰਾਜ ਜੀ ਨੇ ਕਮਰੇ ਵਿਚ ਰਖੀਆਂ ਹੋਈਆਂ ਹਨ ਸੰਤ ਮਹਾਰਾਜ ਜੀ ਨੇ ਇਕ ਵਾਰੀ ਆਪਣੀ ਛਤਰੀ ਸੰਤ ਸਾਧੂ ਸਿੰਘ ਜੀ ਨੂੰ ਦਿਤੀ ਉਨ੍ਹਾਂ ਵਾਪਸ ਕਰ ਦਿਤੀ ਤੇ ਬੇਨਤੀ ਕੀਤੀ ਏਹ ਆਪ ਜੀ ਦੀ ਬਖਸ਼ਿਸ਼ ਸੀ ਪਰ ਅਵਗਿਆ ਹੋ ਜਾਂਦੀ ਹੈ ਕਈ ਵਾਰੀ ਜ਼ਮੀਨ ਪਰ ਰਖੀ ਜਾਂਦੀ ਹੈ।

ਸ਼ੁਭ ਗੁਣੋ ਕੋ ਧਾਰਨ ਕਰੋ ਹਰ ਵਕਤ ਦਯਾ, ਧਰਮ, ਭਜਨ, ਸੇਵਾ, ਸੱਚ ਇਨ ਪਾਂਚੋਂ ਕੋ ਹਰ ਵਕਤ ਕਮਾਉ ਫਿਰ ਫਤਹ ਹੀ ਫਤਹ ਹੈ। ਭਾਈ ਹੀਰਾ ਸਿੰਘ ਜੀ ਜਪੁਜੀ ਸਾਹਿਬ ਦਾ ਪਾਠ ਕਰ ਰਹੇ ਸਨ 'ਗਾਵੈ ਕੋ ਵੇਖੈ ਹਾਦਰਾ ਹਜੂਰ' ਦੇਖੇਗਾ 'ਸਦਾ ਨਿਕਟ ਨਿਕਟ ਹਰਿ ਜਾਨੋ' ਫਿਰ ਫਰਮਾਇਆ ਜੋ ਹਾਜਰਾ ਹਜੂਰ ਦੇਖੇਗਾ ਵੋਹ ਹਰ ਵਕਤ ਭਜਨ ਕਰੇਗਾ ਕਭੀ ਭਜਨ ਸੇ ਬੰਦ ਨਹੀਂ ਹੋਗਾ—

ਬੋਲ ਕਬੋਲ ਸਾਧੂ ਸੰਤ ਅਵਰ ਸੇ ਸਹਿਆ ਨ ਜਾਏ

Sri Satguru Jagjit Singh Ji eLibrary NamdhariElibrary@gmail.com

ਨਾਮ ਔਖਧ ਜਹੇ ਰਿਦੈ ਹਤਾਵੈ
ਤਾਹੇ ਰੋਗ ਸੁਪਨੇ ਨਹੀ ਆਵੈ

ਫਰਮਾਇਆ—ਰਿਦੇ ਹਿਤਾਵੈ ਜੋ ਹੈ ਯੇਹ ਜਮਨੇ ਸੇ ਬਹੁਤ ਉਚੀ ਬਾਤ ਹੈ ਜੋ ਹਿਤਾਵੇਗਾ ਉਹ ਤੋ ਜਮਤਾ ਰਹੇਗਾ ਆਪ ਸੇ ਆਪ ਬੰਦ ਹੋ ਨਹੀਂ ਸਕੇਗਾ ਪੁਤ੍ਰ ਬਣੇ ਸੇਵਾ ਕਰਕੇ ਮਾਲਕ ਬਣਨੇ ਕੇ ਲੀਏ ਜਵਾਈ ਬਣਕੇ ਸੇਵਾ ਕਰਾਵੇ ਵਾਹ ਵਾਹ ਲੇਕੇ ਚਲੇ ਜਾਉਗੇ।

ਪਚ ਚੋਰ ਮਿਲ ਲਗੇ ਨਹਾਰਿਆ
ਰਾਮ ਨਾਮ ਧਨ ਹਿਰਿਆ
ਗੁਰਮਤਿ ਖੋਜ ਪਰੇ ਤਬ ਪਕਰੇ
ਧਨ ਸਾਬਤ ਰਾਸ ਉਬਰਿਆ

ਜੋ ਏਹ ਭਜਨ ਕਰਦਾ ਹੈ ਏਹ ਪੰਜ ਲੁਟੀ ਜਾਂਦੇ ਹਨ ਇਸ ਲਈ ਕਿਹਾ ਹੈ—

ਗੁਰਸਿਖ ਮੀਤ ਚਲੋ ਗੁਰ ਚਾਲੀ
ਜੋ ਕਾਰ ਕਹੇ ਸੋ ਭਲ ਮਾਨੋ ਹਰਿ ਹਰਿ ਕਥਾ ਨਿਰਾਲੀ

ਖੋਜ ਕੀਤੀ ਤਾਂ ਏਹ ਪੰਜੇ ਪਕੜੇ ਗਏ ਜਦ ਏਹ ਪੰਜੇ ਤਦ ਏਹ ਰਾਸ ਕਾਇਮ ਰਹੀ ਲੁਟੀ ਨਹੀਂ ਗਈ ਫਰਮਾਇਆ ਦਰਸ਼ਨ ਮਨ ਸੇ ਕਰੋ ਮਿਲੋ ਭੀ ਮਨ ਸੇ ਵਰਨਾ ਪ੍ਰਿਥੀਆ ਹਰ ਵਕਤ ਦਰਸ਼ਨ ਕਰਤਾ ਥਾ ਸੰਗਤ ਮੇਂ ਰਹਿਤਾ ਥਾ ਮਗਰ ਐਸਾ ਨੀਚ ਕਰਮ ਕੋਈ ਸ਼ਾਯਦ ਹੀ ਕਰੇ ਯਾਨੀ ਸਗੇ ਭਤੀਜੇ ਕੋ ਜਹਿਰ ਦੀਆ ਮਾਤਾ ਗੁਜਰੀ ਜੀ ਗਈ ਸ਼ਰਧਾ ਕੀ ਕਮੀ ਥੀ ਗੁਮਾਨ ਥਾ ਗੁਰੂ ਕੀ ਸਪਤਨੀ ਹੂੰ ਸਰਾਪ ਲੇਕਰ ਆਈ - ਸਭ ਕੁਛ ਸਰੱਧਾ ਕੇ ਅਧੀਨ ਹੈ - ਜੋ ਚਾਹੁੰਦਾ ਹੈ ਪੰਜੇ ਕਰਮ ਛਡਾਂ ਭੀ ਨ ਤੇ ਪ੍ਰਾਪਤੀ

Sri Satguru Jagjit Singh Ji eLibrary NamdhariElibrary@gmail.com

ਭੀ ਨ ਹੋ ਜਾਏ ਉਸ ਦੇ ਪ੍ਰਥਾਏ ਫਰਮਾਇਆ

ਹੀਰੇ ਜੈਸਾ ਜਨਮ ਹੈ ਕੌਡੀ ਬਦਲੇ ਜਾਏ, ਅਦਮ ਬਾਦਸ਼ਾਹ ਰੋਟੀ ਖਾਕੇ ਚਹਿਲ ਕਦਮੀ ਕਰ ਰਿਹਾ ਸੀ ਗੈਬੀ ਆਵਾਜ ਆਈ 'ਬੁਰਾ ਮੈਂ ਨਹੀਂ ਅਦਮ ਬਾਦਸ਼ਾਹ ਬੁਰਾ ਹੈ' ਜੋ ਗੰਦਗੀ ਖਾਨਾ ਛੋੜਨਾ ਨਹੀਂ ਚਾਹਤਾ ਔਰ ਅੰਮ੍ਰਿਤ ਭੀ ਪੀਣਾ ਚਾਹਤਾ ਹੈ– ਬਾਦਸ਼ਾਹ ਕੋ ਹੋਸ਼ ਆ ਗਈ ਯੇਹ ਉਪਦੇਸ਼ ਤੋਂ ਮੇਰੇ ਲੀਏ ਹੈ ਭਜਨ ਮੇ ਲਗ ਵਿਸ਼ੇ ਵਿਕਾਰ ਛੋੜ ਦੀਏ ਮਗਰ ਫਿਰ ਜਲਦੀ ਹੀ ਪੁਰਾਣੀ ਚਾਲੀ ਪਕੜ ਲਈ ਭਗਵਾਨ ਮੁਸਾਫਰ ਕੇ ਭੇਸ ਮੇਂ ਆ ਕੇ ਕਹਾ ਮੈਂ ਰਾਤ ਕਾਟਨੀ ਹੈ, ਬਾਦਸ਼ਾਹ–ਯੇਹ ਮਹਿਲ ਹੈ, ਸਰਾਏ ਨਹੀਂ। ਮੁਸਾਫਰ ਇਸ ਮੇਂ ਬਸਨੇ ਵਾਲੇ ਗਏ ਹੈਂ ਕਿ ਨਹੀਂ ਤੁਮ ਹੀ ਟਿਕੇ ਰਹੋਗੇ, ਜਾਉਗੇ ਨਹੀਂ। ਯੇਹ ਭੀ ਸਰਾਏ ਹੀ ਹੈ। ਸਮਝ ਆ ਗਈ। ਫਿਰ ਭਜਨ ਮੇਂ ਲਗ ਗਿਆ।

ਯੇਹ ਸੰਸਾਰ ਸੁਪਨੇ ਕੀ ਨਿਆਈ ਹੈ।
ਜਨਮ ਸੁਫਲਾ ਕਰ ਲੋ ਯੇਹੀ ਸਮਾ ਹੈ।

Sri Satguru Jagjit Singh Ji eLibrary NamdhariElibrary@gmail.com

ਸ੍ਰੀ ਗੁਰੂ ਗ੍ਰੰਥ ਸਾਹਿਬ

ਸਿਖ ਧਰਮ ਸਾਰੇ ਸੰਸਾਰ ਦੇ ਕਲਿਆਨ ਲਈ ਸਾਜਿਆ ਗਿਆ ਹੈ। ਦਸ ਗੁਰੂ ਸਾਹਿਬਾਨ ਜੀ ਦੇ ਉਪਦੇਸ਼ ਤੇ ਉਨ੍ਹਾਂ ਪਰ ਜੋ ਕਮਾਈ ਆਪ ਕਰ ਗਏ ਹਨ ਉਹ ਇਸ ਧਰਮ ਪਾਸ ਭਾਰੀ ਖਜ਼ਾਨਾ ਹੈ। ਹਰ ਧਰਮ ਦੇ ਚਾਲੂ ਕਰਨ ਵਾਲਾ ਕੋਈ ਅਵਤਾਰ ਪੀਰ ਪੈਗੰਬਰ ਮੰਨਿਆ ਗਿਆ ਹੈ। ਇਸੇ ਤਰ੍ਹਾਂ ਹਰ ਧਰਮ ਦੀ ਆਪਣੀ ਆਪਣੀ ਧਰਮ ਪੁਸਤਕਾਂ ਹਨ । ਹਿੰਦੂ ਧਰਮ ਤਾਂ ਇਕ ਮਿਲਗੋਬਾ ਬਣ ਕੇ ਰਹਿ ਗਿਆ ਹੈ। ਅੰਜੀਲ, ਕੁਰਾਨ ਸ਼ਰੀਫ ਜਿਵੇਂ ਈਸਾਈਆਂ ਲਈ ਤੇ ਮੁਸਲਮਾਨਾਂ ਲਈ ਇਲਹਾਮੀ ਪੁਸਤਕਾਂ ਹਨ ਤਿਵੇਂ ਹੀ ਸਿਖਾਂ ਪਾਸ ਸ੍ਰੀ ਗੁਰੂ ਗਰੰਥ ਸਾਹਿਬ ਜੀ ਹਨ। ਇਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਿਆਰ ਕਰਵਾਇਆ ਹੈ।

ਇਸ ਵਿਚ ਜਿਥੇ ਪਹਿਲੇ ਗੁਰੂ ਸਾਹਿਬ ਜੀ ਦੇ ੯੪੭ ਸ਼ਬਦ, ਦੂਸਰੇ ਗੁਰੂ ਸਾਹਿਬ ਜੀ ਦੇ ੬੦੩, ਤੀਸਰੇ ਗੁਰੂ ਸਾਹਿਬ ਜੀ ਦੇ ੮੬੯ ਸ਼ਬਦ, ਚੌਥੇ ਗੁਰੂ ਸਾਹਿਬ ਜੀ ਦੇ ੬੩੮ ਸਬਦ ਹਨ, ਉਥੇ ਆਪ ਜੀ ਦੇ ਆਪਣੇ ੨੩੧੨ ਸ਼ਬਦ ਹਨ, ਜਿਨ੍ਹਾਂ 'ਚ ਬਾਵਨ ਅੱਖਰੀ ਤੇ ਸੁਖਮਨੀ ਸਾਹਿਬ ਖਾਸ ਬਾਣੀਆਂ ਹਨ। ਇਸ ਵਿਚ ੯੩੦ ਸ਼ਬਦ ਭਗਤਾਂ ਤੇ ਭੱਟਾਂ ਦੇ ਹਨ, ਜੋ ਕਈ ਧਰਮਾਂ ਦੇ ਧਾਰਨੀ ਤੇ ਭਾਰਤ ਦੇ ਕਈ ਹਿਸਿਆਂ ਦੇ ਰਹਿਣ ਵਾਲੇ ਸਨ। ਕਬੀਰ ਜੀ ੫੩੪, ਫਰੀਦ ਜੀ ੧੩੪, ਨਾਮਦੇਵ ਜੀ ੬੨, ਰਵਿਦਾਸ ਜੀ ੪੦, ਸੁੰਦਰ ਜੀ ੬, ਧੰਨਾ ਜੀ ੫ । ਕੁਝ ਹੋਰ ਭਗਤਾਂ ਦੇ ਸ਼ਬਦ ਹਨ, ਪਰ ਪ੍ਰਮਾਨੰਦ ਜ਼ੀ, ਰਾਮਾਨੰਦ ਜੀ, ਪੀਪਾ ਜੀ, ਸਦਨਾ ਜੀ, ਸੈਣ ਜੀ ਦੇ ਇਕ ਇਕ ਸ਼ਬਦ ਹਨ। ਇਸ ਵਿਚ ਕਿਤੇ ਉਨਤਾਈ ਨ ਰਹਿ ਜਾਵੇ ਜਾਂ ਰਲਾ ਨਾ ਹੋ ਜਾਵੇ। ਇਸ ਨੂੰ ਆਪ ਜੀ ਪਹਿਲੀ ਭਾਦਰੋਂ ੧੬੬੧ ਬਿਕ੍ਰਮੀ ਨੂੰ ਸ੍ਰੀ ਹਰਿਮੰਦਰ

Sri Satguru Jagjit Singh Ji eLibrary NamdhariElibrary@gmail.com

ਸਾਹਿਬ ਵਿਚ ਪ੍ਰਕਾਸ਼ ਕਰਵਾ ਦਿਤਾ।

ਇਸੇ ਦੀ ਨਕਲ ਗੁਰੂ ਮਹਾਰਾਜ ਜੀ ਨੇ ਭਾਈ ਮਿਲਖੀ ਪਿਸ਼ੌਰੀ ਦੀ ਬੇਨਤੀ ਪਰ ਬੂੜੇ ਸੰਧੂ ਪਾਸੋਂ ੧੬੬੩ ਬਿਕ੍ਰਮੀ ਵਿਚ ਲਿਖਵਾਈ। ਆਪ ਨੇ ਦਸਖਤ ਭੀ ਕੀਤੇ ਇਸਦੀ ਲਿਖਾਈ ਇਕੋ ਹੱਥ ਦੀ ਹੈ, ਤੇ ਇਸ ਦੇ ਦਰਸ਼ਨ ਮੈਂ ਬਾਬਾ ਖੁਸ਼ਹਾਲ ਸਿੰਘ ਜੀ ਦੀ ਧਰਮਸਾਲਾ ਮਹੱਲਾ ਸੈਦਪੁਰੀ ਰਾਵਲਪਿੰਡੀ ਸ਼ਹਿਰ ਵਿਚ ੧੯੩੪ ਵਿਚ ਕੀਤੇ ਸਨ। ਇਸ ਧਰਮਸਾਲਾ ਨਾਲ ੩੫ ਹਜ਼ਾਰ ਰੁਪਏ ਸਾਲਾਨਾ ਦੀ ਜਾਗੀਰ ਮਹਾਰਾਜਾ ਰਣਜੀਤ ਸਿੰਘ ਜੀ ਨੇ ਲਗਵਾਈ ਸੀ, ਜਦੋਂ ਆਪ ਇਥੋਂ ਅਰਦਾਸਾ ਸੋਧ ਕੇ ਕਾਬਲ ਚੜ੍ਹਾਈ ਕਰਨ ਗਏ ਤੇ ਆਪ ਨੂੰ ੧੩ ਮਾਰਚ ੧੮੨੩ ਈਸਵੀ ਨੂੰ ਅਟੱਕ ਦਰਿਆ ਨੇ ਭੀ ਰਾਹ ਦੇ ਦਿਤਾ ਸੀ। ਪਾਕਿਸਤਾਨ ਬਣ ਜਾਣ ਕਰਕੇ ਪਤਾ ਨਹੀਂ ਹੁਣ ਮਾਰੰਟ ਵਾਲੀ ਜਾਂ ਇਹ ਬੀੜਾਂ ਕਿਥੇ ਪਈ ਹੈ।

ਇਕ ਬੀੜ ਦਮਦਮਾ ਸਾਹਿਬ ਵਾਲੀ ਕਹੀ ਜਾਂਦੀ ਹੈ, ਜਦੋਂ ਗੁਰੂ ਕਲਗੀਧਰ ਜੀ ਮਹਾਰਾਜ ਸ੍ਰੀ ਦਮਦਮੇ ਸਾਹਿਬ ਆਏ ਸਨ ਤਾਂ ਆਪ ਨੇ ਧੀਰਮਲੀਆਂ ਪਾਸੋਂ ਦਰਸ਼ਨ ਕਰਨ ਲਈ ਬੀੜ ਮੰਗਵਾਈ ਪਰ ਉਨ੍ਹਾਂ ਦੇ ਨਾਹ ਕਰਨ ਅਤੇ ਤਾਹਨਾ ਮਾਰਨ ਪਰ ਕਿ ਜੇ ਸਮਰਥ ਗੁਰੂ ਹਨ ਤਾਂ ਆਤਮਕ ਸ਼ਕਤੀ ਨਾਲ ਆਪ ਫਿਰ ਉਚਾਰ ਕੇ ਲਿਖਵਾ ਲੈਣ। ਹਜ਼ੂਰ ਨੇ ਭਾਈ ਮਨੀ ਸਿੰਘ ਜੀ ਪਾਸੋਂ ਆਪੇ ਉਚਾਰ ਕੇ ਲਿਖਵਾਈ ਜੋ ੧੭੬੩ ਬਿਕ੍ਰਮੀ 'ਚ ਤਿਆਰ ਹੋਈ। ਆਪ ਜੀ ਉਸ ਸਮੇਂ ਇਥੇ ੯ ਮਹੀਨੇ ੯ ਦਿਨ ਰਹੇ ਸਨ।

ਅੰਗਰੇਜ਼ਾਂ ਨੇ ਸਿਖ ਰਾਜ ਪਿਛੋਂ ਸਿਖਾਂ ਨੂੰ ਕਮਜ਼ੋਰ ਕਰਨ ਲਈ ਉਨ੍ਹਾਂ ਪਾਸੋਂ ਤਲਵਾਰ ਵੀ ਰਖਵਾ ਲਈ, ਵਡੇ ਵਡੇ ਸਰਦਾਰ ਦੂਰ ਦੂਰ ਜਲਾਵਤਨ ਕਰ ਦਿਤੇ ਪਰ ਉਨ੍ਹਾਂ ਦੀ ਸਰਧਾਂ ਸਿਖੀ ਵਿਚ ਕਾਇਮ ਰਹੀ ਵੇਖ ਕੇ ਪ੍ਰੋਫੈਸਰ ਡਾਕਟਰ ਅਰਨੈਸਟ ਟਰਮਤ Dr. ARNEST TRUMP Professor of oreintal langnages in Munich Universty ਪਾਸੋਂ ਅੰਗਰੇਜ਼ੀ ਵਿਚ

Sri Satguru Jagjit Singh Ji eLibrary NamdhariElibrary@gmail.com

ਤਰਜਮਾ ਕਰਵਾਇਆ ਤੇ ਨੋਟ ਉਸ ਨੇ ਸਰਕਾਰੀ ਪਾਲਸੀ ਮੁਜਬ ਇਹ ਲਿਖੇ ਕਿ ਇਹ ਬਹੁਤ ਵਡੀ ਪੁਸਤਕ ਹੈ, ਲੇਕਿਨ ਇਸ ਵਿਚ ਕੋਈ ਗੌਰਵਤਾ ਨਹੀਂ, ਪ੍ਰਸਪਰ ਵਿਰੋਧੀ ਖਿਆਲ ਇਸ ਵਿਚ ਬਹੁਤ ਦਿਤੇ ਹੋਏ ਹਨ। ਜ਼ਬਾਨ ਧੁੰਦਲੀ ਤੇ ਕੁਲੇਖਾ ਪਾਣ ਵਾਲੀ ਹੈ, ਇਕ ਰਾਗ ਪੜ੍ਹ ਕੇ ਅਗੇ ਤੁਰਨ ਨਹੀਂ ਹੁੰਦਾ, ਮੁੜ ਮੁੜ ਉਹੀ ਗਲ ਦੋਹਰਾਈ ਗਈ ਹੈ। ਸਿਖ ਗਰੰਥੀਆਂ ਜਾਂ ਵਿਦਵਾਨਾਂ ਵਿਚ ਬਹੁਤ ਇਸ ਬਾਰੇ ਅਭਾਵ ਹੈ। ਇਹ ਰੱਬੀ ਕਲਾਮ ਨਹੀਂ ਕਹੀਂ ਜਾ ਸਕਦੀ।' ਸੋ ਸ਼ਰਧਾ ਸਿਖਾਂ ਦੀ ਇਸ ਕਰਤੂਤ ਨਾਲ ਹੋਰ ਵਧ ਗਈ। ਹੁਣ ਕਾਂਗਰਸ ਸਰਕਾਰ ਵੀ ਧਰਮ ਤੇ ਪਾਲਿਟੈਕਸ ਵੱਖ ਵੱਖ ਰਖਣ ਦਾ ਉਪਦੇਸ਼ ਤੇ ਹੋਰ ਕਈ ਕਾਰੇ ਸਿਖਾਂ ਨੂੰ, ਕਮਜ਼ੋਰ ਰਖਣ ਲਈ ਕਰ ਰਹੀ ਹੈ।

ਇਸ ਵਿਚ ਬਿਨਾਂ ਕਿਸੇ ਜ਼ਾਤ ਜਾਂ ਮਜ਼ਹਬੀ ਵਿਤਕਰੇ ਦੇ, ਹਿੰਦੁਸਤਾਨ ਭਰ ਦੇ ਸੁਧਾਰਕ ਮਹਾਂ ਪੁਰਸ਼ਾਂ ਦੇ ਵਿਚਾਰਾਂ ਨੂੰ ਵੀ ਥਾਂ ਦਿੰਦੇ ਹਨ। ਫ਼ਰੀਦ (ਪੰਜਾਬ), ਕਬੀਰ (ਯੂ. ਪੀ.) ਬੈਣੀ (ਬਿਹਾਰ), ਨਾਮਾ ਤੇ ਤ੍ਰਲੋਚਨ (ਸੀ. ਪੀ.) ਪੀਪਾ (ਗੁਜਰਾਤੀ), ਸਧਨਾ (ਸਿੰਧੀ), ਜੈ ਦੇਵ (ਬੰਗਾਲ), ਸੈਣ ਅਤੇ ਭੀਖਣ (ਰਾਜ-ਪੂਤਾਨਾ) ਆਦਿ ਇਲਾਕਿਆਂ ਵਿਚੋਂ ਹੋ ਚੁਕੇ ਪ੍ਰਸਿਧ ਪ੍ਰਭੂ-ਭਗਤ ਸਨ !

Griffin ਨੇ ਮਹਾਰਾਜਾ ਰਣਜੀਤ ਸਿੰਘ ਦਾ ਜੀਵਨ ਲਿਖਿਆ ਹੈ। ਗੁਰੂ ਗਰੰਥ ਸਾਹਿਬ ਬਾਰੇ ਜ਼ਿਕਰ ਕਰਦਾ ਹੈ,

Its idiomes varries according to the time and place of the contributors, Its value as a trea sure of old dial cts is immeanse.

ਇਸ ਦੇ ਵਿਚ ਉਚਾਰਨ ਵਾਲਿਆਂ ਦੇ ਲਹਿਜੇ ਵਕਤ ਨਾਲ ਬਦਲਦੇ ਗਏ, ਏਹ ਪੁਰਾਣੀ ਬੋਲੀਆਂ ਦਾ ਇਕ ਮਹਾਨ

Sri Satguru Jagjit Singh Ji eLibrary NamdhariElibrary@gmail.com

ਖਜ਼ਾਨਾ ਹੈ।

ਗੁਰੂ ਗਰੰਥ ਸਾਹਿਬ ਦਾ ਸੁਨੇਹਾ ਗੁਰਮਤਿ ਤੇ ਰਹਿਸਵਾਦ ਦਾ ਸੁਨੇਹਾ ਹੈ। ਗੁਰਮਤ ਦਾ ਰਹਿਸਵਾਦ ਬਾਕੀ ਰਹਿਸਵਾਦਾਂ ਨਾਲੋਂ ਕਿਵੇਂ ਨਿਖੇੜਿਆ ਜਾ ਸਕਦਾ ਹੈ, ਇਸ ਵਿਚ ਸੂਫੀਮਤ ਵਾਲੀ ਸ਼ੋਖੀ ਨਹੀਂ, ਮੇਹਣੇ ਨਿਹੋਰੇ ਨਹੀਂ, ਨਹੀਂ ਇਸ ਵਿਚ ਵਿਦਾਂਤ ਵਾਦ ਦਾ ਵੈਰਾਗ ਤੇ ਗਿਆਨ ਦੀ ਸੁਕੀ ਠੰਡੀ ਸਖਨੀ ਏਹ ਸਹਿਤ ਖੇੜੇ ਦਾ ਸਹਿਤ ਹੈ।

ਆਦਿ ਗਰੰਥ ਦੀ ਬੋਲੀ ਆਪਣੇ ਆਪ ਨੂੰ ਕਈ ਰਲਵੇਂ ਤੇ ਨਿਖੜਵੇ ਰੂਪਾਂ ਵਿਚ ਭੇਟ ਕਰਦੀ ਹੈ। ਗੁਰੂ ਸਾਹਿਬਾਨ ਦੀ ਬੋਲੀ ਬਹੁਤ ਕਰਕੇ ਪੰਜਾਬੀ ਤੇ ਹਿੰਦੀ ਦਾ ਮਿਲਗੋਭਾ ਹੈ। ਇਸ ਲਈ ਇਸ ਨੂੰ ਪੰਜਾਬੀ ਹਿੰਦੀ ਕਹਿ ਸਕਦੇ ਹਾਂ। ਭਗਤ ਨਾਮਦੇਵ ਜੀ ਦੀ ਬੋਲੀ ਨੂੰ ਮਰਾਠੀ ਹਿੰਦੀ, ਭਗਤ ਕਬੀਰ ਜੀ ਦੀ ਬੋਲੀ ਪੂਰਬੀ ਹਿੰਦੀ ਹੈ। ਹਰ ਕਵੀ ਦੀ ਬੋਲੀ ਨਾਲ ਹਿੰਦੀ ਆ ਰਲਦੀ ਹੈ। ਇਹੋ ਹਿੰਦੀ ਸੰਤ ਭਾਸ਼ਾ ਦਾ ਵੱਡਾ ਹਿੱਸਾ ਹੈ। ਗਰ ਸਾਹਿਬਾਨ ਜੀ ਨੇ ਫਾਰਸੀ, ਲਹਿੰਦੀ ਤੇ ਸੰਸਕ੍ਰਿਤ ਵੀ ਵਰਤੀ ਹੈ। ਏਹ ਨ ਕੇਵਲ ਕਵਿਤਾ ਦਾ ਸਗੋਂ ਉਤਰੀ ਹਿੰਦ ਦੀਆਂ ਸਮੂਹ ਉਪਭਾਖਾਵਾਂ ਦਾ ਇਕ ਅਨਮੋਲ ਖਜ਼ਾਨਾ ਹੈ।

ਹਿੰਦੂ ਕਵਿਤਾ ਦੇ ਵਿਗਿਆਨੀਆਂ ਨੇ ੯ ਰਸ ਮੰਨੇ ਹਨ: ਸ਼ਾਤ, ਸ਼ਿੰਗਾਰ, ਅਦਭੁਤ, ਰੁਦਰ, ਰਾਸਜ, ਭਯਾਨਕ, ਕਰੁਣ, ਵੀਰ ਤੇ ਜੀਭਰਸ, ਇਨ੍ਹਾਂ ਵਿਚੋਂ ਕੋਈ ਭੀ ਰਸ ਐਸਾ ਨਹੀਂ ਜੋ ਗੁਰੂ ਗਰੰਥ ਸਾਹਿਬ ਜੀ ਦੀ ਕਵਿਤਾ ਵਿਚੋਂ ਨ ਮਿਲੇ।

—ਹਉ ਆਪੇ ਬੋਲ ਨ ਜਾਣਦਾ ਮੈ ਕਹਾ ਸਭ ਹੁਕਮਾਓ ਜੀ

—ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀਂ ਗਿਆਨ ਵੇ ਲਾਲੋ।

Sri Satguru Jagjit Singh Ji eLibrary NamdhariElibrary@gmail.com

—ਬਾਣੀ ਗੁਰੂ, ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ।

—ਗੁਰਬਾਣੀ ਕਹੈ ਸੇਵਕ ਜਨ ਮਾਨੇ ਪ੍ਰਤਖ ਗੁਰੂ ਨਿਸਤਾਰੇ।

ਇਹ ਸ਼ਬਦ ਸਾਫ ਪ੍ਰਗਟ ਕਰਦੇ ਹਨ ਕਿ ਇਹ ਇਲਾਹੀ ਬਾਣੀ ਹੈ।

ਸਿਖਾਂ ਨੇ ਪ੍ਰਚਾਰ ਵਲ ਖਾਸ ਧਿਆਨ ਨਹੀਂ ਦਿਤਾ। ਗੀਤਾ ਦਾ ਤਰਜਮਾਂ ਮੈਂ ਆਪਣੀ ਅਖਾਂ ਨਾਲ ਹੁਣ ਤਕ ੧੮ ਜ਼ਬਾਨਾ ਵਿਚ ਵੇਖਿਆ ਹੈ। ਸ੍ਰੀ ਸੁਖਮਨੀ ਸਾਹਿਬ ਗੀਤਾ ਨਾਲੋਂ ਉਚੀ ਬਾਣੀ ਹੈ, ਜਿਸਦਾ ਤਰਜਮਾ ਮੇਰੀ ਪ੍ਰੇਰਨਾ ਨਾਲ ਸ੍ਰੀਮਾਨ ਸ: ਮੱਖਨ ਸਿੰਘ ਜੀ ਤੈਹਰਾਨ (ਈਰਾਨ) ਨੇ ਫਾਰਸੀ ਵਿਚ ਤੇ ਸਚਖੰਡਵਾਸੀ ਸ: ਲਾਲ ਸਿੰਘ ਜੀ ਗੌਹਾਟੀ ਆਸਾਮ, ਨੇ ਆਸਾਮੀ ਜ਼ਬਾਨਾਂ ਵਿਚ ਛਪਵਾ ਦਿਤਾ ਹੈ। ਹੁਣ ਮਰਹੱਟੀ ਵਿਚ ਜਲਦੀ ਛਪਣ ਵਾਲਾ ਹੈ।

ਅੰਗਰੇਜ਼ੀ ਵਿਚ ਗੁਰੂ ਗਰੰਥ ਸਾਹਿਬ ਜੀ ਦਾ ਪੂਰਾ ਤਰਜਮਾ ਸਚਖੰਡ ਵਾਸੀ ਸ੍: ਸਰਦੂਲ ਸਿੰਘ ਜੀ ਕਵੀਸ਼ਰ, ਨੇ ਤਿਆਰ ਕਰਕੇ ਛਪਵਾਨਾ ਸੀ ਪਰ ਉਹ ਮੁਕੰਮਲ ਨ ਕਰ ਸਕੇ। ਪਿਛੇ ਜਿਹੇ ਡਾਕਟਰ ਗੋਪਾਲ ਸਿੰਘ ਜੀ 'ਦਰਦੀ' ਨੇ ਅੰਗਰੇਜ਼ੀ ਵਿਚ ਤਰਜਮਾ ਛਪਵਾਇਆ ਹੈ, ਜਿਨ੍ਹਾਂ ਨੂੰ ਭਾਰਤ ਸਰਕਾਰ ਵਲੋਂ ਸਤਿਕਾਰਿਆ ਵੀ ਗਿਆ ਹੈ। ਸਭ ਤੋਂ ਵਧ ਮਸ਼ਹੂਰੀ ਗਰੰਥ ਸਾਹਿਬ ਦੀ ਉਸ ਤਰਜਮੇ ਨਾਲ ਹੋਈ ਤੇ ਹੋ ਰਹੀ ਹੈ ਜੋ ਯੂਨਾਈਟਿਡ ਨੇਸ਼ਨਜ਼ ਦੀ ਧਾਰਮਕ ਕਮੇਟੀ ਨੇ ਆਪਣੇ ਖਰਚ ਤੇ (ਡਾਕਟਰ ਰਾਧਾ ਕ੍ਰਿਸ਼ਨਨ ਹਿੰਦੁਸਤਾਨ ਦੇ ਪ੍ਰਧਾਨ ਦੀ ਪ੍ਰਧਾਨਗੀ ਵਿਚ, ਕੁਝ ਸਿਖ ਵਿਦਵਾਨਾਂ ਨੇ ਜੋ ਖਾਸ-ਖਾਸ ਸ਼ਬਦਾਂ ਦਾ ਤਰਜਮਾ ਅੰਗਰੇਜ਼ੀ ਵਿਚ ਤਿਆਰ ਕੀਤਾ ਸੀ) ਛਪਵਾਇਆ ਹੈ।

Unesco praise for Holy Granth

Nankind's religions future may be obscure,

Sri Satguru Jagjit Singh Ji eLibrary NamdhariElibrary@gmail.com

yet one thing can be foreseen, the living higher religons are going to influence each other han even before, in these days of increasing communication between all parts of the world all branches of the human race.

In this coming religious debate, the Sikh religion & its scriptures the Adi Granth will have some thing of special value to say to the rest of the world. This religion is itself a monument of creative spritual int rcourse between 2 traditional religons whose relations have otherwise not been happy. This is a good augury.

ਇਹ ਇਕ ਪ੍ਰਸਿਧ ਵਿਦਵਾਨ ਜੋ ਇਸ ਕਮੇਟੀ ਦਾ ਸਕਤ੍ ਹੈ, ਪਰ ਆਪ ਈਸਾਈ ਮਤ ਦੇ ਧਾਰਨੀ ਵਲੋਂ ਸਿਖ ਧਰਮ ਦੀ ਸਭ ਧਰਮਾਂ ਨਾਲੋਂ ਖ਼ਾਸ ਵਡਿਆਈ ਦਾ ਪ੍ਰਗਟਾਵਾ ਹੈ। ਗੁਰੂ ਮਹਾਰਾਜ ਦੀ ਕ੍ਰਿਪਾ ਹੋਵੇ ਸਿਖ ਧਰਮ ਨੂੰ ਪ੍ਰਚਾਰਨ ਲਈ ਸਿਖਾਂ ਵਿਚ ਹੋਰ ਸ਼ੌਕ ਪੈਦਾ ਹੋਵੇ ਤਾਕਿ ਸਾਰੇ ਸੰਸਾਰ ਦਾ ਭਲਾ ਹੋਵੇ ਤੇ ਉਹਨਾਂ ਨੂੰ ਈਸ਼ਵਰੀ ਗਿਆਨ ਦੀ ਪ੍ਰਾਪਤੀ ਹੋਵੇ।

ਯੂ. ਪੀ. ਵਿਚ ਵਿਚ ਸਿਖੀ ਪ੍ਰਚਾਰ ਦੀ ਲਹਿਰ ਸਮੇਂ, ਜਿਸ ਲਈ ਬਹੁਤ ਸਾਰਾ ਸਫ਼ਲ ਸਮਾਂ ਲਾਣ ਕਰਕੇ ਦਾਸ ਨੂੰ ਪੰਥ ਪ੍ਰਸਿਧ ਮਾਨ ਪ੍ਰਾਪਤ ਹੈ, ਗੁਰਬਾਣੀ ਤੇ ਇਤਿਹਾਸ ਹਿੰਦੀ ਵਿਚ ਹੋਣਾ ਜ਼ਰੂਰੀ ਹੈ ਲਈ ਬਹੁਤ ਕਹਿਨਾ ਤੇ ਲਿਖਨਾ ਪਿਆ। ਪੱਦ ਛੇਦ ਸ੍ਰੀ ਗੁਰੂ ਗਰੰਥ ਸਾਹਿਬ ਜੀ ਭੀ ਮਿਲਨ ਲਗ ਪਏ ਤੇ ਹਿੰਦੀ ਵਿਚ ਭੀ ਬੜੀ ਕੋਸ਼ਿਸ਼ ਨਾਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਸ਼ਰੋਮਣੀ

Sri Satguru Jagjit Singh Ji eLibrary NamdhariElibrary@gmail.com

ਗੁਰਦਵਾਰਾ ਪ੍ਰਬੰਧਕ ਕਮੇਟੀ ਪਾਸੋਂ ਛਪਵਾਏ ਗਏ ਤੇ ਪਹਿਲੀ ਵਾਰੀ ਸਿਖ ਤਵਾਰੀਖ ਵਿਚ ਸ੍ਰੀ ਪਾਓਂਟਾ ਸਾਹਿਬ ਜੀ ਵਿਚ ਹਿੰਦੀ ਦੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸ੍ਰੀ ਅਖੰਡ ਪਾਠ ਕਰਾਨ ਦਾ ਦਾਸ ਨੇ ਐਲਾਨ ਕਢਿਆ ਤੇ ਨਿਰਮਲੇ ਸੰਤ ਜੀ ਇਸ ਕਾਰਜ ਲਈ ਚੰਗੇ ਵਿਦਵਾਨ ਮੰਗਵਾਏ ਗਏ।

ਇਹ ਸੋਲਾਂ ਆਨੇ ਠੀਕ ਹੈ ਕਿ ਮਢਲੀਆਂ ਬੀੜਾਂ ਵਿਚ ਤੇ ਹੋਰ ਅਨੰਕਾਂ ਬਾਣੀਆਂ ਵਿਚ ਤੇ ਸਾਡੀ ਰਹਿਤ ਵਿਚ ਬਲਕੇ ਇਤਿਹਾਸ ਵਿਚ ਕਈ ਕਿਸਮ ਦੇ ਭੁਲੇਖੇ ਪਾਏ ਜਾਂਦੇ ਰਹੇ ਹਨ। ਰਾਗ ਮਾਲਾ ਪੜ੍ਹਨ ਜਾਂ ਨਾ ਪੜ੍ਹਣ ਬਾਰੇ ਬਹੁਤ ਚਿਰ ਚਰਚਾ ਹੁੰਦੀ ਰਹੀ। ਇਸ ਵਿਚ ਤਾਂ ਵਿਸ਼ੇਸ਼ ਕਰਕੇ ਅੰਗਰੇਜ਼ ਨੀਤੀ ਦਾ ਹੱਥ ਸੀ। ਮੈਂ ਅਗੇ ਦਸ ਚੁਕਾ ਹਾਂ ਕਿ ਸਾਰੀ ਤਰੁਟੀਆਂ ਦਾ ਕਾਰਨ ਵਿਦਵਾਨਾਂ ਦੀ ਈਰਖਾ ਤੇ ਸਰਕਾਰ ਦੀ ਨੀਤੀ ਹੁੰਦੀ ਹੈ।

ਔਣ ਵਾਲੇ ਮਹਾਨ ਘੱਲੂਘਾਰੇ ਪਿਛੋਂ ਸਿਖ ਰਾਜ ਕਾਇਮ ਕਰਵਾਨ ਵਾਲੇ ਤੇ ਸਿਖੀ ਨੂੰ ਚਮਕਾਣ ਵਾਲੇ ਗੁਰੂ ਦੁਲਾਰੇ ਜਲਦੀ ਪ੍ਰਗਟ ਹੋਣ ਵਾਲੇ ਹਨ। ਉਹ ਦਸਵੇਂ ਪਾਤਸ਼ਾਹ ਜੀ ਵਾਂਗੂ ਆਪਨੀ ਆਤਮਕ ਸ਼ਕਤੀ ਨਾਲ ਸਾਰਾ ਇਤਿਹਾਸ ਤੇ ਗੁਰਬਾਣੀ ਭੀ ਠੀਕ ਕਰਵਾ ਦੇਣਗੇ ਤੇ ਉਸ ਤੋਂ ਪਿਛੋਂ ਬਹੁਤ ਸਾਰੀਆਂ ਦੁਕਾਨਾਂ, ਜੋ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਦਾ ਆਸਰਾ ਲੈਕੇ ਭੁਲੇਖੇ ਪਾ ਰਹੀਆਂ ਹਨ, ਤੇ ਗੁਰ ਗਦੀਆਂ ਚਲਾ ਰਹੀਆਂ ਹਨ, ਖਤਮ ਹੋ ਜਾਣਗੀਆਂ ਤੇ ਗੁਰਾਣੀ ਅਤੇ ਸਿਖ ਇਤਿਹਾਸ ਸੰਸਾਰ ਦੀਆਂ ਬਹੁਤ ਸਾਰੀਆਂ ਜ਼ਬਾਨਾਂ ਵਿਚ ਛਪਕੇ ਸੰਸਾਰ ਭਰ ਨੂੰ ਸ਼ਾਂਤੀ ਬਖ਼ਸ਼ੇਗਾ।

ਇਸ ਵੇਲੇ ਤਾਂ ਸਾਨੂੰ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਤਿਆਰ ਕਰਵਾਏ ਹੋਏ ਰਹੁ-ਰੀਤ ਦੇ ਖਰੜ ਮੰਗਵਾਕੇ ਸਾਰੇ ਗੁਰਦਵਾਰਿਆਂ ਵਿਚ ਉਨ੍ਹਾਂ ਪਰ ਅਮਲਾ ਕਰਨ ਚਾਹੁੰਦੀ ਹੈ ਤੇ ਗੁਰੂ ਸੰਗਤ ਵਿਚ

Sri Satguru Jagjit Singh Ji eLibrary NamdhariElibrary@gmail.com

ਗੁਰੂ ਪਰ ਸ਼ਰਮਾ ਵਧਾਨੀ ਤੇ ਸਿਮਰਨ ਸੇਵਾ ਲਈ ਜ਼ੋਰ ਦੇਣ ਦੀ ਖ਼ਾਸ ਲੋੜ ਹੈ। ਸਚੇ ਪਾਤਸ਼ਾਹ ਜੀ ਆਪ ਮਿਹਰ ਕਰਨਗੇ ਤੇ ਇਹ ਅਕਾਲੀ ਬਾਣੀ ਸੰਸਾਰ ਪ੍ਰਸਿੱਧ ਜ਼ਰੂਰ ਹੋਵੇਗੀ। ਮਹਾਰਾਜ ਜੀ ਹੀ ਫ਼ਰਮਾ ਗਏ ਹਨ—

ਬ੍ਰਹਮ ਗਿਆਨੀ ਸੰਤ ਅਤਰ ਸਿੰਘ ਜੀ ਸਾਹਿਬ ਮਸਤੂਆਣੇ ਵਾਲਿਆਂ ਜੀ ਦੇ ਅਨਿਨ ਸੇਵਕ ਬ੍ਰਹਮ ਗਿਆਨੀ ਸੰਤ ਤੇਜਾ ਸਿੰਘ ਜੀ ਸਾਹਿਬ ਡਬਲ ਐਮ. ਏ. ਪਾਸੋਂ ਦਾਸ ਨੇ ਆਪ ਸੁਣੇ ਹੋਏ ਹਨ। ਗੁਰਸਿਖੋ ਭੁਲਾਂ ਬਖਸ਼ਾਓ ਭਰੋਸਾ ਵਧਾਓ ਭਜਨ ਕਰਦੇ ਰਹੋ ਤੇ ਭਾਣਾ ਮੰਨਦੇ ਰਹੋ ਹਰ ਤਰਾਂ ਉਸ ਦੀ ਮੇਹਰ ਹੋਵੇਗੀ ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਮਹਾਰਾਜ ਸਾਰੇ ਸੰਸਾਰ ਨੂੰ ਗਿਆਨ ਤੇ ਮੁਕਤੀ ਬਖਸ਼ਨਗੇ।

Sri Satguru Jagjit Singh Ji eLibrary NamdhariElibrary@gmail.com

ਕਾਂਡ ੧੩.

ਸਚਖੰਡ ਜਾਨ ਦੀ ਤਿਆਰੀ

ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ ॥
ਬ੍ਰਹਮ ਗਿਆਨੀ ਏਕ ਸੰਗਿ ਹੇਤਾ ॥
ਬ੍ਰਹਮ ਗਿਆਨੀ ਕੈ ਹੋਇ ਅਚਿੰਤ ॥
ਬ੍ਰਹਮ ਗਿਆਨੀ ਕਾ ਨਿਰਮਲ ਮੰਤ ॥
ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪ ॥
ਬ੍ਰਹਮ ਗਿਆਨੀ ਕਾ ਬਡ ਪਰਤਾਪ ॥
ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ ॥
ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ ॥
ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪ ਪਰਮੇਸੁਰ ॥

ਦੋ ਦਿਨ ਪਹਿਲੋਂ ੪੮ ਘੰਟੇ ਆਪ ਜੀ ਗੁੰਮ ਰਹੇ ਸਰੀਰ ਤਾਂ ਚਾਰਪਾਈ ਤੇ ਪਿਆ ਸੀ ਪਰ ਜਿਵੇਂ ਬਦੇਹ ਹੋ ਜਾਈਦਾ ਹੈ ਸਭ ਸੰਗਤ ਤੇ ਡਾਕਟਰ ਹੈਰਾਨ ਸਨ ਆਖਰ ਦੋਪਹਿਰ ਡੇਢ ਵਜੇ ਲੇਟ ਲੇਟੇ ਬੋਲ ਪਏ ਤਾਂ ਹੀਰਾ ਸਿੰਘ ਨੇ ਪੁਛਿਆ ਮਹਾਰਾਜ ਜੀ ਆਪ ਕਿਥ ਗਏ ਹੋਏ ਸੀ ਸਭ ਸੰਗਤ ਹੈਰਾਨ ਪ੍ਰਸ਼ਾਨ ਹੈ ਆਪ ਜੀ ਨੇ ਫਰਮਾਇਆ ਦਾਤਨ ਲਿਆਉ ਭਾਈ ਮੇਹਰ ਸਿੰਘ ਗੜਵਈ ਦਾਤਨ ਲੈ ਆਇਆ, ਹੀਰਾ ਸਿੰਘ ਜੀ ਨੇ ਦਾਤਨ ਪਕੜਾਈ ਤੇ ਫਿਰ ਨਿਮਰਤਾ ਨਾਲ ਪੁਛਿਆ ਕਿਥੇ ਗਏ ਰਹੇ ਮਿਨਤ ਕੀਤੀ

Sri Satguru Jagjit Singh Ji eLibrary NamdhariElibrary@gmail.com

ਫਿਰ ਬੋਲੇ ਅਸੀਂ ਗੁਰੂ ਰਾਮਦਾਸ ਜੀ ਮਹਾਰਾਜ ਜੀ ਪਾਸੋਂ ਆਗਿਆ ਲੈ ਲਈ ਸੀ ਤੇ ਚਲੇ ਗਏ ਸੀ ਪਰ ਏਹ ਸੁਨੇਹਾ ਦੇਣ ਆਏ ਹਾਂ ਕਿ ਮੀਂਹ ਦਾ ਪਾਣੀ ਪ੍ਰਕਰਮਾ ਵਿਚ ਕਛੇ ਧੋਨ ਦਾ ਪਾਣੀ ਗੰਦਾ ਸਰੋਵਰ ਵਿਚ ਜਾਂਦਾ ਹੈ ਉਹ ਕਢੋ ਟੂਟੀਆਂ ਲਾਉ ਚਾਰੋਂ ਪਾਸੇ ਤਾਕੇ ਪਰੇਮੀ ਅਸ਼ਨਾਨ ਉਨ੍ਹਾਂ ਵਿਚ ਕਰਕੇ ਫਿਰ ਸਰੋਵਰ ਵਿਚ ਟਥਾ ਲਾਣ।

2004
57
1947

੧ ੧੭੦ ਵਰ੍ਹੇ ਸਰੀਰ ਵਿਚ ਰਹਿਕੇ ਮਲਵਈ ਬੁੰਗੇ ਆਪ ਜੀ ਨੇ ੧੫ ਮੱਘਰ ਸੰਮਤ ੨੦੦੪ ਨੂੰ ਐਤਵਾਰ ਸਵੇਰੇ ਚਾਰ ਵਜੇ ਸਰੀਰ ਛੱਡ ਦਿਤਾ ਉਸ ਸਮੇਂ ਆਪ ਜੀ ਪਾਸ ਸੰਤ ਹੀਰਾ ਸਿੰਘ, ਭਾਈ ਜੋਗਾ ਸਿੰਘ ਤੇ ਭਾਈ ਹਰਨਾਮ ਸਿੰਘ ਜੀ ਕੰਧਾਰੀ ਸਨ। ਜਦੋਂ ਦੋ ਦਿਨ ਪਏ ਰਹੇ ਸੁਖਮਨੀ ਸਾਹਿਬ ਦੇ ਪਾਠ ਹੁੰਦੇ ਰਹੇ ਤੇ ਜਾਂ ਤੂੰਹੀ ਤੂੰਹੀ ਤੂੰਹੀ ਤੂੰਹੀ ਤੂੰਹੀ ਦੀ ਧੁਨੀ ਲਗੀ ਰਹੀ ਆਪ ਜੀ ਦਾ ਹੁਕਮ ਏਹੀ ਸੀ। ਇਤਨਾ ਭਾਰੀ ਜਲੂਸ ਕਦੀ ਨਹੀਂ ਨਿਕਲਿਆ ਬੈਂਡ ਬਾਜੇ ਸ਼ਬਦੀ ਜਥੇ ਅਨੇਕਾਂ ਹੀ ਨਾਲ ਸਨ।

ਸਰੀਰ ਦੋ ਵਜੇ ਸੰਗਤ ਨਹਿਰ ਤੇ ਲਿਆਈ, ਪੰਜ ਲਖ ਮਾਈ ਭਾਈ ਨਾਲ ਸਨ ਪੂਰੇ ਸ਼ਾਹੀ ਠਾਠ ਨਾਲ ਉਥੇ ਸਸਕਾਰ ਕੀਤਾ ਗਿਆ ਭੋਗ ਸਤਾਰਵੇਂ ਦਾ ਅਕਾਲੀ ਮਾਰਕੀਟ ਵਿਚ ਪਾਇਆ ਗਿਆ—ਸ਼ਰੋਮਣੀ ਗੁ: ਪ੍ਰ: ਕਮੇਟੀ ਵਲੋਂ ਸ਼ੋਕ ਦਾ ਮਤਾ ਪਾਸ ਹੋਇਆ ਸਭ ਲੀਡਰ ਸੰਤ ਮਹਾਤਮਾ ਆਏ ਹੋਏ ਸਨ ਸੰਤ ਅਮੀਰ ਸਿੰਘ ਜੀ ਵਿਦਿਆ ਮਾਰਤੰਡ ਹਥੀ ਦਸਤਾਰ ਬੰਦੀ ਦੀ ਰਸਮ ਕੀਤੀ ਗਈ ਸੰਤ ਭਾਈ ਝੰਡਾ ਸਿੰਘ ਜੀ ਮੁਖੀ ਥਾਪੇ ਗਏ — ਨਹਿਰ ਦੇ ਗੁਰਦਵਾਰੇ ਦੀ ਨੀਂਹ ਰਖਾਨੀ ਸੀ ਆਪ ਨੇ ਫਰਮਾਇਆ ਪੰਜ ਇਟਾਂ ਸਰੋਵਰ ਵਿਚੋਂ ਡਬੋ ਲਿਆਉ ਅਸੀਂ ਹਥ ਲਾ ਦਿਆਂਗੇ ਤਾਂ ਨੀਂਹ ਰਖਕੇ ਗੁਰਦਵਾਰਾ ਬਣਾ ਦੇਣਾ ਤੇ ਨਹਿਰ ਦੇ ਗੁਰਦਵਾਰੇ ਭੀ ਸਤਿਸੰਗ ਹੁੰਦਾ ਰਹੇ ਤੇ ਹਰ ਮਹੀਨੇ ਚੌਂਕੀ ਜੋ ਤਰਨ ਤਾਰਨ ਜਾਂਦੀ ਹੈ ਉਸ ਦੀ ਸੇਵਾ ਹੁੰਦੀ ਰਹੇ ਇਹ ਬਚਨ ਆਪ ਜੀ ਨੇ

Sri Satguru Jagjit Singh Ji eLibrary NamdhariElibrary@gmail.com

ਤਿੰਨ ਚਾਰ ਦਿਨ ਪਹਿਲੋਂ ਕੀਤੇ ਸਨ ਤੇ ਨੀਂਹ ਰਖਵਾ ਲਈ ਗਈ ਸੀ। ਸੰਤ ਬਾਬਾ ਝੰਡਾ ਸਿੰਘ ਜੀ ਨੇ ਸੇਵਾ ਵਿਚ ਕਮਾਲ ਕਰ ਦਿਤਾ ਜਦੋਂ ਆਪ ਜੀ ਦਾ ਚੜ੍ਹਾਈ ਦਾ ਸਮਾਂ ਆਇਆ ਆਪ ਨੂੰ ਉਸ ਪ੍ਰੇਮੀ ਨੇ ਪੁਛਿਆ ਜਿਸ ਨੇ ਪਿਛਲੇ ਕਾਂਡ ਵਿਚ ਸਾਰੇ ਗੋਝ ਬਚਨ ਬਾਬਾ ਗੁਰਮੁਖ ਸਿੰਘ ਜੀ ਨਾਲ ਹੋਏ ਹੋਏ ਲਿਖਕੇ ਰਖੇ ਹੋਏ ਸਨ ਤਾਂ ਆਪ ਨੇ ਫਰਮਾਇਆ ਸਾਡੇ ਸੇਵਕ ਕੋਈ ਖਾਸ ਨਜ਼ਰੀਂ ਨਹੀਂ ਪੈਂਦਾ ਹੈਨ ਬਹੁਤ ਪਰ ਜ਼ਿਆਦਾ ਤਰ੍ਹਾਂ ਵਿਵਹਾਰੀ—ਸੰਗਤ ਆਪੇ ਫੈਸਲਾ ਕਰ ਲਵੇਗੀ ਸੋ ਆਪ ਜੀ ਦੇ ਚੜ੍ਹਾਈ ਕਰ ਜਾਨ ਪਿਛੋਂ ਮਹੰਤੀ ਦੇਦਾਵੇਦਾਰ ਸੰਤ ਬਿਸ਼ਨ ਸਿੰਘ ਤੇ ਸੰਤ ਖੜਕ ਸਿੰਘ ਜੀ ਸਨ ਸੰਤ ਬਿਸ਼ਨ ਸਿੰਘ ਦੀ ਮਦਦ ਡੇਰੇ ਦਾਰ ਮਹੰਤ ਸੰਤ ਕਰਦੇ ਸਨ ਤੇ ਭਾਰੀ ਗਿਣਤੀ ਵਿਚ ਆਏ ਹੋਏ ਸਨ ਸੰਤ ਖੜਕ ਸਿੰਘ ਦੀ ਸਹਾਇਤਾ ਜਿਥੇ ਜਿਥੇ ਇਮਾਰਤਾਂ ਆਦਿਕ ਦੀ ਸੇਵਾ ਲਗੀ ਹੋਈ ਸੀ ਉਥੋਂ ਦਰਜਨਾ ਹੀ ਟਰਕਾਂ ਬਸਾਂ ਵਿਚ ਕਈ ਹਜ਼ਾਰ ਸੰਤ ਸੇਵਕ ਪੁਜ ਗਏ ਸ਼ਸਤਰ ਭੀ ਕਈਆਂ ਪਾਸ ਸਨ ਸੋ ਆਪ ਦੀ ਬਹੁ ਗਿਣਤੀ ਨੂੰ ਵੇਖਕੇ ਸੰਗਤ ਨੇ ਦਸਤਾਰ ਸੰਤ ਖੜਕ ਸਿੰਘ ਜੀ ਨੂੰ ਹੀ ਦਿਤੀ ਜੋ ਕਈ ਥਾਂ ਹਛੀ ਸੇਵਾ ਇਮਾਰਤਾਂ ਦੀ ਕਰਵਾ ਚੁਕੇ ਹਨ ਤੇ ਕਰਵਾ ਰਹੇ ਹਨ 'ਤਿਸ ਪਿਛੇ ਖਾਏ ਘਨੇਰੀ' ਵਾਲਾ ਵਾਕ ਪੂਰਾ ਹੋਇਆ ਹੈ।

ਅਗਲੀ ਐਡੀਸ਼ਨ ਵਿਚ ਹੋਰ ਜੋ ਜੋ ਸਾਖੀਆਂ ਸੰਗਤਾਂ ਲਿਖ ਭੇਜਨਗੀਆਂ ਜਾਂ ਲਿਖਾਨ ਦੀ ਕਿਰਪਾ ਕਰਨਗੀਆਂ ਸਭ ਛਾਪ ਦਿਤੀਆਂ ਜਾਣਗੀਆਂ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹ ॥

Sri Satguru Jagjit Singh Ji eLibrary NamdhariElibrary@gmail.com

ਸੰਤ ਬਾਬਾ ਗੁਰਮੁਖ ਸਿੰਘ ਜੀਉ ਧੰਨ ਹੋ

ਸੰ ਸੰਤ ਪਿਆਰੇ ਆਏ ਵਿਚ ਸੰਸਾਰ ਦੇ
ਤ ਤਪਦੇ ਸੜਦੇ ਜੀਵਾ ਤਾਈਂ ਠਾਰਦੇ
ਬਾ ਬਾਗ ਬਾਨੇ ਬਣ ਆਏ ਇਸ ਗੁਲਜ਼ਾਰ ਦੇ
ਬਾ ਬਾਵਨ ਚੰਦਨ ਵਾਂਗ ਮੈਹਕ ਖਲਾਰ ਦੇ
ਗੁ ਗੁਰਮੁਖ ਸੁਘੜ ਸੁਜਾਨ ਪੁੰਜ ਪਿਆਰ ਦੇ
ਰ ਰਸਕ ਰਸਕ ਗੁਣ ਗਾਵਨ ਸਿਰਜਨਹਾਰ ਦੇ
ਮੁ ਮੁਕਤ ਭੁਕਤ ਦੇ ਦਾਤੇ ਜੁਗਤ ਸਵਾਰ ਦੇ
ਖ ਖਲ ਮੂਰਖ ਗਵਾਰ ਸਭਸ ਨੂੰ ਤਾਰ ਦੇ
ਸਿੰ ਸਿੰਧ ਸਮਾਨ ਅਡੋਲਾ ਕਦੇ ਨਾ ਹਾਰਦੇ
ਘ ਘਰ ਘਰ ਸੇਵਾ ਜਾਚ ਫਿਰਨ ਸਿਖਾਰ ਦੇ
ਜੀ ਜੀਵਨ ਸਫਲ ਹੈ ਜਾਣੇ ਕਰ ਲਾ ਦੀਦਾਰ ਦੇ
ਉ ਉਹ ਬੀ ਮੁਕਤ ਹੋ ਜਾਨ ਦਰਸ ਨਿਹਾਰ ਦੇ
ਧੰ ਧੰਨ ਧੰਨ ਜਗ ਆਏ ਲੋਕ ਉਚਾਰ ਦੇ
ਨ ਨਰਕੋਂ ਕਢ ਬਚਾਨ ਦੁਖ ਸਹਾਰ ਦੇ
ਹੋ ਹੋਵਨ ਆਪ ਬਸੀਠ, ਗੁਰ ਦਰਬਾਰ ਦੇ
ਕਿਰਤੀ ਸੰਤ ਪਿਆਰੇ ਸਭ ਨਰ ਨਾਰ ਦੇ

ਲੇਖਕ—ਦੇਵਾ ਸਿੰਘ 'ਕਿਰਤੀ'

Sri Satguru Jagjit Singh Ji eLibrary NamdhariElibrary@gmail.com

ਡਾਕਟਰ 'ਖਾਲਸਾ' ਜੀ ਦੀਆਂ ਹੋਰ ਪੁਸਤਕਾਂ

ਪੂਰਾ ਜੀਵਨ **ਬ੍ਰਹਮ ਗਿਆਨੀ ਸੰਤ ਅਤਰ ਸਿੰਘ** ਜੀ ਸਾਹਿਬ ਮਸਤੂਆਣਾ—ਆਪ ਜੀ ਦੇ ਜੀਵਨ ਵਿਚ ਦਸ ਲਖ ਨਵੇਂ ਸਿੰਘ ਸਜੇ ਤੇ ਸੈਂਕੜੇ ਗੁਰਦਵਾਰੇ ਬਣੇ ਸਕੂਲ ਕਾਲਜ ਖੁਲ੍ਹੇ, ਪੂਰੇ ਹਾਲ ਜਾਨਣ ਲਈ ਅਜ ਹੀ ਖ੍ਰੀਦੋ। ਭੇਟਾ ੫-੫੦

'ਲੈਕਚਰਾਰ ਮੈਂ ਕਿਵੇਂ ਬਣਿਆ' ਏਹ ਆਪ ਦੇ ੪੭ ਸਾਲ ਦੇ ਤਜਰਬਿਆਂ ਦਾ ਨਿਚੋੜ ਹੈ। ਲੈਕਚਰ ਕਿਵੇਂ ਕਰਨਾ ਤੇ ਕਿਵੇਂ ਖਤਮ ਕਰਨਾ ਹੈ ਲੈਕਚਰਾਰ ਦੇ ਤਰਕੀ ਕਰਨ ਲਟੀ ਜ਼ਰੂਰੀ ਨੁਕਤੇ ਦਸੇ ਹਨ। ਏਹ ਹਰ ਰਾਗੀ ਢਾਡੀ, ਕਵੀ, ਪ੍ਰਚਾਰਕ, ਲੀਡਰ ਪ੍ਰਬੰਧਕ, ਸਟੇਜ ਤੇ ਔਣ ਵਾਲੇ ਲਈ ਮੁਕੰਮਲ ਗਾਈਡ ਹੈ ਭੇਟਾ ਕੇਵਲ ੫-੨੫

'ਗੁਰਮਤ ਮਾਰਗ'—ਭਾਗ ਪਹਿਲਾਂ ਇਸ ਵਿਚ ਆਪ ਦੇ ੩੭ ਲੇਖ ਰਾਜਸੀ ਤੇ ਭਾਈਚਾਰਕ ਹਨ। ਭੇਟਾ ੩) ਰੁਪਏ

ਅੱਖੀਂ ਡਿਠਾ ਸੰਸਾਰ—ਡਾਕਟਰ 'ਖਾਲਸਾ' ਜੀ ਨੇ ੭ ਚੱਕਰ ਸੰਸਾਰ ਯਾਤਰਾ ਲਈ ਲਾਏ ਹਨ। ਸੰਸਾਰ ਭਰਮਣ ਅਤੇ ਵਚਿਤ੍ਰ ਹਾਲਾਤ ਦੋ ਭਾਗਾਂ ਵਿਚ, ੧੦੦ ਫੋਟੋ ਸਹਿਤ। ਛਪ ਰਹੀ ਹੈ

ਧਰਮ ਕਿ ਰਾਜਨੀਤੀ—ਇਸ ਵਿਚ ਰਾਜਨੀਤੀ, ਭਾਈਚਾਰਾ ਤੇ ਸੰਸਾਰ ਸਥਿਤੀ ਬਾਰੇ ੩੫ ਲੇਖ ਹਨ। ਭੇਟਾ ੩-੭੫

-: ਮਿਲਣ ਦਾ ਪਤਾ :-

੧-ਸਰਦਾਰ ਪ੍ਰੈਸ, ਐਸ਼ਬਾਗ, ਲਖਨਊ--੪

੨-ਸਪੈਸ਼ਲ ਪ੍ਰਿੰਟਿੰਗ ਪ੍ਰੈਸ, ਬਾਜ਼ਾਰ ਧੋਬੀਆਂ ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

the line of

B-1542

Sri Satguru Jagjit Singh Ji eLibrary NamdhariElibrary@gmail.com

ਛਪ ਚੁਕੀਆਂ ਪੁਸਤਕਾਂ

—ਪੂਰਾ ਜੀਵਨ ਬ੍ਰਹਮ ਗਿਆਨੀ ਸੰਤ ਅਤਰ ਸਿੰਘ ਜੀ ਸਾਹਿਬ ਮਸਤੂਆਣੇ ਵਾਲੇ, ਪੰਨੇ 300, ਫੋਟੋ 15, ਜਿਲਦ ਚੰਗੀ, ਭੇਟਾ 5-50

—'ਲੈਕਚਰਾਰ ਕਿਵੇਂ ਬਣਿਆ' ਇਹ ਆਪ ਦੇ 48 ਸਾਲ ਦੇ ਤਜਰਬੇ ਦਾ ਨਿਚੋੜ ਹੈ, ਲੈਕਚਰ ਸ਼ੁਰੂ ਤੋਂ ਕਿਵੇਂ ਤਿਆਰ ਕਰਨਾ ਤੇ ਕਿਵੇਂ ਖ਼ਤਮ ਕਰਨਾ ਹੈ ਇਸ ਵਿਚ ਆਪ ਦੇ ਖ਼ਾਸ ਲੈਕਚਰ ਟੋਕੀਓ, ਬਰਲਿਨ, ਪੈਰਸ, ਲੰਡਨ, ਨਿਊਯਾਰਕ, ਵਾਸ਼ਿੰਗਟਨ, ਪਨਾਮਾ, ਜਬਰਾਲਟਰ ਆਦਿਕ ਵਿਚ ਕੀਤੇ ਹੋਏ ਦਰਜ ਹਨ। ਪੰਨੇ 300, ਫੋਟੋ ਕਾਪੀ 13, ਜਿਲਦ ਚੰਗੀ, ਭੇਟਾ 5-25

—'ਗੁਰਮਤਿ ਮਾਰਗ' ਆਪ ਦੇ 32 ਧਾਰਮਕ ਤੇ ਇਤਿਹਾਸਕ ਲੇਖ।

—'ਧਰਮ ਕਿ ਰਾਜਨੀਤੀ' ਆਪ ਦੇ 35 ਰਾਜਨੀਤੀ ਬਾਰੇ ਲੇਖ।

ਛਪ ਰਹੀਆਂ ਪੁਸਤਕਾਂ

—ਪੂਰਾ ਜੀਵਨ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਵਿਦਿਆ ਮਾਰਤੰਡ ਪ੍ਰਸਿਧ ਕਥਾਕਾਰ।

—ਪੂਰਾ ਜੀਵਨ ਬ੍ਰਹਮ ਗਿਆਨੀ ਸੰਤ ਤੇਜਾ ਸਿੰਘ ਜੀ ਡਬਲ ਐਮ ਏ. ਮਸਤੂਆਣੇ ਵਾਲੇ।

—'ਪ੍ਰਚਾਰ ਪ੍ਰੇਮੀ' ਇਸ ਵਿਚ 50 ਦੇ ਕਰੀਬ ਸੰਖੇਪ ਜੀਵਨ ਹਨ ਜਿਨ੍ਹਾਂ ਨੇ ਇਸ ਸਦੀ ਵਿਚ ਗੁਰੂ ਘਰ ਦਾ ਪ੍ਰਚਾਰ ਕੀਤਾ।

—'ਅਤੀ ਸੁੰਦਰ ਦੇਸ ਕੈਨੇਡਾ ਤੇ ਸਿੱਖ'ਬਹੁਤ ਹੀ ਵਚਿੱਤ੍ਰ ਹਾਲਾਤ ਹਨ।

—'ਅੱਖੀ ਡਿੱਠਾ ਸੰਸਾਰ' ਇਸ ਵਿਚ ਆਪ ਨੇ ਸਤ ਵਾਰੀ ਜੋ ਸਾਰੇ ਸੰਸ ਰ ਵਿਚ ਫਿਰ ਕੇ ਵੇਖਿਆ ਹੈ, ਪ੍ਰਚਾਰ ਕੀਤਾ ਹੈ ਦੇ ਵਚਿੱਤਰ ਹਾਲਾਤ ਇਕ ਸੌ ਫੋਟੋ ਸਹਿਤ।

ਮੰਗਵਾਣ ਦਾ ਪਤਾ—

ਸਰਦਾਰ ਪ੍ਰੈਸ, ਐਸ਼ ਬਾਗ, ਲਖਨਊ—ਪ

Sri Satguru Jagjit Singh Ji eLibrary NamdhariElibrary@gmail.com